ਐਤਵਾਰ, 5 ਜੁਲਾਈ, 2026
21 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 34

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 5 JULY, 2026
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14



ਐਤਵਾਰ, 5 ਜੁਲਾਈ, 2026

21 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 34

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 5 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਚੰਨੀ ਵੱਡਾ ਭਰਾ, ਪਾਰਟੀ ਵਿਰੁੱਧ ਬੋਲਣ ਵਾਲਿਆਂ ਖਿਲਾਫ ਹੋਵੇਗੀ ਸਖਤ ਕਾਰਵਾਈ : ਵੜਿੰਗ

## ਜਲੰਧਰ ਦੇ ਕਾਂਗਰਸੀ ਵਿਧਾਇਕਾਂ ਚੰਨੀ ਤੋਂ ਬਣਾਈ ਦੂਰੀ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਕਾਂਗਰਸ ਦੀ ਅੰਦਰੂਨੀ ਲੜਾਈ ਦਰਮਿਆਨ ਆਪਣੀ ਚੁੱਪੀ ਤੋੜਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਨਿੱਚਰਵਾਰ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਨ੍ਹਾ ਦੇ ਵੱਡੇ ਭਰਾ ਵਰਗੇ ਹਨ। ਵੜਿੰਗ ਨੇ ਕਿਹਾ ਕਿ ਚੰਨੀ ਸਾਹਿਬ ਸਾਡੇ ਵੱਡੇ ਭਰਾ, ਇੱਕ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਹਨ। ਜੇਕਰ ਕੁਝ ਕਾਂਗਰਸੀ ਆਗੂ ਉਨ੍ਹਾ ਦੇ ਘਰ ਮਿਲਦੇ ਹਨ ਤਾਂ ਇਸ ਵਿੱਚ ਕੁਝ ਵੀ ਗਲਤ ਨਹੀਂ। ਕੱਲ੍ਹ ਨੂੰ ਆਗੂ ਮੇਰੀ ਰਿਹਾਇਸ਼ 'ਤੇ ਜਾਂ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਵੀ ਇਕੱਠੇ ਹੋ ਸਕਦੇ ਹਨ। ਇਸ ਨੂੰ ਅੰਦਰੂਨੀ ਲੜਾਈ ਦੇ ਰੂਪ ਵਿੱਚ ਨਹੀਂ ਦੇਖਿਆ ਜਾਣਾ ਚਾਹੀਦਾ।

ਉਨ੍ਹਾ ਅੰਦਰੂਨੀ ਫੁੱਟ ਦੇ ਖਦਸ਼ਿਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਵਿੱਚ ਕੋਈ ਗੁੱਟਬਾਜ਼ੀ ਨਹੀਂ ਅਤੇ ਭਰੋਸਾ ਪ੍ਰਗਟਾਇਆ ਕਿ ਅਗਲੇ ਇੱਕ ਜਾਂ ਦੋ ਦਿਨਾਂ ਦੇ ਅੰਦਰ ਸਾਰੇ ਸੀਨੀਅਰ ਆਗੂ ਇੱਕ ਸਾਂਝੀ ਸਟੇਜ 'ਤੇ ਇਕੱਠੇ ਦਿਖਾਈ ਦੇਣਗੇ। ਇਹ ਸਪੱਸ਼ਟ ਕਰਦਿਆਂ ਕਿ ਨਾ ਤਾਂ ਚੰਨੀ ਅਤੇ ਨਾ ਹੀ ਕਿਸੇ ਹੋਰ ਸੀਨੀਅਰ ਆਗੂ ਨੇ ਪਾਰਟੀ ਦੇ ਹਿੱਤਾਂ ਦੇ ਖ਼ਿਲਾਫ਼ ਕੋਈ ਕੰਮ ਕੀਤਾ ਹੈ। ਵੜਿੰਗ ਨੇ ਕਿਹਾ ਕਿ



ਉਨ੍ਹਾ ਸਾਬਕਾ ਵਿਧਾਇਕਾਂ ਜਾਂ ਆਗੂਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ, ਜੋ ਪਾਰਟੀ ਦੇ ਖ਼ਿਲਾਫ਼ ਬਿਆਨਬਾਜ਼ੀ ਕਰਦੇ ਜਾਂ ਅਨੁਸ਼ਾਸਨਹੀਣਤਾ ਕਰਦੇ ਪਾਏ ਜਾਣਗੇ।

ਜਲੰਧਰ ਦੇ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮੋਰਿੰਡਾ ਸਥਿਤ ਆਪਣੇ ਗ੍ਰਹਿ ਵਿਖੇ ਕੀਤੇ ਗਏ ਵੱਡੇ ਸ਼ਕਤੀ ਪ੍ਰਦਰਸ਼ਨ ਦੌਰਾਨ ਉਨ੍ਹਾ ਦੇ ਆਪਣੇ ਹੀ ਸੰਸਦੀ ਹਲਕੇ (ਜਲੰਧਰ) ਦੀ ਨਿਰਾਸ਼ਾਜਨਕ ਨੁਮਾਇੰਦਗੀ ਦੇਖਣ ਨੂੰ ਮਿਲੀ। ਸੂਬਾ ਕਾਂਗਰਸ ਪ੍ਰਧਾਨ ਦਾ ਅਹੁਦਾ ਨਾ ਮਿਲਣ ਕਾਰਨ ਨਾਰਾਜ਼ ਚੱਲ ਰਹੇ ਚੰਨੀ ਆਪਣੇ ਲੋਕ ਸਭਾ ਹਲਕੇ ਦੇ ਆਗੂਆਂ ਦਾ ਸਮਰਥਨ ਜੁਟਾਉਣ ਵਿੱਚ ਨਾਕਾਮ ਸਾਬਤ ਹੋਏ ਹਨ।

ਜਲੰਧਰ ਦੇ ਕਾਂਗਰਸ ਪਾਰਟੀ ਦੇ 5 ਵਿਧਾਇਕਾਂ ਵਿੱਚੋਂ ਸਿਰਫ਼ ਇੱਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਹੀ ਚੰਨੀ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਮੋਰਿੰਡਾ ਪਹੁੰਚੇ, ਜਦ ਕਿ ਬਾਕੀ 4 ਵਿਧਾਇਕਾਂ ਨੇ ਇਸ ਸਮਾਗਮ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਰੱਖੀ। ਚੰਨੀ ਦੇ ਇਸ ਸ਼ੋਅ ਤੋਂ ਦੂਰ ਰਹਿਣ ਵਾਲੇ ਵਿਧਾਇਕਾਂ ਵਿੱਚ ਪਰਗਟ ਸਿੰਘ, ਸੁਖਵਿੰਦਰ ਕੋਟਲੀ, ਬਾਬਾ ਹੈਨਰੀ ਅਤੇ ਵਿਕਰਮਜੀਤ ਚੌਧਰੀ ਸ਼ਾਮਲ ਹਨ। ਹੈਰਾਨੀ ਦੀ ਗੱਲ ਇਹ ਰਹੀ ਕਿ ਸਾਲ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਜਲੰਧਰ ਹਲਕੇ ਤੋਂ ਚੰਨੀ ਦੀ ਖੁੱਲ੍ਹ ਕੇ ਮਦਦ ਕਰਨ ਵਾਲੇ ਵਿਧਾਇਕ ਪਰਗਟ ਸਿੰਘ ਅਤੇ ਸੁਖਵਿੰਦਰ ਕੋਟਲੀ ਵੀ ਇਸ ਵਾਰ ਮੋਰਿੰਡਾ ਫੇਰੀ ਤੋਂ ਕਿਨਾਰਾ ਕਰ ਗਏ। ਵਿਕਰਮਜੀਤ ਚੌਧਰੀ ਅਤੇ ਚੰਨੀ ਦੇ ਸੰਬੰਧ ਪਹਿਲਾਂ ਹੀ ਤਲਖ਼ ਰਹੇ ਹਨ, ਕਿਉਂਕਿ ਚੌਧਰੀ ਨੇ ਚੋਣਾਂ ਦੌਰਾਨ ਚੰਨੀ ਦੀ ਉਮੀਦਵਾਰੀ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ। ਇਸ ਮਾਮਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਵਿਧਾਇਕ ਚੌਧਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਹਾਈਕਮਾਂਡ ਨੇ ਜੋ ਵੀ ਫੈਸਲਾ ਲਿਆ ਹੈ, ਅਸੀਂ ਪੂਰੀ ਤਰ੍ਹਾਂ ਉਸ ਦੇ ਨਾਲ ਖੜ੍ਹੇ ਹਾਂ।

ਦੱਸਿਆ ਜਾ ਰਿਹਾ ਹੈ ਕਿ ਵਿਧਾਇਕ ਪਰਗਟ ਸਿੰਘ ਖੁਦ ਵੀ ਪ੍ਰਧਾਨਗੀ ਦੀ ਦੌੜ ਵਿੱਚ ਸ਼ਾਮਲ ਹਨ। ਜਲੰਧਰ ਦੇ ਕਾਂਗਰਸੀ ਆਗੂਆਂ ਦਾ ਮੰਨਣਾ ਹੈ ਕਿ ਚੰਨੀ ਪਹਿਲਾਂ ਹੀ ਲੋਕ ਸਭਾ ਮੈਂਬਰ ਹਨ ਅਤੇ ਪਾਰਟੀ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਮੌਜੂਦਾ ਸੰਸਦ ਮੈਂਬਰਾਂ ਨੂੰ ਵਿਧਾਨ ਸਭਾ ਚੋਣਾਂ ਲੜਨ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਅਜਿਹੇ ਵਿੱਚ ਚੰਨੀ ਨੂੰ ਪਾਰਟੀ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਵਜੋਂ ਮਿਲੀ ਵੱਡੀ ਜ਼ਿੰਮੇਵਾਰੀ 'ਤੇ ਹੀ ਸੰਤੋਸ਼ ਕਰਨਾ ਚਾਹੀਦਾ ਹੈ। ਜਲੰਧਰ ਦੇ ਕਾਂਗਰਸੀ ਖੇਮੇ ਵਿੱਚ ਇਹ ਚਰਚਾ ਵੀ ਆਮ ਹੈ ਕਿ ਚੰਨੀ ਇਸ ਵੇਲੇ ਕੇਂਦਰੀ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਪੰਜਾਬ ਵਿਜੀਲੈਂਸ ਬਿਊਰੋ ਦੇ ਰਾਡਾਰ 'ਤੇ ਹਨ, ਜਿਸ ਕਾਰਨ ਪਾਰਟੀ ਨੂੰ ਕੋਈ ਵੀ ਵੱਡੀ ਜ਼ਿੰਮੇਵਾਰੀ ਦੇਣ ਤੋਂ ਪਹਿਲਾਂ ਇਨ੍ਹਾਂ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਇਸ ਤੋਂ ਇਲਾਵਾ ਜਲੰਧਰ ਦੇ ਵਿਧਾਇਕ ਐੱਮ ਪੀ ਲੈਡ ਫੰਡਾਂ ਦੀ ਵੰਡ ਦੇ ਮਾਮਲੇ ਵਿੱਚ ਵੀ ਸਾਂਸਦ ਚੰਨੀ ਵੱਲੋਂ ਉਨ੍ਹਾਂ ਨੂੰ ਭਰੋਸੇ ਵਿੱਚ ਨਾ ਲਏ ਜਾਣ ਕਾਰਨ ਅੰਦਰਖਾਤੇ ਖਫ਼ਾ ਦੱਸੇ ਜਾ ਰਹੇ ਹਨ। ਹਾਲਾਂ ਕਿ ਜਲੰਧਰ ਹਲਕੇ ਦੇ ਕੁਝ ਹੋਰ ਪ੍ਰਮੁੱਖ ਚਿਹਰੇ ਚੰਨੀ ਦੇ ਹੱਕ ਵਿੱਚ ਹਾਜ਼ਰੀ ਲਗਵਾਉਣ ਜ਼ਰੂਰ ਪਹੁੰਚੇ, ਇਹਨਾਂ ਵਿੱਚ ਨਕੋਦਰ ਤੋਂ ਹਲਕਾ ਇੰਚਾਰਜ ਡਾ. ਨਵਜੋਤ ਦਹੀਆ, ਕਰਤਾਰਪੁਰ ਤੋਂ ਰਾਜਿੰਦਰ ਸਿੰਘ, ਜਲੰਧਰ ਸੈਂਟਰਲ ਤੋਂ ਰਾਜਿੰਦਰ ਬੇਰੀ ਸ਼ਾਮਲ ਸਨ।

# ਮਨਰੇਗਾ ਦੁਨੀਆ ਦੀ ਸਭ ਤੋਂ ਵੱਡੀ ਰੁਜ਼ਗਾਰ ਗਰੰਟੀ ਯੋਜਨਾ : ਅਰਸ਼ੀ

## ਰਾਜਸੀ ਪਾਰਟੀਆਂ ਦੇ ਆਗੂਆਂ ਵੱਲੋਂ ਵਿਆਪਕ ਅੰਦੋਲਨ ਖੜ੍ਹਾ ਕਰਨ 'ਤੇ ਜ਼ੋਰ

**ਪਟਿਆਲਾ** : ਪੰਜਾਬ ਦੇ ਗੰਭੀਰ ਮੁੱਦਿਆਂ 'ਤੇ ਲਗਾਤਾਰ ਸੰਘਰਸ਼ ਕਰ ਰਹੀ ਜਥੇਬੰਦੀ 'ਪਿੰਡ ਬਚਾਓ, ਪੰਜਾਬ ਬਚਾਓ' ਵੱਲੋਂ ਸ਼ਨੀਵਾਰ ਪਟਿਆਲਾ ਦੇ ਪ੍ਰਭਾਤ ਪਰਵਾਨਾ ਭਵਨ ਵਿਖੇ 'ਮਨਰੇਗਾ ਦੇ ਸੰਦਰਭ ਵਿੱਚ ਕਿਰਤ ਤੇ ਸਮਾਜਿਕ ਸੁਰੱਖਿਆ' ਵਿਸ਼ੇ 'ਤੇ ਵਿਸ਼ਾਲ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ, ਸਮਾਜਿਕ ਜਥੇਬੰਦੀਆਂ, ਮਜ਼ਦੂਰ ਸੰਗਠਨਾਂ, ਬੁੱਧੀਜੀਵੀਆਂ ਅਤੇ ਵੱਡੀ ਗਿਣਤੀ ਵਿੱਚ ਮਨਰੇਗਾ ਮਜ਼ਦੂਰਾਂ ਨੇ ਹਿੱਸਾ ਲਿਆ।

ਸੈਮੀਨਾਰ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਡਾ. ਅਮਰ ਸਿੰਘ, ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਇਆਲੀ, ਸੀ ਪੀ ਆਈ ਦੇ ਸੀਨੀਅਰ ਆਗੂ ਹਰਦੇਵ ਅਰਸ਼ੀ, ਸਾਬਕਾ ਵਿਧਾਇਕ ਤਰਸੇਮ ਜੋਧਾਂ, ਸੀਨੀਅਰ ਪੱਤਰਕਾਰ ਹਮੀਰ ਸਿੰਘ, ਡਾ. ਪਿਆਰਾ ਲਾਲ ਗਰਗ, ਡਾਕਟਰ ਖੁਸ਼ਹਾਲ ਸਿੰਘ, ਅਬਦੁਲ ਸ਼ਕੂਰ ਮਲੇਰਕੋਟਲਾ, ਜਗਦੀਸ਼ ਰਾਮ ਰੋਪੜ, ਮਨਪ੍ਰੀਤ ਕੌਰ ਰਾਜਪੁਰਾ, ਡੈਮੋਕ੍ਰੇਟਿਕ ਮਨਰੇਗਾ ਫਰੰਟ ਦੇ ਸੂਬਾ ਪ੍ਰਧਾਨ ਰਾਜ ਕੁਮਾਰ, ਹਰਪਾਲ ਕੌਰ ਟਿੱਬੀ ਸਮੇਤ ਕਈ ਆਗੂਆਂ ਨੇ ਆਪਣੇ ਵਿਚਾਰ ਰੱਖੇ।ਸੈਮੀਨਾਰ ਵਿੱਚ ਵੱਖ-ਵੱਖ ਵਿਚਾਰ ਧਾਰਾਵਾਂ ਨਾਲ ਸੰਬੰਧਤ ਆਗੂਆਂ ਨੇ ਇੱਕ ਸੁਰ ਵਿੱਚ ਕਿਹਾ ਕਿ ਮਨਰੇਗਾ ਕਾਨੂੰਨ ਵਿੱਚ ਕੀਤੀਆਂ ਤਬਦੀਲੀਆਂ ਸਿਰਫ਼ ਮਜ਼ਦੂਰਾਂ 'ਤੇ ਹਮਲਾ ਨਹੀਂ, ਸਗੋਂ ਭਾਰਤ ਦੇ ਸੰਘੀ ਢਾਂਚੇ, ਪੰਚਾਇਤੀ ਰਾਜ ਪ੍ਰਣਾਲੀ ਅਤੇ ਪਿੰਡਾਂ ਦੀ ਖੁਦਮੁਖਤਿਆਰੀ 'ਤੇ ਵੀ ਗੰਭੀਰ ਹਮਲਾ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਦੀ ਬਹਾਲੀ ਲਈ ਕਿਸਾਨ ਅੰਦੋਲਨ ਵਰਗਾ ਵਿਆਪਕ ਅਤੇ ਸਾਂਝਾ ਲੋਕ ਅੰਦੋਲਨ ਖੜ੍ਹਾ ਕਰਨ ਦੀ ਲੋੜ ਹੈ।ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਮਨਰੇਗਾ ਸਿਰਫ਼ ਰੁਜ਼ਗਾਰ ਦੀ ਸਕੀਮ ਨਹੀਂ ਸੀ, ਸਗੋਂ ਇਸ ਰਾਹੀਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਨੂੰ ਵਿਕਾਸ ਯੋਜਨਾਵਾਂ ਤਿਆਰ ਕਰਨ ਦਾ ਅਧਿਕਾਰ ਮਿਲਿਆ ਹੋਇਆ ਸੀ। ਉਨ੍ਹਾ ਕਿਹਾ ਕਿ ਨਵੇਂ ਪ੍ਰਬੰਧਾਂ ਤਹਿਤ ਇਹ ਅਧਿਕਾਰ ਕੇਂਦਰ ਕੋਲ ਚਲਾ ਗਿਆ ਹੈ, ਜਿਸ ਨਾਲ ਸਥਾਨਕ ਲੋਕਤੰਤਰ ਕਮਜ਼ੋਰ ਹੋਵੇਗਾ। ਉਨ੍ਹਾ ਕਿਹਾ ਕਿ ਇਸ ਕਾਨੂੰਨ ਨੇ ਪਿੰਡਾਂ ਦੀਆਂ ਔਰਤਾਂ ਨੂੰ ਸਵੈਮਾਣ ਨਾਲ ਜੀਵਨ ਜਿਊਣ ਦਾ ਮੌਕਾ ਦਿੱਤਾ ਸੀ, ਪਰ ਹੁਣ ਉਹ ਹੱਕ ਵੀ ਖੋਹਿਆ ਜਾ ਰਿਹਾ ਹੈ।ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਮਨਰੇਗਾ ਨੇ ਪੰਜਾਬ ਦੀਆਂ ਲੱਖਾਂ ਔਰਤਾਂ ਨੂੰ ਰੁਜ਼ਗਾਰ ਦੇ ਕੇ ਆਰਥਿਕ ਤੌਰ 'ਤੇ ਖੁਦਮੁਖਤਿਆਰ ਬਣਾਇਆ। ਉਨ੍ਹਾ ਇਲਜ਼ਾਮ ਲਾਇਆ ਕਿ ਕੇਂਦਰ ਸਰਕਾਰ ਨੇ ਇਸ ਯੋਜਨਾ ਨੂੰ ਬੋਝ ਸਮਝ ਕੇ ਇਸ ਦਾ ਸਰੂਪ ਹੀ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਵਿਰੋਧੀ ਧਿਰਾਂ ਨੂੰ



ਇਕੱਠੇ ਹੋ ਕੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਸੀ ਪੀ ਆਈ ਦੇ ਸੀਨੀਅਰ ਆਗੂ ਹਰਦੇਵ ਅਰਸ਼ੀ ਨੇ ਕਿਹਾ ਕਿ ਮਨਰੇਗਾ ਦੁਨੀਆ ਦੀ ਸਭ ਤੋਂ ਵੱਡੀ ਰੁਜ਼ਗਾਰ ਗਾਰੰਟੀ ਯੋਜਨਾ ਰਹੀ ਹੈ ਅਤੇ ਇਸ ਦੀ ਸਿਰਜਣਾ ਵਿੱਚ ਖੱਬੇ ਪੱਖੀ ਧਿਰਾਂ ਦੀ ਮਹੱਤਵਪੂਰਨ ਭੂਮਿਕਾ ਰਹੀ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੇ ਲੋਕ ਭਲਾਈ ਵਾਲੇ ਕਾਨੂੰਨਾਂ ਨੂੰ ਬਦਲ ਕੇ ਕਾਰਪੋਰੇਟ ਹਿੱਤਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਮਨਰੇਗਾ ਤਹਿਤ ਔਸਤਨ 38 ਦਿਨ ਦਾ ਰੁਜ਼ਗਾਰ ਮਿਲ ਰਿਹਾ ਹੈ, ਜਦ ਕਿ ਦੇਸ਼ ਦੀ ਔਸਤ 50 ਦਿਨ ਅਤੇ ਕੇਰਲ ਵਿੱਚ 66 ਦਿਨ ਹੈ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਲੋੜ ਹੈ, ਨਾ ਕਿ ਪੂਰੀ ਸਕੀਮ ਨੂੰ ਹੀ ਖਤਮ ਕਰਨ ਦੀ।

ਸਾਬਕਾ ਵਿਧਾਇਕ ਤਰਸੇਮ ਜੋਧਾਂ ਨੇ ਕਿਹਾ ਕਿ ਮਨਰੇਗਾ ਦੀ ਲੜਾਈ ਸਿਰਫ਼ ਮਜ਼ਦੂਰਾਂ ਦੀ ਨਹੀਂ, ਸਗੋਂ ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਪੂਰੇ ਪੰਜਾਬ ਦੀ ਲੜਾਈ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਕੋਈ ਸਿਆਸੀ ਆਗੂ ਨਹੀਂ, ਸਗੋਂ ਪੰਜਾਬ ਦੇ ਲੋਕ ਹੀ ਬਚਾ ਸਕਦੇ ਹਨ।ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਰੁਜ਼ਗਾਰ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਅਤੇ ਖੁਰਾਕ ਸੁਰੱਖਿਆ ਵਰਗੇ ਕਾਨੂੰਨ ਲੋਕਾਂ ਦੇ ਸੰਵਿਧਾਨਕ ਹੱਕਾਂ ਦੀ ਨੀਂਹ ਹਨ। ਉਨ੍ਹਾਂ ਕਿਹਾ ਕਿ ਜੀ ਐੱਸ ਟੀ ਤੋਂ ਬਾਅਦ ਸੂਬਿਆਂ ਦੀ ਵਿੱਤੀ ਖੁਦਮੁਖਤਿਆਰੀ ਕਮਜ਼ੋਰ ਹੋ ਗਈ ਹੈ ਅਤੇ ਕੇਂਦਰ ਸੂਬਿਆਂ ਨੂੰ ਸਿਰਫ਼ ਯੋਜਨਾਵਾਂ ਲਾਗੂ ਕਰਨ ਵਾਲੀ ਏਜੰਸੀ ਬਣਾਉਣਾ ਚਾਹੁੰਦਾ ਹੈ।

'ਪਿੰਡ ਬਚਾਓ, ਪੰਜਾਬ ਬਚਾਓ' ਦੇ ਆਗੂ ਮਨਪ੍ਰੀਤ ਕੌਰ ਰਾਜਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪਹਿਲਾਂ ਪਿੰਡ-ਪਿੰਡ ਜਾ ਕੇ ਮਨਰੇਗਾ ਦੇ ਹੱਕ ਵਿੱਚ ਦਸਤਖ਼ਤ ਕਰਵਾਏ, ਪਰ ਬਾਅਦ ਵਿੱਚ ਖੁਦ ਹੀ ਇਸ ਦੀਆਂ ਤਬਦੀਲੀਆਂ ਨੂੰ ਲਾਗੂ ਕਰ ਦਿੱਤਾ। ਉਨ੍ਹਾ ਕਿਹਾ ਕਿ ਪਿੰਡਾਂ ਦੇ ਵਿਕਾਸ ਦੀ ਯੋਜਨਾ ਬਣਾਉਣ ਦਾ ਅਧਿਕਾਰ ਕੇਂਦਰ ਕੋਲ ਚਲਾ ਜਾਣਾ ਪਿੰਡਾਂ ਦੀ ਖੁਦਮੁਖਤਿਆਰੀ ਲਈ ਘਾਤਕ ਹੈ।ਡੈਮੋਕ੍ਰੇਟਿਕ ਮਨਰੇਗਾ ਫਰੰਟ ਦੀ ਆਗੂ ਹਰਪਾਲ ਕੌਰ ਟਿੱਬੀ ਨੇ ਕਿਹਾ ਕਿ ਪੰਜਾਬ ਵਿੱਚ ਹਾਲੇ ਲੋਕ ਮਨਰੇਗਾ ਕਾਨੂੰਨ ਬਾਰੇ ਜਾਗਰੂਕ ਹੋ ਹੀ ਰਹੇ ਸਨ ਕਿ ਇਸ ਦਾ ਸਰੂਪ ਹੀ ਬਦਲ ਦਿੱਤਾ ਗਿਆ।

ਕਾਂਗਰਸ ਦੇ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਕਿਹਾ ਕਿ ਮਨਰੇਗਾ ਕਾਨੂੰਨ ਉਨ੍ਹਾ ਦੇ ਦਿਲ ਦੇ ਬਹੁਤ ਨੇੜੇ ਹੈ, ਕਿਉਂਕਿ ਉਨ੍ਹਾ ਦਾ ਆਪਣਾ ਪਰਵਾਰ ਵੀ ਮਜ਼ਦੂਰੀ ਨਾਲ ਜੁੜਿਆ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂ ਪੀ ਏ ਸਰਕਾਰ ਦੌਰਾਨ ਖੱਬੇ ਪੱਖੀ ਧਿਰਾਂ ਦੇ ਦਬਾਅ ਕਾਰਨ ਇਹ ਇਤਿਹਾਸਕ ਕਾਨੂੰਨ ਬਣਿਆ ਸੀ। ਡਾ. ਪਿਆਰਾ ਲਾਲ ਗਰਗ ਨੇ ਕਿਹਾ ਕਿ ਗਾਰੰਟੀ ਨੂੰ ਸਕੀਮ ਵਿੱਚ ਬਦਲ ਦੇਣ ਨਾਲ ਇਸ ਦੀ ਅਸਲ ਭਾਵਨਾ ਹੀ ਖਤਮ ਹੋ ਜਾਂਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ 21 ਲੱਖ ਜੌਬ ਕਾਰਡ ਹਨ, ਜਿਨ੍ਹਾਂ ਵਿੱਚੋਂ ਲਗਭਗ 12 ਲੱਖ ਐਕਟਿਵ ਹਨ, ਪਰ ਬਹੁਤ ਘੱਟ ਲੋਕਾਂ ਨੂੰ 100 ਦਿਨ ਦਾ ਰੁਜ਼ਗਾਰ ਮਿਲਦਾ ਹੈ। ਡੈਮੋਕ੍ਰੇਟਿਕ ਮਨਰੇਗਾ ਫਰੰਟ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਨੇ ਕਿਹਾ ਕਿ ਮਨਰੇਗਾ ਕਾਨੂੰਨ ਦਾ ਕਤਲ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਸ ਲਈ ਉਹ ਲੋਕ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਇਸ ਕਾਨੂੰਨ ਬਾਰੇ ਲੋਕਾਂ ਵਿੱਚ ਜਾਗਰੂਕਤਾ ਨਹੀਂ ਫੈਲਾਈ ਅਤੇ ਉਹ ਵੀ ਜਿਨ੍ਹਾਂ ਇਸ ਨੂੰ ਬਚਾਉਣ ਲਈ ਲੋੜੀਂਦੀ ਸਿਆਸੀ ਲੜਾਈ ਨਹੀਂ ਲੜੀ।ਸੈਮੀਨਾਰ ਦੇ ਅੰਤ ਵਿੱਚ ਸਾਰੇ ਬੁਲਾਰਿਆਂ ਨੇ ਸਾਂਝੇ ਤੌਰ 'ਤੇ ਅਪੀਲ ਕੀਤੀ ਕਿ ਮਨਰੇਗਾ ਨੂੰ ਬਚਾਉਣ, ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਕਰਨ, ਪੰਚਾਇਤਾਂ ਦੇ ਅਧਿਕਾਰ ਕਾਇਮ ਰੱਖਣ ਅਤੇ ਦੇਸ਼ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਿਆਸੀ ਮਤਭੇਦਾਂ ਤੋਂ ਉਪਰ ਉਠ ਕੇ ਵਿਆਪਕ ਲੋਕ ਅੰਦੋਲਨ ਖੜ੍ਹਾ ਕੀਤਾ ਜਾਵੇ। ਇਸ ਮੌਕੇ ਕਰਨੈਲ ਸਿੰਘ ਜਖੇਪਲ, ਦਰਸ਼ਨ ਸਿੰਘ ਧਨੇਠਾ, ਗੁਰਮੀਤ ਸਿੰਘ ਥੂਹੀ, ਕੁਲਵਿੰਦਰ ਕੌਰ ਰਾਮਗੜ੍ਹ, ਫਲਜੀਤ ਸਿੰਘ ਸੰਗਰੂਰ, ਅਮਰਜੀਤ ਸਿੰਘ ਚੰਡੀਗੜ੍ਹ ਤੇ ਕ੍ਰਿਸ਼ਨ ਲੁਬਾਣਾ ਆਦਿ ਨੇ ਵੀ ਸੰਬੋਧਨ ਕੀਤਾ।

# 20 ਵਿਦਿਆਰਥੀਆਂ ਦੀ ਮੌਤ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਚੁੱਪ

**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ ਨੇ ਸ਼ਨੀਵਾਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ 'ਤੇ ਆਪਣੇ ਹਮਲੇ ਤੇਜ਼ ਕਰ ਦਿੱਤੇ ਹਨ ਤੇ ਸਵਾਲ ਕੀਤਾ ਕਿ 20 ਵਿਦਿਆਰਥੀਆਂ ਦੀ ਮੌਤ ਅਤੇ ਸਿੱਖਿਆ ਪ੍ਰਣਾਲੀ ਦੇ ਕੰਮਕਾਜ ਬਾਰੇ ਵਧਦੀ ਆਲੋਚਨਾ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾ ਨੂੰ ਕਿਉਂ ਨਹੀਂ ਹਟਾਇਆ। ਇਹ ਟਿੱਪਣੀਆਂ ਉਦੋਂ ਆਈਆਂ, ਜਦੋਂ ਕਾਰਕੁਨ ਸੋਨਮ ਵਾਂਗਚੁਕ, ਜੋ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ 'ਤੇ ਹੈ, ਦਾ ਭਾਰ



5 ਕਿਲੋ ਘਟ ਗਿਆ ਹੈ। ਵਿਰੋਧੀ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾ ਦੀ ਸਿਹਤ ਹਰ ਬੀਤਦੇ ਦਿਨ ਨਾਲ ਤੇਜ਼ੀ ਨਾਲ ਵਿਗੜ ਰਹੀ ਹੈ।

ਕੇਂਦਰ 'ਤੇ ਤਿੱਖਾ ਹਮਲਾ ਕਰਦੇ ਹੋਏ ਕਾਕਰੋਚ ਜਨਤਾ ਪਾਰਟੀ ਨਾਲ ਜੁੜੇ ਆਗੂਆਂ ਨੇ ਸਿੱਖਿਆ ਮੰਤਰੀ ਲਈ ਪ੍ਰਧਾਨ ਮੰਤਰੀ ਦੇ ਨਿਰੰਤਰ ਸਮਰਥਨ 'ਤੇ ਸਵਾਲ ਉਠਾਏ ਹਨ। ਸੀ ਜੇ ਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਐੱਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਧਰਮਿੰਦਰ ਪ੍ਰਧਾਨ ਨੂੰ ਬਰਖਾਸਤ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਹੋਰ ਕਿੰਨਾ ਸਮਾਂ ਇੰਤਜ਼ਾਰ ਕਰਨਗੇ? ਉਨ੍ਹਾ ਪ੍ਰਧਾਨ ਨੂੰ ਹਟਾਉਣ ਦੀ ਮੰਗ ਨੂੰ 20 ਵਿਦਿਆਰਥੀਆਂ ਦੀਆਂ ਹਾਲੀਆ ਮੌਤਾਂ ਨਾਲ ਜੋੜਿਆ ਹੈ ਤੇ ਦੋਸ਼ ਲਗਾਇਆ ਕਿ ਏਨੇ ਗੰਭੀਰ ਦੁਖਾਂਤ ਦੇ ਬਾਵਜੂਦ ਕੇਂਦਰੀ ਮੰਤਰੀ ਪ੍ਰਧਾਨ ਮੰਤਰੀ ਦੇ ਵਿਸ਼ਵਾਸ ਦਾ ਆਨੰਦ ਮਾਣ ਰਹੇ ਹਨ। ਉਨ੍ਹਾ ਸਵਾਲ ਕੀਤਾ ਕਿ ਧਰਮਿੰਦਰ ਪ੍ਰਧਾਨ ਮੋਦੀ ਲਈ ਏਨੇ ਮਹੱਤਵਪੂਰਨ ਕਿਉਂ ਹਨ ਕਿ 20 ਵਿਦਿਆਰਥੀਆਂ ਦੀ ਮੌਤ ਦੇ ਬਾਵਜੂਦ ਉਹ ਅਜੇ ਵੀ ਉਨ੍ਹਾਂ ਨੂੰ ਹਟਾਉਣ ਤੋਂ ਇਨਕਾਰ ਕਰ ਰਹੇ ਹਨ? ਕੇਂਦਰ ਨੇ ਇਨ੍ਹਾਂ ਤਾਜ਼ਾ ਟਿੱਪਣੀਆਂ ਦਾ ਅਧਿਕਾਰਤ ਤੌਰ 'ਤੇ ਜਵਾਬ ਨਹੀਂ ਦਿੱਤਾ।

## ਮਜੀਠੀਆ ਨੂੰ ਦੋ ਸਾਥੀਆਂ ਸਣੇ ਪੱਕੀ ਜ਼ਮਾਨਤ

**ਅੰਮ੍ਰਿਤਸਰ** : ਮਜੀਠਾ ਥਾਣਾ ਕਥਿਤ ਹਮਲਾ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਤੇ ਉਹਨਾ ਦੇ ਦੋ ਸਾਥੀਆਂ ਨੂੰ ਸ਼ਨੀਵਾਰ ਸਥਾਨਕ ਅਦਾਲਤ ਵੱਲੋਂ ਪੱਕੀ ਜ਼ਮਾਨਤ ਮਿਲ ਗਈ। ਇਸ ਮਾਮਲੇ ਵਿੱਚ ਸ਼ੁੱਕਰਵਾਰ ਅਦਾਲਤ ਨੇ ਸੁਣਵਾਈ ਕੀਤੀ ਸੀ ਅਤੇ ਫੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਮਜੀਠੀਆ ਅਤੇ ਉਹਨਾਂ ਦੇ ਦੋ ਸਾਥੀਆਂ ਜੋਧ ਸਿੰਘ ਸਮਰਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਆਗੂ ਜਤਿੰਦਰ ਸਿੰਘ ਨੂੰ ਪੱਕੀ ਜ਼ਮਾਨਤ ਦੇ ਆਦੇਸ਼ ਦਿੱਤੇ ਹਨ।

# ਗੋਆ ਸਿਹਤ ਮਾਮਲੇ 'ਚ ਪੰਜਾਬ ਤੋਂ ਸਿੱਖਿਆ ਲਵੇ : ਕੇਜਰੀਵਾਲ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਸਰਕਾਰ ਤੋਂ ਸਿੱਖਿਆ ਲੈ ਕੇ ਗੋਆ ਵਿਚ ਵੀ ਲੋਕਾਂ ਨੂੰ 10 ਲੱਖ ਰੁਪਏ ਦਾ ਹੈੱਲਥ ਇੰਸ਼ੋਰੈਂਸ ਦੇਣ ਉਪਰ ਜੋਰ ਦਿੱਤਾ ਹੈ। ਕੇਜਰੀਵਾਲ ਨੇ ਗੋਆ ਦੇ ਖਸਤਾ ਹਾਲ ਸਿਹਤ ਮਾਡਲ ਨੂੰ ਸਾਹਮਣੇ ਰੱਖਦਿਆਂ ਕਿਹਾ ਕਿ ਗੋਆ ਦਾ ਪੂਰਾ ਹੈੱਲਥ ਸਿਸਟਮ ਢਹਿ-ਢੇਰੀ ਹੋ ਚੁੱਕਾ ਹੈ।

ਹਾਲਾਤ ਇਹ ਹਨ ਕਿ ਗੋਆ ਦੇ ਇਕਲੌਤੇ ਸੁਪਰਸਪੈਸ਼ਲਿਟੀ ਹਸਪਤਾਲ ਵਿੱਚ ਭਾਰੀ ਭੀੜ ਹੈ ਅਤੇ ਬਿਨਾਂ ਸਿਫ਼ਾਰਸ਼ ਦੇ ਬੈੱਡ ਨਹੀਂ ਮਿਲਦੇ, ਜਦ ਕਿ ਸਾਊਥ ਗੋਆ ਜ਼ਿਲ੍ਹਾ ਹਸਪਤਾਲ ਵਿੱਚ 193 ਅਸਾਮੀਆਂ ਖਾਲੀ ਪਈਆਂ ਹਨ ਅਤੇ ਪੋਂਡਾ ਦੇ ਆਈ ਡੀ ਹਸਪਤਾਲ ਵਿੱਚ ਮੈਡੀਕਲ ਉਪਕਰਨ ਤੱਕ ਨਹੀਂ ਹਨ।

ਸਰਕਾਰ ਨੇ ਡੀ ਡੀ ਐੱਸ ਐੱਸ ਵਾਈ ਯੋਜਨਾ ਜ਼ਰੂਰ ਚਲਾਈ ਸੀ, ਪਰ ਇਸ ਤੋਂ ਗੋਆ ਵਾਸੀਆਂ ਦਾ ਮੋਹ ਭੰਗ ਹੋ ਚੁੱਕਾ ਹੈ।ਕੁੱਲ 2.91 ਲੱਖ ਪਰਵਾਰਾਂ ਦੇ ਕਾਰਡ ਬਣੇ ਸਨ, ਪਰ ਇਹਨਾਂ ਵਿੱਚੋਂ 1.81 ਲੱਖ ਪਰਵਾਰਾਂ ਨੇ ਕਾਰਡ ਦੀ ਵਰਤੋਂ ਕਰਨੀ ਬੰਦ ਕਰ ਦਿੱਤੀ ਹੈ।ਅੱਜ 90 ਫੀਸਦੀ ਲੋਕ ਗੰਭੀਰ ਬਿਮਾਰੀ ਹੋਣ 'ਤੇ ਪ੍ਰਾਈਵੇਟ ਹਸਪਤਾਲ ਦਾ ਖਰਚਾ ਨਹੀਂ ਚੁੱਕ ਸਕਦੇ।ਕੇਜਰੀਵਾਲ ਨੇ ਕਿਹਾ ਕਿ ਗੋਆ ਵਿੱਚ ਦੋ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਹਨ। ਪਹਿਲੀ ਪ੍ਰਾਈਵੇਟ ਅਤੇ ਦੂਜੀ ਸਰਕਾਰੀ। ਜੇਕਰ ਕੋਈ ਗੰਭੀਰ ਬਿਮਾਰੀ ਹੋ ਜਾਵੇ, ਤਾਂ ਲਗਭਗ 90 ਫੀਸਦੀ ਗੋਆ ਵਾਸੀ ਸਰਕਾਰੀ ਸਿਹਤ ਸੇਵਾਵਾਂ 'ਤੇ ਨਿਰਭਰ ਕਰਦੇ ਹਨ।

ਪ੍ਰਾਈਵੇਟ ਸਿਹਤ ਸੇਵਾਵਾਂ ਏਨੀਆਂ ਮਹਿੰਗੀਆਂ ਹਨ ਕਿ 90 ਫੀਸਦੀ ਆਬਾਦੀ ਗੰਭੀਰ ਬਿਮਾਰੀ ਹੋਣ 'ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣ ਦਾ ਖਰਚਾ ਨਹੀਂ ਝੱਲ ਸਕਦੀ। ਆਮ ਸਰਦੀ, ਖੰਘ ਜਾਂ ਬੁਖਾਰ ਲਈ ਲੋਕ ਸ਼ਾਇਦ ਪ੍ਰਾਈਵੇਟ ਡਾਕਟਰ ਕੋਲ ਚਲੇ ਜਾਂਦੇ ਹੋਣਗੇ, ਪਰ ਜੇਕਰ ਕੋਈ ਗੰਭੀਰ ਸਰਜਰੀ ਜਾਂ ਬਿਮਾਰੀ ਹੋਵੇ, ਤਾਂ ਕੋਈ ਵੀ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾਉਣ ਦੀ ਹਿੰਮਤ ਨਹੀਂ ਕਰ ਸਕਦਾ। ਜੇਕਰ ਅਸੀਂ ਮੰਨ ਲਈਏ ਕਿ ਗੋਆ ਦੀ ਆਬਾਦੀ 18 ਲੱਖ ਹੈ, ਤਾਂ ਲਗਭਗ 16 ਲੱਖ ਲੋਕ ਸਰਕਾਰੀ ਸਿਹਤ ਸੇਵਾਵਾਂ 'ਤੇ ਨਿਰਭਰ ਹਨ ਅਤੇ ਸਿਰਫ 2 ਲੱਖ ਲੋਕ ਹੀ ਪ੍ਰਾਈਵੇਟ ਹਸਪਤਾਲਾਂ ਦਾ ਖਰਚਾ ਚੁੱਕ ਸਕਦੇ ਹਨ ਅਤੇ ਸ਼ਾਇਦ 2 ਲੱਖ ਵੀ ਬਹੁਤ ਵੱਡਾ ਅੰਕੜਾ ਹੈ।ਗੋਆ ਦੇ ਲੋਕਾਂ ਵੱਲੋਂ ਸਾਡੀ ਗੋਆ ਦੇ ਮੁੱਖ ਮੰਤਰੀ ਨੂੰ ਅਪੀਲ ਹੈ ਕਿ ਪੰਜਾਬ ਦੀ ਆਪ ਸਰਕਾਰ ਵਾਲੀ 10 ਲੱਖ ਰੁਪਏ ਦੀ ਇੰਸ਼ੋਰੈਂਸ ਯੋਜਨਾ ਗੋਆ ਵਿੱਚ ਵੀ ਲਾਗੂ ਕੀਤੀ ਜਾਵੇ।

## ਰਾਮ ਮੰਦਰ ਤੋਂ ਬਾਅਦ ਬਦਰੀਨਾਥ ਮੰਦਰ 'ਚ ਦਾਨ ਚੋਰੀ

**ਚੰਡੀਗੜ੍ਹ** : ਬਦਰੀਨਾਥ ਮੰਦਰ ਪ੍ਰਸ਼ਾਸਨ ਨੇ ਸੋਸ਼ਲ ਮੀਡੀਆ 'ਤੇ ਲੱਗੇ ਉਨ੍ਹਾਂ ਦੋਸ਼ਾਂ ਤੋਂ ਬਾਅਦ ਇੱਕ ਅੰਦਰੂਨੀ ਜਾਂਚ ਦੇ ਆਦੇਸ਼ ਦਿੱਤੇ ਹਨ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮੰਦਰ ਦੇ ਇੱਕ ਕਰਮਚਾਰੀ ਵੱਲੋਂ ਸ਼ਰਧਾਲੂਆਂ ਵੱਲੋਂ ਚੜ੍ਹਾਏ ਗਏ ਦਾਨ ਅਤੇ ਚੜ੍ਹਾਵੇ ਵਿੱਚ ਹੇਰਾਫੇਰੀ ਕੀਤੀ ਗਈ ਹੈ। ਇਹ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਕਾਲ ਭੈਰਵ ਸੈਨਾ ਦੇ ਪ੍ਰਧਾਨ ਸੰਜੀਵ ਖੱਤਰੀ ਨੇ ਦੋਸ਼ ਲਾਇਆ ਕਿ ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਨਾਲ ਜੁੜੇ ਇੱਕ ਕਰਮਚਾਰੀ ਨੇ ਸ਼ਰਧਾਲੂਆਂ ਦੇ ਚੜ੍ਹਾਵੇ ਨਾਲ ਛੇੜਛਾੜ ਕੀਤੀ ਹੈ। ਉਨ੍ਹਾ ਦਾਅਵਾ ਕੀਤਾ ਕਿ ਇਹ ਘਟਨਾ ਸਵੇਰੇ 8 ਵਜੇ ਤੋਂ 8.30 ਵਜੇ ਦੇ ਵਿਚਕਾਰ ਵਾਪਰੀ ਅਤੇ ਉਨ੍ਹਾ ਮੰਗ ਕੀਤੀ ਕਿ ਮੰਦਰ ਦੇ ਅੰਦਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਜਨਤਕ ਕੀਤਾ ਜਾਵੇ।

ਇਨ੍ਹਾਂ ਦਾਅਵਿਆਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਦੇ ਚੇਅਰਮੈਨ ਹੇਮੰਤ ਦਿਵੇਦੀ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਲਈ ਇੱਕ ਅੰਦਰੂਨੀ ਜਾਂਚ ਕਮੇਟੀ ਬਣਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਜਾਂਚ ਤੋਂ ਬਾਅਦ ਜੇਕਰ ਕੋਈ ਵੀ ਕਰਮਚਾਰੀ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪਤੀ ਦੀ ਲਾਸ਼ ਦਫਨਾ ਕੇ ਉੱਤੇ ਲਵਾਈਆਂ ਟਾਈਲਾਂ

**ਆਗਰਾ** : ਉਤਰ ਪ੍ਰਦੇਸ਼ ਦੇ ਆਗਰਾ ਜ਼ਿਲ੍ਹੇ ਦੇ ਸਿਕੰਦਰਾ ਥਾਣਾ ਖੇਤਰ ਵਿੱਚ ਇੱਕ ਰੂਹ-ਕੰਬਾਊ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਬੇਰਹਿਮ ਪਤਨੀ ਨੇ ਆਪਣੇ ਪਤੀ ਦਾ ਬੇਰਹਿਮੀ ਨਾਲ ਕਤਲ ਕਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਘਰ ਦੇ ਬਾਥਰੂਮ ਵਿੱਚ ਹੀ ਦਫ਼ਨਾ ਦਿੱਤਾ। ਏਨਾ ਹੀ ਨਹੀਂ, ਇਸ ਰਾਜ਼ 'ਤੇ ਪਰਦਾ ਪਾਉਣ ਲਈ ਉਸ ਨੇ ਲਾਸ਼ ਦੇ ਉੱਪਰ ਪੱਕਾ ਫਰਸ਼ ਬਣਵਾ ਕੇ ਨਵੀਆਂ ਟਾਈਲਾਂ ਵੀ ਲਗਵਾ ਦਿੱਤੀਆਂ। ਮੁਲਜ਼ਮ ਮਹਿਲਾ ਕਰੀਬ 45 ਦਿਨਾਂ ਤੱਕ ਪਤੀ ਦੇ ਲਾਪਤਾ ਹੋਣ ਦਾ ਡਰਾਮਾ ਰਚਦੀ ਰਹੀ ਅਤੇ ਪੁਲਸ ਕੋਲ ਗੁੰਮਸ਼ੁਦਗੀ ਦੀ ਰਿਪੋਰਟ ਵੀ ਦਰਜ ਕਰਵਾਈ। ਪੁਲਸ ਨੇ ਸਖ਼ਤੀ ਨਾਲ ਕੀਤੀ ਪੁੱਛਗਿੱਛ ਤੋਂ ਬਾਅਦ ਮਹਿਲਾ ਦੀ ਨਿਸ਼ਾਨਦੇਹੀ 'ਤੇ ਬਾਥਰੂਮ ਦੀ ਖੁਦਾਈ ਕਰਕੇ ਲਾਸ਼ ਬਰਾਮਦ ਕਰ ਲਈ ਹੈ।

ਭਰਤਪੁਰ ਦਾ ਰਹਿਣ ਵਾਲਾ 44 ਸਾਲਾ ਸੁਰਿੰਦਰ ਕੁਮਾਰ ਸ਼ਰਮਾ ਆਗਰਾ ਦੀ ਰੇਣੁਕਾ ਧਾਮ ਕਾਲੋਨੀ ਵਿੱਚ ਆਪਣੀ ਪਤਨੀ ਰੂਬੀ, ਮਾਂ ਕਮਲਾ ਅਤੇ ਦੋ ਧੀਆਂ ਨਾਲ ਰਹਿੰਦਾ ਸੀ। ਬੀਤੀ 18 ਮਈ ਨੂੰ ਰੂਬੀ ਨੇ ਪਰਵਾਰਕ ਮੈਂਬਰਾਂ ਨੂੰ ਸੁਰਿੰਦਰ ਦੇ ਲਾਪਤਾ ਹੋਣ ਦੀ ਗੱਲ ਕਹੀ ਅਤੇ 26 ਮਈ ਨੂੰ ਸਿਕੰਦਰਾ ਥਾਣੇ ਵਿੱਚ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ। ਉਦੋਂ ਤੋਂ ਉਹ ਲਗਾਤਾਰ ਸਾਰੇ ਰਿਸ਼ਤੇਦਾਰਾਂ ਨੂੰ ਇਹੀ ਕਹਿ ਕੇ ਗੁੰਮਰਾਹ ਕਰ ਰਹੀ ਸੀ ਕਿ ਉਸ ਦਾ ਪਤੀ ਘਰੋਂ ਕਿਧਰੇ ਚਲਿਆ ਗਿਆ ਹੈ। ਸ਼ੱਕ ਦੇ ਆਧਾਰ 'ਤੇ ਜਦੋਂ ਪੁਲਸ ਮਾਮਲੇ ਦੀ ਪੜਤਾਲ ਲਈ ਰੂਬੀ ਦੇ ਘਰ ਪਹੁੰਚੀ ਤਾਂ ਉਹ ਪੁਲਸ ਨੂੰ ਦੇਖ ਕੇ ਬੁਰੀ ਤਰ੍ਹਾਂ ਘਬਰਾ ਗਈ। ਪੁਲਸ ਨੇ ਜਦੋਂ ਹਿਰਾਸਤ ਵਿੱਚ ਲੈ ਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਸਾਰਾ ਸੱਚ ਉਗਲ ਦਿੱਤਾ।

## 'ਸਤਲੁਜ' ਨੂੰ ਖਾਲੜਾ ਪਰਵਾਰ ਦੀ ਹਰੀ ਝੰਡੀ

**ਚੰਡੀਗੜ੍ਹ** : ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੱਡਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਖਾਲੜਾ ਪਰਵਾਰ ਨੇ ਓ ਟੀ ਟੀ ਪਲੇਟਫਾਰਮ ਜ਼ੀ 'ਤੇ ਸਟਰੀਮ ਹੋ ਰਹੀ ਫ਼ਿਲਮ 'ਸਤਲੁਜ' ਦੇ ਮੌਜੂਦਾ ਸਰੂਪ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫ਼ਿਲਮ ਜਸਵੰਤ ਸਿੰਘ ਖਾਲੜਾ ਦੇ ਜੀਵਨ, ਸੰਘਰਸ਼ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ 'ਤੇ ਅਧਾਰਤ ਹੈ। ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਇੱਕ ਬਿਆਨ ਵਿੱਚ ਬੀਬੀ ਪਰਮਜੀਤ ਕੌਰ ਖਾਲੜਾ ਨੇ ਸਪੱਸ਼ਟ ਕੀਤਾ ਕਿ 'ਜ਼ੀ' 'ਤੇ ਰਿਲੀਜ਼ ਹੋਇਆ ਵਰਜ਼ਨ ਉਹੀ ਅਸਲੀ ਅਤੇ ਮੂਲ ਰੂਪ ਹੈ, ਜੋ ਸਭ ਤੋਂ ਪਹਿਲਾਂ ਪਰਵਾਰ ਨੂੰ ਦਿਖਾਇਆ ਗਿਆ ਸੀ। ਉਨ੍ਹਾ ਕਿਹਾ ਕਿ ਫ਼ਿਲਮ 'ਤੇ ਭਾਰੀ ਸਿਆਸੀ ਦਬਾਅ ਪਾਇਆ ਗਿਆ ਅਤੇ ਇਸ ਦੀ ਕਹਾਣੀ ਵਿੱਚ ਬਦਲਾਅ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਇਸ ਦੇ ਬਾਵਜੂਦ ਫ਼ਿਲਮ ਦੀ ਅਸਲ ਰੂਹ ਅਤੇ ਸੱਚਾਈ ਨੂੰ ਬਰਕਰਾਰ ਰੱਖਿਆ ਗਿਆ ਹੈ।

# ਜਨਮ ਦਿਨ ਦੀ ਪਾਰਟੀ 'ਚ ਵਿਦੇਸ਼ੀ ਵਿਦਿਆਰਥਣ ਨਾਲ ਸਮੂਹਿਕ ਜਬਰ-ਜ਼ਨਾਹ

**ਮੁਹਾਲੀ** : ਮੁਹਾਲੀ ਪੁਲਸ ਨੇ 29 ਜੂਨ ਨੂੰ ਖਰੜ ਵਿੱਚ ਇੱਕ ਕਿਰਾਏ ਦੇ ਮਕਾਨ ਵਿੱਚ ਜਨਮ ਦਿਨ ਦੀ ਪਾਰਟੀ ਦੌਰਾਨ ਸੀ ਟੀ ਯੂਨੀਵਰਸਿਟੀ ਲੁਧਿਆਣਾ ਦੀ ਇੱਕ ਵਿਦਿਆਰਥਣ ਨਾਲ ਗੈਂਗਰੇਪ ਕਰਨ ਦੇ ਦੋਸ਼ ਵਿੱਚ ਲਾਈਬੇਰੀਆ ਦੇ ਦੋ ਵਿਦਿਆਰਥੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੀੜਤਾ, ਜੋ ਕਿ ਖੁਦ ਇੱਕ ਲਾਈਬੇਰੀਅਨ ਵਿਦਿਆਰਥਣ ਹੈ, ਨੂੰ ਫਰੇਕ ਅਤੇ ਇਜ਼ੇਕੀਏਲ ਨੇ ਖਰੜ ਵਿੱਚ 'ਜੀ ਬੀ ਪੀ ਕਰੈਸਟ ਕੰਟਰੀਸਾਈਡ ਗ੍ਰੀਨ' ਵਿਖੇ ਇੱਕ ਜਨਮ ਦਿਨ ਦੀ ਪਾਰਟੀ ਵਿੱਚ ਬੁਲਾਇਆ ਸੀ। ਪੀੜਤਾ ਨੇ ਦੱਸਿਆ ਕਿ ਖਾਣ ਖਾਣ ਤੋਂ ਬਾਅਦ ਉਹ ਪਹਿਲੀ ਮੰਜ਼ਲ ਦੇ ਅਪਾਰਟਮੈਂਟ ਵਿੱਚ ਇੱਕ ਕਮਰੇ ਵਿੱਚ ਚਲੀ ਗਈ ਅਤੇ ਸੌਂ ਗਈ। ਕੁਝ ਸਮੇਂ ਬਾਅਦ ਦੋਵੇਂ ਮੁਲਜ਼ਮ ਕਮਰੇ ਵਿੱਚ ਦਾਖਲ ਹੋਏ ਅਤੇ ਉਨ੍ਹਾਂ ਦਰਵਾਜ਼ਾ ਅੰਦਰੋਂ ਬੰਦ ਕਰ ਦਿੱਤਾ। ਇਸ ਤੋਂ ਬਾਅਦ ਦੋਵਾਂ ਨੇ ਉਸ ਦੀ ਸਹਿਮਤੀ ਤੋਂ ਬਿਨਾਂ ਉਸ ਨਾਲ ਜਬਰ-ਜ਼ਨਾਹ ਕੀਤਾ। ਪੀੜਤਾ ਦੇ ਦੋਸਤਾਂ ਨੇ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਦੋਵਾਂ ਮੁਲਜ਼ਮਾਂ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਇਸ ਤੋਂ ਬਾਅਦ ਪੀੜਤਾ ਦੇ ਇੱਕ ਭਰਾ ਡਾਇਮੰਡ ਨੇ ਜ਼ਬਰਦਸਤੀ ਦਰਵਾਜ਼ਾ ਤੋੜਿਆ ਤਾਂ ਉਸ ਨੇ ਦੇਖਿਆ ਕਿ ਫਰੇਕ ਪੀੜਤਾ ਨਾਲ ਜ਼ਬਰਦਸਤੀ ਕਰ ਰਿਹਾ ਸੀ। ਪੀੜਤਾ ਸਵੇਰੇ 11 ਵਜੇ ਦੇ ਕਰੀਬ ਸਰੀਰਕ ਦਰਦ ਕਾਰਨ ਜਾਗੀ ਅਤੇ ਉਸ ਨੂੰ ਆਪਣੇ ਨਾਲ ਹੋਈ ਗਲਤ ਹਰਕਤ ਦਾ ਅਹਿਸਾਸ ਹੋਇਆ, ਜਿਸ ਤੋਂ ਬਾਅਦ ਉਸ ਨੇ ਪੁਲਸ ਨੂੰ ਮਾਮਲੇ ਦੀ ਰਿਪੋਰਟ ਕੀਤੀ।

## ਅੱਜ-ਨਾਮਾ

ਚੇਲੇ ਮਮਤਾ ਦੇ ਜਿਹੜੇ ਬੰਗਾਲ ਦੇ ਵਿੱਚ,
ਲੱਭਦੇ ਫਿਰਦੇ ਨੇ ਲੁਕਣ ਲਈ ਥਾਂ ਬੇਲੀ।
ਪੈ ਗਈ ਪਿੱਛੇ ਸਰਕਾਰ ਜਦ ਭਾਜਪਾ ਦੀ,
ਮਿਟਦਾ ਚਾਹੁੰਦੀ ਤ੍ਰਿਣਮੂਲ ਦਾ ਨਾਂ ਬੇਲੀ।
ਮਾਰਦੇ ਵੱਟੇ ਕਈ ਲੋਕ ਤ੍ਰਿਣਮੂਲੀਆਂ ਨੂੰ,
ਗੰਜੀਆਂ ਟਿੰਡਾਂ ਨੂੰ ਪੈਂਦੇ ਜਿਉਂ ਕਾਂ ਬੇਲੀ।
ਜਾਂਚ-ਏਜੰਸੀਆਂ ਫਿਰਦੀਆਂ ਚੁੱਕ ਪਰਚੇ,
ਆਖਣੀ ਮੁਸ਼ਕਲ ਆ ਨਾਂਹ ਜਾਂ ਹਾਂ ਬੇਲੀ।
ਦਫਤਰ ਆ ਕੇ ਸਾਂਭ ਲਿਆ ਬਾਗੀਆਂ ਨੇ,
ਮੀਟਿੰਗ ਕਰਨ ਨੂੰ ਅੱਡਾ ਨਾ ਰਿਹਾ ਬੇਲੀ।
ਭਾਜੜ ਜਿਵੇਂ ਦੀ ਪਾਈ ਪਈ ਭਾਜਪਾ ਨੇ,
ਮਮਤਾ ਕੋਲੋਂ ਕੁਝ ਜਾਵੇ ਨਾ ਕਿਹਾ ਬੇਲੀ।

-ਤੀਸ ਮਾਰ ਖਾਂ

# ਦੇਸ਼ ਭਗਤ ਯਾਦਗਾਰ ਹਾਲ 'ਚ ਸਿਖਿਆਰਥੀ ਚੇਤਨਾ ਕੈਂਪ 28 ਤੋਂ 30 ਅਗਸਤ ਤੱਕ

**ਜਲੰਧਰ (ਕੇਸਰ)-ਦੇਸ਼** ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਗੰਭੀਰ ਵਿਚਾਰ-ਵਟਾਂਦਰੇ ਉਪਰੰਤ ਅਗਲੇ ਮਹੀਨਿਆਂ ਦੀਆਂ ਸਰਗਰਮੀਆਂ ਉਲੀਕੀਆਂ ਗਈਆਂ। ਦੇਸ਼ ਭਗਤ ਯਾਦਗਾਰ ਹਾਲ 'ਚ ਹਰ ਵਰ੍ਹੇ ਲੱਗਦਾ ਸਿਖਿਆਰਥੀ ਚੇਤਨਾ ਕੈਂਪ ਇਸ ਵਾਰ 28, 29 ਤੇ 30 ਅਗਸਤ ਦਿਨ ਸ਼ੁੱਕਰਵਾਰ, ਸਨਿੱਚਰਵਾਰ ਅਤੇ ਐਤਵਾਰ ਨੂੰ ਲੱਗੇਗਾ। ਇਸ ਕੈਂਪ ਵਿੱਚ ਵਿਸ਼ੇਸ਼ ਕਰਕੇ ਤਿੰਨ ਮਹੱਤਵਪੂਰਨ ਵਿਸ਼ਿਆਂ ਉਪਰ ਭਾਸ਼ਣ ਹੋਣਗੇ ਅਤੇ ਉਪਰੰਤ ਸਿਖਿਆਰਥੀਆਂ ਨਾਲ ਸੁਆਲ-ਜਵਾਬ ਅਤੇ ਗੰਭੀਰ ਵਿਚਾਰਾਂ ਹੋਣਗੀਆਂ। ਕੈਂਪ ਦੇ ਉਦਘਾਟਨੀ ਸਮਾਰੋਹ ਮੌਕੇ 28 ਅਗਸਤ ਨੂੰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਅਮਰੀਕੀ ਸਾਮਰਾਜੀਆਂ ਅੱਗੇ ਗੋਡੇ ਟੇਕ ਕੇ ਭਾਰਤੀ ਲੋਕਾਂ ਉਪਰ ਮੜ੍ਹੀ ਜਾ ਰਹੀ 'ਖੁੱਲ੍ਹੀ ਵਪਾਰ ਨੀਤੀ ਦੇ ਭਾਰਤੀ ਲੋਕਾਂ ਦੇ ਸਿਰ 'ਤੇ ਮੰਡਰਾ ਰਹੇ ਖ਼ਤਰਿਆਂ' ਬਾਰੇ ਸਿਖਿਆਰਥੀਆਂ ਨਾਲ ਵਿਚਾਰ ਸਾਂਝੇ ਕਰਨਗੇ। 28 ਅਗਸਤ ਪਹਿਲੇ ਦਿਨ ਬੱਬਰ ਅਕਾਲੀ ਲਹਿਰ ਸ਼ਹਾਦਤ ਸ਼ਤਾਬਦੀ ਨੂੰ ਸਿਜਦਾ ਕਰਦੇ ਹੋਏ 'ਆਜ਼ਾਦੀ ਦੀ ਜੱਦੋ-ਜਹਿਦ 'ਚ ਇਨਕਲਾਬੀ ਲਹਿਰਾਂ ਦੀ ਭੂਮਿਕਾ, ਉਸ ਦਾ ਉਦੇਸ਼ ਅਤੇ ਉਸ ਉਦੇਸ਼ ਨੂੰ ਰੋਲਣ ਲਈ ਫਾਸ਼ੀ ਹੱਲਾ' ਵਿਸ਼ੇ ਉਪਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ ਸਿਖਿਆਰਥੀਆਂ ਦੇ ਰੂਬਰੂ ਹੋਣਗੇ।

29 ਅਗਸਤ ਨੂੰ ਦੋ ਸੈਸ਼ਨ ਹੋਣਗੇ। ਪਹਿਲੇ ਸੈਸ਼ਨ 'ਚ ਸਿੱਖਿਆ ਸਿਲੇਬਸ ਵਿੱਚ ਗੈਰ-ਵਿਗਿਆਨਕ, ਮਿਥਿਹਾਸਕ ਵਿਸ਼ੇ ਸ਼ਾਮਲ ਕਰਨ, ਦੁਨੀਆ ਅਤੇ ਸਾਡੇ ਮੁਲਕ ਦੇ ਇਨਕਲਾਬੀ ਇਤਿਹਾਸ ਦੀ ਫੱਟੀ ਪੋਚਣ ਪਿੱਛੇ ਕੰਮ ਕਰਦੇ ਗੁੱਝੇ ਮੰਤਵਾਂ ਅਤੇ ਸਾਡੇ ਫ਼ਰਜ਼ਾਂ ਬਾਰੇ ਵਿਚਾਰ ਸਾਂਝੇ ਕਰਨਗੇ ਪੰਜਾਬ ਦੇ ਜਾਣੇ-ਪਹਿਚਾਣੇ ਤਰਕਸ਼ੀਲ ਆਗੂ ਰਾਜਿੰਦਰ ਭਦੌੜ।

ਦੂਜੇ ਸੈਸ਼ਨ ਵਿੱਚ ਨੌਜਵਾਨ ਪੀੜ੍ਹੀ ਉਪਰ ਸੋਸ਼ਲ ਮੀਡੀਆ ਅਤੇ ਨਵੀਂ ਸੂਚਨਾ ਸੰਚਾਰ ਪ੍ਰਣਾਲੀ ਰਾਹੀਂ ਬੋਲੇ ਮਾਰੂ ਹੱਲੇ ਦੇ ਘਾਤਕ ਨਤੀਜਿਆਂ ਬਾਰੇ ਵਿਸਥਾਰਪੂਰਵਕ ਵਿਚਾਰ ਸਾਂਝੇ ਕਰਨਗੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਅਤੇ ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ। ਤੀਜੇ ਅਤੇ ਸਿਖਰਲੇ ਦਿਨ 30 ਅਗਸਤ ਐਤਵਾਰ ਨੂੰ ਸਿਖਿਆਰਥੀ ਚੇਤਨਾ ਕੈਂਪ ਬਾਰੇ ਸਿਖਿਆਰਥੀਆਂ ਦੇ ਵਿਚਾਰਾਂ ਦਾ ਆਦਾਨ ਪ੍ਰਦਾਨ ਹੋਏਗਾ। ਸਿਖਿਆਰਥੀਆਂ ਨੂੰ ਕਮੇਟੀ ਵੱਲੋਂ ਪ੍ਰਮਾਣ-ਪੱਤਰ ਅਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨਤ ਕੀਤਾ ਜਾਏਗਾ। ਬੋਰਡ ਆਫ਼ ਟਰੱਸਟ ਨੇ ਇਹ ਫੈਸਲਾ ਵੀ ਕੀਤਾ ਕਿ 27 ਸਤੰਬਰ ਸਨਿੱਚਰਵਾਰ ਸਵੇਰੇ 11 ਵਜੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸ਼ਹੀਦ ਭਗਤ ਸਿੰਘ ਦੀ ਬੌਧਿਕ ਪਰਪੱਕਤਾ ਅਤੇ ਇਨਕਲਾਬ ਦੇ ਸੂਹੇ ਚਿੰਨ੍ਹ ਵਜੋਂ ਅਮਰ ਦੇਣ ਉਪਰ ਆਪਣਾ ਕੁੰਜੀਵਤ ਭਾਸ਼ਣ ਦੇਣਗੇ ਉੱਘੇ ਵਿਦਵਾਨ ਸੁਮੇਲ ਸਿੱਧੂ। ਮੀਟਿੰਗ 'ਚ ਸਭਿਆਚਾਰਕ ਵਿੰਗ ਵੱਲੋਂ ਬੱਬਰ ਅਕਾਲੀ ਲਹਿਰ ਨਾਲ ਸੰਬੰਧਤ ਪਿੰਡਾਂ ਦੀ ਹੋਈ ਵਿਸ਼ੇਸ਼ ਮਿਲਣੀ ਮੌਕੇ ਸ਼ਤਾਬਦੀ ਮੁਹਿੰਮ ਅਤੇ ਮੇਲੇ ਦੀ ਜੋਸ਼ੋ-ਖਰੋਸ਼ ਨਾਲ ਤਿਆਰੀ ਵਿੱਚ ਜੁਟਣ ਅਤੇ ਉਸ ਵਿੱਚ ਜਨਤਕ ਸ਼ਮੂਲੀਅਤ ਦੇ ਹੁੰਗਾਰੇ ਉਪਰ ਤਸੱਲੀ ਪ੍ਰਗਟ ਕੀਤੀ ਗਈ ਅਤੇ ਪਿੰਡਾਂ 'ਚ ਕਾਫ਼ਲਾ ਲੈ ਕੇ ਜਾਣ ਬਾਰੇ ਵੀ ਵਿਚਾਰਾਂ ਹੋਈਆਂ।

ਇਸ ਮੀਟਿੰਗ 'ਚ ਐਡਵੋਕੇਟ ਰਾਜਿੰਦਰ ਮੰਡ, ਐਡਵੋਕੇਟ ਐੱਨ ਕੇ ਜੀਤ, ਰਿਪੁਦਮਨ ਰੂਪ, ਦਰਸ਼ਨ ਮਾਈਸਰ ਖਾਨਾ, ਜਗਸੀਰ ਸੀਰਾ ਪਿੰਡ ਗਿੱਦੜ (ਬਠਿੰਡਾ), ਸੁਰਿੰਦਰ ਤਿਵਾੜੀ, ਅਜਾਇਬ ਸਿੰਘ, ਸਵਰਨ ਭੰਗੂ, ਰੰਗਕਰਮੀ ਪ੍ਰਦੀਪ ਰਾਜਾ, ਨਾਜਰ ਸਿੰਘ ਸਿਹੋੜਾ, ਪ੍ਰੇਮ ਸਿੰਘ ਹਰਿਆਣਾ, ਗਿਆਨ ਚੰਦ 'ਨਵਾਂ ਜ਼ਮਾਨਾ' ਦੇ ਵਿਛੋੜੇ 'ਤੇ ਪਰਵਾਰਾਂ, ਸਾਕ-ਸੰਬੰਧੀਆਂ, ਸੰਗੀ-ਸਾਥੀਆਂ ਨਾਲ ਕਮੇਟੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ। ਮੀਟਿੰਗ ਦੇ ਫੈਸਲਿਆਂ ਬਾਰੇ ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝੀ ਕੀਤੀ।

## ਗੈਂਗਸਟਰ ਗੋਲਡੀ ਢਿੱਲੋਂ ਸਪੇਨ 'ਚ ਗ੍ਰਿਫ਼ਤਾਰ




**ਚੰਡੀਗੜ੍ਹ** : ਵਿਦੇਸ਼ ਵਿੱਚ ਬੈਠ ਕੇ ਪੰਜਾਬ ਅਤੇ ਚੰਡੀਗੜ੍ਹ ਵਿੱਚ ਗੈਂਗਸਟਰ ਨੈੱਟਵਰਕ ਚਲਾ ਰਹੇ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਢਿੱਲੋਂ ਨੂੰ ਸਪੇਨ ਵਿੱਚ ਹਿਰਾਸਤ ਵਿੱਚ ਲਏ ਜਾਣ ਦੀ ਖ਼ਬਰ ਹੈ। ਭਰੋਸੇਯੋਗ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਆਮ ਆਦਮੀ ਪਾਰਟੀ ਦੀ ਵਿਧਾਇਕਾ ਨੀਨਾ ਮਿੱਤਲ ਨੂੰ ਧਮਕੀ ਦੇਣ ਅਤੇ ਚੰਡੀਗੜ੍ਹ ਦੇ ਸੈਕਟਰ-11 ਵਿੱਚ ਦਿਨ-ਦਿਹਾੜੇ ਫਾਰਮੇਸੀ ਦੇ ਕੈਸ਼ੀਅਰ ਦੇ ਹੋਏ ਕਤਲ ਮਾਮਲੇ ਵਿੱਚ ਨਾਮਜ਼ਦ ਇਸ ਗੈਂਗਸਟਰ ਨੂੰ ਸਪੇਨ 'ਚ ਦਬੋਚ ਲਿਆ ਗਿਆ ਹੈ। ਪੁਲਸ ਸੂਤਰਾਂ ਅਨੁਸਾਰ ਇਹ ਵੱਡੀ ਸਫ਼ਲਤਾ ਪੰਜਾਬ ਪੁਲਸ, ਕੇਂਦਰੀ ਖ਼ੁਫੀਆ ਏਜੰਸੀਆਂ ਅਤੇ ਚੰਡੀਗੜ੍ਹ ਪੁਲਸ ਦੇ ਇੱਕ ਸਾਂਝੇ ਅਪਰੇਸ਼ਨ ਦੌਰਾਨ ਮਿਲੀ ਹੈ। ਸੁਰੱਖਿਆ ਏਜੰਸੀਆਂ ਪਿਛਲੇ ਕਈ ਮਹੀਨਿਆਂ ਤੋਂ ਵਿਦੇਸ਼ ਵਿੱਚ ਬੈਠੇ ਇਸ ਗੈਂਗਸਟਰ ਦੀਆਂ ਗਤੀਵਿਧੀਆਂ 'ਤੇ ਬਾਰੀਕੀ ਨਾਲ ਨਜ਼ਰ ਰੱਖ ਰਹੀਆਂ ਸਨ।

# ਕਿਸਾਨ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ ਲਾਗੂ ਨਹੀਂ ਹੋਣ ਦੇਣਗੇ : ਐੱਸ ਕੇ ਐੱਮ

**ਵਲਟੋਹਾ, (ਰਣਜੀਤ ਸਿੰਘ ਵਲਟੋਹਾ)**- ਮਾਨ ਸਰਕਾਰ ਨੇ ਮੁੜ ਲੈਂਡ ਪੂਲਿੰਗ ਨੀਤੀ ਤਹਿਤ ਸ਼ਹਿਰਾਂ ਨੇੜੇ ਜ਼ਮੀਨੀ ਕਬਜ਼ੇ ਕਰਨ ਦਾ ਐਲਾਨ ਕੀਤਾ ਹੈ।ਹੁਣ ਵਾਲੀ ਨੀਤੀ ਵਿੱਚ ਕਿਸਾਨਾਂ ਨੂੰ ਹੋਰ ਭੁਚਲਾਉਣ ਦੀ ਕੋਸ਼ਿਸ਼ ਹੈ, ਹਕੀਕਤ



ਵਿੱਚ ਇਹ 2013 ਦੇ ਜ਼ਮੀਨ ਐਕਵਾਇਰ ਕਾਨੂੰਨ ਨੂੰ ਪੁੱਠਾ ਗੇੜਾ ਦੇਣ ਦੀ ਕੋਝੀ ਚਾਲ ਹੈ।ਇਹ ਬਿਆਨ ਕਿਸਾਨ ਆਗੂਆਂ ਨੇ ਸ਼ੇਰੋਂ ਬੱਡ ਮਿੱਲ ਮੋਰਚੇ ਦੇ 44ਵੇਂ ਦਿਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸਾਂਝਾ ਕੀਤਾ।ਇਸ ਮੌਕੇ ਕਿਸਾਨ ਆਗੂ ਤਰਸੇਮ ਸਿੰਘ ਲੁਹਾਰ, ਹਰਜਿੰਦਰ ਸਿੰਘ ਟਾਂਡਾ, ਜੱਸਾ ਸਿੰਘ ਕੰਦਗਿੱਲ, ਮਨਜੀਤ ਸਿੰਘ ਬੱਗੂ, ਇੰਦਰਜੀਤ ਸਿੰਘ ਮਰਹਾਣਾ, ਬਲਕਾਰ ਸਿੰਘ ਵਲਟੋਹਾ, ਸੁਖਚੈਨ ਸਿੰਘ ਸਰਾਲੀ, ਕਸ਼ਮੀਰ ਸਿੰਘ ਸ਼ੇਰੋਂ, ਅਮਰੀਕ ਸਿੰਘ ਸ਼ੇਰੋਂ, ਬਲਦੇਵ ਸਿੰਘ ਸ਼ੇਰੋਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪਹਿਲਾਂ ਵੀ ਇਸੇ ਨੀਤੀ ਤਹਿਤ ਸ਼ਹਿਰਾਂ ਨੇੜੇ ਕਿਸਾਨਾਂ ਦੀ ਜ਼ਮੀਨ ਐਕਵਾਇਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ, ਪਰ ਸੰਯੁਕਤ ਕਿਸਾਨ ਮੋਰਚਾ ਦੇ ਕਿਸਾਨ ਸੰਘਰਸ਼ ਨੇ ਸਰਕਾਰ ਨੂੰ ਪਿਛਾਂਹ ਮੋੜਿਆ ਸੀ। ਲੱਗਦਾ ਭਗਵੰਤ ਮਾਨ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ ਮੁੜ ਇਸ ਸਕੀਮ ਤਹਿਤ ਫਿਰ ਜ਼ਮੀਨਾਂ ਤੇ ਹਮਲਾ ਕਰਨ ਜਾ ਰਹੀ ਹੈ।ਸਰਕਾਰ ਦੀ ਇਹ ਕਿਸਾਨ ਮਾਰੂ ਨੀਤੀ ਵੀ ਲਾਗੂ ਨਹੀਂ ਹੋਣ ਦੇਵਾਂਗੇ।ਉਨ੍ਹਾਂ ਕਿਹਾ ਕਿ ਪੰਜਾਬ ਵਿਚਲੀਆਂ ਵੱਡੀਆਂ ਸੜਕਾਂ ਨੇੜ ਬਹੁਤੀ ਜ਼ਮੀਨ ਪਹਿਲਾਂ ਹੀ ਤਕੜੇ ਲੋਕਾਂ ਨੇ ਖਰੀਦੀ ਹੋਈ ਹੈ ਜੋ ਪਿਛਲੇ ਲੰਬੇ ਸਮੇਂ ਤੋਂ ਕਿਸੇ ਕੰਮ ਲਈ ਨਹੀਂ ਵਰਤੀ ਗਈ ਤੇ ਉਹ ਖੇਤੀ ਉਪਜ ਪੱਖੋਂ ਵੀ ਗਈ ਹੈ।ਇਸ ਕਰਕੇ ਇਹ ਨੀਤੀ ਸਰਕਾਰ ਨੂੰ ਤੁਰੰਤ ਵਾਪਸ ਲੈਣੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਫੈਲੋਕੇ, ਦਲਜੀਤ ਸਿੰਘ ਦਿਆਲਪੁਰਾ, ਮਹੀਪਾਲ ਸਿੰਘ ਠੱਠੀਆਂ, ਅਰੂੜ ਸਿੰਘ ਆਸਲ, ਕਸ਼ਮੀਰ ਸਿੰਘ, ਸਤਨਾਮ ਸਿੰਘ, ਬੂਟਾ ਸਿੰਘ, ਸੰਤੋਖ ਸਿੰਘ, ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਹਰਭਾਲ ਸਿੰਘ, ਹਰਵਿੰਦਰ ਸਿੰਘ, ਪਲਵਿੰਦਰ ਸਿੰਘ ਧੁੰਨ, ਪਰਗਟ ਸਿੰਘ ਲੁਹਾਰ, ਗੁਰਬਿੰਦਰ ਸਿੰਘ ਨੌਰੰਗਾਬਾਦ ਸਮੇਤ ਕਈ ਆਗੂ ਹਾਜ਼ਰ ਸਨ।

# ਵਿਦੇਸ਼ 'ਚ ਜਾਨ ਗੁਆਉਣ ਵਾਲੇ ਨੌਜਵਾਨ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**ਛੇਹਰਟਾ, ਚੇਤਨਪੁਰਾ (ਮਨੋਜ ਕੁਮਾਰ, ਸੁਖਵੰਤ ਚੇਤਨਪੁਰੀ)** : ਅਜਨਾਲਾ ਦੇ ਪਿੰਡ ਵੰਜਾਂਵਾਲਾ ਦੇ ਨੌਜਵਾਨ ਗੁਰਸੇਵਕ ਸਿੰਘ, ਜਿਸ ਦੀ ਸਲੋਵਾਕੀਆ ਵਿਚ ਡੁੱਬਣ ਕਾਰਨ ਦਰਦਨਾਕ ਮੌਤ ਹੋ ਗਈ ਸੀ, ਦੀ ਮ੍ਰਿਤਕ ਦੇਹ ਸ਼ਨਿਚਰਵਾਰ ਨੂੰ ਉਸ ਦੇ ਜੱਦੀ ਪਿੰਡ



ਪੁੱਜੀ। ਇਸ ਮੌਕੇ ਅੰਤਿਮ ਦਰਸ਼ਨਾਂ ਲਈ ਵੱਡੀ ਗਿਣਤੀ ਵਿਚ ਲੋਕ ਪੁੱਜੇ ਅਤੇ ਨਮ ਅੱਖਾਂ ਨਾਲ ਉਸ ਨੂੰ ਅੰਤਿਮ ਵਿਦਾਇਗੀ ਦਿੱਤੀ। ਗੁਰਸੇਵਕ ਸਿੰਘ ਕਰੀਬ ਅੱਠ ਮਹੀਨੇ ਪਹਿਲਾਂ ਵਰਕ ਪਰਮਿਟ 'ਤੇ ਸਲੋਵਾਕੀਆ ਗਿਆ ਸੀ, ਜਿੱਥੇ ਇਹ ਦਰਦਨਾਕ ਹਾਦਸਾ ਵਾਪਰਿਆ। ਘਟਨਾ ਤੋਂ ਬਾਅਦ ਪਰਿਵਾਰ ਵੱਲੋਂ ਭਾਰਤ ਸਰਕਾਰ ਤੇ ਜਨ ਪ੍ਰਤੀਨਿਧੀਆਂ ਕੋਲ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਗਈ। ਇਸ ਦੌਰਾਨ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਮੰਤਰਾਲਿਆਂ ਤੇ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ।ਉਨ੍ਹਾਂ ਦੇ ਯਤਨਾਂ ਤੇ ਸਹਿਯੋਗ ਸਦਕਾ ਲੋੜੀਂਦੀਆਂ ਕਾਰਵਾਈਆਂ ਜਲਦੀ ਪੂਰੀਆਂ ਹੋਈਆਂ, ਜਿਸ ਕਾਰਨ ਗੁਰਸੇਵਕ ਸਿੰਘ ਦੀ ਦੇਹ ਭਾਰਤ ਲਿਆਂਦੀ ਜਾ ਸਕੀ ਅਤੇ ਸਨਿਚਰਵਾਰ ਨੂੰ ਉਸ ਦਾ ਉਸ ਦੇ ਜੱਦੀ ਪਿੰਡ ਵਿਚ ਪੂਰੇ ਸਨਮਾਨ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਇਸ ਦੁੱਖਦਾਈ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਕਿਸੇ ਨੌਜਵਾਨ ਪੁੱਤਰ ਦਾ ਇਸ ਤਰ੍ਹਾਂ ਅਚਾਨਕ ਸੰਸਾਰ ਤੋਂ ਚਲੇ ਜਾਣਾ ਸਿਰਫ ਇਕ ਪਰਿਵਾਰ ਹੀ ਨਹੀਂ, ਸਗੋਂ ਪੂਰੇ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਔਜਲਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਬਿਹਤਰ ਭਵਿੱਖ ਦੀ ਆਸ ਨਾਲ ਵਿਦੇਸ਼ਾਂ ਦਾ ਰੁਖ ਕਰਦੇ ਹਨ, ਪਰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਪੂਰੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਔਖੇ ਸਮੇਂ ਵਿੱਚ ਸਰਕਾਰਾਂ, ਪ੍ਰਸ਼ਾਸਨ ਤੇ ਜਨ ਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਦੁਖੀ ਪਰਿਵਾਰ ਦੇ ਨਾਲ ਡਟ ਕੇ ਖੜ੍ਹਨ ਅਤੇ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ।

# ਅੱਤ ਦੀ ਗਰਮੀ ਦਾ ਕਹਿਰ ਜਾਰੀ, ਬੱਚੇ, ਬਜ਼ੁਰਗ ਹੋ ਰਹੇ ਨੇ ਬਿਮਾਰ

**ਗੁਰਦਾਸਪੁਰ, (ਜਨਕ ਮਹਾਜਨ)**- ਅੱਤ ਦੀ ਪੈ ਰਹੀ ਗਰਮੀ ਕਾਰਨ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਲਗਾਤਾਰ ਵਧਦੀ ਜਾ ਰਹੀ ਗਰਮੀ ਕਾਰਨ ਬੱਚੇ ਅਤੇ ਬਜ਼ੁਰਗ ਵੱਡੀ ਗਿਣਤੀ ਵਿਚ ਬਿਮਾਰ ਹੋ ਰਹੇ ਹਨ ਅਤੇ ਡਾਕਟਰਾਂ ਕੋਲ ਕਾਫ਼ੀ ਭੀੜ ਭੜੱਕਾ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਗਰਮੀ ਕਾਰਨ ਗਾਹਕ ਘਰਾਂ ਵਿਚੋਂ ਨਿਕਲਣ ਤੋਂ ਗੁਰੇਜ਼ ਕਰਦੇ ਹਨ ਅਤੇ ਰਾਤ ਸਮੇਂ ਕੋਈ ਵਿਰਲਾ ਵਾਂਝਾ ਗਾਹਕ ਹੀ ਦੁਕਾਨ 'ਤੇ ਸਾਮਾਨ ਖ਼ਰੀਦਣ ਲਈ ਆਉਂਦਾ ਹੈ। ਛੋਟੇ ਬੱਚਿਆਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਗਰਮੀਆਂ ਦੀਆਂ ਪਈਆਂ ਛੁੱਟੀਆਂ ਵੀ ਖ਼ਤਮ ਹੋ ਚੁੱਕੀਆਂ ਹਨ ਅਤੇ ਹੁਣ ਬੱਚੇ ਭਰ ਗਰਮੀ ਵਿਚ ਸਕੂਲ ਜਾ ਰਹੇ ਹਨ। ਇਸੇ ਤਰ੍ਹਾਂ ਕੁਝ ਮਜ਼ਦੂਰਾਂ ਨੇ ਆਪਣੀ ਦਾਸਤਾਨ ਸੁਣਾਉਂਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਕਮਾਈ ਦਾ ਹੋਰ ਕੋਈ ਵੀ ਸਾਧਨ ਨਹੀਂ ਹੈ ਜਿਸ ਕਰਕੇ ਆਪਣੇ ਪਰਿਵਾਰ ਦੇ ਪਾਲਣ ਪੋਸ਼ਣ ਲਈ ਉਨ੍ਹਾਂ ਨੂੰ ਕੜਕਦੀ ਦੀ ਧੁੱਪ ਵਿਚ ਦਿਹਾੜੀ ਲਗਾ ਕੇ ਗੁਜ਼ਾਰਾਂ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਗਰਮੀ ਤੋਂ ਡਰਦੇ ਕੰਮ ਕਰਨਾ ਬੰਦ ਕਰ ਦੇਣ ਤਾਂ ਰੋਜਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨੀਆਂ ਔਖੀਆਂ ਹੋ ਜਾਣਗੀਆਂ।

# ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਲਕਾ ਫਤਿਹਗੜ੍ਹ ਚੂੜੀਆਂ ਦੇ ਵਾਰਡ ਨੰਬਰ 12 ਵਿਖੇ ਮੇਰੀ ਰਸੋਈ ਯੋਜਨਾ ਤਹਿਤ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਵੱਲੋਂ ਲੋੜਵੰਦ



ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਮਾਨ ਸਰਕਾਰ ਦਾ ਸੰਕਲਪ ਹੈ ਕਿ ਹਰ ਲੋੜਵੰਦ ਪਰਿਵਾਰ ਤੱਕ ਪੌਸ਼ਟਿਕ ਆਹਾਰ ਪਹੁੰਚੇ ਅਤੇ ਲੋਕ ਭਲਾਈ ਦੀਆਂ ਯੋਜਨਾਵਾਂ ਦਾ ਲਾਭ ਹਰ ਘਰ ਤੱਕ ਯਕੀਨੀ ਬਣਾਇਆ ਜਾਵੇ। ਇਸ ਮੌਕੇ ਡਿਪੂ ਹੋਲਡਰ ਸ਼ਿਵ ਕੁਮਾਰ, ਵਾਰਡ ਇੰਚਾਰਜ ਰਜਿੰਦਰ ਕੁਮਾਰ ਸੁੰਦਰ, ਐੱਮ. ਸੀ. ਨਵੀਸ਼ ਨੰਦਾ, ਚੇਅਰਮੈਨ ਗੁਰਪ੍ਰੀਤ ਸਿੰਘ, ਆਕਾਸ਼ ਸ਼ਰਮਾ, ਦੀਪਕ ਸ਼ਰਮਾ, ਵਿਨੋਦ ਕੁਮਾਰ, ਪ੍ਰੇਮ ਲਾਲ, ਹੀਰਾ ਲਾਲ, ਜਗਤਾਰ ਸਿੰਘ, ਰਾਮ, ਪਰਬੋਧ ਕੁਮਾਰ, ਰਵੀ ਕੁਮਾਰ, ਮੰਨੂ, ਵਿਸ਼ਾਲ, ਸਾਜਨ ਕੁਮਾਰ, ਰਜਿੰਦਰ ਸਿੰਘ ਆਦਿ ਹਾਜ਼ਰ ਰਹੇ।

# ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਵਾਰਡ ਨੰਬਰ 24 'ਚ ਰਜਿਸਟ੍ਰੇਸ਼ਨ ਜਾਰੀ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਵਿਖੇ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ



ਤਹਿਤ ਫਾਰਮ ਭਰਵਾਏ ਜਾ ਰਹੇ ਹਨ ਤਾਂ ਜੋ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਗਈ ਯੋਜਨਾ ਦਾ ਮਾਵਾਂ ਧੀਆਂ ਤੱਕ ਵੱਧ ਤੋਂ ਵੱਧ ਲਾਭ ਪੁੱਜਦਾ ਕੀਤਾ ਜਾ ਸਕੇ।ਇਸ ਸਬੰਧੀ ਗੱਲ ਕਰਦਿਆਂ ਦਾਸ ਕਰਨ ਸੰਧੂ ਨੇ ਦੱਸਿਆ ਕਿ ਵਾਰਡ ਨੰਬਰ 24 ਵਿੱਚ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਕੀਤੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਬਟਾਲਾ ਵਿਧਾਨ ਸਭਾ ਹਲਕੇ ਸਮੇਤ ਸਮੁੱਚੇ ਜ਼ਿਲ੍ਹੇ ਅੰਦਰ ਇਸ ਯੋਜਨਾ ਤਹਿਤ ਰਹਿੰਦੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਸਫਲਤਾਪੂਰਵਕ ਚੱਲ ਰਹੀ ਹੈ।

# ਸਵੀਮਿੰਗ ਪੂਲ 'ਤੇ ਸ਼ੈੱਡ ਬਣਨ ਨਾਲ ਪਠਾਨਕੋਟ ਦੇ ਤੈਰਾਕਾਂ ਨੂੰ ਮਿਲੇਗੀ ਨਵੀਂ ਉਡਾਣ: ਦੀਪਕ ਗੁਪਤਾ

**ਪਠਾਨਕੋਟ, (ਦਵਿੰਦਰ ਸਿੰਘ)**- ਨਗਰ ਨਿਗਮ ਪਠਾਨਕੋਟ ਦੇ ਸਵੀਮਿੰਗ ਪੂਲ ਕੰਪਲੈਕਸ ਵਿਖੇ ਪਠਾਨਕੋਟ ਜ਼ਿਲ੍ਹਾ ਤੈਰਾਕੀ ਐਸੋਸੀਏਸ਼ਨ ਸੁਸਾਇਟੀ (ਰਜਿ.) ਵੱਲੋਂ ਇੱਕ ਵਿਸ਼ੇਸ਼ ਧੰਨਵਾਦ ਅਤੇ ਸਨਮਾਨ



ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪਠਾਨਕੋਟ ਦੇ ਲੋਕਪ੍ਰਿਯ ਅਤੇ ਵਿਕਾਸ ਪੁਰਸ਼ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਸਵੀਮਿੰਗ ਪੂਲ ਉਪਰ ਆਧੁਨਿਕ ਸ਼ੈੱਡ ਦੀ ਉਸਾਰੀ ਲਈ ਵਿਸ਼ੇਸ਼ ਫੰਡ ਮੁਹੱਈਆ ਕਰਵਾਉਣ ਦੇ ਇਤਿਹਾਸਕ ਉਪਰਾਲੇ ਲਈ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਿੱਘਾ ਸਨਮਾਨ ਦਿੱਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਪਠਾਨਕੋਟ ਜ਼ਿਲ੍ਹਾ ਤੈਰਾਕੀ ਐਸੋਸੀਏਸ਼ਨ ਸੁਸਾਇਟੀ (ਰਜਿ.) ਦੇ ਸੰਯੁਕਤ ਸਕੱਤਰ ਦੀਪਕ ਗੁਪਤਾ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਦਾ ਇਹ ਉਪਰਾਲਾ ਕੇਵਲ ਇੱਕ ਵਿਕਾਸ ਕਾਰਜ ਨਹੀਂ, ਸਗੋਂ ਪਠਾਨਕੋਟ ਦੀ ਖੇਡ ਸੰਸਕ੍ਰਿਤੀ ਨੂੰ ਨਵੀਆਂ ਉੱਚਾਈਆਂ 'ਤੇ ਲਿਜਾਣ ਵਾਲਾ ਮੀਲ ਪੱਥਰ ਹੈ।

ਉਨ੍ਹਾਂ ਕਿਹਾ ਕਿ ਸ਼ੈੱਡ ਦੀ ਉਸਾਰੀ ਨਾਲ ਹੁਣ ਤੈਰਾਕਾਂ ਨੂੰ ਗਰਮੀ, ਬਾਰਿਸ਼ ਅਤੇ ਹੋਰ ਮੌਸਮੀ ਰੁਕਾਵਟਾਂ ਤੋਂ ਬਿਨਾਂ ਸਾਲ ਭਰ ਨਿਰੰਤਰ ਅਭਿਆਸ ਕਰਨ ਦੀ ਸਹੂਲਤ ਮਿਲੇਗੀ, ਜਿਸ ਨਾਲ ਪਠਾਨਕੋਟ ਦੇ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਹੋਰ ਵੱਡੀਆਂ ਪ੍ਰਾਪਤੀਆਂ ਹਾਸਲ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨਗੇ।ਸ੍ਰੀ ਦੀਪਕ ਗੁਪਤਾ ਨੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਇਸ ਸਵੀਮਿੰਗ ਪੂਲ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਨ ਲਈ ਹੋਰ ਵਿਕਾਸ ਕਾਰਜ ਕਰਵਾਏ ਜਾਣਗੇ ਤਾਂ ਜੋ ਇਹ ਪੂਲ ਪੰਜਾਬ ਦੇ ਸਰਵੋਤਮ ਸਵੀਮਿੰਗ ਕੇਂਦਰਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਏ ਅਤੇ ਇੱਥੋਂ ਹੋਰ ਵੱਧ ਗਿਣਤੀ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਹੋਣ।

# ਲੋਕ ਬੀ ਐੱਲ ਓ ਨੂੰ ਸਹਿਯੋਗ ਦੇਣ : ਸੱਤਪਾਲ ਸਿੰਘ



**ਬਟਾਲਾ (ਡਾ. ਮਲਵਿੰਦਰ ਸਿੰਘ)**- ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਰਜਿ : ਦੀ ਮੀਟਿੰਗ ਪ੍ਰਧਾਨ ਸਤਪਾਲ ਸਿੰਘ ਰਿਟਾਇਰਡ ਖੇਤੀਬਾੜੀ ਵਿਕਾਸ ਅਫਸਰ (ਪੀਏਐੱਸ-1) ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸ਼ਾਮਲ ਬੁੱਧੀਜੀਵੀਆਂ ਵੱਲੋਂ ਅਹਿਮ ਵਿਚਾਰਾਂ ਕੀਤੀਆਂ ਗਈਆਂ।ਇਸ ਦੌਰਾਨ ਜਾਣਕਾਰੀ ਦਿੰਦਿਆਂ ਪ੍ਰਧਾਨ ਸੱਤਪਾਲ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਚੋਣ ਅਫ਼ਸਰ ਵੱਲੋਂ ਵਿਸ਼ੇਸ਼ ਸਰਸਰੀ ਸੁਧਾਈ 2026 ਕਰਵਾਈ ਜਾ ਰਹੀ ਹੈ, ਜਿਸ ਵਿੱਚ ਬੀ. ਐੱਲ. ਓ. ਘਰ-ਘਰ ਜਾ ਕੇ ਗਣਨਾ ਫਾਰਮ ਭਰਵਾਉਣਗੇ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦਾ ਉਦੇਸ਼ ਯੋਗ ਨਾਗਰਿਕ ਦਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਤੇ ਅਯੋਗ ਵੋਟਰ ਦਾ ਨਾਮ ਵੋਟਰ ਸੂਚੀ ਵਿੱਚੋਂ ਹਟਾਉਣਾ ਹੈ।ਇਸ ਮੌਕੇ ਗੁਰਦਰਸ਼ਨ ਸਿੰਘ ਧਾਮੀ, ਪ੍ਰਿੰਸੀਪਲ ਨਾਨਕ ਸਿੰਘ, ਨਵਤੇਜਪਾਲ ਸਿੰਘ ਪਨੇਸਰ, ਰਘਬੀਰ ਸਿੰਘ ਔਲਖ, ਕਸ਼ਮੀਰ ਸਿੰਘ ਛੀਨਾ, ਪ੍ਰਿਤਪਾਲ ਸਿੰਘ, ਜਸਵੰਤ ਸਿੰਘ, ਕਲਵੰਤ ਸਿੰਘ, ਡਾ. ਗੁਰਿੰਦਰ ਸਿੰਘ ਰੰਧਾਵਾ, ਅਰਵਿੰਦਰਪਾਲ ਸਿੰਘ, ਅਜੈ ਮਹਾਜਨ, ਦਰਸ਼ਨ ਲਾਲ, ਸਵਿੰਦਰ ਸਿੰਘ ਸੰਧੂ, ਬਲਵੰਤ ਸਿੰਘ ਮੱਲੀ, ਡਾ.ਗੁਰਦੇਵ ਸਿੰਘ ਰੰਧਾਵਾ ਆਦਿ ਹਾਜ਼ਰ ਸਨ।

# 'ਆਰੋਗਯ' ਦੇ ਤਹਿਤ ਗਾਂਧੀ ਪਾਰਕ 'ਚ ਲੱਗਾ ਤਿੰਨ ਦਿਨਾ ਵਿਸ਼ਾਲ ਯੋਗ ਕੈਂਪ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਤਰਨ ਤਾਰਨ ਵੱਲੋਂ ਵਿਸ਼ਵ ਯੋਗ ਦਿਵਸ 2026 ਦੇ ਮੌਕੇ ਸਥਾਨਕ ਗਾਂਧੀ ਪਾਰਕ ਵਿਖੇ ਸਿਹਤ ਜਾਗਰੂਕਤਾ ਪ੍ਰੋਗਰਾਮ ਆਰੋਗਯ ਦੇ ਤਹਿਤ ਤਿੰਨ ਦਿਨਾ ਵਿਸ਼ਾਲ ਵਿਲੱਖਣ ਯੋਗ ਕੈਂਪ ਦਾ ਆਯੋਜਨ ਕੀਤਾ ਗਿਆ ਜਿਸਦੇ ਪਹਿਲੇ ਦਿਨ ਸ਼੍ਰੀ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਯੋਗਾਚਾਰੀਆ ਸਵਾਮੀ ਵਿਗਿਆਨਾਨੰਦ ਨੇ ਦੱਸਿਆ ਕਿ ਆਪਣੇ ਆਪ ਵਿੱਚ ਸਥਿਤ ਹੋਣਾ ਹੀ ਚੰਗੀ ਸਿਹਤ ਦੀ ਜੜ੍ਹ ਹੈ।ਯੋਗ ਭਾਰਤ ਦੀ ਪ੍ਰਾਚੀਨ ਪਰੰਪਰਾ ਵਿੱਚੋਂ ਇੱਕ ਹੈ।ਇਹ ਇੱਕ ਅਨਮੋਲ ਤੋਹਫ਼ਾ ਹੈ।ਇਹ ਸਰੀਰ, ਮਨ ਅਤੇ ਆਤਮਾ ਦੀ ਇੱਕ ਅਵਸਥਾ ਮਨੁੱਖ ਅਤੇ ਕੁਦਰਤ ਵਿਚਕਾਰ ਏਕਤਾ, ਸੰਜਮ ਅਤੇ ਪੂਰਤੀ ਪ੍ਰਦਾਨ ਕਰਦਾ ਹੈ ਅਤੇ ਸਿਹਤ ਤੰਦਰੁਸਤੀ ਲਈ ਇੱਕ ਸੰਪੂਰਨ ਪਹੁੰਚ ਨੂੰ ਦਰਸਾਉਂਦਾ ਹੈ।ਯੋਗ ਦੀ ਰਹੱਸਮਈ ਵਿਆਖਿਆ 'ਤੇ ਚਾਨਣਾ ਪਾਉਂਦੇ ਹੋਏ ਸਵਾਮੀ ਨੇ ਕਿਹਾ ਕਿ ਅੱਜ ਮੂਲ ਰੂਪ ਵਿੱਚ ਸਿਰਫ ਕੁਝ ਯੋਗਾਸਨਾਂ ਅਤੇ ਪ੍ਰਾਣਾਯਾਮ ਨੂੰ ਸੰਪੂਰਨ ਯੋਗ ਪ੍ਰਣਾਲੀ ਵਜੋਂ ਸਵੀਕਾਰ ਕੀਤਾ ਜਾਂਦਾ ਹੈ।ਪਤੰਜਲੀ ਯੋਗ ਸੂਤਰ ਦੇ ਅਨੁਸਾਰ ਸਾਧਕਾਂ ਨੂੰ ਉਨ੍ਹਾਂ ਦੇ



ਵਿਗਿਆਨਕ ਪੱਖ ਦੁਆਰਾ ਸਰੀਰਕ ਲਾਭਾਂ ਤੋਂ ਜਾਣੂ ਕਰਵਾਇਆ ਗਿਆ ਜਦੋਂਕਿ ਉਨ੍ਹਾਂ ਨੂੰ ਤਾੜਾਸਨ, ਦੰਡਾਸਨ, ਕਟੀਚਕ੍ਰਾਸਨ, ਅਰਧ ਚੰਦਰਾਸਨ, ਦਵਿਚਕ੍ਰਾਸਨ, ਭੁਜੰਗਾਸਨ, ਨਾੜੀ ਸ਼ੋਧਨ, ਅਨੁਲੋਮ ਵਿਲੋਮ ਪ੍ਰਾਣਾਯਾਮ ਆਦਿ ਦਾ ਅਭਿਆਸ ਕਰਵਾਇਆ ਗਿਆ।ਸਾਰੇ ਹੀ ਸਾਧਕਾਂ ਨੇ ਸਰੀਰਕ ਸਿਹਤ ਨਾਲ ਭਰਪੂਰ ਪ੍ਰੋਗਰਾਮ ਦਾ ਭਰਪੂਰ ਲਾਭ ਉਠਾਇਆ।

# ਮਾਨ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਦੀ ਕੀਤੀ ਸਰਾਹਨਾ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਲਕਾ ਫ਼ਤਿਹਗੜ੍ਹ ਚੂੜੀਆਂ ਦੇ ਪਿੰਡ ਧੌਲਪੁਰ ਵਿੱਚ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਹਲਕਾ ਵਾਸੀਆਂ ਨੂੰ ਮਾਨ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਬਾਰੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਲੋਕਾਂ ਨੇ ਸਰਕਾਰ ਦੇ ਉਪਰਾਲਿਆਂ ਦੀ ਸਰਾਹਨਾ ਕੀਤੀ ਅਤੇ ਆਪਣੇ ਸੁਝਾਅ ਵੀ ਸਾਂਝੇ ਕੀਤੇ।ਇਸ ਮੌਕੇ ਹਲਕਾ ਇੰਚਾਰਜ ਬਲਬੀਰ ਪੰਨੂੰ ਨੇ



ਕਿਹਾ ਕਿ ਮਾਨ ਸਰਕਾਰ ਹਮੇਸ਼ਾ ਲੋਕਾਂ ਦੀ ਭਲਾਈ, ਸੁਵਿਧਾਵਾਂ ਅਤੇ ਵਿਕਾਸ ਲਈ ਵਚਨਬੱਧ ਹੈ। ਇਸ ਮੌਕੇ ਸਰਪੰਚ ਤਜਿੰਦਰ ਕੌਰ , ਬਲਾਕ ਪ੍ਰਧਾਨ ਕਿਹਰ ਸਿੰਘ, ਸਵਿੰਦਰ ਸਿੰਘ, ਹਰਗੁਰਵਿੰਦਰ ਸਿੰਘ, ਜਤਿੰਦਰ ਸਿੰਘ, ਸ਼ਮਸ਼ੇਰ ਸਿੰਘ, ਹੀਰਾ ਸਿੰਘ, ਅਮਰਬੀਰ ਸਿੰਘ, ਨਾਹਨ ਸਿੰਘ, ਪ੍ਰੀਤ ਕੌਰ, ਪਰਮਜੀਤ ਕੌਰ, ਹਰਜਿੰਦਰ ਕੌਰ, ਸੰਦੀਪ ਕੌਰ, ਪ੍ਰਿਆ ਆਦਿ ਹਾਜ਼ਰ ਰਹੇ।

# ਮਾਵਾਂ-ਧੀਆਂ ਸਤਿਕਾਰ ਯੋਜਨਾ ਅਧੀਨ ਫਾਰਮ ਭਰੇ



**ਬੁਤਾਲਾ (ਨਿਰਮਲ ਸਿੰਘ ਸੰਘਾ)**- ਪਿੰਡ ਬੁਤਾਲਾ ਦੇ ਆਂਗਣਵਾੜੀ ਸੈਂਟਰ ਵਿੱਚ ਮੈਡਮ ਗੁਰਦੀਸ਼ ਕੌਰ ਦੀ ਅਗਵਾਈ 'ਚ ਬਿਨਾਂ ਕਿਸੇ ਭੇਦ-ਭਾਵ ਦੇ ਸਖੀਆਂ ਨੇ ਮਾਵਾਂ ਧੀਆਂ ਸਤਿਕਾਰ ਯੋਜਨਾ ਅਧੀਨ ਲੱਗਭੱਗ ਪੰਜ ਸੌ ਦੇ ਕਰੀਬ ਫਾਰਮਾਂ ਦੀ ਰਜਿਸਟਰੇਸ਼ਨ ਕੀਤੀ।ਇਸ ਮੌਕੇ ਉਨ੍ਹਾਂ ਨਾਲ ਦਲਜੀਤ ਕੌਰ, ਸੰਦੀਪ ਕੌਰ, ਜਸਲੀਨ ਕੌਰ, ਸਤਬੀਰ ਕੌਰ ਅਤੇ ਕੁਲਬੀਰ ਕੌਰ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਕਟਾਰੂਚੱਕ ਨੇ 5 ਲੱਖ ਦੀ ਲਾਗਤ ਨਾਲ ਤਿਆਰ ਡੀਪ ਬੋਰ ਲੋਕਾਂ ਨੂੰ ਕੀਤਾ ਸਮਰਪਿਤ

**ਪਠਾਨਕੋਟ, (ਦਵਿੰਦਰ ਸਿੰਘ)**- ਨਗਰ ਨਿਗਮ ਪਠਾਨਕੋਟ ਦੇ ਵਾਰਡ ਨੰਬਰ 45 (ਸਰਨਾ), ਜੋ ਵਿਧਾਨ ਸਭਾ ਹਲਕਾ ਭੋਆ ਅਧੀਨ ਆਉਂਦਾ ਹੈ, ਵਿੱਚ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਨਵੇਂ ਡੀਪ ਬੋਰ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ



ਕੀਤਾ।ਕਰੀਬ 5 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਇਸ ਡੀਪ ਬੋਰ ਨਾਲ ਖੇਤਰ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਹੋ ਗਿਆ ਹੈ।ਇਸ ਮੌਕੇ ਕੌਂਸਲਰ ਹਰੀਸ਼ ਗੋਰਖਾ, ਕੌਂਸਲਰ ਬਲਜਿੰਦਰ ਕੌਰ, ਵਿਜੇ ਕਟਾਰੂ ਚੱਕ, ਮੌਜੂ ਪ੍ਰਧਾਨ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਵਾਰਡ ਨੰਬਰ 45 ਦੇ ਲੋਕ ਲੰਬੇ ਸਮੇਂ ਤੋਂ ਸਾਫ਼ ਪੀਣ ਵਾਲੇ ਪਾਣੀ ਦੀ ਘਾਟ ਦਾ ਸਾਹਮਣਾ ਕਰ ਰਹੇ ਸਨ।ਲੋਕਾਂ ਦੀ ਇਸ ਜਾਇਜ਼ ਮੰਗ ਨੂੰ ਪੂਰਾ ਕਰਦਿਆਂ ਕਰੀਬ 250 ਫੁੱਟ ਡੂੰਘਾ ਡੀਪ ਬੋਰ ਤਿਆਰ ਕਰਕੇ ਅੱਜ ਜਨਤਾ ਨੂੰ ਸਮਰਪਿਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਬੁੱਢਾ ਨਗਰ ਵਿਖੇ ਵੀ ਇੱਕ ਡੀਪ ਬੋਰ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਸੀ।ਦੋਵੇਂ ਡੀਪ ਬੋਰਾਂ ਤੇ ਕਰੀਬ 10 ਲੱਖ ਰੁਪਏ ਦੀ ਲਾਗਤ ਆਈ ਹੈ, ਜਿਸ ਨਾਲ ਇਨ੍ਹਾਂ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਥਾਈ ਹੱਲ ਹੋਵੇਗਾ ਅਤੇ ਹਰ ਘਰ ਤੱਕ ਸਾਫ਼ ਅਤੇ ਲੋੜੀਂਦਾ ਪਾਣੀ ਪਹੁੰਚੇਗਾ।ਇਸ ਮੌਕੇ ਕੌਂਸਲਰ ਹਰੀਸ਼ ਗੋਰਖਾ ਨੇ ਕੈਬਨਿਟ ਮੰਤਰੀ ਕਟਾਰੂਚੱਕ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਾਰਡ ਦੀ ਪਾਣੀ ਦੀ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਗਈ ਸੀ, ਜਿਸ ਤੇ ਤੁਰੰਤ ਕਾਰਵਾਈ ਕਰਦਿਆਂ ਇੱਕ ਹਫ਼ਤੇ ਦੇ ਅੰਦਰ ਦੋ ਡੀਪ ਬੋਰ ਤਿਆਰ ਕਰਕੇ ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ। ਇਸ ਨਾਲ ਵਾਰਡ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

# ਪੰਡੋਰੀ ਮਹੰਤਾਂ ਦੇ ਆਸ-ਪਾਸ ਖਸਤਾ ਹਾਲ ਸੰਪਰਕ ਸੜਕਾਂ ਕਾਰਨ ਲੋਕਾਂ ਦਾ ਜਨ-ਜੀਵਨ ਹੋ ਰਿਹਾ ਉੱਥਲ-ਪੁੱਥਲ


**ਗੁਰਦਾਸਪੁਰ, (ਜਨਕ ਮਹਾਜਨ)**- ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪੰਡੋਰੀ ਮਹੰਤਾਂ ਦੇ ਆਸ-ਪਾਸ ਪਿੰਡਾਂ ਦੀਆਂ ਸੰਪਰਕ ਸੜਕਾਂ ਦੀ ਹਾਲਤ ਬੇਹੱਦ ਖਸਤਾ ਹੋਈ ਪਈ ਹੈ ਅਤੇ ਮਹਿਕਮੇ ਵੱਲੋਂ ਥਾਂ-ਥਾਂ ਸੰਪਰਕ ਸੜਕਾਂ 'ਤੇ ਮੋਟਾ ਪੱਥਰ ਪਾਇਆ ਹੋਇਆ ਹੈ ਅਤੇ ਮੀਂਹ ਪੈਣ ਨਾਲ ਇਹ ਪੱਥਰ ਖਿਲਰ ਚੁੱਕਿਆ ਹੈ ਜਿਸ ਕਰਕੇ



ਵਾਹਨ ਚਾਲਕਾਂ ਨੂੰ ਸੜਕ ਤੋਂ ਲੰਘਣ ਸਮੇਂ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਪਿੰਡਾਂ ਦੇ ਸਰਪੰਚਾਂ, ਪੰਚਾਂ ਤੇ ਸਮਾਜਸੇਵੀ ਜਥੇਬੰਦੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਆਸ਼ਾ ਰਾਣੀ ਤੇ ਸੀਨੀਅਰ ਆਗੂਆਂ ਨੇ ਦੱਸਿਆ ਕਿ ਪੰਡੋਰੀ ਮਹੰਤਾਂ ਦੇ ਅਨੇਕਾਂ ਪਿੰਡਾਂ ਦੀਆਂ ਸੜਕਾਂ ਲੰਬੇ ਸਮੇਂ ਤੋਂ ਟੁੱਟੀਆਂ ਹੋਈਆਂ ਹਨ ਅਤੇ ਡੂੰਘੇ-ਡੂੰਘੇ ਟੋਏ ਪੈਣ ਨਾਲ ਲੋਕਾਂ ਦਾ ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਬਿਆਨਪੁਰ ਤੋਂ ਪੱਖੋਵਾਲ, ਪੁਰਾਣਾ ਸ਼ਾਲਾ ਮੁੱਖ ਸੜਕ 'ਤੇ ਮੋਟਾ ਪੱਥਰ ਸੜਕ ਦੇ ਅੱਧ ਵਿਚਕਾਰ ਪਾਇਆ ਹੋਇਆ ਹੈ ਅਤੇ ਅੱਧੀ ਸੜਕ ਪੱਥਰ ਤੋਂ ਅਧੂਰੀ ਹੈ ਜਿਸ ਨਾਲ ਸੜਕੀ ਹਾਦਸਿਆਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਇਸ ਮਾਮਲੇ ਸੰਬੰਧੀ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਨੂੰ ਲਿਖਤੀ ਪੱਤਰ ਵੀ ਭੇਜੇ ਹਨ ਅਤੇ ਫਿਰ ਵੀ ਕੋਈ ਅਮਲ ਨਹੀਂ ਹੋਇਆ।

ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸੰਪਰਕ ਤੇ ਮੁੱਖ ਸੜਕਾਂ ਦੀ ਮੁਰੰਮਤ ਕਰਵਾਉਣ ਦੇ ਨਾਲ ਨਾਲ ਸੜਕਾਂ 'ਤੇ ਪ੍ਰੀ-ਮਿਕਸ ਪਾਉਣ ਲਈ ਵੱਖ-ਵੱਖ ਵਿਭਾਗਾਂ ਨੂੰ ਆਦੇਸ਼ ਜਾਰੀ ਕੀਤੇ ਜਾਣ ਜਿਸ ਨਾਲ ਲੋਕਾਂ ਨੂੰ ਆ ਰਹੀ ਮੁਸ਼ਕਿਲ ਤੋਂ ਰਾਹਤ ਮਿਲ ਸਕੇ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਕਰਵਾਈ ਮਾਪੇ-ਅਧਿਆਪਕ ਮਿਲਣੀ



**ਧਾਰੀਵਾਲ, (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਹਰਤਾਜ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਮਾਪੇ-ਅਧਿਆਪਕ ਮਿਲਣੀ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਮੌਕੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਾਈ।ਸਕੂਲ ਪ੍ਰਬੰਧਕਾਂ ਨੇ ਮਾਪਿਆਂ ਨੂੰ ਬੱਚਿਆਂ ਦੀ ਸਿੱਖਿਆ ਵਿੱਚ ਨਿਰੰਤਰ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ।ਮਾਪਿਆਂ ਨੇ ਵੀ ਆਪਣੇ ਕੀਮਤੀ ਸੁਝਾਅ ਸਾਂਝੇ ਕੀਤੇ ਅਤੇ ਸਕੂਲ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ।ਇਹ ਮਾਪੇ-ਅਧਿਆਪਕ ਮਿਲਣੀ ਸਕੂਲ ਅਤੇ ਮਾਪਿਆਂ ਵਿਚਕਾਰ ਆਪਸੀ ਸਹਿਯੋਗ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਹੋਰ ਮਜ਼ਬੂਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਈ।ਇਸ ਮੌਕੇ ਪ੍ਰਿੰ. ਹਰਤਾਜ ਸਿੰਘ ਸਿੱਧੂ ਨੇ ਕਿਹਾ ਕਿ ਬੱਚੇ ਦੀ ਸਫਲਤਾ ਲਈ ਸਕੂਲ ਅਤੇ ਮਾਪਿਆਂ ਦਾ ਆਪਸੀ ਸਹਿਯੋਗ ਬਹੁਤ ਜ਼ਰੂਰੀ ਹੈ।

# ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਅੱਜ

**ਧਾਰੀਵਾਲ, (ਮਨਦੀਪ ਵਿੱਕੀ)**- ਸਤਿਗੁਰੂ ਕਬੀਰ ਸਭਾ ਅਹਿਮਦਾਬਾਦ (ਧਾਰੀਵਾਲ) ਵੱਲੋਂ ਨਗਰ ਵਾਸੀਆਂ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਜੀ ਦਾ 628ਵਾਂ ਪ੍ਰਕਾਸ਼ ਦਿਹਾੜਾ ਅੱਜ 5 ਜੁਲਾਈ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ।ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਆਗੂਆਂ ਪ੍ਰੇਮ ਪਾਲ ਭਗਤ, ਰਜਨੀਸ਼ ਭਗਤ ਅਤੇ ਤਨਵੀਰ ਭਗਤ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਸਮਾਗਮ ਦੌਰਾਨ ਰਾਗੀ ਜਥਾ ਭਾਈ ਗੁਰਦਿਆਲ ਸਿੰਘ ਲੇਹਲ ਕਬੀਰ ਸਾਹਿਬ ਦੀ ਬਾਣੀ ਦਾ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।ਇਸ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਮੌਕੇ ਨੀਰਜ ਭਗਤ, ਦਲਬੀਰਿ ਸੰਘ ਚਾਹਲ, ਪ੍ਰੇਮ ਰੰਧਾਵਾ ਆਦਿ ਸੇਵਾਦਾਰ ਵੀ ਮੌਜੂਦ ਸਨ।

# ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਪਿੰਡ ਦੁੱਗਲਵਾਲਾ 'ਚ ਕੀਤੀ ਵਰਕਰ ਮਿਲਣੀ


**ਚੋਹਲਾ ਸਾਹਿਬ (ਰਮਨ ਚੱਢਾ)**- ਹਲਕਾ ਖਡੂਰ ਸਾਹਿਬ ਦੇ ਅਧੀਨ ਆਉਂਦੇ ਪਿੰਡ ਦੁੱਗਲਵਾਲਾ ਵਿਖੇ ਸਰਪੰਚ ਰਵੀ ਸ਼ੇਰ ਸਿੰਘ ਦੇ ਗ੍ਰਹਿ ਵਿਖੇ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਵਰਕਰਾਂ ਨਾਲ ਮਿਲਣੀ ਕੀਤੀ ਗਈ। ਇਸ ਮੌਕੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਲਾਲਪੁਰਾ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਗਈਆਂ। ਉਨ੍ਹਾਂ ਕਿਹਾ ਕਿ ਹੁਣ ਮਾਵਾਂ ਭੈਣਾਂ ਦੇ ਖਾਤੇ ਵਿੱਚ ਪੈਸੇ ਵੀ ਆਉਣੇ ਸ਼ੁਰੂ ਹੋ ਗਏ ਹਨ। ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦੁਬਾਰਾ ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਬਣਾਉਣਗੇ। ਇਸ ਮੌਕੇ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ, ਸਰਪੰਚ ਰਵੀ ਸ਼ੇਰ ਸਿੰਘ ਦੁਗਲਵਾਲਾ, ਚੇਅਰਮੈਨ ਅਮਿੰਦਰ ਸਿੰਘ ਐਮਮੀ, ਸੁਖਵਿੰਦਰ ਸਿੰਘ, ਨਿਸ਼ਾਨ ਸਿੰਘ, ਗੁਰਵੇਲ ਸਿੰਘ, ਤਰਸੇਮ ਸਿੰਘ,



ਪ੍ਰਧਾਨ ਮਨਜੀਤ ਸਿੰਘ, ਘੁੰਮਣ ਸਿੰਘ, ਮੁਖਤਾਰ ਸਿੰਘ, ਬਾਬਾ ਕੁਲਦੀਪ ਸਿੰਘ, ਹਰਜੀਤ ਸਿੰਘ ਨਿੱਝਰ, ਬਲਜੀਤ ਸਿੰਘ, ਪਰਮਜੀਤ ਸਿੰਘ ਹੈਪੀ, ਸਰਪੰਚ ਕੁਲਦੀਪ ਸਿੰਘ ਫੈਲੋਕੇ, ਸੁਖਚੈਨ ਸਿੰਘ ਡਾਲੇਕੇ, ਪਲਵਿੰਦਰ ਸਿੰਘ, ਗੋਰਾ ਸਿੰਘ, ਪ੍ਰੇਮ ਸਿੰਘ, ਬਿੱਕਰ ਸਿੰਘ ਚੋਹਲਾ ਸਾਹਿਬ, ਇੰਦਰਜੀਤ ਸਿੰਘ ਮੈਂਬਰ ਪੰਚਾਇਤ, ਸੰਦੀਪ ਸਿੰਘ ਮੈਂਬਰ ਪੰਚਾਇਤ ਹਾਜ਼ਰ ਸਨ।

# ਉੱਤਰਾਖੰਡ ਵਿਖੇ ਉਰਸ 'ਚ ਸ਼ਾਮਲ ਹੋਣ ਲਈ ਅਜਨਾਲਾ ਤੋਂ ਸ਼ਰਧਾਲੂਆਂ ਦਾ ਕਾਫ਼ਲਾ ਹੋਵੇਗਾ ਰਵਾਨਾ : ਮਨੀਸ਼ ਉੱਪਲ

**ਅਜਨਾਲਾ, (ਸੁੱਖਤਿੰਦਰ ਸਿੰਘ ਰਾਜੂ)**- ਉੱਤਰਾਖੰਡ ਸੂਬੇ ਵਿੱਚ ਪੈਂਦੇ ਪਿਰਾਨ ਕਲੀਅਰ ਸ਼ਰੀਫ਼ ਵਿਖੇ ਵਿਸ਼ਵ ਪ੍ਰਸਿੱਧ ਦਰਗਾਹ ਹਜ਼ਰਤ ਮਖ਼ਦੂਮ ਅਲੀ ਅਹਿਮਦ ਸਾਬਿਰ ਪੀਆਂ ਦੇ 13 ਅਗਸਤ ਤੋਂ ਮਨਾਏ ਜਾ ਰਹੇ ਸ਼ਰਧਾ ਤੇ ਉਤਸ਼ਾਹ ਨਾਲ ਵਿਸ਼ਵ ਵਿਆਪੀ ਸਾਲਾਨਾ 758ਵੇਂ ਉਰਸ ਜੋੜ ਮੇਲੇ ਵਿੱਚ ਹਾਜ਼ਰੀ ਭਰਨ ਲਈ ਅਜਨਾਲਾ ਸ਼ਹਿਰ ਅਤੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਤੋਂ ਪੀਰਾਂ ਫ਼ਕੀਰਾਂ ਦੇ ਦਰਬਾਰਾਂ ਦੇ ਮੁੱਖ ਸੇਵਾਦਾਰ ਤੇ ਸ਼ਰਧਾਲੂਆਂ ਦਾ ਇੱਕ ਕਾਫ਼ਲਾ ਜਾਵੇਗਾ।ਕਾਫਲੇ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਦੀ ਹੋਈ ਮੀਟਿੰਗ ਉਪਰੰਤ ਉਕਤ ਜਾਣਕਾਰੀ ਦਿੰਦਿਆਂ ਵਾਰਡ ਨੰਬਰ 7 ਵਿੱਚ



ਸਥਿਤ ਦਰਬਾਰ ਪੀਰ ਬਾਬਾ ਲੱਖ ਦਾਤਾ ਦਰਬਾਰ ਦੇ ਮੁੱਖ ਸੇਵਾਦਾਰ ਮਨੀਸ਼ ਕੁਮਾਰ ਉੱਪਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੀ ਉਕਤ ਸਾਲਾਨਾ ਉਰਸ ਦਾ 13 ਅਗਸਤ ਤੋਂ ਆਗਾਜ਼ ਹੋਵੇਗਾ,14 ਨੂੰ ਮਹਿੰਦੀ ਡੋਰੀ ਦੀ ਰਸਮ, 25 ਨੂੰ ਛੋਟੀ ਰੌਸ਼ਨੀ, 26 ਨੂੰ ਬੜੀ ਰੌਸ਼ਨੀ, 27 ਨੂੰ ਕੁੱਲ ਸ਼ਰੀਫ਼,28 ਨੂੰ ਗੁੱਸ਼ਲ ਸ਼ਰੀਫ਼,31 ਨੂੰ ਕੁੱਲ ਸ਼ਰੀਫ਼ ਦੀ ਰਸਮ ਨਾਲ ਸਮਾਪਤ ਹੋਵੇਗਾ।ਵੱਖ-ਵੱਖ ਪ੍ਰਸਿੱਧ ਕੱਵਾਲਾਂ ਵੱਲੋਂ ਸੂਫੀਆਨਾ ਕਲਾਮ ਪੇਸ਼ ਕੀਤੇ ਜਾਣਗੇ।ਉਰਸ ਦੌਰਾਨ ਭਾਰਤ ਵਿੱਚ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ।ਦੇਸ਼ ਵਿਦੇਸ਼ ਤੋਂ ਸ਼ਰਧਾਲੂ ਤੇ ਸੰਗਤਾਂ ਹਾਜ਼ਰੀ ਭਰਨਗੀਆਂ।ਇਸ ਮੌਕੇ ਵਿਕਰਮਦਿੱਤਿਆ ਉੱਪਲ, ਸੰਦੀਪ ਕੁਮਾਰ ਉੱਪਲ ਆਦਿ ਹਾਜ਼ਰ ਸਨ।

# ਧੰਜਲ ਨੂੰ ਸ਼ਹਿਰੀ ਪ੍ਰਧਾਨ ਤੇ ਢੋਟ ਨੂੰ ਲੋਕ ਸਭਾ ਹਲਕਾ ਇੰਚਾਰਜ ਲਗਾਉਣ 'ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂ ਸਰਬਜੋਤ ਸਿੰਘ ਧੰਜਲ ਨੂੰ ਅੰਮ੍ਰਿਤਸਰ ਦਾ ਸ਼ਹਿਰੀ ਪ੍ਰਧਾਨ ਅਤੇ ਕੌਂਸਲਰ ਜਰਨੈਲ ਸਿੰਘ ਢੋਟ ਨੂੰ ਲੋਕ ਸਭਾ ਹਲਕਾ ਅੰਮ੍ਰਿਤਸਰ ਦਾ ਇੰਚਾਰਜ ਨਿਯੁਕਤ ਕਰਨ 'ਤੇ ਰਾਜਾਸਾਂਸੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਗੁਰਸ਼ਰਨਪ੍ਰੀਤ ਸਿੰਘ ਸੰਧੂ ਅਤੇ ਗੁਰਜੰਟ ਸਿੰਘ ਗਿੱਲ ਨੇ ਦੋਵਾਂ ਆਗੂਆਂ ਨੂੰ ਮਿਲ ਕੇ ਮੁਬਾਰਕਬਾਦ ਦਿੱਤੀ ਅਤੇ ਮੂੰਹ ਮਿੱਠਾ ਕਰਵਾਇਆ!




ਇਸ ਮੌਕੇ ਗੱਲਬਾਤ ਕਰਦਿਆਂ ਗੁਰਜੰਟ ਸਿੰਘ ਗਿੱਲ ਅਤੇ ਗੁਰਸ਼ਰਨਪ੍ਰੀਤ ਸਿੰਘ ਸੰਧੂ ਮਾਨਾਵਾਲਾ ਨੇ ਕਿਹਾ ਕਿ ਅਸੀਂ ਧੰਨਵਾਦੀ ਹਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸ਼ਿਸ਼ੋਦੀਆ ਅਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਸਮੇਤ ਸਮੁੱਚੀ ਲੀਡਰਸ਼ਿਪ ਜਿਨ੍ਹਾਂ ਨੇ ਸਾਡੇ 2014 ਤੋਂ ਪੁਰਾਣੇ ਸਾਥੀ ਤੇ ਪਾਰਟੀ ਲਈ ਦਿਨ ਰਾਤ ਕੰਮ ਕਰਨ ਲਈ ਤਤਪਰ ਰਹਿਣ ਵਾਲੇ ਯੂਥ ਆਗੂ ਸਰਬਜੋਤ ਸਿੰਘ ਧੰਜਲ ਨੂੰ ਅੰਮ੍ਰਿਤਸਰ ਸ਼ਹਿਰੀ ਦੀ ਵਾਗਡੋਰ ਸੌਂਪੀ ਅਤੇ ਟਕਸਾਲੀ ਤੇ ਸੀਨੀਅਰ ਆਗੂ ਕੌਂਸਲਰ ਜਰਨੈਲ ਸਿੰਘ ਢੋਟ ਨੂੰ ਲੋਕ ਸਭਾ ਹਲਕਾ ਅੰਮ੍ਰਿਤਸਰ ਦੀ ਜ਼ਿੰਮੇਵਾਰੀ ਸੌਂਪ ਕੇ ਵਰਕਰਾਂ ਵਿੱਚ ਇੱਕ ਨਵੀਂ ਰੂਹ ਫੂਕੀ ਹੈ! ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਬਜੋਤ ਸਿੰਘ ਧੰਜਲ ਪਾਰਟੀ ਦੇ ਬਹੁਤ ਹੀ ਮਿਹਨਤੀ ਵਰਕਰ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਹਨ ਉਸੇ ਤਰ੍ਹਾਂ ਕੌਂਸਲਰ ਜਰਨੈਲ ਸਿੰਘ ਢੋਟ ਵੀ ਆਪਣੀ ਵੱਖਰੀ ਪਹਿਚਾਣ ਰੱਖਦੇ ਹੋਏ ਪਾਰਟੀ ਲਈ ਦਿਨ-ਰਾਤ ਕੰਮ ਕਰਨ ਲਈ ਤਤਪਰ ਰਹਿੰਦੇ ਹਨ।

2027 ਦੀਆਂ ਚੋਣਾਂ ਵਿੱਚ ਪਾਰਟੀ ਅੰਮ੍ਰਿਤਸਰ ਦੇ ਸਾਰੇ ਹਲਕਿਆਂ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।ਇਸ ਮੌਕੇ ਸਾਬਕਾ ਚੇਅਰਮੈਨ ਤੇ ਸੀਨੀਅਰ ਆਗੂ ਜਸਪ੍ਰੀਤ ਸਿੰਘ, ਸਾਬਕਾ ਲੋਕ ਸਭਾ ਹਲਕਾ ਇੰਚਾਰਜ ਇਕਬਾਲ ਸਿੰਘ ਭੁੱਲਰ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ!

# ਈ-ਰਿਕਸ਼ਾ ਤੇ ਆਟੋ ਰਿਕਸ਼ਾ ਚਾਲਕਾਂ ਲਈ ਐਨਫੋਰਸਮੈਂਟ ਮੁਹਿੰਮ ਦੀ ਸ਼ੁਰੂਆਤ

**ਪਠਾਨਕੋਟ, (ਦਵਿੰਦਰ ਸਿੰਘ)**- ਸ਼ੰਕਰ ਸ਼ਰਮਾ ਪੀਸੀਐੱਸ., ਰਿਜਨਲ ਟਰਾਂਸਪੋਰਟ ਅਫ਼ਸਰ ਪਠਾਨਕੋਟ ਦੀ ਅਗਵਾਈ ਹੇਠ ਰਿਜਨਲ ਟਰਾਂਸਪੋਰਟ ਦਫ਼ਤਰ ਪਠਾਨਕੋਟ ਵੱਲੋਂ ਟ੍ਰੈਫਿਕ ਪੁਲਸ ਦੇ ਸਹਿਯੋਗ ਨਾਲ ਨਗਰ ਨਿਗਮ ਪਠਾਨਕੋਟ ਦੀ ਹੱਦ ਅੰਦਰ ਚੱਲਣ ਵਾਲੇ ਈ-ਰਿਕਸ਼ਾ ਅਤੇ ਆਟੋ ਰਿਕਸ਼ਾ ਚਾਲਕਾਂ/ਮਾਲਕਾਂ ਲਈ ਜਾਗਰੂਕਤਾ ਸਹਿਤ ਐਨਫੋਰਸਮੈਂਟ ਮੁਹਿੰਮ ਚਲਾਈ ਗਈ।ਇਸ ਮੁਹਿੰਮ ਦੌਰਾਨ ਸਹਾਇਕ ਟਰਾਂਸਪੋਰਟ ਅਫ਼ਸਰ ਸ਼ੱਲੂ ਹਰਚੰਦ ਅਤੇ ਏਐੱਸਆਈ ਬ੍ਰਹਮ ਦੱਤ ਟ੍ਰੈਫਿਕ ਇੰਚਾਰਜ ਨੇ ਮੌਕੇ ਤੇ



ਚਾਲਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਮੋਟਰ ਵਹੀਕਲ ਐਕਟ, 1988 ਅਤੇ ਇਸ ਅਧੀਨ ਬਣੇ ਨਿਯਮਾਂ ਦੀ ਪਾਲਣਾ ਕਰਨ ਲਈ ਜਾਗਰੂਕ ਕੀਤਾ।ਸ਼ੰਕਰ ਸ਼ਰਮਾ ਨੇ ਸਮੂਹ ਈ-ਰਿਕਸ਼ਾ ਅਤੇ ਆਟੋ ਰਿਕਸ਼ਾ ਚਾਲਕਾਂ/ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਪਰਮਿਟ ਦੀਆਂ ਸ਼ਰਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ, ਆਪਣੇ ਵਾਹਨ ਸਿਰਫ਼ ਨਗਰ ਨਿਗਮ ਪਠਾਨਕੋਟ ਦੀ ਅਧਿਕਾਰਤ ਹੱਦ ਅੰਦਰ ਹੀ ਚਲਾਉਣ ਅਤੇ ਆਪਣੇ ਵਾਹਨਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ, ਫਿਟਨੈੱਸ ਸਰਟੀਫਿਕੇਟ (ਜਿੱਥੇ ਲਾਗੂ ਹੋਵੇ), ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ, ਬੀਮਾ, ਡਰਾਈਵਿੰਗ ਲਾਇਸੈਂਸ ਅਤੇ ਹੋਰ ਲੋੜੀਂਦੇ ਦਸਤਾਵੇਜ਼ ਹਰ ਸਮੇਂ ਵੈਧ ਰੱਖਣ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣਾ, ਆਮ ਲੋਕਾਂ ਵਿੱਚ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਮੋਟਰ ਵਹੀਕਲ ਐਕਟ ਦੀ ਪ੍ਰਭਾਵਸ਼ਾਲੀ ਪਾਲਣਾ ਨੂੰ ਯਕੀਨੀ ਬਣਾਉਣਾ ਹੈ।ਭਵਿੱਖ ਵਿੱਚ ਵੀ ਅਜਿਹੀਆਂ ਜਾਗਰੂਕਤਾ ਸਹਿਤ ਐਨਫੋਰਸਮੈਂਟ ਮੁਹਿੰਮਾਂ ਨਿਰੰਤਰ ਜਾਰੀ ਰਹਿਣਗੀਆਂ।

# ਸਾਈਬਰ ਸੁਰੱਖਿਆ ਪ੍ਰਣਾਲੀ ਲਈ ਅਹਿਮ ਸਮਝੌਤੇ 'ਤੇ ਦਸਤਖ਼ਤ

**ਚੰਡੀਗੜ੍ਹ:** ਐੱਸਬੀਆਈ ਲਾਈਫ ਇੰਸ਼ੋਰੈਂਸ ਨੇ ਬੀਮਾ ਖੇਤਰ ਲਈ ਦੇਸੀ ਏਆਈ ਆਧਾਰਿਤ ਸਾਈਬਰ ਸੁਰੱਖਿਆ ਪ੍ਰਣਾਲੀ ਵਿਕਸਿਤ ਕਰਨ ਦੇ ਉਦੇਸ਼ ਨਾਲ ਸਮਝੌਤਾ ਯਾਦਦਾਸ਼ਤ (ਐੱਮਓਯੂ) 'ਤੇ ਦਸਤਖ਼ਤ ਕੀਤੇ ਹਨ।ਇਸ ਸਾਂਝੇਦਾਰੀ ਤਹਿਤ ਭਾਰਤ ਇਨੋਵੇਸ਼ਨ ਹੱਬ ਦੀ ਸਥਾਪਨਾ ਕੀਤੀ ਜਾਵੇਗੀ, ਜੋ ਬੀਮਾ ਖੇਤਰ ਲਈ ਭਾਰਤ ਵਿੱਚ ਵਿਕਸਿਤ ਅਤੇ ਮਾਲਕੀ ਵਾਲੀਆਂ ਸਾਈਬਰ ਸੁਰੱਖਿਆ ਤਕਨੀਕਾਂ 'ਤੇ ਖੋਜ ਅਤੇ ਨਵੀਨਤਾ ਦਾ ਕੇਂਦਰ ਹੋਵੇਗਾ। ਐੱਮਓਯੂ ਤੇ ਆਈਆਈਟੀ ਬੰਬੇ ਦੇ ਖੋਜ ਅਤੇ ਵਿਕਾਸ (ਆਰ ਐਂਡ ਡੀ) ਡੀਨ ਪ੍ਰੋ. ਐਸ. ਵੀ. ਕੁਲਕਰਣੀ ਅਤੇ ਐੱਸਬੀਆਈ ਲਾਈਫ ਦੇ ਚੀਫ਼ ਇਨਫਰਮੇਸ਼ਨ ਐਂਡ ਡਿਜੀਟਲ ਅਫ਼ਸਰ ਵਿਸ਼ਾਲ ਭਾਟੀਆ ਨੇ ਦਸਤਖ਼ਤ ਕੀਤੇ।

ਇਸ ਮੌਕੇ ਆਈਆਈਟੀ ਬੰਬੇ ਦੇ ਡਾਇਰੈਕਟਰ ਪ੍ਰੋ. ਸ਼ਿਰੀਸ਼ ਬੀ. ਕੇਦਾਰੇ, ਐੱਸਬੀਆਈ ਲਾਈਫ ਦੇ ਪ੍ਰੈਜ਼ੀਡੈਂਟ-ਓਪਰੇਸ਼ਨਜ਼ ਐਂਡ ਆਈਟੀ ਅਭਿਜੀਤ ਗੁਲਾਨਿਕਰ, ਪ੍ਰੈਜ਼ੀਡੈਂਟ-ਚੀਫ਼ ਰਿਸਕ ਅਫ਼ਸਰ ਸੁਭੇਂਦੁ ਬਾਲ, ਬਾਲਾਜੀ ਵੇਂਕਟੇਸ਼ਵਰ, ਪ੍ਰੋ. ਗਣੇਸ਼ ਰਾਮਕ੍ਰਿਸ਼ਨਨ ਅਤੇ ਪ੍ਰਵੀਨ ਘਾਟੇ ਸਮੇਤ ਕਈ ਹੋਰ ਹਸਤੀਆਂ ਮੌਜੂਦ ਸਨ।

ਐੱਸਬੀਆਈ ਲਾਈਫ ਦੇ ਪ੍ਰੈਜ਼ੀਡੈਂਟ-ਓਪਰੇਸ਼ਨਜ਼ ਐਂਡ ਆਈਟੀ ਅਭਿਜੀਤ ਗੁਲਾਨਿਕਰ ਨੇ ਕਿਹਾ ਕਿ ਇਹ ਸਾਂਝੇਦਾਰੀ ਕੰਪਨੀ ਨੂੰ ਏਆਈ-ਨੇਟਿਵ ਬੀਮਾ ਸੰਸਥਾ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਪ੍ਰੋ. ਗਣੇਸ਼ ਰਾਮਕ੍ਰਿਸ਼ਨਨ ਨੇ ਕਿਹਾ ਕਿ ਇਹ ਸਹਿਯੋਗ ਏਆਈ, ਸਾਈਬਰ ਸੁਰੱਖਿਆ ਅਤੇ ਕੁਆਂਟਮ ਤਕਨੀਕ ਦੇ ਖੇਤਰ ਵਿੱਚ ਖੋਜ ਨੂੰ ਵਿਹਾਰਕ ਹੱਲਾਂ ਵਿੱਚ ਬਦਲਣ ਦੇ ਨਾਲ-ਨਾਲ ਦੇਸ਼ ਦੀ ਤਕਨੀਕੀ ਆਤਮਨਿਰਭਰਤਾ ਨੂੰ ਹੋਰ ਮਜ਼ਬੂਤ ਕਰੇਗਾ।

# ਕੁੱਲ ਹਿੰਦ ਕਿਸਾਨ ਸਭਾ ਤੇ ਕੁੱਲ ਹਿੰਦ ਮਜ਼ਦੂਰ ਯੂਨੀਅਨ ਵੱਲੋਂ ਲੋਕ ਵਿਰੋਧੀ ਕਾਨੂੰਨ ਵਾਪਸ ਲੈਣ ਦੀ ਮੰਗ

**ਪਠਾਨਕੋਟ (ਦਵਿੰਦਰ ਸਿੰਘ)**- ਜ਼ਿਲ੍ਹਾ ਪਠਾਨਕੋਟ ਦੀ ਕੁੱਲ ਹਿੰਦ ਕਿਸਾਨ ਸਭਾ ਅਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਸਾਂਝੀ ਮੀਟਿੰਗ ਕਾ. ਪਰਸ਼ੋਤਮ ਡਡਵਾਂ ਦੀ ਪ੍ਰਧਾਨਗੀ ਹੇਠ ਕੁੱਲ ਹਿੰਦ ਕਿਸਾਨ ਸਭਾ ਦੇ ਦਫਤਰ ਪਠਾਨਕੋਟ-ਸ਼ਾਹਪੁਰ ਕੰਡੀ ਰੋਡ 'ਤੇ ਡਡਵਾਂ ਅੱਡੇ 'ਤੇ ਹੋਈ ਜਿਸ ਵਿਚ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੇਵਲ ਕਾਲੀਆ, ਜਨਰਲ ਸਕੱਤਰ ਪਰਸ਼ੋਤਮ ਕੁਮਾਰ, ਚਮਨ ਲਾਲ, ਲਾਲ ਸਿੰਘ, ਖੇਤ ਮਜ਼ਦੂਰ ਯੂਨੀਅਨ ਵੱਲੋਂ ਪਰਸ਼ੋਤਮ ਕੁਮਾਰ, ਕਾ. ਸੁਧਾ ਰਾਣੀ, ਬਾਊ ਰਾਮ



ਅਤੇ ਸੀਟੂ ਵੱਲੋਂ ਕਾ. ਸੁਰਿੰਦਰ ਸਹਿਗਲ ਹਾਜ਼ਰ ਹੋਏ।ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਪਰਸ਼ੋਤਮ ਕੁਮਾਰ ਨੇ ਦੱਸਿਆ ਕਿ ਦੋਹਾਂ ਜਥੇਬੰਦੀਆਂ ਵੱਲੋਂ ਕਿਸਾਨਾਂ ਅਤੇ ਖੇਤ ਮਜ਼ਦੂਰ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਧਰਨੇ ਦੇ ਕੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ।ਉਸ ਫੈਸਲੇ ਮੁਤਾਬਕ ਜ਼ਿਲ੍ਹਾ ਪਠਾਨਕੋਟ ਵਿਖੇ ਨਰੋਟ ਜੈਮਲ ਸਿੰਘ ਵਿਖੇ 6 ਜੁਲਾਈ ਅਤੇ ਤਹਿਸੀਲ ਪਠਾਨਕੋਟ ਵਿਖੇ 10 ਜੁਲਾਈ ਨੂੰ ਧਰਨੇ ਦਿੱਤੇ ਜਾਣਗੇ।ਉਪਰੰਤ ਤਹਿਸੀਲ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ।ਮੰਗਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮਨਰੇਗਾ ਦਾ ਨਾਂਅ ਬਦਲ ਕੇ ਲਿਆਂਦਾ ਨਵਾਂ ਕਾਨੂੰਨ ਰੱਦ ਕੀਤਾ ਜਾਵੇ, ਬਿਜਲੀ ਬਿੱਲ 2025 ਕਿਸਾਨ ਅਤੇ ਮਜ਼ਦੂਰ ਵਿਰੋਧੀ ਹੈ।ਬੀਜ ਬਿੱਲ 2026 ਕਿਸਾਨਾਂ ਦੇ ਬੀਜ ਉਤਲੇ ਅਧਿਕਾਰ ਖੋਹ ਕੇ ਕਾਰਪੋਰੇਟ ਘਰਾਣਿਆਂ ਅਤੇ ਵੱਡੀਆਂ ਕੰਪਨੀਆਂ ਦੇ ਹਵਾਲੇ ਕਰ ਦੇਵੇਗਾ। ਉਨ੍ਹਾਂ ਮੰਗ ਕੀਤੀ ਕਿ ਲੋਕ ਵਿਰੋਧੀ ਇਹ ਕਾਨੂੰਨ ਵਾਪਸ ਲਏ ਜਾਣ।ਉਨ੍ਹਾਂ ਮੰਗ ਕੀਤੀ ਕਿ ਮੁਕਤ ਵਪਾਰ ਸਮਝੌਤਾ ਰੱਦ ਕੀਤਾ ਜਾਵੇ।

ਇਸ ਸਮਝੌਤੇ ਨਾਲ ਵੱਡੇ ਵਿਦੇਸ਼ੀ ਫਾਰਮਾਂ ਵਿੱਚ ਵੱਡੀਆਂ ਸਬਸਿਡੀਆਂ ਲੈ ਕੇ ਪੈਦਾ ਕੀਤੀਆਂ ਖੇਤੀ ਜਿਣਸਾਂ ਭਾਰਤ ਵਿਚ ਸਸਤੀਆਂ ਆਉਣਗੀਆਂ ਅਤੇ ਭਾਰਤ ਵੱਲੋਂ ਉਨ੍ਹਾਂ ਉੱਤੇ ਟੈਕਸ ਵੀ ਨਹੀਂ ਲਵੇਗਾ।

ਇਸ ਨਾਲ ਭਾਰਤ ਦੇ ਕਿਸਾਨ, ਪੋਲਟਰੀ, ਡੇਅਰੀ, ਮਛੇਰੇ ਅਤੇ ਮਜ਼ਦੂਰ ਉੱਜੜ ਜਾਣਗੇ।ਇਸ ਲਈ ਮੁਕਤ ਵਪਾਰ ਸਮਝੌਤਾ ਰੱਦ ਕੀਤਾ ਜਾਵੇ।

# ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ

**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਭਾਰਤ ਦੀ ਜ਼ੂਮ ਮੀਟਿੰਗ ਹੋਈ, ਜਿਸ ਵਿੱਚ ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ।ਮੀਟਿੰਗ ਦੌਰਾਨ ਆਗੂਆਂ ਨੇ ਕਿਹਾ ਕਿ ਦੇਸ਼ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਨੂੰ ਆਪਣੀ-ਆਪਣੀ ਹਉਮੈ ਅਤੇ ਅਹੰਕਾਰ ਤੋਂ ਉੱਪਰ ਉਠ ਕੇ ਕਿਸਾਨੀ ਹਿੱਤਾਂ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।ਬਿਨਾਂ ਸਮੁੱਚੀ ਏਕਤਾ ਤੋਂ 401 ਦਿਨ ਚੱਲਿਆ



ਕਿਸਾਨ ਅੰਦੋਲਨ ਭਾਗ -2 ਦੇ ਨਤੀਜਿਆਂ ਤੋਂ ਸਾਨੂੰ ਸਬਕ ਲੈਣਾ ਚਾਹੀਦਾ ਹੈ। ਨੌਜਵਾਨ ਸ਼ੁਭਕਰਨ ਸਿੰਘ ਸਣੇ 45 ਕਿਸਾਨ ਸ਼ਹੀਦ ਕਰਵਾ ਕੇ ਵੀ ਸਾਨੂੰ ਕੁੱਛ ਹਾਸਲ ਨਹੀਂ ਹੋਇਆ! ਐੱਸਕੇਐੱਮ ਗੈਰ-ਸਿਆਸੀ ਭਾਰਤ ਵੱਲੋਂ ਫਰਵਰੀ ਮਹੀਨੇ ਤੋਂ ਹੀ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਮੋਰਚਿਆਂ ਨਾਲ ਲਗਾਤਾਰ ਏਕਤਾ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨ ਵਿਰੋਧੀ ਕਰ-ਮੁਕਤ ਵਪਾਰ ਸਮਝੌਤਿਆਂ ਨੂੰ ਲਾਗੂ ਕਰਨ ਲਈ ਕੀਤੇ ਜਾ ਰਹੇ ਯਤਨ ਦੇਸ਼ ਦੇ ਕਿਸਾਨਾਂ ਲਈ ਘਾਤਕ ਸਾਬਤ ਹੋਣਗੇ।ਆਗੂਆਂ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਨਵੇਂ ਬਣੇ ਮੋਰਚੇ ਦੀ ਚੰਗੀ ਪਹਿਲ ਹੈ ਪਰ ਜਿਸ ਸਾਂਝੇ ਪਲੇਟਫਾਰਮ ਤੇ ਦੇਸ਼ ਦੀਆਂ ਸੈਂਕੜੇ ਕਿਸਾਨ ਜਥੇਬੰਦੀਆਂ ਨੇ ਇਕੱਠੇ ਹੋ ਕੇ ਤਿੰਨੋ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਇਤਿਹਾਸਕ ਸੰਘਰਸ਼ ਲੜਿਆ ਅਤੇ ਉਨ੍ਹਾਂ ਨੂੰ ਰੱਦ ਕਰਵਾਇਆ, ਉਸ ਸੰਘਰਸ਼ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਚੱਲਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਐੱਸਕੇਐੱਮ ਗੈਰ-ਸਿਆਸੀ ਭਾਰਤ ਨੇ ਸਪੱਸ਼ਟ ਕੀਤਾ ਕਿ ਵਿਆਪਕ ਕਿਸਾਨ ਏਕਤਾ ਹੀ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਤਾਕਤ ਹੈ।ਇਸ ਲਈ ਸੰਗਠਨ ਦੇਸ਼-ਵਿਆਪੀ ਏਕਤਾ ਦੇ ਯਤਨਾਂ ਨੂੰ ਲਗਾਤਾਰ ਜਾਰੀ ਰੱਖੇਗਾ।ਸਮੁੱਚੀ ਏਕਤਾ ਹੋਣ ਤੱਕ ਐੱਸਕੇਐੱਮ ਗੈਰ-ਸਿਆਸੀ ਭਾਰਤ ਨਵੇਂ ਬਣੇ ਮੋਰਚੇ ਦੀ ਕਿਸੇ ਵੀ ਕਮੇਟੀ ਦਾ ਹਿੱਸਾ ਨਹੀਂ ਬਣੇਗਾ, ਪਰ ਕਿਸਾਨਾਂ ਦੇ ਹਿੱਤਾਂ ਲਈ ਉਸ ਮੋਰਚੇ ਵੱਲੋਂ ਦਿੱਤੇ ਜਾਣ ਵਾਲੇ ਸੰਘਰਸ਼ੀ ਪ੍ਰੋਗਰਾਮਾਂ ਨੂੰ ਬਾਹਰੋਂ ਪੂਰਾ ਸਮਰਥਨ ਦੇਵੇਗਾ।

# ਰੋਟਰੀ ਕਲੱਬ ਕੈਂਟ ਨੇ ਸੌਂਪੀਆਂ ਮੈਂਬਰਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਕੈਂਟ ਵੱਲੋਂ ਰੋਟਰੀ ਇੰਟਰਨੈਸ਼ਨਲ ਦੇ ਨਿਯਮਾਂ ਅਨੁਸਾਰ ਨਵੇਂ ਚੁਣੇ ਪ੍ਰਧਾਨ ਨੂੰ ਆਪਣੇ ਕਾਰਜਕਾਲ ਦੀ ਟੀਮ ਦਾ ਵਿਸਥਾਰ ਕਰਨ



ਦੇ ਸੰਪੂਰਨ ਅਧਿਕਾਰ ਹੁੰਦੇ ਹੋਏ ਰੋਟਰੀ ਕੈਂਟ ਦੇ ਪ੍ਰਧਾਨ ਐਡਵੋਕੇਟ ਅੰਕੁਰ ਗੁਪਤਾ, ਮਹਿਲਾ ਸਕੱਤਰ ਮਮਤਾ ਪੁਰੀ ਦੀ ਪ੍ਰਧਾਨਗੀ ਹੇਠਾਂ ਅਸੈਂਬਲੀ ਬੈਠਕ ਦਾ ਆਯੋਜਨ ਰਾਮ ਬਾਗ ਸਥਿਤ ਸਰਵਿਸ ਕਲੱਬ ਵਿਖੇ ਕੀਤਾ ਗਿਆ।ਬੈਠਕ ਵਿੱਚ ਰੋਟਰੀ 3070 ਦੇ ਸਾਬਕਾ ਗਵਰਨਰ ਡਾ. ਪੀ. ਐੱਸ. ਗਰੋਵਰ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ।ਅਸੈਂਬਲੀ ਬੈਠਕ ਵਿੱਚ ਪ੍ਰਧਾਨ ਅੰਕੁਰ ਗੁਪਤਾ ਅਤੇ ਮਮਤਾ ਪੁਰੀ ਨੇ ਆਪਣੀ ਨਵੀਂ ਟੀਮ ਦਾ ਐਲਾਨ ਬੜੇ ਵਿਧੀ ਵਿਧਾਨ ਨਾਲ ਕੀਤਾ। ਸਾਰੇ ਕਲੱਬ ਦੇ ਮੈਂਬਰਾਂ ਨੂੰ ਉਨ੍ਹਾਂ ਦੀਆ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਜਿਸ ਵਿੱਚ ਡਾ. ਅਮਰਜੀਤ ਸਿੰਘ ਸਚਦੇਵਾ ਨੂੰ ਜਨਤਕ ਸੇਵਾ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ। ਉਪਕਾਰ ਸਿੰਘ ਨੂੰ ਕਾਰਜਕਾਰੀ ਸਕੱਤਰ ਨਿਯੁਕਤ ਕੀਤਾ ਗਿਆ।

ਕਪਿਲ ਮਹਿਰਾ ਨੂੰ ਰੋਟਰੀ ਨਿਯਮਾਂ ਦੀ ਜਾਣਕਾਰੀ ਦਿੰਦੇ ਹੋਏ ਸੇਵਾ ਸੌਂਪੀ ਗਈ।ਸਾਬਕਾ ਮਹਿਲਾ ਪ੍ਰਧਾਨ ਪ੍ਰਿੰਸੀਪਲ ਰਿਪੁਦਮਨ ਮਲਹੋਤਰਾ ਨੂੰ ਸੇਵਾ ਦਾ ਪ੍ਰੋਜੈਕਟ ਸੌਂਪਿਆ ਗਿਆ।ਰੋਟਰੀ ਫਾਊਂਡੇਸ਼ਨ ਦੀ ਜ਼ਿੰਮੇਵਾਰੀ ਕੌਂਸਲਰ ਮਨਦੀਪ ਅਹੂਜਾ ਨੂੰ ਦਿੱਤੀ। ਸਾਬਕਾ ਪ੍ਰਧਾਨ ਏ. ਐੱਸ. ਤੁਲੀ ਨੂੰ ਮੁੱਖ ਸੁਰੱਖਿਅਕ ਚੁਣਿਆ ਗਿਆ। ਨਵਤੇਜ ਸਿੰਘ ਨੂੰ ਮੀਡੀਆ ਦੀ ਜ਼ਿੰਮੇਵਾਰੀ, ਨਵਜੋਤ ਸਿੰਘ ਨੂੰ ਪਰਿਵਾਰਕ ਮਿਲਣ, ਪਰਮਜੀਤ ਸਿੰਘ ਸੰਧੂ ਵਾਤਾਵਰਣ ਪ੍ਰਧਾਨ, ਐੱਮ. ਐੱਸ. ਸਖੀ ਨੂੰ ਮੈਂਬਰ ਵਿਸਥਾਰ ਦੀ ਜ਼ਿੰਮੇਵਾਰੀ, ਰੋਹਿਤ ਅਰੋੜਾ ਨੂੰ ਰੋਟਰੈਕਟ ਇੰਟਰੈਕਟ, ਉਪਿੰਦਰ ਸਿੰਘ ਨੂੰ ਮੀਤ ਪ੍ਰਧਾਨ, ਡਾ. ਕਰਨ ਧਵਨ ਨੂੰ ਸੰਵਿਧਾਨ ਦੀ ਜਾਣਕਾਰੀ, ਸੰਜੀਵ ਗੁਪਤਾ ਨੂੰ ਕਲੱਬ ਦੀ ਬੈਠਕਾਂ ਦੀ ਜ਼ਿੰਮੇਵਾਰੀ, ਕੁਲਵਿੰਦਰ ਸਿੰਘ ਅਰੋੜਾ ਨੂੰ ਅੰਤਰਰਾਸ਼ਟਰੀ ਸੇਵਾ, ਅਦਿਤਿਆ ਖੰਨਾ ਨੂੰ ਜ਼ਿਲ੍ਹਾ ਫੈਸਿਲੀਟੇਟਰ, ਸ਼ਰਨਜੀਤ ਕੌਰ ਨੂੰ ਵਿਵਸਾਇਕ ਸੇਵਾ, ਨਵਨੀਤ ਕੌਰ ਨੂੰ ਨੌਜਵਾਨ ਆਗੂ, ਗੁਰਪ੍ਰੀਤ ਸਿੰਘ ਨੂੰ ਮੁੱਢਲੀ ਸਿੱਖਿਆ ਸਾਖਰਤਾ, ਕਰਨਲ ਛਾਬੜਾ ਨੂੰ ਪਲਸ ਪੋਲੀਓ ਚੇਅਰ ਦੀ ਜ਼ਿੰਮੇਵਾਰੀ ਸੌਂਪੀ ਗਈ।

# ਸਿਹਤ ਮੰਤਰੀ ਵੱਲੋਂ ਰਾਸ਼ਟਰੀ ਡਾਕਟਰ ਦਿਵਸ ਮੌਕੇ ਸਿਵਲ ਸਰਜਨ ਦਾ ਸਨਮਾਨ




**ਸਮਰਾਲਾ (ਸੁਰਜੀਤ ਸਿੰਘ)**-ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਨੂੰ ਜਨ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਤੇ ਮਰੀਜ਼ਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਰਾਸ਼ਟਰੀ ਡਾਕਟਰ ਦਿਵਸ ਸਮਾਰੋਹ ਦੌਰਾਨ ਸਨਮਾਨਤ ਕੀਤਾ ਗਿਆ।ਇਹ ਸਨਮਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕੁਮਾਰ ਰਾਹੁਲ, ਆਈ.ਏ.ਐੱਸ., ਸਕੱਤਰ ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ; ਅਨੁਰਾਗ ਕੁੰਡੂ, ਮੈਂਬਰ, ਪੀ.ਡੀ.ਸੀ. ਪੰਜਾਬ; ਡਾ. ਹਿਤਿੰਦਰ ਕੌਰ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਅਤੇ ਡਾ. ਅਦਿਤੀ ਸਲਾਰੀਆ, ਡਾਇਰੈਕਟਰ ਪਰਿਵਾਰ ਨਿਯੋਜਨ ਪੰਜਾਬ ਦੀ ਹਾਜ਼ਰੀ ਵਿੱਚ ਭੇਟ ਕੀਤਾ ਗਿਆ।ਸਿਵਲ ਸਰਜਨ ਡਾ. ਰਮਨਦੀਪ ਕੌਰ ਨੂੰ ਮਿਸ਼ਨ ਜੀਵਨੀ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਤੇ ਕ੍ਰਿਸਚੀਅਨ ਮੈਡੀਕਲ ਕਾਲਜ (ਸੀ.ਐੱਮ.ਸੀ.), ਲੁਧਿਆਣਾ ਨਾਲ ਐਮਰਜੈਂਸੀ ਮੈਡੀਕਲ ਸੇਵਾਵਾਂ (ਈ.ਐੱਮ.ਐੱਸ.) ਲਈ ਇੱਕ ਨਵੀਨਤਾਕਾਰੀ ਭਾਈਵਾਲੀ ਸਥਾਪਤ ਕਰਨ ਵਿੱਚ ਦੂਰਅੰਦੇਸ਼ੀ ਭਰੀ ਅਗਵਾਈ ਲਈ ਇਹ ਵੱਕਾਰੀ ਸਨਮਾਨ ਦਿੱਤਾ ਗਿਆ।ਸਨਮਾਨ ਪ੍ਰਾਪਤ ਕਰਨ ਉਪਰੰਤ ਡਾ. ਰਮਨਦੀਪ ਕੌਰ ਨੇ ਕਿਹਾ ਕਿ ਇਹ ਸਨਮਾਨ ਲੁਧਿਆਣਾ ਦੇ ਲੋਕਾਂ ਦੀ ਸੇਵਾ ਲਈ ਸਮਰਪਤ ਹਰ ਡਾਕਟਰ, ਨਰਸ, ਪੈਰਾਮੈਡੀਕਲ ਸਟਾਫ਼ ਤੇ ਅਗਲੀ ਕਤਾਰ ਦੇ ਸਿਹਤ ਕਰਮਚਾਰੀਆਂ ਦੀ ਅਣਥੱਕ ਮਿਹਨਤ ਨੂੰ ਸਮਰਪਤ ਹੈ।ਉਨ੍ਹਾਂ ਕਿਹਾ ਕਿ ਇਹ ਸਨਮਾਨ ਲੁਧਿਆਣਾ ਦੇ ਸਮੁੱਚੇ ਸਿਹਤ ਪਰਿਵਾਰ ਦਾ ਹੈ।ਇਹ ਸਨਮਾਨ ਸਾਨੂੰ ਹਰ ਨਾਗਰਿਕ ਤੱਕ ਸੌਖੀਆਂ, ਕਿਫ਼ਾਇਤੀ, ਬਰਾਬਰੀ ਵਾਲੀਆਂ ਤੇ ਉੱਚ ਗੁਣਵੱਤਾ ਦੀਆਂ ਸਿਹਤ ਸੇਵਾਵਾਂ ਪਹੁੰਚਾਉਣ ਲਈ ਹੋਰ ਵੱਧ ਸਮਰਪਣ ਤੇ ਵਚਨਬੱਧਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।

# ਕੇਂਦਰੀ ਜੇਲ੍ਹ 'ਚੋਂ 7 ਮੋਬਾਇਲ ਫੋਨ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਪੁਲਸ ਨੇ ਤਲਾਸ਼ੀ ਦੌਰਾਨ 7 ਮੋਬਾਇਲ ਫੋਨ ਬਰਾਮਦ ਕਰਕੇ ਉਨ੍ਹਾਂ ਖਿਲਾਫ 42 (1) ਦਾ ਪੰਜਾਬ ਪਰੀਜਨ ਐਂਡ ਕੋਰੈਕਸ਼ਨਲ ਸਰਵਿਸ ਐਕਟ 2026 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਨੇ ਦੱਸਿਆ ਪੱਤਰ ਨੰਬਰ 4900 ਰਾਹੀਂ ਦੱਸਿਆ ਕਿ 20 ਜੁਲਾਈ 2026 ਨੂੰ ਹਵਾਲਾਤੀ ਪਾਰਸਦੀਪ ਸਿੰਘ ਉਰਫ ਰਾਜਾ ਕਬੱਡੀ ਪੁੱਤਰ ਸਵਿੰਦਰ ਸਿੰਘ ਕੋਲੋਂ 1 ਮੋਬਾਇਲ ਫੋਨ ਸਮੇਤ ਸਿਮ ਸਮੇਤ ਹੈੱਡਫੋਨ, ਹਵਾਲਾਤੀ ਤਰਨਵੀਰ ਸਿੰਘ ਉਰਫ ਲਾਡੀ ਪੁੱਤਰ ਨਵਤੇਜ ਸਿੰਘ ਕੋਲੋਂ 1 ਮੋਬਾਇਲ ਫੋਲ ਸਮੇਤ ਸਿਮ, ਹਵਾਲਾਤੀ ਧਰਮਿੰਦਰ ਸਿੰਘ ਉਰਫ ਬੱਗਾ ਪੁੱਤਰ ਅਮਰਜੀਤ ਸਿੰਘ ਕੋਲੋਂ 1 ਮੋਬਾਇਲ ਫੋਨ ਸਮੇਤ ਸਿਮ ਬਰਾਮਦ ਕੀਤਾ। ਕੇਂਦਰੀ ਜੇਲ੍ਹ ਦੇ ਅਧਿਕਾਰੀ ਨੇ ਦੱਸਿਆ ਕਿ ਕੈਦੀ ਬਲਦੇਵ ਸਿੰਘ ਪੁੱਤਰ ਸੁਰਜੀਤ ਸਿੰਘ ਦੇ ਬਿਸਤਰੇ ਵਿੱਚੋਂ 1 ਮੋਬਾਇਲ ਫੋਨ ਸਮੇਤ ਬੈਟਰੀ ਬਿਨਾਂ ਸਿਮ, ਕੈਦੀ ਅਮਰਜੀਤ ਸਿੰਘ ਪੁੱਤਰ ਹਰਪਾਲ ਸਿੰਘ ਕੋਲੋਂ 1 ਮੋਬਾਇਲ ਫੋਨ ਸਮੇਤ ਸਿਮ ਬਰਾਮਦ ਕੀਤਾ। ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਹਵਾਲਾਤੀ ਪਰਮਜੀਤ ਸਿੰਘ ਪੁੱਤਰ ਮਨੀਰ ਸਿੰਘ ਕੋਲੋਂ 1 ਮੋਬਾਇਲ ਫੋਨ ਸਮੇਤ ਸਿਮ ਤੇ ਹਵਾਲਾਤੀ ਹਰਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਕੋਲੋਂ ਇੱਕ ਮੋਬਾਇਲ ਫੋਨ ਬਰਾਮਦ ਕੀਤਾ। ਜਾਂਚਕਰਤਾ ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਸਕੂਲ ਮੈਨੇਜਮੈਂਟ ਵਿਰੁੱਧ ਰੋਸ ਪ੍ਰਦਰਸ਼ਨ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਯਾਦਵਿੰਦਰਾ ਪਬਲਿਕ ਸਕੂਲ ਵਿਚਲੇ ਚੌਥਾ ਦਰਜਾ ਕਰਮੀਆਂ ਕੱਚਿਆਂ ਤੇ ਪੱਕਿਆਂ ਵੱਲੋਂ ਆਪਣੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਦੂਸਰੇ ਦਿਨ ਵੀ ਸਕੂਲ ਦੇ ਮੁੱਖ ਗੇਟ ਅੱਗੇ ਆਪਣੀਆਂ ਲਮਕ ਅਵਸਥਾ ਵਿੱਚ ਚੱਲ ਰਹੀਆਂ ਮੰਗਾਂ ਤੇ ਉਨ੍ਹਾਂ ਨੂੰ ਕੰਮਾਂ ਤੋਂ ਫਾਰਗ ਤੇ ਸੇਵਾਵਾਂ ਵਿੱਚ, ਬਰੇਕਾਂ ਪਾਉਣ, ਘੱਟੋ-ਘੱਟ ਉਜਰਤਾਂ ਲਾਗੂ ਨਾ ਕਰਨ ਵਰਗੀਆਂ, ਬੋਨਸ ਨਾ ਦੇਣ, ਕੰਮਾਂ ਦਾ ਸਮਾਂ ਨਿਸ਼ਚਿਤ ਨਾ ਕਰਨ, ਤਿਉਹਾਰੀ ਛੁੱਟੀਆਂ, ਅਚਨਚੇਤ ਛੁੱਟੀਆਂ ਨਾ ਦੇਣ ਤੇ ਗੁਲਾਮਾਂ ਵਾਂਗ ਕੰਮ ਲੈਣ, ਪੱਕਿਆਂ ਕਰਮੀਆਂ ਦੀਆਂ ਤਨਖਾਹਾਂ ਵਿੱਚ ਲੰਮੇ ਸਮੇਂ ਤੋਂ ਵਾਧਾ ਨਾ ਕਰਨ ਤੇ ਮੈਨੇਜਮੈਂਟ ਦੇ ਤਾਨਾਸ਼ਾਹ ਰੀਵਿਊ ਵਿਰੁੱਧ ਧਰਨੇ ਦੇ ਕੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ।ਕੈਪਟਨ ਅਮਰਿੰਦਰ ਸਿੰਘ ਦੇ ਪੁਰਖਾ ਦੇ ਨਾਮ ਤੇ ਇਸ ਸਕੂਲ ਵਿੱਚ ਸੇਵਾ ਨਿਵਿਰਤ ਮਿਲਟਰੀ ਅਫਸਰਾਂ ਵੱਲੋਂ ਬੇਤੁੱਕੀ ਭਾਸ਼ਾਵਾਂ ਦੀ ਵਰਤੋਂ ਮੇਲ ਤੇ ਫੀਮੇਲ ਕਰਮੀਆਂ ਨਾਲ ਕੀਤੀ ਜਾਂਦੀ ਹੈ।ਇੱਥੇ ਧਰਮ ਦਾ ਵੀ ਬੋਲਬਾਲਾ ਹੈ, ਪ੍ਰੰਤੂ ਕੋਈ ਮੈਂਬਰ ਜਾਂ ਚੇਅਰਮੈਨ ਧਿਆਨ ਨਹੀਂ ਦੇ ਰਿਹਾ।ਸਕੂਲ ਦੇ ਚੌਥਾ ਦਰਜਾ ਮੁਲਾਜ਼ਮਾਂ, ਜੋ ਲੰਮੇ ਸਮੇਂ ਤੋਂ ਮੈਨੇਜਮੈਂਟ ਤੋਂ ਪੀੜਤ ਹਨ, ਦੀ ਹਮਾਇਤ ਵਿੱਚ ਪਹੁੰਚੇ ਪੰਜਾਬ ਦੇ ਮੁਲਾਜ਼ਮਾਂ ਦੇ ਆਗੂ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਰਾਜੇਸ਼ ਗੋਲੂ ਰਜਿੰਦਰਾ ਹਸਪਤਾਲ, ਸ਼ਿਵ ਚਰਨ ਪ੍ਰਧਾਨ, ਅਜੇ ਕੁਮਾਰ ਪ੍ਰਧਾਨ, ਇੰਦਰਪਾਲ ਵਾਲਿਆ ਪ੍ਰਧਾਨ, ਹਰਬੰਸ ਸਿੰਘ, ਦਿਆ ਸ਼ੰਕਰ, ਜੀਵਨ ਪ੍ਰਧਾਨ ਟੀ.ਬੀ. ਹਸਪਤਾਲ, ਦਿਆ ਸ਼ੰਕਰ ਪ੍ਰਧਾਨ ਵਾਈ.ਪੀ.ਐਸ., ਧਰਮਿੰਦਰ ਪ੍ਰਧਾਨ ਵਾਈ.ਪੀ.ਐਸ., ਰਾਮਜੋਧਾ, ਤਰਲੋਕ ਰਾਮ, ਪ੍ਰਦੀਪ, ਵਿਕਰਮ, ਗੁਰਜੀਤ ਕੌਰ, ਅਨਤਾ, ਸੀਮਾ, ਸੁਸ਼ੀਲਾ ਸ਼ਰਮਾ, ਸੰਤੋਸ਼ ਆਦਿ ਨੇ ਕਿਹਾ ਕਿ ਰਜਵਾੜਾ ਸ਼ਾਹੀ ਇਸ ਸਕੂਲ ਵਿੱਚ ਚੌਥਾ ਦਰਜਾ ਮੁਲਾਜ਼ਮਾਂ, ਵਿਸ਼ੇਸ਼ ਤੌਰ 'ਤੇ ਸਫਾਈ ਸੇਵਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।ਇਹ ਮਾਮਲਾ ਜ਼ਿਲ੍ਹਾ ਪ੍ਰਧਾਨ ਤੇ ਸਫਾਈ ਕਮਿਸ਼ਨ ਤੇ ਚੇਅਰਮੈਨ ਸ੍ਰੀ ਚੰਦਨ ਗਰੇਵਾਲ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ।

# ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ ਪੈਨਸ਼ਨ ਤੇ ਰਾਸ਼ਨ ਵੰਡ ਸਮਾਰੋਹ



**ਜਗਰਾਉਂ (ਅਮਿਤ ਖੰਨਾ)**-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਨੇ 196ਵਾਂ ਪੈਨਸ਼ਨ ਤੇ ਰਾਸ਼ਨ ਵੰਡ ਸਮਾਰੋਹ ਸਥਾਨਕ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਆਯੋਜਿਤ ਹੋਇਆ। ਇਸ ਸਮਾਗਮ ਦੇ ਗੈਸ ਸਟਾਫ ਆਨਰ ਕੁਲਵਰ ਦੇ ਰੱਖੇ ਦੇ ਟਰਸਟ ਦੇ ਪ੍ਰਧਾਨ ਰਜਿੰਦਰ ਜੈਨ ਕਾਕਾ ਸਾਹਿਲ ਗੁਪਤਾ ਨੰਦਨੀ ਤੇ ਰਾਗਵ ਸਨ। ਇਸ ਸਮਾਗਮ 'ਤੇ ਸਰਦਾਰ ਜਸਬੀਰ ਸਿੰਘ ਕੈਨੇਡਾ ਨੇ ਆਪਣੀ ਮਾਤਾ ਜਗੀਰ ਕੌਰ ਦੀ ਯਾਦ ਵਿੱਚ ਭੇਜੀ 25 ਬਜ਼ੁਰਗਾਂ ਨੂੰ ਪੈਨਸ਼ਨ ਵੰਡੀ। ਰਜਿੰਦਰ ਜੈਨ ਕਾਕਾ ਤੇ ਸਾਹਿਲ ਗੁਪਤਾ ਨੇ 25 ਬਜ਼ੁਰਗਾਂ ਨੂੰ ਰਾਸ਼ਨ ਵੰਡਿਆ। ਸੈਕਟਰੀ ਫਾਈਨਾਂਸ ਰਾਜਨ ਬਾਂਸਲ ਨੇ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ 25 ਬਜ਼ੁਰਗਾਂ ਨੂੰ ਆਟੇ ਦੀਆਂ ਥੈਲੀਆਂ ਭੇਟ ਕੀਤੀਆਂ। ਸਟੇਜ ਦੀ ਭੂਮਿਕਾ ਰਾਜਨ ਬਾਂਸਲ ਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਪ੍ਰਧਾਨ ਮਨਜਿੰਦਰ ਪਾਲ ਸਿੰਘ ਹਨੀ ਨੇ ਕੀਤਾ। ਇਸ ਮੌਕੇ ਪ੍ਰੋਜੈਕਟ ਡਾਇਰੈਕਟਰ ਗੁਰਵਿੰਦਰ ਸਿੰਘ ਵਿੱਕੀ, ਜੁਆਇੰਟ ਸੈਕਟਰੀ ਜਸਪਾਲ ਸਿੰਘ, ਪ੍ਰੈੱਸ ਸੈਕਟਰੀ ਅਛਰੂ ਸਿੰਗਲਾ, ਪਬਲਿਸਿਟੀ ਅਫਸਰ ਨਵਦੀਪ ਬਾਵਾ ਆਦਿ ਮੈਂਬਰਾਂ ਨੇ ਸਮਾਰੋਹ ਵਿੱਚ ਹਾਜ਼ਰੀ ਲਗਾ ਕੇ ਬਜ਼ੁਰਗਾਂ ਦਾ ਆਸ਼ੀਰਵਾਦ ਲਿਆ।

# ਸੈਂਟੀਨਲ ਸਕੂਲ ਦਾ ਮਨਾਲੀ-ਰੋਹਤਾਂਗ ਪਾਸ ਵਿਦਿਅਕ ਤੇ ਰੋਮਾਂਚਕ ਟੂਰ ਸੰਪੰਨ



**ਸਮਰਾਲਾ (ਸੁਰਜੀਤ ਸਿੰਘ)**-ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਅਗਵਾਈ ਹੇਠ ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਵੱਲੋਂ ਵਿਦਿਆਰਥੀਆਂ ਲਈ ਮਨਾਲੀ ਤੇ ਰੋਹਤਾਂਗ ਪਾਸ ਦਾ ਤਿੰਨ ਦਿਨਾ ਵਿਦਿਅਕ ਤੇ ਮਨੋਰੰਜਕ ਟੂਰ ਕੀਤਾ ਗਿਆ।ਇਸ ਟੂਰ ਦਾ ਉਦੇਸ਼ ਵਿਦਿਆਰਥੀਆਂ ਨੂੰ ਕੁਦਰਤੀ ਸੁੰਦਰਤਾ, ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਦੇ ਨਾਲ-ਨਾਲ ਸਾਹਸਿਕ ਗਤੀਵਿਧੀਆਂ ਦਾ ਅਨੁਭਵ ਕਰਵਾਉਣਾ ਸੀ।ਟੂਰ ਦੇ ਪਹਿਲੇ ਦਿਨ ਵਿਦਿਆਰਥੀਆਂ ਨੂੰ ਮਨਾਲੀ ਦੇ ਪ੍ਰਸਿੱਧ ਮਾਲ ਰੋਡ, ਹਿਡਿੰਬਾ ਦੇਵੀ ਮੰਦਰ ਤੇ ਭਗਵਾਨ ਸ਼ਿਵ ਮੰਦਰ ਦੇ ਦਰਸ਼ਨ ਕਰਵਾਏ ਗਏ।ਵਿਦਿਆਰਥੀਆਂ ਨੇ ਇਨ੍ਹਾਂ ਸਥਾਨਾਂ ਦੀ ਧਾਰਮਿਕ ਤੇ ਸੱਭਿਆਚਾਰਕ ਮਹੱਤਤਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਸ਼ਾਮ ਨੂੰ ਹੋਟਲ ਵਿੱਚ ਬੋਨਫਾਇਰ ਦਾ ਆਯੋਜਨ ਕੀਤਾ ਗਿਆ, ਜਿੱਥੇ ਵਿਦਿਆਰਥੀਆਂ ਨੇ ਅੰਤਾਕਸ਼ਰੀ ਖੇਡੀ ਤੇ ਮਨੋਰੰਜਕ ਗਤੀਵਿਧੀਆਂ ਵਿੱਚ ਭਾਗ ਲੈਂਦਿਆਂ ਖੂਬ ਆਨੰਦ ਮਾਣਿਆ।ਦੂਜੇ ਦਿਨ ਵਿਦਿਆਰਥੀਆਂ ਨੂੰ ਵਿਸ਼ਵ ਪ੍ਰਸਿੱਧ ਰੋਹਤਾਂਗ ਪਾਸ ਲਿਜਾਇਆ ਗਿਆ।ਬਰਫ਼ ਨਾਲ ਢੱਕੀਆਂ ਪਹਾੜੀਆਂ ਤੇ ਮਨਮੋਹਕ ਨਜ਼ਾਰਿਆਂ ਨੇ ਸਭ ਦਾ ਮਨ ਮੋਹ ਲਿਆ।ਵਿਦਿਆਰਥੀਆਂ ਨੇ ਬਰਫ਼ ਵਿੱਚ ਖੇਡਾਂ ਦਾ ਆਨੰਦ ਲਿਆ ਤੇ ਆਈਸ ਸਕੇਟਿੰਗ ਦਾ ਪੂਰਾ ਮਜ਼ਾ ਲਿਆ।ਇਸ ਦੌਰਾਨ ਉਨ੍ਹਾਂ ਨੂੰ ਇੰਜੀਨੀਅਰਿੰਗ ਦਾ ਅਦਭੁੱਤ ਨਮੂਨਾ ਅਟਲ ਟਨਲ ਵੀ ਵਿਖਾਈ ਗਈ।ਤੀਜੇ ਦਿਨ ਕੁੱਲੂ ਵਿੱਚ ਸਾਹਸਿਕ ਗਤੀਵਿਧੀਆਂ ਜਿਵੇਂ ਕਿ ਰਿਵਰ ਕ੍ਰਾਸਿੰਗ, ਜ਼ਿਪ ਲਾਈਨਿੰਗ, ਰਿਵਰ ਰਾਫਟਿੰਗ ਤੇ ਪੈਰਾ ਗਲਾਈਡਿੰਗ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਨੂੰ ਪੈਟਰੀਫਿਕੇਸ਼ਨ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜਿਸ ਨਾਲ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋਇਆ।ਇਹ ਟੂਰ ਵਿਦਿਆਰਥੀਆਂ ਲਈ ਯਾਦਗਾਰ, ਸਿੱਖਿਆਦਾਇਕ ਤੇ ਰੋਮਾਂਚ ਨਾਲ ਭਰਪੂਰ ਸਾਬਿਤ ਹੋਇਆ।ਸਕੂਲ ਪ੍ਰਬੰਧਨ ਨੇ ਇਸ ਸਫਲ ਟੂਰ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਲੋਕ ਸੇਵਾ ਸੁਸਾਇਟੀ ਤੇ ਕਰ ਭਲਾ ਹੋ ਭਲਾ ਸੁਸਾਇਟੀ ਨੇ ਸਕੂਲ 'ਚ ਸ਼ੈੱਡ ਬਣਵਾਈ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਅਤੇ ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਗੌਰਮਿੰਟ ਪ੍ਰਾਇਮਰੀ ਸਕੂਲ ਲੜਕੀਆਂ ਵਿਖੇ ਸ਼ੈੱਡ ਬਣਵਾ ਕੇ ਦਿੱਤੀ ਗਈ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸੈਕਟਰੀ ਕਰਨਦੀਪ ਕੁਲਭੂਸ਼ਨ ਗੁਪਤਾ, ਕੈਸ਼ੀਅਰ ਸੁਨੀਲ ਬਜਾਜ ਤੇ ਕਰ ਭਲਾ ਹੋ ਭਲਾ ਸੁਸਾਇਟੀ ਦੇ ਚੇਅਰਮੈਨ ਰੋਹਿਤ ਅਰੋੜਾ ਤੇ ਪ੍ਰਧਾਨ ਵਿਸ਼ਾਲ ਸ਼ਰਮਾ ਦੀ ਅਗਵਾਈ ਵਿੱਚ ਅੱਜ ਜਗਰਾਉਂ ਦੇ ਗੌਰਮਿੰਟ ਪ੍ਰਾਇਮਰੀ ਸਕੂਲ ਲੜਕੀਆਂ ਪੁਰਾਣੀ ਘਾਹ ਮੰਡੀ ਨੇੜੇ ਭੱਦਰਕਾਲੀ ਮੰਦਰ ਵਿਖੇ ਸ਼ੈੱਡ ਪਵਾਉਣ ਦਾ ਕੰਮ ਮੁਕੰਮਲ ਹੋਣ 'ਤੇ ਇਨ੍ਹਾਂ ਅਹੁਦੇਦਾਰਾਂ ਨੇ ਦੱਸਿਆ ਕਿ ਸੰਸਥਾ ਵੱਲੋਂ ਸਮੇਂ ਸਮੇਂ ਵਿੱਦਿਅਕ ਸੰਸਥਾਵਾਂ ਦੀ ਮਦਦ ਲਈ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਗੌਰਮਿੰਟ ਪ੍ਰਾਇਮਰੀ ਸਕੂਲ ਲੜਕੀਆਂ ਬੈਠਣ ਲਈ ਸ਼ੈੱਡ ਦੀ ਬਹੁਤ ਜ਼ਰੂਰਤ ਸੀ, ਜਿਸ ਨੂੰ ਦੇਖਦੇ ਹੋਏ ਸੋਸਾਇਟੀ ਵੱਲੋਂ ਸ਼ੈੱਡ ਦਾ ਕੰਮ ਮੁਕੰਮਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਸ ਤਰ੍ਹਾਂ ਵਿਦ ਸੰਸਥਾਵਾਂ ਦੀ ਮਦਦ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਸੈਂਟਰਲ ਗਰਲਜ਼ ਦੇ ਸੀ ਐੱਚ ਟੀ ਸੁਧੀਰ ਝਾਂਜੀ, ਗੁਰਪ੍ਰੀਤ ਕੌਰ, ਅਨੀਤਾ ਸ਼ਰਮਾ, ਰੀਨਾ ਰਾਣੀ, ਮੰਜੂ ਵਰਮਾ, ਜਤਿੰਦਰਪਾਲ ਸਿੰਘ, ਪ੍ਰਨੀਤਾ ਰਾਣੀ, ਸੁਖਵਿੰਦਰ ਕੌਰ, ਵੀਰਪਾਲ ਕੌਰ ਸਮੇਤ ਸਮੂਹ ਸਟਾਫ ਨੇ ਸੁਸਾਇਟੀ ਅਹੁਦੇਦਾਰਾਂ ਤੇ ਮੈਂਬਰਾਂ ਦਾ ਸਕੂਲ ਦੀ ਮਦਦ ਲਈ ਕਰਨ 'ਤੇ ਧੰਨਵਾਦ ਕੀਤਾ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ ਤੇ ਕੰਵਲ ਕੱਕੜ ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਗੋਪਾਲ ਗੁਪਤਾ, ਜਗਦੀਪ ਸਿੰਘ ਮੋਗੇ ਵਾਲੇ, ਮੁਕੇਸ਼ ਗੁਪਤਾ, ਆਰ ਕੇ ਗੋਇਲ, ਡਾਕਟਰ ਭਾਰਤ ਭੂਸ਼ਣ ਬਾਂਸਲ, ਕਪਿਲ ਸ਼ਰਮਾ, ਪੀ ਆਰ ਓ ਨੀਰਜ ਮਿੱਤਲ, ਕੈਪਟਨ ਨਰੇਸ਼ ਵਰਮਾ ਸਮੇਤ ਕਰ ਭਲਾ ਹੋ ਭਲਾ ਦੇ ਕੈਸ਼ੀਅਰ ਨੀਰਜ ਕਟਾਰੀਆ ਵੀ ਹਾਜ਼ਰ ਸਨ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ 10 ਨੂੰ ਕਾਲਾ ਦਿਵਸ ਮਨਾਉਣ ਦਾ ਫੈਸਲਾ

■ ਸਰਕਾਰ ਆਂਗਣਵਾੜੀ ਮੁਲਾਜ਼ਮਾਂ ਦੇ ਸਬਰ ਦਾ ਇਮਤਿਹਾਨ ਨਾ ਲਵੇ : ਬਰੇਟਾ



**ਬੁਢਲਾਡਾ (ਅਸ਼ੋਕ ਲਾਕੜਾ)**-ਬਲਾਕ ਬੁਢਲਾਡਾ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਮੁੱਖ ਏਜੰਡੇ 10 ਜੁਲਾਈ ਨੂੰ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਅੱਗੇ ਮਨਾਏ ਜਾਣ ਵਾਲੇ ਕਾਲਾ ਦਿਵਸ ਦੀਆਂ ਤਿਆਰੀਆਂ ਸਬੰਧੀ ਜਾਇਜ਼ਾ ਲਿਆ ਗਿਆ ਤੇ ਫੈਸਲਾ ਕੀਤਾ ਕਿ ਇਸ ਸਬੰਧੀ ਸਰਕਲ ਪੱਧਰ 'ਤੇ ਆਂਗਣਵਾੜੀ ਮੁਲਾਜ਼ਮਾਂ ਨੂੰ ਸਰਗਰਮ ਕਰਕੇ ਬਲਾਕ ਵਿੱਚੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਮੀਟਿੰਗ ਵਿੱਚ ਬਲਾਕ ਪ੍ਰਧਾਨ ਮਨਜੀਤ ਕੌਰ ਬੀਰੋਕੇ, ਬਲਾਕ ਸਕੱਤਰ ਡੇਜ਼ੀ ਗੁਪਤਾ, ਤੇਜਿੰਦਰ ਕੌਰ ਬਾਲੀਆ ਸਮੇਤ ਬਲਾਕ ਦੀ ਚੁਣੀਆਂ ਹੋਈਆਂ ਪੂਰੀ ਟੀਮ ਦੀਆਂ ਆਗੂ ਸ਼ਾਮਲ ਸਨ।ਆਗੂਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਸਰਕਾਰ ਦੀਆਂ ਮੁਲਾਜ਼ਮ ਤੇ ਮਜ਼ਦੂਰ ਵਿਰੋਧੀ ਨੀਤੀਆਂ, ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਲਗਾਤਾਰ ਅਣਗੌਲੀਆਂ, ਘੱਟ ਮਾਣ-ਭੱਤਾ, ਵਧਦੇ ਕੰਮ ਦੇ ਬੋਝ, ਪੋਸ਼ਣ ਟਰੈਕਰ ਸਮੇਤ ਥੋਪੇ ਜਾ ਰਹੇ ਵਾਧੂ ਕੰਮਾਂ ਤੇ ਸੁਰੱਖਿਆ ਦੇ ਗੰਭੀਰ ਮਸਲਿਆਂ ਖ਼ਿਲਾਫ਼ 10 ਜੁਲਾਈ ਨੂੰ ਕਾਲਾ ਦਿਵਸ ਪੂਰੇ ਜੋਸ਼ ਅਤੇ ਸੰਘਰਸ਼ੀ ਅੰਦਾਜ਼ ਵਿੱਚ ਮਨਾਇਆ ਜਾਵੇਗਾ।ਮੀਟਿੰਗ ਵਿੱਚ ਜਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਨੇ ਆਂਗਣਵਾੜੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਨਾ ਮੰਨਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਤੇ ਵਿਸ਼ਾਲ ਕੀਤਾ ਜਾਵੇਗਾ।ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਸਬਰ ਦਾ ਹੋਰ ਇਮਤਿਹਾਨ ਨਾ ਲਿਆ ਜਾਵੇ।ਉਨ੍ਹਾਂ ਕਿਹਾ ਕਿ ਆਂਗਣਵਾੜੀ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ ਯੂਨੀਅਨ ਹਰ ਕੁਰਬਾਨੀ ਦੇਣ ਲਈ ਤਿਆਰ ਹੈ।

# ਸਫਾਈ ਕਾਮਿਆਂ ਦੀਆਂ ਮੰਗਾਂ ਨਾ ਮੰਨਣ ਦੀ ਨਿੰਦਾ

**ਲੁਧਿਆਣਾ (ਸਤੀਸ਼ ਸਚਦੇਵਾ)**-ਇਨਕਲਾਬੀ ਕੇਂਦਰ ਪੰਜਾਬ ਨੇ ਬੀਤੀ ਸ਼ਾਮ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਨਾਲ ਸਫਾਈ ਕਾਮਿਆਂ ਦੀਆਂ ਮੰਗਾਂ ਸਬੰਧੀ ਹੋਈ ਮੀਟਿੰਗ ਵਿੱਚ ਕੋਈ ਸਿੱਟਾ ਨਾ ਨਿਕਲਣ 'ਤੇ ਭਗਵੰਤ ਮਾਨ ਸਰਕਾਰ ਦੀ ਜ਼ੋਰਦਾਰ ਨਿੰਦਾ ਕੀਤੀ ਹੈ।ਇਸ ਸਬੰਧੀ ਇਥੇ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਰਨਲ ਸਕੱਤਰ ਕੰਵਲਜੀਤ ਖੰਨਾ ਤੇ ਸੂਬਾ ਕਮੇਟੀ ਮੈਂਬਰ ਜਸਵੰਤ ਜੀਰਖ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਰੋਸਾ ਦੇਣ ਦੇ ਬਾਵਜੂਦ ਸਮਾਜ ਦੇ ਸਭ ਤੋਂ ਵੱਧ ਦੱਬੇ ਕੁਚਲੇ ਵਰਗ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਦਾ ਸਿੱਧਾ ਅਰਥ ਹੈ ਕਿ ਠੇਕੇ 'ਤੇ ਨਾਮਾਤਰ ਤਨਖਾਹਾਂ 'ਤੇ ਵੀਹ ਵੀਹ ਸਾਲਾਂ ਤੋਂ ਕੰਮ ਕਰਦੇ ਮਿਊਂਸਪਲ ਕਾਮਿਆਂ ਨੂੰ ਪੰਜਾਬ ਸਰਕਾਰ ਕੀੜੇ ਮਕੌੜੇ ਸਮਝਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਧੋਖੇ ਖਿਲਾਫ ਮਿਊਂਸਪਲ ਕਾਮਿਆਂ ਵੱਲੋਂ 8 ਜੁਲਾਈ ਤੋਂ ਕੀਤੀ ਜਾ ਰਹੀ ਅਣਮਿੱਥੇ ਸਮੇਂ ਦੀ ਹੜਤਾਲ ਦੀ ਉਨ੍ਹਾਂ ਦੀ ਜਥੇਬੰਦੀ ਪੂਰਨ ਸਮਰਥਨ ਕਰੇਗੀ।ਉਨ੍ਹਾਂ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਦੀ ਹੜਤਾਲ ਨਾਲ ਪੂਰੇ ਪੰਜਾਬ 'ਚ ਲੋਕਲ ਪ੍ਰਸ਼ਾਸਨ ਪੂਰੀ ਤਰ੍ਹਾਂ ਅਸਤਵਿਅਸਤ ਹੋਵੇਗਾ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪਵੇਗਾ।ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਤੇ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਨੇ ਵੀ ਸਫਾਈ ਕਾਮਿਆਂ ਦੀ ਹੜਤਾਲ ਦਾ ਜ਼ੋਰਦਾਰ ਸਮਰਥਨ ਕੀਤਾ ਹੈ।

# ਨੇਕੀ ਫਾਊਂਡੇਸ਼ਨ ਨੇ ਚਲਾਇਆ ਯੂਥ ਚੇਂਜ ਕੈਂਪੇਨ



**ਬੁਢਲਾਡਾ (ਅਸ਼ੋਕ ਲਾਕੜਾ)**-ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ 'ਯੂਥ ਚੇਂਜ ਕੈਂਪੇਨ' ਦੀ ਸ਼ੁਰੂਆਤ ਸ੍ਰੀ ਪੰਚਾਇਤੀ ਗਊਸ਼ਾਲਾ ਬੁਢਲਾਡਾ ਵਿਖੇ 'ਰਾਸ਼ਟਰੀ ਏਕਤਾ' ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਸੈਮੀਨਾਰ ਨਾਲ ਕੀਤੀ ਗਈ।ਇਸ ਸਮਾਗਮ ਵਿੱਚ ਗੁਰੂ ਨਾਨਕ ਕਾਲਜ, ਕ੍ਰਿਸ਼ਨਾ ਕਾਲਜ ਰੱਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਯੂਨੀਵਰਸਿਟੀ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਸਮੇਤ ਪੰਜਾਬ ਭਰ ਦੇ ਵੱਖ-ਵੱਖ ਕਾਲਜਾਂ ਦੇ 400 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸੈਮੀਨਾਰ ਦੇ ਮੁੱਖ ਮਹਿਮਾਨ ਤੇ ਬੁਲਾਰੇ ਰਘਬੀਰ ਸਿੰਘ ਮਾਨ, ਸਾਬਕਾ ਸਹਾਇਕ ਡਾਇਰੈਕਟਰ ਯੂਥ ਸਰਵਿਸਜ਼ ਤੇ ਨੈਸ਼ਨਲ ਯੂਥ ਐਵਾਰਡੀ ਰਹੇ।ਉਨ੍ਹਾਂ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਰਾਸ਼ਟਰੀ ਏਕਤਾ, ਸਮਾਜ ਸੇਵਾ, ਨਸ਼ਾ ਮੁਕਤੀ, ਵਾਤਾਵਰਣ ਸੰਭਾਲ ਤੇ ਮਨੁੱਖਤਾ ਦੀ ਸੇਵਾ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਜੇਕਰ ਸਮਾਜ ਦੀ ਭਲਾਈ ਲਈ ਵਰਤਿਆ ਜਾਵੇ ਤਾਂ ਦੇਸ਼ ਵਿੱਚ ਵੱਡੇ ਪੱਧਰ 'ਤੇ ਸਕਾਰਾਤਮਕ ਬਦਲਾਅ ਲਿਆਂਦੇ ਜਾ ਸਕਦੇ ਹਨ।ਨੁਮਾਇੰਦਿਆਂ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਖੂਨਦਾਨ ਕੈਂਪ, ਰੁੱਖ ਲਗਾਉਣ ਮੁਹਿੰਮਾਂ, ਸਫ਼ਾਈ ਅਭਿਆਨ, ਸਮਾਜਿਕ ਸਰਵੇਖਣ, ਨਸ਼ਾ ਮੁਕਤੀ ਜਾਗਰੂਕਤਾ, ਸਿਹਤ ਤੇ ਸਿੱਖਿਆ ਜਾਗਰੂਕਤਾ ਪ੍ਰੋਗਰਾਮ, ਸੜਕ ਸੁਰੱਖਿਆ ਮੁਹਿੰਮਾਂ, ਵਾਤਾਵਰਣ ਸੰਭਾਲ ਗਤੀਵਿਧੀਆਂ, ਲੀਡਰਸ਼ਿਪ ਤੇ ਪਰਸਨੈਲਿਟੀ ਡਿਵੈਲਪਮੈਂਟ ਸੈਸ਼ਨ, ਵਲੰਟੀਅਰ ਟ੍ਰੇਨਿੰਗ ਤੇ ਹੋਰ ਸਮਾਜ ਸੇਵਾ ਨਾਲ ਸਬੰਧਤ ਕਈ ਪ੍ਰੋਗਰਾਮ ਕਰਵਾਏ ਜਾਣਗੇ।ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਸਮਾਜ ਤੇ ਦੇਸ਼ ਦੀ ਤਰੱਕੀ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੰਕਲਪ ਲਿਆ।ਨੇਕੀ ਫਾਊਂਡੇਸ਼ਨ ਵੱਲੋਂ ਮੁੱਖ ਮਹਿਮਾਨ, ਸਹਿਯੋਗੀ ਸੰਸਥਾਵਾਂ, ਅਧਿਆਪਕਾਂ ਤੇ ਸਮੂਹ ਭਾਗੀਦਾਰ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਰਾਜ ਪੱਧਰੀ ਪੰਚਪਦੀ ਵਰਕਸ਼ਾਪ ਆਰੰਭ



**ਭੀਖੀ (ਧਰਮਵੀਰ ਸ਼ਰਮਾ)**-ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਸਰਵਹਿੱਤਕਾਰੀ ਸਿੱਖਿਆ ਸਮਿਤੀ, ਜਲੰਧਰ ਵੱਲੋਂ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਅਗਵਾਈ ਸਮਰੱਥਾ, ਅਕਾਦਮਿਕ ਦ੍ਰਿਸ਼ਟੀਕੋਣ ਤੇ ਸਿੱਖਿਆ ਪ੍ਰਬੰਧਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਰਾਜ ਪੱਧਰੀ ਪ੍ਰਿੰਸੀਪਲ ਪੰਚਪਦੀ ਵਰਕਸ਼ਾਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਵਰਕਸ਼ਾਪ ਵਿੱਚ ਪੰਜਾਬ ਭਰ ਦੇ ਵੱਖ-ਵੱਖ ਸਰਵਹਿੱਤਕਾਰੀ ਵਿੱਦਿਆ ਮੰਦਰਾਂ ਦੇ ਕੁੱਲ 40 ਪ੍ਰਿੰਸੀਪਲ ਭਾਗ ਲੈ ਰਹੇ ਹਨ। ਵਰਕਸ਼ਾਪ ਦੇ ਉਦਘਾਟਨੀ ਸਮਾਰੋਹ ਵਿੱਚ ਰਾਸ਼ਟਰੀ ਮਹਾਂ-ਮੰਤਰੀ ਦੇਸ਼ ਰਾਜ, ਸਰਵਹਿੱਤਕਾਰੀ ਸਿੱਖਿਆ ਸੰਮਤੀ ਦੇ ਉਪ ਪ੍ਰਧਾਨ ਡਾ. ਨਵਦੀਪ ਸ਼ੇਖਰ, ਪ੍ਰਾਂਤ ਮਹਾਂਮੰਤਰੀ ਸੰਦੀਪ ਧੂੜੀਆ ਤੇ ਪ੍ਰਾਂਤ ਕਾਰਜਕਾਰੀ ਮੈਂਬਰ ਅੱਛਵੇਂਦਰ ਦੇਵ ਗੋਇਲ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਵਰਕਸ਼ਾਪ ਦਾ ਉਦੇਸ਼ ਪ੍ਰਿੰਸੀਪਲਾਂ ਨੂੰ ਪੰਚਪਦੀ ਅਧਿਆਪਨ ਵਿਧੀ ਨਾਲ ਗਹਿਰਾਈ ਨਾਲ ਜਾਣੂ ਕਰਵਾਉਣਾ, ਸਕੂਲਾਂ ਵਿੱਚ ਗੁਣਵੱਤਾ ਭਰਪੂਰ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਤੇ ਮੁੱਲ-ਅਧਾਰਤ, ਰਚਨਾਤਮਕ ਤੇ ਵਿਦਿਆਰਥੀ-ਕੇਂਦਰਿਤ ਸਿੱਖਿਆ ਨੂੰ ਉਤਸ਼ਾਹਤ ਕਰਨਾ ਹੈ। ਪੰਜ ਦਿਨਾਂ ਦੀ ਇਸ ਟ੍ਰੇਨਿੰਗ ਦੌਰਾਨ ਵੱਖ-ਵੱਖ ਵਿਸ਼ਿਆਂ ਦੇ ਮਾਹਰਾਂ ਵੱਲੋਂ ਲੈਕਚਰ, ਸਮੂਹ ਚਰਚਾਵਾਂ, ਪ੍ਰਯੋਗਾਤਮਕ ਗਤੀਵਿਧੀਆਂ ਤੇ ਅਧਿਆਪਨ ਪ੍ਰਦਰਸ਼ਨ ਕਰਵਾਏ ਜਾ ਰਹੇ ਹਨ। ਉਹ ਪ੍ਰਿੰਸੀਪਲਾਂ ਨੂੰ ਰਾਸ਼ਟਰ ਨਿਰਮਾਣ, ਸੰਸਕਾਰ-ਆਧਾਰਿਤ ਸਿੱਖਿਆ, ਪ੍ਰਭਾਵਸ਼ਾਲੀ ਸਕੂਲ ਪ੍ਰਬੰਧਨ ਤੇ ਨਵੀਂ ਸਿੱਖਿਆ ਨੀਤੀ ਦੇ ਵਿਹਾਰਕ ਪੱਖਾਂ ਬਾਰੇ ਮਾਰਗਦਰਸ਼ਨ ਦੇਣਗੇ। ਇਸ ਮੌਕੇ ਸੰਬੋਧਨ ਕਰਦਿਆਂ ਰਾਸ਼ਟਰੀ ਮਹਾਂ-ਮੰਤਰੀ ਦੇਸ਼ ਰਾਜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਚਪਦੀ ਅਧਿਆਪਨ ਵਿਧੀ ਸਿਰਫ਼ ਪੜ੍ਹਾਉਣ ਦੀ ਵਿਧੀ ਨਹੀਂ, ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਪ੍ਰਿੰਸੀਪਲਾਂ ਨੂੰ ਨਵੀਆਂ ਸੋਚਾਂ, ਆਧੁਨਿਕ ਅਧਿਆਪਨ ਪੱਧਤੀਆਂ ਤੇ ਪ੍ਰਭਾਵਸ਼ਾਲੀ ਸਕੂਲ ਲੀਡਰਸ਼ਿਪ ਨੂੰ ਅਪਨਾਉਣ ਲਈ ਪ੍ਰੇਰਿਤ ਕਰਦੀਆਂ ਹਨ, ਜਿਸ ਦਾ ਸਿੱਧਾ ਲਾਭ ਵਿਦਿਆਰਥੀਆਂ ਤੇ ਸਮੁੱਚੇ ਸਿੱਖਿਆ ਪ੍ਰਬੰਧ ਨੂੰ ਮਿਲਦਾ ਹੈ। ਇਸ ਦੌਰਾਨ ਸਰਵਹਿੱਤਕਾਰੀ ਸਿੱਖਿਆ ਸੰਮਤੀ ਪੰਜਾਬ ਵੱਲੋਂ ਵਰਕਸ਼ਾਪ ਦੇ ਸਫ਼ਲ ਸੰਚਾਲਨ ਲਈ ਪ੍ਰਾਂਤ ਪੰਚਪਦੀ ਸੰਚਾਲਨ ਟੋਲੀ ਦਾ ਗਠਨ ਵੀ ਕੀਤਾ ਗਿਆ ਹੈ। ਇਸ ਟੀਮ ਵਿੱਚ ਸੰਦੀਪ ਧੂੜੀਆ (ਪ੍ਰਭਾਰੀ), ਰਾਮ ਕੁਮਾਰ (ਖੇਤਰੀ ਟ੍ਰੇਨਿੰਗ ਸੰਯੋਜਕ), ਵਿਕਰਮ ਸਮਿਆਲ, ਅਮਿਤ ਡੋਗਰਾ, ਪੂਰਨ ਚੰਦ, ਧਰਮ ਭੂਸ਼ਣ ਤੇ ਅਭਿਸ਼ੇਕ ਸ਼ਾਮਲ ਹਨ। ਇਸ ਵਰਕਸ਼ਾਪ ਦੇ ਸ਼ੁਭ ਆਰੰਭ ਮੌਕੇ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਵੱਲੋਂ ਆਏ ਹੋਏ ਪ੍ਰਾਂਤ ਅਧਿਕਾਰੀਆਂ, ਸਨਮਾਨਯੋਗ ਸ਼ਖਸੀਅਤਾਂ ਤੇ ਪੰਜਾਬ ਭਰ ਤੋਂ ਪਹੁੰਚੇ ਪ੍ਰਿੰਸੀਪਲਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

# ਸ਼੍ਰੋਮਣੀ ਅਕਾਲੀ ਦਲ ਦਾ ਮੰਡਲ ਪ੍ਰਧਾਨ ਬਣਨ 'ਤੇ ਪਵਨ ਗੋਇਲ ਨੂੰ ਕੀਤਾ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਮਜ ਸੇਵੀ ਪਵਨ ਗੋਇਲ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਬਾਘਾ ਪੁਰਾਣਾ ਦੇ ਵਪਾਰ ਮੰਡਲ ਦੇ ਪ੍ਰਧਾਨ ਵਜੋਂ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ। ਇਹ ਸਨਮਾਨ ਉਨ੍ਹਾਂ ਦੀ ਲੰਬੇ ਸਮੇਂ ਦੀ ਮਿਹਨਤ, ਸਮਾਜ ਪ੍ਰਤੀ ਸਮਰਪਣ, ਵਪਾਰਕ ਵਰਗ ਨਾਲ ਜੁੜਾਅ ਤੇ ਲੋਕਾਂ ਦੇ ਵਿਸ਼ਵਾਸ ਦਾ ਪ੍ਰਤੀਕ ਹੈ।ਸ੍ਰੀ ਸਾਲਾਸਰ ਧਾਮ ਮੋਗਾ ਦੀ ਸਮੂਹ ਟੀਮ ਵੱਲੋਂ ਅਸੀਂ ਉਨ੍ਹਾਂ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਦਿਲੋਂ ਵਧਾਈ ਦਿੰਦੇ ਹਾਂ।ਇਸ ਖੁਸ਼ੀ ਦੇ ਮੌਕੇ 'ਤੇ ਸ੍ਰੀ ਪਵਨ ਗੋਇਲ ਆਪਣੀ ਸਮੂਹ ਟੀਮ ਸਮੇਤ ਸ੍ਰੀ ਸਾਲਾਸਰ ਧਾਮ ਮੋਗਾ ਵਿਖੇ ਪਹੁੰਚੇ ਤੇ ਸ਼੍ਰੀ ਬਾਲਾ ਜੀ ਮਹਾਰਾਜ ਜੀ ਦੇ ਪਾਵਨ ਚਰਨਾਂ ਵਿੱਚ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ।ਧਾਮ ਵਿੱਚ ਭਗਤੀਮਈ ਮਾਹੌਲ ਦੌਰਾਨ ਸਭ ਨੇ ਇਲਾਕੇ ਦੀ ਖੁਸ਼ਹਾਲੀ, ਭਾਈਚਾਰੇ, ਵਪਾਰ ਦੀ ਤਰੱਕੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਮੈਂ ਆਪਣੇ ਵੱਲੋਂ ਸ੍ਰੀ ਸਾਲਾਸਰ ਧਾਮ ਮੋਗਾ ਵਿਖੇ ਪਹੁੰਚ ਕੇ ਇਸ ਖੁਸ਼ੀ ਨੂੰ ਸਾਂਝਾ ਕਰਨ ਵਾਲੇ ਸਾਰੇ ਸਤਿਕਾਰਯੋਗ ਭਰਾਵਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ।ਤੁਹਾਡੇ ਵੱਲੋਂ ਦਿੱਤਾ ਗਿਆ ਪਿਆਰ, ਸਤਿਕਾਰ, ਸਹਿਯੋਗ ਤੇ ਆਪਣਾਪਣ ਮੇਰੇ ਲਈ ਬੇਮਿਸਾਲ ਹੈ।ਮੈਂ ਬਾਲਾ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਸਾਡੇ ਸਾਰਿਆਂ ਉੱਤੇ ਆਪਣੀ ਅਪਾਰ ਕਿਰਪਾ ਬਣਾਈ ਰੱਖਣ ਤੇ ਸਾਨੂੰ ਹਮੇਸ਼ਾ ਮਿਲ-ਜੁਲ ਕੇ ਸਮਾਜ ਦੀ ਸੇਵਾ ਕਰਨ ਦੀ ਤਾਕਤ ਬਖ਼ਸ਼ਣ।ਇਸ ਮੌਕੇ ਹਾਜ਼ਰ ਰਹਿ ਕੇ ਆਪਣਾ ਸਨੇਹ ਤੇ ਆਸ਼ੀਰਵਾਦ ਦੇਣ ਵਾਲੇ ਸਤਿਕਾਰਯੋਗ ਸੱਜਣਾਂ ਵਿੱਚ ਸ੍ਰੀ ਰਾਜੀਵ ਬਾਂਸਲ, ਮਨਦੀਪ ਕੜਵੱਲ, ਰਾਜੀਵ ਟਾਂਗੜੀ, ਅਵਤਾਰ ਸਿੰਘ, ਯਕੀਨ ਕੁਮਾਰ, ਪਵਨ ਅਰੋੜਾ, ਮਨੋਜ ਜੈਸਵਾਲ, ਲਲਿਤ ਕਲਸੀ, ਨਰੇਸ਼ ਖੰਨਾ, ਹੁਕਮ ਚੰਦ, ਸੋਨੂੰ ਛਾਬੜਾ, ਪਰਦੀਪ ਕੁਮਾਰ, ਚੈਰੀ ਭਾਟੀਆ, ਚੰਦਨ ਸੇਠੀ ਤੇ ਸਾਬੀ ਸਟੂਡੀਓ ਮੋਗਾ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

# ਐੱਸ ਆਰ ਐੱਸ ਵਿੱਦਿਆਪੀਠ 'ਚ 'ਜੀਵਨ ਕੌਸ਼ਲ ਤੇ ਮੁੱਲ ਅਧਾਰਤ ਸਿੱਖਿਆ' 'ਤੇ ਵਰਕਸ਼ਾਪ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਵਿੱਚ ਅਧਿਆਪਕਾਂ ਲਈ ਜੀਵਨ ਕੌਸ਼ਲ ਤੇ ਮੁੱਲ ਅਧਾਰਤ ਸਿੱਖਿਆ : ਰਾਸ਼ਟਰੀ ਸਿੱਖਿਆ ਨੀਤੀ ਦੇ ਨੈਤਿਕਤਾ ਤੇ ਚਰਿੱਤਰ ਨਿਰਮਾਣ ਉੱਤੇ ਜ਼ੋਰ ਦੇ ਅਨੁਕੂਲ ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਤੇ ਜਾਣਕਾਰੀਪੂਰਨ ਵਰਕਸ਼ਾਪ ਆਯੋਜਿਤ ਕੀਤੀ ਗਈ।ਇਸ ਦਾ ਉਦੇਸ਼ ਅਧਿਆਪਕਾਂ ਨੂੰ ਮੁੱਲ ਅਧਾਰਤ ਸਿੱਖਿਆ ਦੀ ਮਹੱਤਤਾ ਨਾਲ ਹੋਰ ਮਜ਼ਬੂਤੀ ਨਾਲ ਜੋੜਨਾ ਤੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਲਈ ਪ੍ਰਭਾਵਸ਼ਾਲੀ ਤਰੀਕੇ ਪ੍ਰਦਾਨ ਕਰਨਾ ਸੀ।ਵਰਕਸ਼ਾਪ ਦੀ ਅਗਵਾਈ ਮਾਣਯੋਗ ਰਿਸੋਰਸ ਪਰਸਨ ਸ੍ਰੀ ਆਮਿਰ ਵੱਲੋਂ ਕੀਤੀ ਗਈ।ਉਨ੍ਹਾਂ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਆਧੁਨਿਕ ਸਮੇਂ ਵਿੱਚ ਸਿੱਖਿਆ ਦਾ ਉਦੇਸ਼ ਕੇਵਲ ਅਕਾਦਮਿਕ ਸਫਲਤਾ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ, ਸਗੋਂ ਜ਼ਿੰਮੇਵਾਰ, ਸੰਵੇਦਨਸ਼ੀਲ, ਨੈਤਿਕ ਤੇ ਮਜ਼ਬੂਤ ਵਿਅਕਤੀਤਵ ਦਾ ਨਿਰਮਾਣ ਵੀ ਹੋਣਾ ਚਾਹੀਦਾ ਹੈ।ਚੇਅਰਮੈਨ ਸੀਏ ਅਮਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ ਸੀਏ ਲਲਿਤ ਸਿੰਗਲਾ, ਵਾਈਸ ਚੇਅਰਪਰਸਨ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਡਾ. ਚੰਦਨਦੀਪ ਨੇ ਸੰਸਥਾ ਦੀ ਲਗਾਤਾਰ ਅਧਿਆਪਕ ਵਿਕਾਸ ਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ।ਉਨ੍ਹਾਂ ਕਿਹਾ ਕਿ ਅਧਿਆਪਕ ਸਿਰਫ਼ ਅਕਾਦਮਿਕ ਸਫਲਤਾ ਹੀ ਨਹੀਂ, ਸਗੋਂ ਭਵਿੱਖ ਦੇ ਚੰਗੇ ਨਾਗਰਿਕ ਤਿਆਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।ਸਕੂਲ ਪ੍ਰਬੰਧਨ ਵੱਲੋਂ ਸ੍ਰੀ ਆਮਿਰ ਦਾ ਪ੍ਰੇਰਣਾਦਾਇਕ ਤੇ ਵਿਚਾਰਉਤਪਾਦਕ ਸੈਸ਼ਨ ਲਈ ਧੰਨਵਾਦ ਪ੍ਰਗਟ ਕੀਤਾ ਗਿਆ।ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਐੱਸ ਆਰ ਐੱਸ ਵਿੱਦਿਆਪੀਠ ਦੀ ਉਸ ਦ੍ਰਿਸ਼ਟੀ ਨੂੰ ਹੋਰ ਮਜ਼ਬੂਤ ਕਰਦੀਆਂ ਹਨ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਨੈਤਿਕ ਤੌਰ 'ਤੇ ਮਜ਼ਬੂਤ, ਭਾਵਨਾਤਮਕ ਤੌਰ 'ਤੇ ਸੰਵੇਦਨਸ਼ੀਲ ਤੇ ਭਵਿੱਖ ਲਈ ਤਿਆਰ ਨਾਗਰਿਕ ਬਣਾਉਣਾ ਹੈ।

# ਅੱਸੀ ਲੀਟਰ ਲਾਹਣ ਸਮੇਤ ਕਾਬੂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪੰਜਾਬ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਤਹਿਤ ਪੁਲਸ ਚੌਕੀ ਬਾਦਸ਼ਾਹਪੁਰ ਦੀ ਪੁਲਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ 80 ਲੀਟਰ ਲਾਹਣ ਨਾਲ ਰੰਗੇ ਹੱਥੀਂ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਥਾਣਾ ਘੱਗਾ ਦੇ ਇੰਚਾਰਜ ਜੈਦੀਪ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਚੌਕੀ ਬਾਦਸ਼ਾਹਪੁਰ ਦੇ ਇੰਚਾਰਜ ਸਬ ਇੰਸਪੈਕਟਰ ਨਿਸ਼ਾਨ ਸਿੰਘ ਵੱਲੋਂ ਮੁਖਬਰੀ ਦੇ ਅਧਾਰ ਉੱਤੇ ਏਐੱਸਆਈ ਪਰਮਜੀਤ ਸਿੰਘ ਪਿੰਡ ਸਿਉਨਾ ਵਿਖੇ ਸੁਰਜੀਤ ਸਿੰਘ ਦੇ ਘਰ ਛਾਪੇਮਾਰੀ ਕਰਕੇ ਘਰ ਵਿੱਚੋਂ 80 ਲੀਟਰ ਲਾਹਣ ਬਰਾਮਦ ਹੋਣ 'ਤੇ ਉਸ ਨੂੰ ਕਾਬੂ ਕੀਤਾ ਗਿਆ ਹੈ।ਇਸ ਦੌਰਾਨ ਸਬ ਇੰਸਪੈਕਟਰ ਨਿਸ਼ਾਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਮਾੜੇ ਅਨਸਰਾਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਉਹ ਬਾਜ ਆ ਜਾਣ ਨਹੀਂ ਤਾਂ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।

# ਐਵੇਂਡਸ ਵੈਲਥ-ਹੁਰੂਨ ਇੰਡੀਆ ਅੰਡਰ-30 ਦੀ 2026 ਸੂਚੀ 'ਚ ਮਸ਼ਹੂਰ ਨੌਜਵਾਨ ਕਾਰੋਬਾਰੀ ਕੁਸ਼ਲ ਮਿੱਤਲ ਵੀ ਸ਼ਾਮਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਅੰਤਰਰਾਸ਼ਟਰੀ ਪੱਧਰ 'ਤੇ ਵਿੱਤੀ ਖੇਤਰ 'ਚ ਜਾਣੀ ਪਹਿਚਾਣੀ ਸੰਸਥਾ ਐਵੇਂਡਸ ਗਰੁੱਪ ਵੱਲੋਂ ਸਾਲ 2026 ਲਈ ਐਵੇਂਡਸ ਵੈਲਥ-ਹੁਰੂਨ ਇੰਡੀਆ ਅੰਡਰ-30, ਸਾਲ 2026 ਦੀ ਸੂਚੀ 'ਚ ਜਿਹੜੇ ਦੇਸ਼ ਭਰ ਵਿੱਚੋਂ 102 ਨੌਜਵਾਨ ਉੱਦਮੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਉਸ 'ਚ ਬਠਿੰਡਾ ਦੇ ਮਸ਼ਹੂਰ ਨੌਜਵਾਨ ਕਾਰੋਬਾਰੀ ਤੇ ਬੀਸੀਐੱਲ ਇੰਡਸਟਰੀਜ਼ ਲਿਮਟਿਡ ਬਠਿੰਡਾ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਦਾ ਨਾਮ ਵੀ ਸ਼ਾਮਲ ਹੈ।ਇਹ ਨਾ ਸਿਰਫ਼ ਬਠਿੰਡਾ, ਬਲਕਿ ਪੂਰੇ ਸੂਬੇ ਲਈ ਮਾਣ ਵਾਲੀ ਗੱਲ ਹੈ ਕਿ ਇਸ ਵਾਰ ਐਵੇਂਡਸ ਵੈਲਥ-ਹੁਰੂਨ ਇੰਡੀਆ ਅੰਡਰ- 30, 2026 'ਚ ਉਨ੍ਹਾਂ ਦੇ ਨਾਮ ਨੂੰ ਸ਼ਾਮਲ ਕੀਤਾ ਗਿਆ ਹੈ।ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਦਾ ਨਾਮ ਇਸ ਸੂਚੀ 'ਚ ਸ਼ਾਮਲ ਹੋਣ 'ਤੇ ਜਿੱਥੇ ਉਕਤ ਉਦਯੋਗਿਕ ਇਕਾਈ ਦੇ ਵੱਖ ਵੱਖ ਯੂਨਿਟਾਂ 'ਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਉਥੇ ਹੀ ਇਲਾਕੇ ਦੇ ਕਾਰੋਬਾਰੀਆਂ ਵੱਲੋਂ ਵੀ ਇਸ ਨੂੰ ਕਾਫੀ ਮਾਣ ਵਾਲੀ ਗੱਲ ਦੱਸਿਆ ਜਾ ਰਿਹਾ ਹੈ।ਦੱਸਣਯੋਗ ਹੈ ਕਿ ਐਵੇਂਡਸ ਵੈਲਥ-ਹੁਰੂਨ ਇੰਡੀਆ ਵੱਲੋਂ ਹਰ ਸਾਲ 30 ਸਾਲ ਤੇ ਇਸ ਤੋਂ ਘੱਟ ਉਮਰ ਦੇ ਪੂਰੇ ਭਾਰਤ ਦੇਸ਼ ਭਰ ਤੋਂ 102 ਅਜਿਹੇ ਨੌਜਵਾਨਾਂ ਕਾਰੋਬਾਰੀਆਂ ਤੇ ਉੱਦਮੀਆਂ ਦੇ ਨਾਮਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਆਪਣੇ ਉਦਯੋਗਿਕ ਖੇਤਰ 'ਚ ਆਪਣੀ ਮਿਹਨਤ ਦੇ ਨਾਲ ਆਪਣੇ ਕਾਰੋਬਾਰ 'ਚ ਮੱਲਾਂ ਮਾਰੀਆਂ ਹੋਣ ਅਤੇ ਭਾਰਤ ਦੇਸ਼ ਨੂੰ ਉਦਯੋਗਿਕ ਪੱਖ ਤੋਂ ਵੱਖ ਵੱਖ ਪਹਿਲੂਆਂ ਨਾਲ ਮਜ਼ਬੂਤ ਕੀਤਾ ਹੋਵੇ।ਇਸ ਮੌਕੇ ਬੋਲਦਿਆਂ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਨੇ ਜਿੱਥੇ ਸਬੰਧਤ ਸੰਸਥਾ ਦਾ ਇਸ ਮਾਣ ਸਨਮਾਨ ਲਈ ਧੰਨਵਾਦ ਕੀਤਾ ਤੇ ਭਵਿੱਖ 'ਚ ਵੀ ਆਪਣੀਆਂ ਕੋਸ਼ਿਸ਼ਾਂ ਨੂੰ ਇਸੇ ਤਰ੍ਹਾਂ ਮਿਹਨਤ ਨਾਲ ਜਾਰੀ ਰੱਖਣ ਦਾ ਵਿਸ਼ਵਾਸ ਦਿਵਾਇਆ।


ਦੱਸਣਯੋਗ ਹੈ ਕਿ ਐਵੇਂਡਸ ਗਰੁੱਪ ਇੱਕ ਵਿੱਤੀ ਸੇਵਾਵਾਂ ਵਾਲੀ ਮੋਹਰੀ ਫਰਮ ਹੈ, ਜਿਸ ਦੀ ਮੌਜੂਦਗੀ ਨਿਵੇਸ਼ ਬੈਂਕਿੰਗ, ਸੰਸਥਾਗਤ ਇਕੁਇਟੀ, ਵੈਲਥ ਮੈਨੇਜਮੈਂਟ, ਕ੍ਰੈਡਿਟ ਸਲਿਊਸ਼ਨ ਤੇ ਐਸੇਟ ਮੈਨੇਜਮੈਂਟ ਵਰਗੇ ਖੇਤਰਾਂ 'ਚ 1999 ਤੋਂ ਮੁੰਬਈ 'ਚ ਸ਼ੁਰੂ ਹੋਈ ਸੀ।ਅੱਜ ਇਹ ਸੰਸਥਾ ਭਾਰਤ, ਅਮਰੀਕਾ ਤੇ ਸਿੰਘਾਪੁਰ ਦੇ 11 ਤੋਂ ਵੱਧ ਸ਼ਹਿਰਾਂ 'ਚ ਮੌਜੂਦ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਮਰੀਜ਼ਾਂ ਦੀ ਵਿੱਤੀ ਮਦਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਨਵਤਾ ਦੀ ਸੇਵਾ ਲਈ ਸਮਰਪਤ ਡਾ. ਐੱਸ. ਪੀ. ਸਿੰਘ ਓਬਰਾਏ ਦੀ ਅਗਵਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਤੇ ਆਰਥਿਕ ਤੌਰ 'ਤੇ ਕਮਜ਼ੋਰ ਮਰੀਜ਼ਾਂ ਨੂੰ ਦਵਾਈਆਂ ਖ੍ਰੀਦਣ ਲਈ ਲਗਾਤਾਰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।ਇਸੇ ਲੜੀ ਤਹਿਤ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਤੇ ਡਾ. ਰਾਜਿੰਦਰ ਸਿੰਘ ਅਟਵਾਲ (ਸਲਾਹਕਾਰ, ਮੈਡੀਕਲ ਸੇਵਾਵਾਂ) ਦੀ ਰਹਿਨੁਮਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ 20 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖ੍ਰੀਦਣ ਲਈ ਕੁੱਲ 30 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ।ਜ਼ਿਲ੍ਹਾ ਪ੍ਰਧਾਨ ਅਰਵਿੰਦਰ ਪਾਲ ਸਿੰਘ ਚਾਹਲ (ਬੂੜਾ ਗੁੱਜਰ) ਨੇ ਦੱਸਿਆ ਕਿ ਇਨ੍ਹਾਂ ਮਰੀਜ਼ਾਂ ਕੋਲ ਡਾਕਟਰਾਂ ਵੱਲੋਂ ਲਿਖੀਆਂ ਦਵਾਈਆਂ ਦੀਆਂ ਪਰਚੀਆਂ ਤਾਂ ਹਨ, ਪਰ ਆਰਥਿਕ ਤੰਗੀ ਕਾਰਨ ਉਹ ਦਵਾਈਆਂ ਖ੍ਰੀਦਣ ਤੋਂ ਅਸਮਰੱਥ ਹਨ।ਅਜਿਹੇ ਹਾਲਤਾਂ ਵਿੱਚ ਕਈ ਮਰੀਜ਼ ਮਾਨਸਿਕ ਤਣਾਅ ਤੇ ਨਿਰਾਸ਼ਾ ਦਾ ਸ਼ਿਕਾਰ ਵੀ ਹੋ ਜਾਂਦੇ ਹਨ।ਉਨ੍ਹਾਂ ਕਿਹਾ ਕਿ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਸਮੇਂ-ਸਮੇਂ 'ਤੇ ਦਿੱਤੀ ਜਾਂਦੀ ਇਹ ਸਹਾਇਤਾ ਲੋੜਵੰਦ ਪਰਵਾਰਾਂ ਲਈ ਵੱਡਾ ਸਹਾਰਾ ਸਾਬਿਤ ਹੋ ਰਹੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ (ਸੇਵਾਮੁਕਤ ਪ੍ਰਿੰਸੀਪਲ), ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ (ਸੇਵਾਮੁਕਤ ਬੈਂਕ ਮੈਨੇਜਰ, ਮੀਤ ਪ੍ਰਧਾਨ), ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ (ਸੇਵਾਮੁਕਤ ਪ੍ਰਿੰਸੀਪਲ), ਬਰਨੇਕ ਸਿੰਘ (ਸੇਵਾਮੁਕਤ ਲੈਕਚਰਾਰ), ਸੋਮ ਨਾਥ, ਚਰਨਜੀਤ ਸਿੰਘ (ਮੈਂਬਰ ਬਲਾਕ ਸੰਮਤੀ), ਸੁਖਬੀਰ ਸਿੰਘ ਜੈਲਦਾਰ, ਗੁਰਚਰਨ ਸਿੰਘ (ਆਸਟਰੇਲੀਆ), ਜਸਬੀਰ ਸਿੰਘ (ਸੇਵਾਮੁਕਤ ਏਐੱਸਆਈ), ਗੁਰਜੀਤ ਸਿੰਘ ਜੀਤਾ ਤੇ ਸੁਖਦਰਸ਼ਨ ਸਿੰਘ ਬੇਦੀ (ਸੇਵਾਮੁਕਤ ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ) ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਕੈਬਨਿਟ ਮੰਤਰੀ ਨੇ ਮਲੋਟ 'ਚ ਲੋਕ ਮਿਲਣੀ ਦੌਰਾਨ ਸੁਣੀਆਂ ਸਮੱਸਿਆਵਾਂ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਭਲਾਈ ਮੰਤਰੀ ਪੰਜਾਬ ਨੇ ਸ਼ੁੱਕਰਵਾਰ ਆਪਣੇ ਵਿਧਾਨ ਸਭਾ ਹਲਕਾ ਮਲੋਟ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਲੋਕਾਂ ਵੱਲੋਂ ਰੱਖੀਆਂ ਗਈਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੇ ਜਾਇਜ਼ ਮਸਲਿਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇ, ਤਾਂ ਜੋ ਆਮ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ।ਇਸ ਮੌਕੇ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ ਤੇ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਹੋਰ ਲੋਕ ਭਲਾਈ ਸਕੀਮਾਂ ਤੇ ਸਹੂਲਤਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਦਾ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।

# ਮਾਵਾਂ-ਧੀਆਂ ਸਤਿਕਾਰ ਯੋਜਨਾ ਦੇ ਫਾਰਮ ਭਰਨ ਸਮੇਂ ਅਫ਼ਰਾ-ਤਫ਼ਰੀ

## ਤੇਜ਼ ਗਰਮੀ ਤੇ ਹੁੰਮਸ ਕਾਰਨ ਆਂਗਣਵਾੜੀ ਵਰਕਰ ਹੋਈ ਬੇਹੋਸ਼




ਫਾਰਮ ਭਰਨ ਸਮੇਂ ਗਰਮੀ ਤੇ ਸਾਹ ਘੁੱਟਣ ਕਾਰਨ ਬੇਹੋਸ਼ ਹੋਈ ਆਂਗਣਵਾੜੀ ਵਰਕਰ।

**ਰਾਏਕੋਟ (ਸੰਤੋਖ ਗਿੱਲ)**-ਸਥਾਨਕ ਸ੍ਰੀ ਦੁਰਗਾ ਸ਼ਕਤੀ ਮੰਦਰ ਵਿੱਚ ਸ਼ੁੱਕਰਵਾਰ ਨੂੰ 'ਮਾਂਵਾਂ-ਧੀਆਂ ਦਾ ਸਤਿਕਾਰ ਯੋਜਨਾ' ਲਈ ਅਰਜ਼ੀਆਂ ਦਾਖ਼ਲ ਕਰਨ ਦੀ ਪ੍ਰਕਿਰਿਆ ਦੌਰਾਨ ਅਫ਼ਰਾ-ਤਫ਼ਰੀ ਮੱਚ ਗਈ। ਫਾਰਮ ਭਰਨ ਆਈਆਂ ਔਰਤਾਂ ਨੇ ਪੱਖਪਾਤ ਤੇ ਦੁਰ-ਪ੍ਰਬੰਧਾਂ ਦੇ ਗੰਭੀਰ ਦੋਸ਼ ਲਗਾਏ।

ਭਿਆਨਕ ਗਰਮੀ, ਹੁੰਮਸ, ਲੰਬੀਆਂ ਕਤਾਰਾਂ ਤੇ ਪ੍ਰਬੰਧਾਂ ਵਿੱਚ ਗੰਭੀਰ ਖ਼ਾਮੀਆਂ ਕਾਰਨ ਇੱਕ ਆਂਗਣਵਾੜੀ ਵਰਕਰ ਕਾਮਨੀ ਸ਼ਰਮਾ ਦਮ ਘੁੱਟਣ ਕਾਰਨ ਬੇਹੋਸ਼ ਹੋ ਗਈ, ਜਿਸ ਕਾਰਨ ਔਰਤਾਂ ਵਿੱਚ ਗ਼ੁੱਸਾ ਹੋਰ ਵੀ ਭੜਕ ਗਿਆ। ਔਰਤਾਂ ਨੇ ਦੋਸ਼ ਲਾਏ ਕਿ ਉਨ੍ਹਾਂ ਤੋਂ ਟੋਕਨ ਖੋਹ ਕੇ ਪਾੜ ਦਿੱਤੇ ਗਏ ਤੇ ਨੰਬਰ ਬਦਲ ਦਿੱਤੇ ਗਏ।ਵਾਰਡ ਨੰਬਰ 8 ਦੀ ਵਸਨੀਕ ਰਾਧਾ ਨੇ ਦੋਸ਼ ਲਗਾਇਆ ਕਿ ਉਹ ਪਿਛਲੇ ਦੋ ਦਿਨਾਂ ਤੋਂ ਫਾਰਮ ਭਰਨ ਲਈ ਚੱਕਰ ਲਗਾ ਰਹੀ ਸੀ।ਸ਼ੁੱਕਰਵਾਰ ਨੂੰ ਲੰਬੇ ਇੰਤਜ਼ਾਰ ਤੋਂ ਬਾਅਦ ਉਸ ਨੂੰ ਟੋਕਨ ਮਿਲਿਆ, ਪਰ ਉਸ ਦੀ ਵਾਰੀ ਆਉਣ ਤੋਂ ਪਹਿਲਾਂ ਟੋਕਨ ਖੋਹ ਕੇ ਪਾੜ ਦਿੱਤਾ ਗਿਆ।ਇੱਕ ਹੋਰ ਔਰਤ ਨੇ ਵੀ ਕਿਹਾ ਕਿ ਉਸ ਦੇ ਟੋਕਨ 'ਤੇ ਪਹਿਲਾਂ 4 ਨੰਬਰ ਲਿਖਿਆ ਸੀ, ਪਰ ਵਾਰੀ ਆਈ ਤਾਂ ਟੋਕਨ ਖੋਹ ਲਿਆ ਗਿਆ ਤੇ ਉਸ 'ਤੇ 94 ਨੰਬਰ ਲਿਖ ਦਿੱਤਾ ਗਿਆ ਅਤੇ ਸ਼ਾਮ 4:30 ਵਜੇ ਆਨਲਾਈਨ ਪੋਰਟਲ ਬੰਦ ਹੋ ਗਿਆ ਆਖ ਕੇ ਵਾਪਸ ਭੇਜ ਦਿੱਤਾ।ਔਰਤਾਂ ਨੇ ਦੋਸ਼ ਲਾਇਆ ਕਿ ਮੰਦਰ ਕਮੇਟੀ ਦੇ ਮੁਖੀ ਤੇ ਆਮ ਆਦਮੀ ਪਾਰਟੀ ਦੇ ਆਗੂ ਮਨੋਹਰ ਲਾਲ ਲਾਡੀ ਵੱਲੋਂ ਭਰੇ ਅਤੇ ਦਸਖ਼ਤ ਕੀਤੇ ਫਾਰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਸੀ।ਸੰਪਰਕ ਕਰਨ 'ਤੇ ਮਨੋਹਰ ਲਾਲ ਲਾਡੀ ਨੇ ਸਾਰੇ ਦੋਸ਼ਾਂ ਨੂੰ ਨਕਾਰਿਆ ਤੇ ਕਿਸੇ ਨਾਲ ਵੀ ਵਿਤਕਰੇ ਦੀ ਗੱਲ ਤੋਂ ਇਨਕਾਰ ਕੀਤਾ।

# ਡੇਰਾ ਭਜਨਗੜ੍ਹ ਵਿਖੇ ਸਮਾਗਮਾਂ 'ਚ ਦੂਰ-ਦੁਰਾਡੇ ਤੋਂ ਪੁੱਜੀਆਂ ਸੰਗਤਾਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਇਲਾਕੇ ਦੀ ਸਿਰਮੌਰ ਧਾਰਮਿਕ ਸੰਸਥਾ ਡੇਰਾ ਸ੍ਰੀ ਭਜਨਗੜ੍ਹ ਗੋਲੂ ਕਾ ਮੋੜ ਵਿਖੇ ਡੇਰੇ ਦੇ ਸੰਸਥਾਪਕ ਸੰਤ ਸ਼੍ਰੀਮਾਨ 108 ਬਾਬਾ ਵਚਨ ਸਿੰਘ ਵੱਲੋਂ ਚਲਾਈ ਮਰਿਆਦਾ ਅਨੁਸਾਰ ਸਾਲਾਨਾ ਸਮਾਗਮਾਂ ਦੀ ਸ਼ੁਰੂਆਤ ਪਹਿਲੀ ਹਾੜ੍ਹ ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੇਰਾ ਭਜਨਗੜ੍ਹ ਦੇ ਗੱਦੀ ਨਸ਼ੀਨ ਸੰਤ ਬਾਬਾ ਰਜਿੰਦਰ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਮਾਗਮਾਂ ਦੀ ਸ਼ੁਰੂਆਤ ਪਹਿਲੀ ਹਾੜ੍ਹ ਤੋਂ ਕੀਤੀ ਗਈ ਹੈ।ਇਸ ਵਿੱਚ ਅੱਜ 10ਵੀਂ ਲੜੀ ਦੇ 10 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਹਨ ਅਤੇ 10 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ।ਇਸ ਮੌਕੇ ਬਾਬਾ ਬਚਨ ਸਿੰਘ ਸਕੀਦ ਅਕੈਡਮੀ ਦੇ ਵਿਦਿਆਰਥੀਆਂ ਤੇ ਸੰਤ ਬਾਬਾ ਰਜਿੰਦਰ ਸਿੰਘ ਵੱਲੋਂ ਸੰਗਤਾਂ ਨੂੰ ਗੁਰਬਾਣੀ ਦੇ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ ਗਿਆ।ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਲਗਵਾਈ, ਗੁਰੂ ਕੇ ਲੰਗਰ ਅਤੁੱਟ ਸੰਗਤਾਂ ਵਿੱਚ ਵਰਤਾਏ ਗਏ।

# ਕੌਂਸਲਰ ਅਮ੍ਰਿਤ ਪਾਲ ਨੇ ਸੁੰਦਰ ਨਗਰ 'ਚ ਨਵਾਂ ਟਰਾਂਸਫਾਰਮਰ ਰਖਵਾਇਆ



**ਕੋਟ ਈਸੇ ਖਾਂ (ਅਰੋੜਾ)**-ਕੋਟ ਈਸੇ ਖਾਂ ਦੇ ਵਾਰਡ ਨੰ. 4 ਤੋਂ ਕੌਂਸਲਰ ਅਮ੍ਰਿਤ ਪਾਲ (ਕਪਿਲ ਮਹਿਤਾ) ਦੇ ਯਤਨਾਂ ਸਦਕਾ ਗਰਮੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸੁੰਦਰ ਨਗਰ, ਗੁਰਦੁਆਰਾ ਕਲਗੀਧਰ ਸਾਹਿਬ ਦੇ ਨੇੜੇ ਨਵਾਂ ਟਰਾਂਸਫਾਰਮਰ ਲਗਾਇਆ ਗਿਆ।ਇਸ ਮੌਕੇ ਕੌਂਸਲਰ ਅਮ੍ਰਿਤ ਪਾਲ ਮਹਿਤਾ ਤੇ ਆਪ ਆਗੂ ਵਿਜੇ ਜਨੇਜਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗਰਮੀ ਦਾ ਮੌਸਮ ਹੋਣ ਕਰਕੇ ਵਾਰਡ ਵਾਸੀਆਂ ਨੂੰ ਲਾਈਟ ਸਬੰਧੀ ਬਹੁਤ ਮੁਸ਼ਕਲ ਆਉਂਦੀ ਸੀ, ਜਿਸ ਕਰਕੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਇਥੇ ਨਵਾਂ ਟਰਾਂਸਫਾਰਮਰ ਲਗਾਇਆ ਗਿਆ ਹੈ, ਜਿਸ ਨਾਲ ਹੋਣ ਲੋਡ ਵੰਡਿਆ ਗਿਆ ਹੈ ਤੇ ਬਿਜਲੀ ਸਪਲਾਈ ਨਿਰਵਿਘਨ ਚਲਦੀ ਰਹੇਗੀ। ਇਸ ਮੌਕੇ ਮਹੱਲਾ ਵਾਸੀਆਂ ਨੇ ਕੌਂਸਲਰ ਮਹਿਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਵਾਰਡ ਵਿੱਚ ਬਹੁਤ ਵਧੀਆ ਕੰਮ ਕੀਤਾ ਜਾ ਰਿਹਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ।ਇਸ ਮੌਕੇ ਕੌਂਸਲਰ ਅਮ੍ਰਿਤ ਪਾਲ ਤੇ ਵਿਜੇ ਜੁਨੇਜਾ ਨੇ ਵਿਧਾਇਕ ਲਾਡੀ ਢੋਸ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਵਿਧਾਇਕ ਲਾਡੀ ਢੋਸ ਦੀ ਅਗਵਾਈ ਹੇਠ ਵਾਰਡ ਵਿੱਚ ਵਿਕਾਸ ਦੇ ਕੰਮ ਕਰਵਾਏ ਜਾਣਗੇ ਅਤੇ ਵਾਰਡ ਵਾਸੀਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਸਮਾਜ ਸੇਵੀ ਰਮੇਸ਼ ਸ਼ਰਮਾ, ਬਿਜਲੀ ਬੋਰਡ ਤੇ ਕਰਮਚਾਰੀ ਜੱਸਾ ਸਿੰਘ, ਟੀਟੂ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਸਕੀਮ ਬਹਾਲੀ ਲਈ ਸੂਬਾਈ ਕਨਵੈਨਸ਼ਨ

■ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਕਨਵੈਨਸ਼ਨ 'ਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਭੇਜਣ ਦੇ ਬਾਵਜੂਦ ਰਹੇ ਗੈਰ-ਹਾਜ਼ਰ ■ 23 ਅਗਸਤ ਨੂੰ ਪੰਜਾਬ ਦੇ ਸਾਰੇ ਐੱਨ ਪੀ ਐੱਸ ਮੁਲਾਜ਼ਮ ਮੁੱਖ ਮੰਤਰੀ ਦੇ ਪਿੰਡ ਵੱਲ ਕਰਨਗੇ ਕੂਚ



**ਮੋਗਾ (ਇਕਬਾਲ ਸਿੰਘ ਖਹਿਰਾ)** ਪੰਜਾਬ ਵਿੱਚ ਐੱਨ ਪੀ ਐੱਸ ਖਿਲਾਫ ਲੜ ਰਹੀਆਂ ਮੁਲਾਜ਼ਮਾਂ ਦੀਆਂ ਤਿੰਨ ਪ੍ਰਮੁੱਖ ਜਥੇਬੰਦੀਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ, ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸਾਂਝੇ ਮੰਚ ਦੇ ਬੈਨਰ ਹੇਠ ਸਥਾਨਕ ਸ਼ਹੀਦ ਨਛੱਤਰ ਸਿੰਘ ਯਾਦਗਾਰੀ ਹਾਲ ਵਿਖੇ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਗਈ, ਜਿਸ ਦੀ ਅਗਵਾਈ ਮੁਲਾਜ਼ਮ ਆਗੂ ਜਸਵੀਰ ਸਿੰਘ ਤਲਵਾੜਾ, ਗੁਰਜੰਟ ਸਿੰਘ ਕੋਕਰੀ ਤੇ ਸੁਖਜੀਤ ਸਿੰਘ ਡਿੰਪੀ ਵੱਲੋਂ ਸਾਂਝੇ ਰੂਪ ਵਿੱਚ ਕੀਤੀ ਗਈ।ਆਗੂਆਂ ਨੇ ਦੱਸਿਆ ਕਿ ਇਸ ਕਨਵੈਨਸ਼ਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਵੀ ਜਥੇਬੰਦੀ ਵੱਲੋਂ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ ਤੇ ਉਨ੍ਹਾਂ ਦੀਆਂ ਕੁਰਸੀਆਂ ਵੀ ਸਟੇਜ ਉੱਤੇ ਲਗਾਈਆਂ ਗਈਆਂ ਸਨ ਤਾਂ ਜੋ ਪੰਜਾਬ ਦੇ ਐੱਨ ਪੀ ਐੱਸ ਦੀ ਸਕੀਮ ਤੋਂ ਪੀੜਤ ਪੰਜਾਬ ਦੇ ਲਗਭਗ ਢਾਈ ਲੱਖ ਮੁਲਾਜ਼ਮਾਂ ਨਾਲ ਨਿਆ ਹੋ ਸਕੇ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾ ਸਕੇ, ਪਰ ਮੁੱਖ ਮੰਤਰੀ ਤੇ ਵਿੱਤ ਮੰਤਰੀ ਵੱਲੋਂ ਮੁਲਾਜ਼ਮਾਂ ਦੇ ਸੱਦੇ ਨੂੰ ਸਵੀਕਾਰ ਨਾ ਕਰਕੇ ਮੁਲਾਜ਼ਮ ਤੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਮੁਲਾਜ਼ਮ ਆਗੂ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਸੰਗਤ ਰਾਮ, ਧਰਮਿੰਦਰ ਸਿੰਘ, ਜਗਸੀਰ ਸਿੰਘ ਢਿੱਲੋਂ, ਅਮਨਦੀਪ ਸਿੰਘ, ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਕਰਨ ਜੈਨ, ਜਰਨੈਲ ਸਿੰਘ, ਪੁਸ਼ਪਿੰਦਰ ਸਿੰਘ, ਸੁਖਦਰਸ਼ਨ ਸਿੰਘ, ਅਜੀਤ ਪਾਲ ਸਿੰਘ ਜੱਸੋਵਾਲ, ਜਸਵਿੰਦਰ ਸਿੰਘ ਜੱਸਾ ਨੇ ਪੰਜਾਬ ਸਰਕਾਰ ਤੇ ਦੋਸ਼ ਲਗਾਇਆ ਗਿਆ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਸਾਰੇ ਮੁਲਾਜ਼ਮਾਂ ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ।ਮੁਲਾਜ਼ਮ ਸੰਘਰਸ਼ਾਂ ਦੇ ਦਬਾਅ ਹੇਠ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਇੱਕ ਕਾਗਜ਼ੀ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪਰ ਉਸ ਸਮੇਂ ਦੂਜੇ ਰਾਜਾਂ ਦੀਆਂ ਵੋਟਾਂ ਸਮੇਂ ਉਨ੍ਹਾਂ ਰਾਜਾਂ ਦੇ ਮੁਲਾਜ਼ਮ ਵੋਟਰਾਂ ਨੂੰ ਭਰਮਾਉਣ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨੂੰ ਖੂਬ ਪ੍ਰਚਾਰਿਆ ਗਿਆ।ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਵਾ ਚਾਰ ਸਾਲਾਂ ਦੇ ਰਾਜ ਭਾਗ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਤੇ ਇੱਕ ਵੀ ਮੁਲਾਜ਼ਮ ਦਾ ਜੀ ਪੀ ਐੱਫ ਖਾਤਾ ਨਹੀਂ ਖੋਲ੍ਹਿਆ। ਨਵੀਂ ਭਰਤੀ ਕਰ ਰਹੇ ਮੁਲਾਜ਼ਮਾਂ ਉੱਪਰ ਵੀ ਨਵੀਂ ਪੈਨਸ਼ਨ ਸਕੀਮ ਹੀ ਲਾਗੂ ਕੀਤੀ ਜਾ ਰਹੀ ਹੈ।ਸਰਕਾਰ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਐੱਨ ਪੀ ਐੱਸ ਪੀੜਤ ਮੁਲਾਜ਼ਮ ਹੁਣ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਲੜਨ ਲਈ ਤਿਆਰ ਬੈਠੇ ਹਨ।ਕਨਵੈਨਸ਼ਨ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਸਮੂਹ ਐੱਨ ਪੀ ਐੱਸ ਮੁਲਾਜ਼ਮ 23 ਅਗਸਤ 2026 ਨੂੰ ਮੁੱਖ ਮੰਤਰੀ ਪੰਜਾਬ ਦੇ ਪਿੰਡ ਸਤੌਜ ਵੱਲ ਪਰਵਾਰਾਂ ਸਮੇਤ ਵੱਡੀ ਗਿਣਤੀ ਵਿੱਚ ਕੂਚ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਵਦੀਪ ਸਿੰਘ ਤਰਨ ਤਾਰਨ, ਰਣਜੀਤ ਸਿੰਘ ਕਾਹਲੋਂ, ਕਰਮਜੀਤ ਸਿੰਘ, ਬਿਕਰਮਜੀਤ ਸਿੰਘ ਕਦੋਂ, ਪਰਮਿੰਦਰਪਾਲ ਸਿੰਘ ਕਾਲੀਆ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਜੋਗਿੰਦਰ ਸਿੰਘ, ਜੱਜਪਲ ਸਿੰਘ, ਗੁਰਮੀਤ ਸਿੰਘ, ਸਤਨਾਮ ਸਿੰਘ, ਇਕਬਾਲ ਸਿੰਘ, ਧਰਮਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਛਲੇੜੀ ਕਲਾਂ ਦੀ ਪੰਚਾਇਤੀ ਜ਼ਮੀਨ ਦਾ ਵਿਵਾਦ ਸੁਲਝਿਆ, ਡੀਡ ਰੱਦ ਕਰਵਾਈ

**ਹਮੇਸ਼ਾ ਆਪਣੇ ਲੋਕਾਂ ਦੇ ਨਾਲ ਖੜੇ ਹਾਂ ਤੇ ਖੜੇ ਰਹਾਂਗੇ : ਵਿਧਾਇਕ ਰਾਏ**



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਪਿੰਡ ਛਲੇੜੀ ਕਲਾਂ ਦੀ ਪੰਚਾਇਤੀ ਜ਼ਮੀਨ ਦਾ ਉਲਝਿਆ ਮਾਮਲਾ ਸੁਲਝ ਗਿਆ ਹੈ। ਵਿਧਾਇਕ ਲਖਬੀਰ ਸਿੰਘ ਰਾਏ ਦੇ ਦਖਲ ਉਪਰੰਤ ਪੱਟਨਾਮਾ ਰੱਦ ਕਰ ਦਿੱਤਾ ਗਿਆ ਹੈ।ਇਹ ਜਾਣਕਾਰੀ ਵਿਧਾਇਕ ਲਖਬੀਰ ਸਿੰਘ ਰਾਏ ਨੇ ਪਿੰਡ ਛਲੇੜੀ ਕਲਾਂ ਵਿਖੇ ਪਿੰਡ ਵਾਸੀਆਂ ਦੀ ਰੱਖੀ ਗਈ ਮੀਟਿੰਗ ਦੇ ਵਿੱਚ ਦਿੱਤੀ।ਇਸ ਉਪਰੰਤ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਸਿਰੋਪਾਓ ਦੇ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰਾਏ ਨੇ ਕਿਹਾ ਕਿ ਪਿਛਲੇ ਦਿਨੀਂ ਛਲੇੜੀ ਕਲਾਂ ਦੀ ਜ਼ਮੀਨ ਨੂੰ ਲੈ ਕੇ ਜੋ ਝਗੜਾ ਚੱਲ ਰਿਹਾ ਸੀ, ਉਹ ਹੁਣ ਮੁੱਕ ਗਿਆ ਹੈ।ਛਲੇੜੀ ਕਲਾਂ ਵਾਸੀ ਭਲੀ ਭਾਂਤ ਜਾਣਦੇ ਹਨ ਕਿ ਉਨ੍ਹਾਂ ਦਾ ਵਿਧਾਇਕ ਹਮੇਸ਼ਾ ਹੀ ਉਨ੍ਹਾਂ ਦੇ ਨਾਲ ਖੜਾ ਹੈ ਅਤੇ ਖੜਾ ਰਹੇਗਾ।ਉਨ੍ਹਾਂ ਦੇ ਹੱਕ ਬਚਾਉਣ ਖਾਤਰ ਹਰ ਸੰਭਵ ਉਪਰਾਲਾ ਕਰਦੇ ਰਹਾਂਗੇ।ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕ ਭਲੀ ਭਾਂਤ ਜਾਣਦੇ ਹਨ ਕਿ ਲਖਬੀਰ ਸਿੰਘ ਰਾਏ ਕਦੇ ਵੀ ਆਪਣੇ ਸਵਾਰਥ ਖਾਤਰ ਕਿਸੇ ਦਾ ਨੁਕਸਾਨ ਨਹੀਂ ਕਰਦਾ ਅਤੇ ਨਾ ਹੀ ਕਰੇਗਾ।ਵਿਰੋਧੀ ਪਾਰਟੀਆਂ ਵੱਲੋਂ ਉਕਤ ਮਾਮਲੇ ਨੂੰ ਮੇਰੇ ਨਾਲ ਜੋੜ ਕੇ ਖੂਬ ਪ੍ਰਚਾਰ ਕੀਤਾ ਗਿਆ, ਜਦਕਿ ਉਸ ਦਿਨ ਮੈਂ ਨਗਰ ਕੌਂਸਲ ਸਰਹੰਦ ਦੀ ਪ੍ਰਧਾਨਗੀ ਵਾਲੇ ਮਾਮਲੇ ਵਿੱਚ ਲੱਗਿਆ ਹੋਇਆ ਸੀ।

ਅਗਲੇ ਹੀ ਦਿਨ ਉਕਤ ਮਾਮਲੇ ਨੂੰ ਮੈਂ ਆਪਣੇ ਤੌਰ 'ਤੇ ਨਜਿੱਠਿਆ ਤੇ ਚਾਰ ਦਿਨਾਂ ਵਿੱਚ ਉਸ ਦਾ ਹੱਲ ਕਰ ਦਿੱਤਾ।ਉਨ੍ਹਾਂ ਕਿਹਾ ਕਿ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਵਿਰੋਧੀ ਪਾਰਟੀਆਂ ਕੋਲ ਕੋਈ ਮੁੱਦਾ ਹੀ ਨਹੀਂ, ਜਿਸ ਦੇ ਆਧਾਰ 'ਤੇ ਵੋਟ ਮੰਗ ਸਕਣ।ਕੇਵਲ ਤੇ ਕੇਵਲ ਪੰਜਾਬ ਸਰਕਾਰ ਦੇ ਉਲਟ ਧਰਨੇ ਮੁਜ਼ਾਹਰੇ ਕਰਕੇ ਹੀ ਡੰਗ ਟਪਾ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਡਾ. ਗੁਰਦੀਪ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ, ਮਨਦੀਪ ਸਿੰਘ ਪੋਲਾ ਆਦਿ ਹਾਜ਼ਰ ਸਨ।

# ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਸੂਬਾ ਪੱਧਰੀ ਰੋਸ ਮੁਜ਼ਾਹਰਾ

■ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਵੱਲ ਰੋਸ ਮਾਰਚ
■ ਪ੍ਰਸ਼ਾਸਨ ਨੇ 14 ਨੂੰ ਕੈਬਨਿਟ ਸਬ-ਕਮੇਟੀ ਨਾਲ ਮੀਟਿੰਗ ਤੈਅ ਕਰਵਾਈ



**ਸੰਗਰੂਰ (ਪ੍ਰਵੀਨ ਸਿੰਘ)**-ਤਿੰਨ ਸਾਲ ਦੀ ਨੌਕਰੀ ਪੂਰੀ ਕਰ ਚੁੱਕੇ ਸਮੂਹ ਮੁਲਾਜ਼ਮਾਂ ਨੂੰ ਪੂਰੇ ਸਕੇਲਾਂ ਵਿੱਚ ਪੱਕੇ ਕਰਵਾਉਣ, ਜੰਗਲਾਤ ਤੇ ਜੰਗਲੀ ਜੀਵ ਵਿਭਾਗ ਦੇ ਫੀਲਡ ਵਰਕਰਾਂ ਦੇ ਕੰਮ ਨੂੰ ਖ਼ਤਰੇ ਵਾਲੇ ਕੰਮਾਂ ਦੀ ਸੂਚੀ ਵਿੱਚ ਸ਼ਾਮਲ ਕਰਕੇ ਤਿੰਨ ਸਾਲ ਦੀ ਸੇਵਾ ਪੂਰੀ ਕਰ ਚੁੱਕੇ ਸਮੂਹ ਪੜ੍ਹੇ ਲਿਖੇ ਤੇ ਅਨਪੜ੍ਹ ਵਰਕਰਾਂ ਨੂੰ ਰੈਗੂਲਰ ਕਰਵਾਉਣ, ਮੁਲਾਜ਼ਮਾਂ ਦੀ ਸੀਨੀਆਰਤਾ ਤੈਅ ਕਰਨ ਲਈ ਮਹੀਨੇ ਵਿੱਚ 26 ਦੀ ਬਜਾਏ 30 ਦਿਨ ਦਿਨ ਗਿਣਵਾਏ ਜਾਣ, ਮੁਲਾਜ਼ਮਾਂ ਦੀ ਸੀਨੀਆਰਤਾ ਵਿਚਲੀਆਂ ਤਰੁੱਟੀਆਂ ਦੂਰ ਕਰਵਾਉਣ, ਅੱਧੇ-ਅਧੂਰੇ ਰੂਪ ਵਿੱਚ ਰੈਗੂਲਰ ਕੀਤੇ ਮੁਲਾਜ਼ਮਾਂ ਉੱਤੇ ਸਿਵਲ ਸਰਵਿਸਜ਼ ਰੂਲਜ਼ ਤੇ ਪੰਜਾਬ ਦਾ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਵਾਉਣ, ਪੰਜਾਬ ਸਰਕਾਰ ਦੇ ਨਿਯਮਾਂ ਤਹਿਤ ਚੌਥਾ ਦਰਜਾ ਜੰਗਲਾਤ ਮੁਲਾਜ਼ਮਾਂ ਦੀ ਸੇਵਾ ਮੁਕਤੀ 58 ਦੀ ਬਜਾਏ 60 ਸਾਲ ਕਰਵਾਉਣ ਆਦਿ ਮੰਗਾਂ ਦੀ ਪੂਰਤੀ ਕਰਵਾਉਣ ਲਈ ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਸਥਾਨਕ ਧੂਰੀ ਰੋਡ 'ਤੇ ਸੂਬਾ ਪੱਧਰੀ ਰੋਸ ਧਰਨਾ ਦੇਣ ਉਪਰੰਤ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਵੱਲ ਰੋਸ ਮਾਰਚ ਕੀਤਾ ਗਿਆ।

ਰੈਲੀ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਯੋਧਾਨਗਰੀ, ਜਨਰਲ ਸਕੱਤਰ ਬਲਵੀਰ ਸਿਵੀਆ ਤੇ ਵਿੱਤ ਸਕੱਤਰ ਬਲਵੀਰ ਗਿੱਲਾਂਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੰਮੇ ਸਮੇਂ ਤੋਂ ਨੌਕਰੀ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਅਤੇ ਜਿਹੜੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਹੈ, ਉਨ੍ਹਾਂ ਨੂੰ ਵੀ ਪੱਕੇ ਮੁਲਾਜ਼ਮ ਵਾਲੀ ਕੋਈ ਸਹੂਲਤ ਨਹੀਂ ਦਿੱਤੀ ਗਈ।

ਉਨ੍ਹਾਂ ਆਖਿਆ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਗਰੰਟੀ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕੇਵਲ ਮੀਟਿੰਗਾਂ ਕਰਕੇ ਟਾਇਮ ਟਪਾਇਆ ਜਾ ਰਿਹਾ ਹੈ, ਪਰ ਕਿਸੇ ਵੀ ਮੰਗ ਦਾ ਹੱਲ ਨਹੀਂ ਕੀਤਾ ਜਾ ਰਿਹਾ।ਜਥੇਬੰਦੀ ਦੇ ਆਗੂਆਂ ਜਗੀਰ ਸਿੰਘ ਦਸੂਹਾ, ਜਤਿੰਦਰ ਸਿੰਘ ਮਲੋਟ, ਗੁਰਪ੍ਰੀਤ ਸਿੰਘ ਮੋਗਾ ਤੇ ਹਰਿੰਦਰ ਕੁਮਾਰ ਐਮਾ ਨੇ ਆਖਿਆ ਕਿ ਵਿਭਾਗ ਵੱਲੋਂ ਉਨ੍ਹਾਂ ਦੀ ਸੀਨੀਆਰਤਾ ਤੈਅ ਕਰਨ ਵੇਲੇ ਨਾ ਮਹੀਨੇ ਦੇ ਪੂਰੇ ਦਿਨ ਗਿਣੇ ਜਾ ਰਹੇ ਹਨ ਤੇ ਨਾ ਹੀ ਸਰਵਿਸ ਰਿਕਾਰਡ ਵਿਚਲੀਆਂ ਤਰੁੱਟੀਆਂ ਨੂੰ ਦੂਰ ਕੀਤਾ ਜਾ ਰਿਹਾ ਹੈ।ਜਥੇਬੰਦੀ ਦੇ ਆਗੂਆਂ ਗੁਰਵਿੰਦਰ ਸਿੰਘ ਮਚਾਕੀ, ਮਹਿੰਦਰਪਾਲ ਦਸੂਹਾ, ਬਲਵਿੰਦਰ ਸਿੰਘ ਗੰਡੀਵਿੰਡ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਜਲਦੀ ਉਨ੍ਹਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਜੰਗਲਾਤ ਮੁਲਾਜ਼ਮਾਂ ਦੇ ਸਮਰਥਨ ਵਿੱਚ ਪੁੱਜੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਜਨਰਲ ਸਕੱਤਰ ਹਰਦੀਪ ਟੋਡਰਪੁਰ, ਸੂਬਾਈ ਆਗੂਆਂ ਮੇਘ ਰਾਜ, ਬਲਜਿੰਦਰ ਪ੍ਰਭੂ, ਗੁਰਜੀਤ ਘੱਗਾ, ਹਰਜੀਤ ਸਿੰਘ ਵਾਲੀਆ ਤੇ ਬੱਬਣਪਾਲ ਸੰਗਰੂਰ ਤੋਂ ਇਲਾਵਾ ਸ਼ਿਵਦਿਆਲ, ਪ੍ਰਤਾਪ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਨੌਜਵਾਨ ਨੇ ਕੀਤੀ ਖੁਦਕੁਸ਼ੀ



**ਬਰੇਟਾ (ਰੀਤਵਾਲ)**-ਪਿੰਡ ਕੁਲਰੀਆਂ ਵਿੱਚ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ, ਜਦੋਂ ਇੱਕ ਨੌਜਵਾਨ ਨੇ ਗਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।ਮ੍ਰਿਤਕ ਦੀ ਪਛਾਣ ਜ਼ੋਰਾਵਰ ਸਿੰਘ (22) ਵਾਸੀ ਕੁਲਰੀਆਂ ਵਜੋਂ ਹੋਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਰੀਆਂ ਪੁਲਸ ਚੌਕੀ ਦੇ ਇੰਚਾਰਜ ਗੁਰਮੇਲ ਸਿੰਘ ਨੇ ਦੱਸਿਆ ਕਿ ਬੀਤੀ ਵੀਰਵਾਰ ਦੀ ਰਾਤ ਨੌਜਵਾਨ ਜ਼ੋਰਾਵਰ ਸਿੰਘ ਨੇ ਆਪਣੇ ਘਰ ਵਿੱਚ ਗਲ ਫਾਹਾ ਲਗਾ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ।ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਮ੍ਰਿਤਕ ਦੀ ਮਾਤਾ ਚਰਨਜੀਤ ਕੌਰ ਵੱਲੋਂ ਬਿਆਨਾਂ 'ਚ ਲਿਖਵਾਇਆ ਗਿਆ ਹੈ ਕਿ ਮੇਰੇ ਪੁੱਤ ਨੂੰ ਪਿੰਡ ਦੇ ਕੁਝ ਵਿਅਕਤੀਆਂ ਵੱਲੋਂ ਜ਼ਮੀਨੀ ਮਾਮਲੇ ਨੂੰ ਲੈ ਕੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ, ਜਿਸ ਨੂੰ ਲੈ ਕੇ ਉਹ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗ ਪਿਆ।ਇਸ ਪ੍ਰੇਸ਼ਾਨੀ ਦੇ ਚੱਲਦਿਆਂ ਉਸ ਨੇ ਮੌਤ ਨੂੰ ਗਲ਼ ਲਗਾ ਲਿਆ।ਚੌਕੀ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਇਸ ਸੰਬੰਧ 'ਚ ਮਾਮਲਾ ਦਰਜ ਕਰ ਲਿਆ ਹੈ।

### 15 ਗ੍ਰਾਮ ਹੈਰੋਇਨ ਸਮੇਤ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਨਸ਼ਾ ਤਸਕਰੀ ਖ਼ਿਲਾਫ਼ ਕਾਰਵਾਈ ਕਰਦਿਆਂ ਇੱਕ ਨੌਜਵਾਨ ਨੂੰ 15 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ।ਐੱਸ ਐੱਚ ਓ ਰਾਜਬੀਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਤੇ ਗਸ਼ਤ ਦੇ ਸਬੰਧ ਵਿੱਚ ਪਿੰਡ ਉਦੇਕਰਨ, ਥਾਂਦੇਵਾਲਾ ਤੇ ਚੜੇਵਾਨ ਵੱਲ ਜਾ ਰਹੇ ਸਨ।ਜਦੋਂ ਪੁਲਸ ਪਾਰਟੀ ਕੋਟਕਪੂਰਾ ਰੋਡ 'ਤੇ ਥਾਂਦੇਵਾਲਾ ਵੱਲ ਥੋੜ੍ਹਾ ਅੱਗੇ ਪੁੱਜੀ ਤਾਂ ਸਾਹਮਣੇ ਇੱਕ ਮੋਨਾ ਨੌਜਵਾਨ ਖੱਬੇ ਹੱਥ ਵਿੱਚ ਕੋਈ ਵਸਤੂ ਫੜੇ ਸ਼ੱਕੀ ਹਾਲਤ ਵਿੱਚ ਤੁਰਦਾ ਦਿਖਾਈ ਦਿੱਤਾ।ਪੁਲਸ ਦੀ ਗੱਡੀ ਨੂੰ ਦੇਖ ਕੇ ਨੌਜਵਾਨ ਤੁਰੰਤ ਪਿੰਡ ਉਦੇਕਰਨ ਵੱਲ ਮੁੜ ਪਿਆ।ਸ਼ੱਕ ਦੇ ਆਧਾਰ 'ਤੇ ਪੁਲਸ ਨੇ ਉਸ ਨੂੰ ਰੋਕ ਕੇ ਤਲਾਸ਼ੀ ਲਈ, ਜਿਸ ਦੌਰਾਨ ਉਸ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ।ਮੁਲਜ਼ਮ ਦੀ ਪਛਾਣ ਲਵਕਰਨ ਸਿੰਘ ਉਰਫ਼ ਲਵ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਚੜੇਵਾਨ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ।ਪੁਲਸ ਨੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਥਾਣਾ ਬਰੀਵਾਲਾ ਦੀ ਪੁਲਸ ਨੇ ਨਸ਼ਾ ਤਸਕਰੀ ਖ਼ਿਲਾਫ਼ ਕਾਰਵਾਈ ਕਰਦਿਆਂ ਇੱਕ ਨੌਜਵਾਨ ਨੂੰ 20 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ।ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਹੈ।ਏ ਐੱਸ ਆਈ ਰਾਜਪਾਲ ਸਿੰਘ (ਨੰ. 498/ਐੱਸ) ਨੇ ਦੱਸਿਆ ਕਿ ਬਾਹੱਦ ਰਕਬਾ ਪਿੰਡ ਹਰੀਕੇ ਕਲਾਂ ਵਿਖੇ ਕਾਰਵਾਈ ਦੌਰਾਨ ਮੋਹਿਤ ਕੁਮਾਰ ਪੁੱਤਰ ਪਰਵੀਨ ਕੁਮਾਰ ਵਾਸੀ ਹਰੀਕੇ ਕਲਾਂ ਨੂੰ ਕਾਬੂ ਕੀਤਾ ਗਿਆ।ਤਲਾਸ਼ੀ ਦੌਰਾਨ ਮੁਲਜ਼ਮ ਕੋਲੋਂ 2 ਪੱਤੇ, ਹਰੇਕ ਵਿੱਚ 10-10 ਗੋਲੀਆਂ, ਕੁੱਲ 20 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਬਰਾਮਦਗੀ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਮੋਗਾ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਜਨਰਲ ਬਾਡੀ ਦੀ ਮੀਟਿੰਗ

**ਨਵੀਂ ਕਾਰਜਕਾਰਨੀ ਦੀ ਤਾਜਪੋਸ਼ੀ ਦੌਰਾਨ ਪੰਜਾਬ ਫੋਟੋ ਫੇਅਰ ਦਾ ਪੋਸਟਰ ਜਾਰੀ**



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਪ੍ਰਧਾਨ ਰਾਕੇਸ਼ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਨਵੀਂ ਚੁਣੀ ਗਈ ਕਾਰਜਕਾਰਨੀ ਦਾ ਤਾਜਪੋਸ਼ੀ ਸਮਾਗਮ ਕਰਵਾਇਆ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਵੱਖ-ਵੱਖ ਅਹਿਮ ਮੁੱਦਿਆਂ 'ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਮੈਂਬਰਾਂ ਵੱਲੋਂ ਦਿੱਤੇ ਗਏ ਕੀਮਤੀ ਸੁਝਾਵਾਂ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।ਮੀਟਿੰਗ ਦੌਰਾਨ 7 ਤੇ 8 ਅਗਸਤ ਨੂੰ ਕਰਵਾਏ ਜਾ ਰਹੇ ਅੰਤਰਰਾਸ਼ਟਰੀ ਪੱਧਰ ਦੇ ਫੋਟੋਗ੍ਰਾਫੀ ਬ੍ਰਾਂਡਾਂ ਦੀ ਵਿਸ਼ਾਲ ਪ੍ਰਦਰਸ਼ਨੀ 'ਪੰਜਾਬ ਫੋਟੋ ਫੇਅਰ' ਦਾ ਅਧਿਕਾਰਕ ਪੋਸਟਰ ਵੀ ਜਾਰੀ ਕੀਤਾ ਗਿਆ।ਇਸ ਤੋਂ ਇਲਾਵਾ ਸਾਵਣ ਦੇ ਪਵਿੱਤਰ ਮਹੀਨੇ ਨੂੰ ਸਮਰਪਤ ਪਰਿਵਾਰਕ ਤੀਜ ਉਤਸਵ ਮਨਾਉਣ ਦੀ ਰੂਪ-ਰੇਖਾ ਨੂੰ ਵੀ ਅੰਤਿਮ ਰੂਪ ਦਿੱਤਾ ਗਿਆ। ਐਸੋਸੀਏਸ਼ਨ ਦੇ ਜਨਰਲ ਸਕੱਤਰ ਰਜਨੀਸ਼ ਕੁਮਾਰ ਖੁਰਾਣਾ (ਡਿੰਪਲ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੀਜ ਸਮਾਗਮ ਦੌਰਾਨ 'ਮਿਸ ਤੀਜ' ਮੁਕਾਬਲਾ ਕਰਵਾਇਆ ਜਾਵੇਗਾ।ਇਸ ਤੋਂ ਇਲਾਵਾ ਬੱਚਿਆਂ, ਮਹਿਲਾਵਾਂ ਤੇ ਸਾਰੇ ਮੈਂਬਰਾਂ ਲਈ ਵੱਖ-ਵੱਖ ਮਨੋਰੰਜਕ ਖੇਡਾਂ, ਸੱਭਿਆਚਾਰਕ ਤੇ ਰੰਗਾਰੰਗ ਪ੍ਰੋਗਰਾਮ ਵੀ ਕਰਵਾਏ ਜਾਣਗੇ, ਤਾਂ ਜੋ ਸਾਰੇ ਪਰਿਵਾਰ ਇਕੱਠੇ ਇਸ ਸਮਾਗਮ ਦਾ ਆਨੰਦ ਮਾਣ ਸਕਣ।ਇਸ ਮੌਕੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਆਈ. ਡੀ. ਕਾਰਡ ਤੇ ਸਰਟੀਫਿਕੇਟ ਵੀ ਵੰਡੇ ਗਏ। ਤਾਜਪੋਸ਼ੀ ਸਮਾਗਮ ਵਿੱਚ ਪ੍ਰਧਾਨ ਰਾਕੇਸ਼ ਸਿੰਗਲਾ, ਜਨਰਲ ਸਕੱਤਰ ਰਜਨੀਸ਼ ਕੁਮਾਰ ਖੁਰਾਣਾ (ਡਿੰਪਲ), ਕੈਸ਼ੀਅਰ ਹਰਜਸਪ੍ਰੀਤ ਸਿੰਘ, ਸੀਨੀਅਰ ਵਾਈਸ ਪ੍ਰਧਾਨ ਸੰਜੀਵ ਸ਼ਰਮਾ, ਵਾਈਸ ਪ੍ਰਧਾਨ ਰੋਹਿਤ ਸ਼ਰਮਾ, ਵਾਈਸ ਪ੍ਰਧਾਨ ਸਤਨਾਮ ਸਿੰਘ, ਪੀ.ਆਰ.ਓ. ਜਸਵਿੰਦਰ ਸਿੰਘ (ਜੱਸਾ), ਜੁਆਇੰਟ ਸਕੱਤਰ ਅਮਿਤ ਮਿੱਤਲ, ਜੁਆਇੰਟ ਸਕੱਤਰ ਅਮਨ, ਡੈਲੀਗੇਟ ਰਮਨ ਕੌਸ਼ਲ, ਡੈਲੀਗੇਟ ਸੁਰਿੰਦਰ ਸਿੰਘਲਾ, ਡੈਲੀਗੇਟ ਰਾਜ ਸੇਠੀ ਅਤੇ ਡੈਲੀਗੇਟ ਅਮਿਤ ਅਰੋੜਾ ਸਮੇਤ ਐਸੋਸੀਏਸ਼ਨ ਦੇ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

# ਵਾਰਡ ਨੰ. 13 'ਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਇਲਾਕਾ ਵਾਸੀਆਂ 'ਚ ਭਾਰੀ ਰੋਸ



**ਬੁਢਲਾਡਾ (ਅਸ਼ੋਕ ਲਾਕੜਾ)**-ਬੁਢਲਾਡਾ ਸ਼ਹਿਰ ਦੇ ਵਾਰਡ ਨੰਬਰ 13 ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਇਲਾਕਾ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਲਗਾਤਾਰ ਪੈ ਰਹੇ ਮੀਂਹ ਤੋਂ ਬਾਅਦ ਗਲੀਆਂ ਤੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਹੋ ਗਿਆ ਹੈ, ਜਿਸ ਕਾਰਨ ਲੋਕਾਂ ਵਿੱਚ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਹੈ।ਮੁਹੱਲਾ ਵਾਸੀਆਂ ਨੇ ਦੋਸ਼ ਲਗਾਇਆ ਕਿ ਪਿਛਲੇ ਕਰੀਬ ਡੇਢ ਮਹੀਨੇ ਤੋਂ ਗਲੀ ਨੂੰ ਨਵੀਂ ਬਣਾਉਣ ਦੇ ਨਾਮ 'ਤੇ ਪੁੱਟ ਕੇ ਛੱਡ ਦਿੱਤਾ ਗਿਆ ਹੈ।ਇਸ ਦੌਰਾਨ ਨਾ ਤਾਂ ਨਿਰਮਾਣ ਕੰਮ ਪੂਰਾ ਕੀਤਾ ਗਿਆ ਤੇ ਨਾ ਹੀ ਨਾਲੀਆਂ ਦੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਕੀਤਾ ਗਿਆ।ਲੋਕਾਂ ਦਾ ਕਹਿਣਾ ਹੈ ਕਿ ਸਮਝ ਨਹੀਂ ਆਉਂਦੀ ਕਿ ਕਿਸ ਦੀ ਸ਼ਹਿ 'ਤੇ ਵਾਰਡ ਨੰਬਰ 13 ਦੇ ਵਾਸੀਆਂ ਨਾਲ ਇਹ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਜਾਣ-ਬੁੱਝ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਵਾਰਡ ਵਾਸੀਆਂ ਨੇ ਕਿਹਾ ਕਿ ਗਲੀ ਬੰਦ ਹੋਣ ਕਾਰਨ ਮੀਂਹ ਦਾ ਪਾਣੀ ਘਰਾਂ ਅੰਦਰ ਤੱਕ ਦਾਖ਼ਲ ਹੋ ਰਿਹਾ ਹੈ, ਜਦਕਿ ਗਲੀਆਂ ਵਿੱਚ ਗੰਦਾ ਪਾਣੀ ਖੜ੍ਹਾ ਰਹਿਣ ਕਾਰਨ ਡੇਂਗੂ, ਮਲੇਰੀਆ ਤੇ ਹੋਰ ਛੂਤ ਦੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਲੋਕਾਂ ਦਾ ਜਿਉਣਾ ਮੁਸ਼ਕਲ ਹੋ ਗਿਆ ਹੈ।ਇਸ ਮਾਮਲੇ ਨੂੰ ਲੈ ਕੇ ਮੁਹੱਲਾ ਵਾਸੀਆਂ ਨੇ ਪੁਲ ਦੇ ਨਜ਼ਦੀਕ ਇਕੱਠੇ ਹੋ ਕੇ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਤੁਰੰਤ ਗਲੀ ਦਾ ਨਿਰਮਾਣ ਮੁਕੰਮਲ ਕਰਨ ਤੇ ਪਾਣੀ ਦੀ ਨਿਕਾਸੀ ਦਾ ਪੱਕਾ ਪ੍ਰਬੰਧ ਕਰਨ ਦੀ ਮੰਗ ਕੀਤੀ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਜਲਦੀ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਹੋਰ ਤੇਜ਼ ਕਰਨ ਲਈ ਮਜਬੂਰ ਹੋਣਗੇ।ਇਸ ਮੌਕੇ ਹਰਵਿੰਦਰ ਸਿੰਘ ਸਵੀਟੀ (ਐੱਮ ਸੀ), ਲਾਭ ਸਿੰਘ ਸਰਪੰਚ, ਗੁਰਦੀਪ ਸਿੰਘ ਧਨੋਆ, ਚਰਨਜੀਤ ਸਿੰਘ ਝਲਬੂਟੀ, ਰਿੰਕੂ ਸਿੰਗਲਾ, ਰਿਕੀ ਸ਼ਰਮਾ, ਭੋਲਾ ਸਿੰਘ, ਸਾਹਿਲ, ਬਿੰਦਰ ਸਰਪੰਚ, ਰਣਜੀਤ ਕੌਰ, ਹਰਵਿੰਦਰ ਕੌਰ, ਗਗਨਦੀਪ ਗੁਦਾਰਾ, ਰਜਿੰਦਰ ਕੌਰ ਸਮੇਤ ਸੈਕਟਰੀ ਵਾਲੀ ਗਲੀ ਦੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ 7 ਤੇ 11 ਨੂੰ ਰੋਸ ਪ੍ਰਦਰਸ਼ਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਤਾਲਮੇਲ ਕਮੇਟੀ ਦੀ ਹੰਗਾਮੀ ਮੀਟਿੰਗ ਡੀ. ਸੀ. ਦਫ਼ਤਰ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਦੌਰਾਨ ਸੂਬਾ ਕਮੇਟੀ ਵੱਲੋਂ ਦਿੱਤੇ ਸੰਘਰਸ਼ ਪ੍ਰੋਗਰਾਮ ਤੇ ਜ਼ਿਲ੍ਹਾ ਕਮੇਟੀ ਦੀ ਕਾਰਵਾਈ ਅਨੁਸਾਰ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਖ਼ਿਲਾਫ਼ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਐਲਾਨ ਕੀਤਾ ਗਿਆ ਕਿ 7 ਜੁਲਾਈ ਨੂੰ ਸ਼ਾਮ 5 ਵਜੇ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕਰਕੇ ਸਰਕਾਰ ਦੇ ਨਾਂ ਚਿਤਾਵਨੀ ਪੱਤਰ ਸੌਂਪਿਆ ਜਾਵੇਗਾ।ਇਸੇ ਤਰ੍ਹਾਂ 11 ਜੁਲਾਈ ਨੂੰ ਪੰਜਾਬ ਸਰਕਾਰ ਦੀ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਮਲੋਟ ਦੌਰੇ ਮੌਕੇ ਸਵੇਰੇ 10 ਵਜੇ ਦਾਣਾ ਮੰਡੀ ਮਲੋਟ ਵਿੱਚ ਰੈਲੀ ਕਰਨ ਉਪਰੰਤ ਘਿਰਾਓ ਕੀਤਾ ਜਾਵੇਗਾ ਤੇ ਮੰਗਾਂ ਸਬੰਧੀ ਚਿਤਾਵਨੀ ਪੱਤਰ ਦਿੱਤਾ ਜਾਵੇਗਾ।ਤਾਲਮੇਲ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਆਪਣੀਆਂ ਸਾਂਝੀਆਂ ਮੰਗਾਂ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਹਨ।ਉਨ੍ਹਾਂ ਦੀਆਂ ਮੁੱਖ ਮੰਗਾਂ ਵਿੱਚ 18 ਫ਼ੀਸਦੀ ਮਹਿੰਗਾਈ ਭੱਤਾ (ਡੀ.ਏ.), 2.59 ਫਿਟਮੈਂਟ ਫੈਕਟਰ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ ਤੇ ਹੋਰ ਪਹਿਲਾਂ ਤੋਂ ਮੰਨੀਆਂ ਮੰਗਾਂ ਨੂੰ ਤੁਰੰਤ ਲਾਗੂ ਕਰਨਾ ਸ਼ਾਮਲ ਹੈ।ਕਮੇਟੀ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 17 ਜੁਲਾਈ ਤੋਂ ਪਹਿਲਾਂ ਉਨ੍ਹਾਂ ਦੀਆਂ ਮੰਗਾਂ ਨੂੰ ਲਾਗੂ ਨਾ ਕੀਤਾ ਗਿਆ ਤਾਂ 17 ਜੁਲਾਈ ਨੂੰ ਚੰਡੀਗੜ੍ਹ ਵਿਖੇ ਮਹਾਂ ਰੈਲੀ ਕਰਕੇ ਸਰਕਾਰ ਖ਼ਿਲਾਫ਼ ਆਰ-ਪਾਰ ਦੀ ਲੜਾਈ ਸ਼ੁਰੂ ਕੀਤੀ ਜਾਵੇਗੀ।ਆਗੂਆਂ ਨੇ ਜ਼ਿਲ੍ਹੇ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ 7 ਜੁਲਾਈ, 11 ਜੁਲਾਈ ਤੇ 17 ਜੁਲਾਈ ਦੇ ਸੰਘਰਸ਼ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਏਕਤਾ ਦਾ ਪ੍ਰਗਟਾਵਾ ਕਰਨ।

ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ, ਬਲਵੰਤ ਸਿੰਘ ਅਟਵਾਲ, ਜਸਵੰਤ ਸਿੰਘ ਬਰਾੜ, ਕੁਲਦੀਪ ਸਿੰਘ ਬਰਾੜ, ਸੁਖਦੇਵ ਸਿੰਘ, ਚੌਧਰੀ ਬਲਬੀਰ ਸਿੰਘ, ਸੁਖਮੰਦਰ ਸਿੰਘ ਬੇਦੀ, ਬਲਜੀਤ ਸਿੰਘ ਸਮੇਤ ਹੋਰ ਆਗੂ ਤੇ ਮੈਂਬਰ ਹਾਜ਼ਰ ਸਨ।



# 2027 'ਚ ਸਰਕਾਰ ਬਣਾਉਣ 'ਚ ਯੂਥ ਕਾਂਗਰਸ ਅਹਿਮ ਰੋਲ ਨਿਭਾਏਗੀ : ਰਜਿੰਦਰ ਸਿੰਘ

■ ਨਵੇਂ ਬਣੇ ਯੂਥ ਕਾਂਗਰਸ ਦੇ ਹਲਕਾ, ਬਲਾਕ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੇ ਸਾਬਕਾ ਵਿਧਾਇਕ ਤੋਂ ਲਿਆ ਆਸ਼ੀਰਵਾਦ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਗਾਮੀ 2027 ਦੀਆਂ ਵਿਧਾਨ ਸਭਾਈ ਚੋਣਾਂ 'ਚ ਯੂਥ ਕਾਂਗਰਸ ਅਪਣਾ ਅਹਿਮ ਰੋਲ ਨਿਭਾਏਗੀ। ਟਕਸਾਲੀ ਕਾਂਗਰਸੀ ਤੇ ਹਲਕਾ ਸਮਾਣਾ ਦੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਤੇ ਪਾਰਟੀ ਦੇ ਕੌਮੀ ਲੀਡਰ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਇਲੈਕਸ਼ਨ ਪ੍ਰੀਖਿਆ ਤਹਿਤ ਚੋਣ ਜਿੱਤਣ ਤੋਂ ਬਾਅਦ ਯੂਥ ਕਾਂਗਰਸ ਦੇ ਅਹੁਦੇਦਾਰ ਬਣੇ ਸਮੂਹ ਨੌਜਵਾਨਾਂ ਨੂੰ ਕਿਹਾ ਕਿ ਉਹ 2027 ਵਿਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਜੁਟ ਜਾਣ।ਰਜਿੰਦਰ ਸਿੰਘ ਨੇ ਕਿਹਾ ਕਿ ਇਹ ਕਾਂਗਰਸ ਵਿੱਚ ਹੀ ਸੰਭਵ ਹੈ ਕਿ ਕੋਈ ਵੀ ਨੌਜਵਾਨ ਯੂਥ ਕਾਂਗਰਸ ਦੀ ਵੋਟ ਬਣਾ ਕੇ ਚੋਣ ਲੜ ਕੇ ਕੋਈ ਵੀ ਵੱਡੇ ਤੋਂ ਵੱਡਾ ਅਹੁਦਾ ਹਾਸਲ ਕਰ ਸਕਦਾ ਹੈ।ਸੰਸਾਰ ਦੀ ਕਿਸੇ ਵੀ ਰਾਜਨੀਤਕ ਪਾਰਟੀ 'ਚ ਅਜਿਹੀ ਮਿਸਾਲ ਦੇਖਣ ਨੂੰ ਨਹੀਂ ਮਿਲਦੀ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਾਂਗਰਸ ਹੀ ਆਮ ਲੋਕਾਂ ਦੀ ਪਾਰਟੀ ਹੈ ਤੇ ਸਭ ਨੂੰ ਨਾਲ ਲੈ ਕੇ ਕਾਂਗਰਸ ਹੀ ਚੱਲ ਸਕਦੀ ਹੈ।ਯੂਥ ਕਾਂਗਰਸ ਦੀਆਂ ਚੋਣਾਂ 'ਚ ਜਿੱਤ ਹਾਸਲ ਕਰਨ ਵਾਲੇ ਆਗੂਆਂ ਨੂੰ ਅਪਣਾ ਅਸ਼ੀਰਵਾਦ ਦਿੰਦੇ ਹੋਏ ਇਸ ਦਾ ਪ੍ਰਗਟਾਵਾ ਕਰਦੇ ਹੋਏ ਰਜਿੰਦਰ ਸਿੰਘ ਇਥੇ ਹਲਕਾ ਸਮਾਣਾ ਯੂਥ ਕਾਂਗਰਸ ਦੇ ਅਸੈਂਬਲੀ ਪ੍ਰਧਾਨ, ਬਲਾਕ ਪ੍ਰਧਾਨ ਤੇ ਹੋਰ ਅਹੁਦੇਦਾਰ ਬਣੇ ਨੌਜਵਾਨਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਗੱਲਬਾਤ ਕਰ ਰਹੇ ਸਨ।ਇਸ ਦੌਰਾਨ ਹਲਕਾ ਸਮਾਣਾ ਦੇ ਯੂਥ ਕਾਂਗਰਸ ਦੇ ਅਸੈਂਬਲੀ ਸਮਾਣਾ ਦੇ ਪ੍ਰਧਾਨ ਬਣੇ ਜੈਦੀਪ ਸੰਧੂ (ਜੱਗਾ ਪਟਵਾਰੀ), ਬਲਾਕ ਸਮਾਣਾ ਦੇ ਪ੍ਰਧਾਨ ਮਨਜੋਤ ਸਿੰਘ ਵੜੈਚ, ਬਲਾਕ ਪਸਿਆਣਾ ਦੇ ਪ੍ਰਧਾਨ ਮਨਪ੍ਰੀਤ ਸਿੰਘ ਮੈਣ, ਸਮਾਣਾ ਸਮਾਣਾ ਦੇ ਦੇ ਜਨਰਲ ਜਨਰਲ ਸਕੱਤਰ ਸਕੱਤਰ ਕਰਨਦੀਪ ਸੰਧੂ ਕਮਾਲਪੁਰ ਤੇ ਜਨਰਲ ਸਕੱਤਰ ਹਰਿੰਦਰ ਸਿੰਘ ਡਕਾਲਾ ਨੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੂੰ ਗੁਲਦਸਤਾ ਭੇਟ ਕਰ ਕੇ ਆਸ਼ੀਰਵਾਦ ਲਿਆ।ਇਸ ਮੌਕੇ ਸਮੂਹ ਆਗੂਆਂ ਨੇ ਕਿਹਾ ਕਿ ਰਜਿੰਦਰ ਸਿੰਘ ਨੇ ਹਮੇਸ਼ਾ ਹੀ ਯੂਥ ਵਰਕਰਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਹੈ।ਉਨ੍ਹਾਂ ਕਿਹਾ ਕਿ ਯੂਥ ਵਰਕਰ 2027 ਦੀ ਚੋਣ 'ਚ ਦਿਨ ਰਾਤ ਇਕ ਕਰ ਦੇਣਗੇ ਤੇ ਪੰਜਾਬ ਵਿੱਚ ਫਿਰ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣਗੇ।ਇਸ ਸਮੇਂ ਨਵਦੀਪ ਸਿੰਘ ਵੜੈਚ, ਨਵਕਰਨ ਸੰਧੂ, ਬਿਕਰਮ ਵੜੈਚ, ਸਿੰਮੀ ਮਾਣ, ਸਤਿੰਦਰਪਾਲ ਵਿਰਕ, ਲਾਡੀ ਮੈਣ, ਪ੍ਰੀਤ ਵਿਰਕ, ਦੀਪ ਧੀਮਾਨ, ਮਿੱਠੂ ਦਦਹੇੜਾ, ਪ੍ਰਭਜੋਤ ਮਾਹਲ, ਜਾਨਪਾਲ ਸੇਖੋਂ, ਭੁਪਿੰਦਰ ਸੰਧੂ, ਹਰਿੰਦਰ ਸਿੰਘ ਭਾਨਰਾ, ਕਰਾਜ ਵਿਰਕ ਧਰਮੇੜੀ, ਗੁਰਜੀਤ ਜੈਲਦਾਰ, ਕਿਰਤ ਸਮਾਣਾ ਤੋਂ ਇਲਾਵਾ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ।

# ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਚਹਿਲਾਂ ਨੇੜੇ ਇੱਕ ਤੇਜ਼ ਰਫ਼ਤਾਰ ਟਰੈਕਟਰ ਦੀ ਲਪੇਟ 'ਚ ਆ ਕੇ ਗੰਭੀਰ ਜ਼ਖ਼ਮੀ ਹੋਏ ਦੋ ਵਿਅਕਤੀਆਂ ਵਿੱਚੋਂ ਇੱਕ ਦੀ ਮੌਤ ਹੋ ਜਾਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਮਲਜੀਤ ਸਿੰਘ ਉਰਫ ਰਾਜ (54) ਵਾਸੀ ਪਿੰਡ ਮੀਆਂਪੁਰ ਤੇ ਬਲਜਿੰਦਰ ਸਿੰਘ ਨਾਮਕ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਅਮਲੋਹ ਕਿਸੇ ਘਰੇਲੂ ਕੰਮ ਲਈ ਆਏ ਸਨ।ਅਮਲੋਹ ਤੋਂ ਵਾਪਸ ਪਿੰਡ ਨੂੰ ਮੁੜਦੇ ਸਮੇਂ ਉਹ ਜਦੋਂ ਪਿੰਡ ਚਹਿਲਾਂ ਨੇੜੇ ਪੁੱਜੇ ਤਾਂ ਤੇਜ਼ ਰਫ਼ਤਾਰ ਨਾਲ ਆ ਰਹੇ ਇੱਕ ਟਰੈਕਟਰ, ਜਿਸ ਦੇ ਪਿੱਛੇ ਕੱਦੂ ਕਰਨ ਲਈ ਤਵੀਆਂ ਪਾਈਆਂ ਹੋਈਆਂ ਸਨ, ਦੇ ਡਰਾਈਵਰ ਨੇ ਅਣਗਹਿਲੀ ਨਾਲ ਟਰੈਕਟਰ ਚਲਾਉਂਦੇ ਹੋਏ ਤਵੀਆਂ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਮਾਰੀਆਂ।ਇਸ ਹਾਦਸੇ ਦੌਰਾਨ ਕਮਲਜੀਤ ਦੀ ਲੱਤ ਕੱਟੀ ਗਈ ਤੇ ਉਸ ਦੇ ਪਿੱਛੇ ਬੈਠੇ ਬਲਜਿੰਦਰ ਸਿੰਘ ਦੇ ਵੀ ਸੱਟਾਂ ਵੱਜੀਆਂ, ਜਿਨ੍ਹਾਂ ਨੂੰ ਚੁੱਕ ਕੇ ਇਲਾਜ ਲਈ ਸਰਕਾਰੀ ਹਸਪਤਾਲ ਅਮਲੋਹ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਚੈੱਕ ਕਰਨ ਉਪਰੰਤ ਕਮਲਜੀਤ ਸਿੰਘ ਉਰਫ਼ ਰਾਜ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਟਰੈਕਟਰ ਦੇ ਨਾਮਾਲੂਮ ਡਰਾਈਵਰ ਵਿਰੁੱਧ ਥਾਣਾ ਅਮਲੋਹ ਵਿਖੇ ਕੇਸ ਦਰਜ ਕਰਵਾ ਕੇ ਹੌਲਦਾਰ ਸਿਮਰਨਜੀਤ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਦੀ ਮੀਟਿੰਗ 'ਚ ਵਿਚਾਰਾਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਦੀ ਮਹੀਨਾਵਾਰ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਮਤਿਆਂ 'ਤੇ ਵਿਚਾਰਾਂ ਹੋਈਆਂ। ਪ੍ਰੈੱਸ ਸਕੱਤਰ ਸੁਭਾਸ਼ ਚੰਦਰ ਨਾਗਪਾਲ ਨੇ ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਫਰੰਟ ਵੱਲੋਂ ਪਹਿਲੇ ਮਤੇ 'ਚ ਮਾਛੀਵਾੜਾ-ਰਾਹੋਂ ਰੋਡ 'ਤੇ ਬਣੇ ਸਤਲੁਜ ਦਰਿਆ ਦੇ ਪੁਲ ਦੀ ਨਾਜ਼ੁਕ ਹਾਲਤ ਬਾਰੇ ਚਰਚਾ ਕੀਤੀ ਗਈ, ਜਿਸ ਦੀ ਮੁਰੰਮਤ ਕਰਵਾਉਣ ਲਈ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਇਸ ਨਾਲ ਆਮ ਲੋਕਾਂ ਨੂੰ ਆਵਾਜਾਈ ਦੀ ਸਮੱਸਿਆ ਆ ਰਹੀ ਹੈ, ਜਿਸ ਲਈ ਪਹਿਲ ਦੇ ਅਧਾਰ 'ਤੇ ਪੁਲ ਦੀ ਮੁਰੰਮਤ ਕਰਵਾਈ ਜਾਵੇ। ਦੂਜੇ ਮਤੇ 'ਚ ਫਰੰਟ ਨੇ ਔਰਤਾਂ ਨੂੰ 1000 ਰੁਪਏ ਮਹੀਨਾ ਸਹਾਇਤਾ ਕਰਨ ਦੇ ਨਾਮ 'ਤੇ ਸਿਆਸਤ ਕਰਨ 'ਤੇ ਗੰਭੀਰ ਵਿਚਾਰ ਚਰਚਾ ਕੀਤੀ ਗਈ। ਆਗੂਆਂ ਨੇ ਕਿਹਾ ਕਿ ਆਮ ਲੋਕਾਂ ਨੂੰ ਭਲਾਈ ਸਕੀਮਾਂ ਦੇ ਨਾਂ 'ਤੇ ਲੋਕਾਂ ਦੀ ਜ਼ਮੀਰ ਮਾਰ ਕੇ ਵੋਟ ਬੈਂਕ ਵਿੱਚ ਬਦਲਣ ਦੀ ਕੋਝੀ ਚਾਲ ਹੈ, ਜਦਕਿ ਲੋਕਾਂ ਦੀ ਭਲਾਈ ਬਣੇ ਲੱਗਭੱਗ ਸਾਰੇ ਅਦਾਰੇ ਮੁਲਾਜ਼ਮਾਂ ਦੀ ਭਰਤੀ ਕਰਕੇ ਲੂਲੇ-ਲੰਗੜੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਨ੍ਹਾਂ ਅਦਾਰਿਆਂ ਤੋਂ ਯੋਗ ਸਹੂਲਤਾਂ ਮਿਲਣੀਆਂ ਤਾਂ ਦੂਰ ਦੀ ਗੱਲ ਸਗੋਂ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਇਸ ਮੌਕੇ ਬਖ਼ਸ਼ੀ ਰਾਮ, ਸੁਰਿੰਦਰ ਸਿੰਘ, ਜਗੀਰ ਸਿੰਘ ਲੌਂਗੀਆ, ਜਗਮੋਹਣ ਸਿੰਘ, ਸ਼ਿਵਾਂਕ ਸੂਦ, ਰਮਨ ਸੂਦ ਆਦਿ ਮੌਜੂਦ ਸਨ।

# ਸਾਬਕਾ ਵਿਧਾਇਕ ਹਰਬੰਸ ਜਲਾਲ ਨਾਲ ਲੱਖਾਂ ਦੀ ਠੱਗੀ, ਮਾਮਲਾ ਦਰਜ

**ਡਰਾਇਵਰ 'ਤੇ ਹੀ ਲੱਗੇ ਧੋਖਾਧੜੀ ਦੇ ਇਲਜ਼ਾਮ**



**ਬਠਿੰਡਾ (ਰਾਜੀਵ ਗੋਇਲ)**-ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਜੱਦੀ ਪਿੰਡ ਜਲਾਲ ਨਾਲ ਸੰਬੰਧਤ ਤੇ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਨਾਲ ਕਰੀਬ 33 ਲੱਖ ਰੁਪਏ ਦੀ ਠੱਗੀ ਵੱਜਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੂੰ ਲੈ ਕੇ ਬਠਿੰਡਾ ਪੁਲਸ ਵੱਲੋਂ ਮਾਮਲਾ ਵੀ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਹਰਬੰਸ ਸਿੰਘ ਜਲਾਲ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਉਨ੍ਹਾਂ ਦਾ ਡਰਾਇਵਰ, ਜੋ ਕਿ ਸਲਾਬਤਪੁਰਾ ਦੇ ਨਾਲ ਲੱਗਦੇ ਪਿੰਡ ਰਾਜਗੜ੍ਹ ਦਾ ਰਹਿਣ ਵਾਲਾ ਹੈ, ਸ਼ਾਮਲ ਹੈ। ਉਨ੍ਹਾਂ ਹੋਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਿੰਸ ਸਿੰਘ, ਜੋ ਕਿ ਉਨ੍ਹਾਂ ਦਾ ਡਰਾਇਵਰ ਹੋਣ ਦੇ ਨਾਲ-ਨਾਲ ਰਸੋਈਆ ਵੀ ਹੈ, ਜਿਸ ਨੇ ਕੁਝ ਸਮਾਂ ਪਹਿਲਾਂ ਉਨ੍ਹਾਂ ਦੀ ਚੈੱਕਬੁੱਕ ਵਿੱਚੋਂ ਇੱਕ ਚੈੱਕ ਚੋਰੀ ਕਰ ਲਿਆ ਸੀ ਤੇ ਚੈੱਕ ਦੇ ਚੋਰੀ ਹੋਣ ਤੋਂ ਬਾਅਦ ਉਨ੍ਹਾਂ ਵੱਲੋਂ ਬਕਾਇਦਾ ਸੰਬੰਧਤ ਥਾਣੇ ਵਿਖੇ ਗੁੰਮਸ਼ੁਦਗੀ ਰਿਪੋਰਟ ਵੀ ਦਰਜ ਕਰਵਾਈ ਗਈ ਸੀ, ਪਰ ਜਦੋਂ ਇਸ ਚੈੱਕ ਦੀ ਗੁੰਮਸ਼ੁਦਗੀ ਨੂੰ ਲੈ ਕੇ ਬਠਿੰਡਾ ਪੁਲਸ ਨੇ ਤਫਤੀਸ਼ ਅੱਗੇ ਵਧਾਈ ਤਾਂ ਪਤਾ ਲੱਗਿਆ ਕਿ ਇਹ ਚੈੱਕ ਗੁਜਰਾਤ ਵਿੱਚ ਆਈ.ਸੀ.ਆਈ.ਸੀ. ਬੈਂਕ ਵਿੱਚ ਲਗਾਇਆ ਗਿਆ ਤੇ ਜਿਹੜਾ ਕਿ ਦੇਹਰਾਦੂਨ ਵਿਖੇ ਕੈਸ਼ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕਰੀਬ 33 ਲੱਖ 25 ਹਜ਼ਾਰ ਰੁਪਏ ਖਾਤੇ ਵਿੱਚੋਂ ਉਡਾਏ ਗਏ ਹਨ। ਉਨ੍ਹਾਂ ਇਹ ਵੀ ਖਦਸ਼ਾ ਜ਼ਾਹਰ ਕੀਤਾ ਕਿ ਹੋ ਸਕਦਾ ਹੈ ਕਿ ਉਨ੍ਹਾਂ ਦੇ ਡਰਾਇਵਰ ਦੇ ਦਿੱਲੀ ਦੇ ਕਿਸੇ ਗਰੁੱਪ ਨਾਲ ਸੰਬੰਧ ਹੋਣ, ਜਿਨ੍ਹਾਂ ਨੂੰ ਇਹ ਚੈੱਕ ਵੇਚਿਆ ਗਿਆ ਹੋਵੇ, ਪਰ ਇੱਕ ਵਾਰ ਬਠਿੰਡਾ ਪੁਲਸ ਵੱਲੋਂ ਸਾਬਕਾ ਵਿਧਾਇਕ ਦੇ ਡਰਾਇਵਰ ਪ੍ਰਿੰਸ ਸਿੰਘ ਪੁੱਤਰ ਭਿੰਦਰ ਸਿੰਘ ਵਾਸੀ ਰਾਜਗੜ੍ਹ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਪਰ ਅਸਲ ਸੱਚਾਈ ਕੀ ਹੈ, ਇਹ ਤਾਂ ਪੁਲਸ ਤਫਤੀਸ਼ ਮੁਕੰਮਲ ਹੋਣ ਤੋਂ ਬਾਅਦ ਹੀ ਪਤਾ ਚੱਲੇਗੀ।

# ਮਾਨਸੂਨ ਦੀ ਦਸਤਕ ਦੇ ਬਾਵਜੂਦ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ

**ਡਰੇਨ ਵਿਭਾਗ ਪਹਿਲ ਦੇ ਅਧਾਰ 'ਤੇ ਕਰਵਾਏ ਸਫ਼ਾਈ : ਤਾਰੀ, ਜੱਸੀ**



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਵਿੱਚ ਮਾਨਸੂਨ ਦਾ ਮੀਂਹ ਕਿਸੇ ਵੀ ਵੇਲੇ ਦਸਤਕ ਦੇ ਸਕਦਾ ਹੈ, ਪਰ ਡਰੇਨ ਵਿਭਾਗ ਦੀ ਘੋਰ ਲਾਪ੍ਰਵਾਹੀ ਤੇ ਸੁਸਤੀ ਕਾਰਨ ਹਲਕਾ ਧੂਰੀ ਦੇ ਕਿਸਾਨਾਂ ਦੇ ਸਾਹ ਸੂਤੇ ਗਏ ਹਨ।ਇਲਾਕੇ ਵਿੱਚੋਂ ਲੰਘਦੀਆਂ ਬਰਸਾਤੀ ਡਰੇਨਾਂ ਦੀ ਸਮੇਂ ਸਿਰ ਸਫ਼ਾਈ ਨਾ ਹੋਣ ਕਾਰਨ ਅੰਨਦਾਤੇ ਦੇ ਸਿਰ 'ਤੇ ਮਿਹਨਤ ਨਾਲ ਪਾਲੀ ਫ਼ਸਲ ਦੇ ਡੁੱਬਣ ਦਾ ਵੱਡਾ ਖ਼ਤਰਾ ਮੰਡਰਾ ਰਿਹਾ ਹੈ।ਪ੍ਰਸ਼ਾਸਨ ਦੇ ਵੱਡੇ-ਵੱਡੇ ਦਾਅਵਿਆਂ ਦੇ ਉਲਟ, ਜ਼ਮੀਨੀ ਹਕੀਕਤ ਇਹ ਹੈ ਕਿ ਡਰੇਨਾਂ ਇਸ ਵੇਲੇ ਜੰਗਲੀ ਘਾਹ-ਫੂਸ ਤੇ ਗਾਰ ਨਾਲ ਨੱਕੋ-ਨੱਕ ਭਰੀਆਂ ਪਈਆਂ ਹਨ, ਜਿਸ ਕਾਰਨ ਪਾਣੀ ਦੇ ਨਿਕਾਸ ਦਾ ਕੋਈ ਰਾਹ ਨਹੀਂ ਬਚਿਆ।

ਸਹਿਕਾਰੀ ਸਭਾਵਾਂ ਪ੍ਰਬੰਧਕ ਕਮੇਟੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਤੇ ਕਿਸਾਨ ਆਗੂ ਅਵਤਾਰ ਸਿੰਘ ਤਾਰੀ ਭੁੱਲਰਹੇੜੀ ਤੇ ਕਿਸਾਨ ਆਗੂ ਜਸਪ੍ਰੀਤ ਸਿੰਘ ਜੱਸੀ ਮਾਨਵਾਲਾ ਨੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਕੋਈ ਨਵੀਂ ਸਮੱਸਿਆ ਨਹੀਂ ਹੈ।ਪਿਛਲੇ ਕਈ ਸਾਲਾਂ ਤੋਂ ਡਰੇਨਾਂ ਦੇ ਆਲੇ-ਦੁਆਲੇ ਵਸੇ ਕਿਸਾਨਾਂ ਦੀਆਂ ਸੈਂਕੜੇ ਏਕੜ ਫ਼ਸਲਾਂ ਬਰਸਾਤੀ ਪਾਣੀ ਦੀ ਮਾਰ ਹੇਠ ਆ ਕੇ ਬਰਬਾਦ ਹੁੰਦੀਆਂ ਆ ਰਹੀਆਂ ਹਨ।ਕਿਸਾਨਾਂ ਦੀ ਖੂਨ-ਪਸੀਨੇ ਦੀ ਕਮਾਈ ਸਿਰਫ ਇਸ ਲਈ ਪਾਣੀ ਵਿੱਚ ਰੁੜ੍ਹ ਜਾਂਦੀ ਹੈ, ਕਿਉਂਕਿ ਸੰਬੰਧਤ ਮਹਿਕਮਾ ਸਮੇਂ ਸਿਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦਾ।

ਕਿਸਾਨ ਆਗੂਆਂ ਨੇ ਹਕੀਕਤ ਬਿਆਨ ਕਰਦਿਆਂ ਦੱਸਿਆ ਕਿ ਪਿਛਲੇ ਕੁਝ ਸਾਲਾਂ ਤੋਂ ਪਿੰਡਾਂ ਦੇ ਟੋਬਿਆਂ ਦੇ ਗੰਦੇ ਪਾਣੀ ਦਾ ਨਿਕਾਸ ਵੀ ਇਨ੍ਹਾਂ ਬਰਸਾਤੀ ਡਰੇਨਾਂ ਵਿੱਚ ਕਰ ਦਿੱਤਾ ਗਿਆ ਹੈ।ਇਸ ਕਾਰਨ ਡਰੇਨਾਂ ਪਹਿਲਾਂ ਹੀ ਓਵਰਫਲੋਅ ਹੋਣ ਕਿਨਾਰੇ ਪਹੁੰਚ ਚੁੱਕੀਆਂ ਹਨ।ਜੇਕਰ ਹੁਣ ਭਾਰੀ ਮੀਂਹ ਪੈਂਦਾ ਹੈ, ਤਾਂ ਇਹ ਪਾਣੀ ਸਿੱਧਾ ਕਿਸਾਨਾਂ ਦੇ ਖੇਤਾਂ ਵਿੱਚ ਮਾਰ ਕਰੇਗਾ, ਜਿਸ ਨਾਲ ਝੋਨੇ ਦੀ ਲਵਾਈ ਦਾ ਸਾਰਾ ਖਰਚਾ ਤੇ ਮਿਹਨਤ ਮਿੱਟੀ ਵਿੱਚ ਮਿਲ ਜਾਵੇਗੀ।

ਉਨ੍ਹਾਂ ਪੰਜਾਬ ਸਰਕਾਰ ਤੇ ਡਰੇਨ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਕੀਤੀ ਕਿ ਬਿਨਾਂ ਕਿਸੇ ਦੇਰੀ ਦੇ, ਪਹਿਲ ਦੇ ਅਧਾਰ 'ਤੇ ਜੰਗੀ ਪੱਧਰ 'ਤੇ ਜੇ.ਸੀ.ਬੀ. ਮਸ਼ੀਨਾਂ ਲਗਾ ਕੇ ਡਰੇਨਾਂ ਦੀ ਸਫ਼ਾਈ ਕਰਵਾਈ ਜਾਵੇ।ਜੇਕਰ ਵਿਭਾਗ ਨੇ ਹੁਣ ਵੀ ਕੋਈ ਢਿੱਲ-ਮੱਠ ਦਿਖਾਈ, ਤਾਂ ਕਿਸਾਨਾਂ ਨੂੰ ਆਪਣੇ ਹੱਕਾਂ ਤੇ ਫ਼ਸਲਾਂ ਦੀ ਰਾਖੀ ਲਈ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਸਿੱਧੀ ਪ੍ਰਸ਼ਾਸਨ ਦੀ ਹੋਵੇਗੀ।

# ਮੀਤ ਹੇਅਰ ਦੀ ਰਿਹਾਇਸ਼ ਦਾ ਘਿਰਾਓ ਭਲਕੇ : ਪੈਨਸ਼ਨਰਜ਼ ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਸਬ ਡਵੀਜ਼ਨ ਮਹਿਲ ਕਲਾਂ ਤੇ ਠੁੱਲੀਵਾਲ ਨਾਲ ਸੰਬੰਧਤ ਪੈਨਸ਼ਨਰਾਂ ਦੀ ਇਕੱਤਰਤਾ ਅਨਾਜ ਮੰਡੀ ਮਹਿਲ ਕਲਾਂ ਵਿਖੇ ਡਵੀਜ਼ਨ ਪ੍ਰਧਾਨ ਇੰਜੀ. ਕੇਵਲ ਸਿੰਘ ਪੰਡੋਰੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਉਪਰੰਤ ਪੈਨਸ਼ਨਰਾਂ ਨੇ ਭਖਦੀਆਂ ਮੰਗਾਂ ਲਾਗੂ ਨਾ ਕਰਨ 'ਤੇ ਰੋਸ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਇੰਜੀ. ਸੁਖਜੰਟ ਸਿੰਘ ਬਰਨਾਲਾ, ਸਰਕਲ ਸਕੱਤਰ ਸਾਧੂ ਸਿੰਘ ਬੜੀ, ਬਿੱਕਰ ਸਿੰਘ ਛੀਨੀਵਾਲ, ਦਰਸ਼ਨ ਸਿੰਘ ਕਲਾਲ ਮਾਜਰਾ ਨੇ ਕਿਹਾ ਕਿ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਡਿੱਠ ਕਰ ਰਹੀ ਹੈ, ਜਿਸ ਕਾਰਨ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ।ਆਗੂਆਂ ਨੇ ਐਲਾਨ ਕੀਤਾ ਕਿ ਮੁਲਾਜ਼ਮ ਫਰੰਟ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ 6 ਜੁਲਾਈ ਨੂੰ ਸੰਸਦ ਮੈਂਬਰ ਮੀਤ ਹੇਅਰ ਦੀ ਬਰਨਾਲਾ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਛੇਤੀ ਕੋਈ ਠੋਸ ਹੱਲ ਨਾ ਕੀਤਾ ਤਾਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦਾ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਜਗਮੇਲ ਸਿੰਘ ਛੀਨੀਵਾਲ, ਸੁਖਦੇਵ ਸਿੰਘ ਝਲੂਰ, ਮਲਕੀਤ ਸਿੰਘ ਸਹੌਰ, ਅਮਰੀਕ ਸਿੰਘ ਸਹੌਰ, ਹਰਬੋਲ ਸਿੰਘ ਠੀਕਰੀਵਾਲ, ਦਰਸ਼ਨ ਸਿੰਘ ਜੌਹਲਾਂ, ਸ਼ਮਸ਼ੇਰ ਸਿੰਘ ਹਮੀਦੀ, ਜਰਨੈਲ ਸਿੰਘ ਠੁੱਲੀਵਾਲ, ਬਿੱਕਰ ਸਿੰਘ ਖਿਆਲੀ, ਮਹਿੰਦਰ ਸਿੰਘ, ਗੋਬਿੰਦ ਸਿੰਘ, ਅਵਤਾਰ ਸਿੰਘ, ਮੱਘਰ ਸਿੰਘ, ਜਗਦੇਵ ਸਿੰਘ ਕੁਰੜ ਆਦਿ ਆਗੂਆਂ ਨੇ ਸਮੂਹ ਪੈਨਸ਼ਨਰਾਂ ਵੱਲੋਂ 6 ਜੁਲਾਈ ਨੂੰ ਵੱਡੀ ਗਿਣਤੀ 'ਚ ਬਰਨਾਲਾ ਪਹੁੰਚਣ ਦਾ ਵਿਸ਼ਵਾਸ ਦੁਆਇਆ।

# ਚਿੱਟਾ ਹਾਥੀ ਸਾਬਿਤ ਹੋ ਰਿਹੈ ਹਸਪਤਾਲ 'ਚ ਲੱਗਿਆ ਵਾਟਰ ਕੂਲਰ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਿਆਨਕ ਗਰਮੀ ਤੇ 42 ਤੋਂ 43 ਡਿਗਰੀ ਤਾਪਮਾਨ ਦੇ ਬਾਵਜੂਦ ਸਰਕਾਰੀ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿੱਚ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਾਫ਼ ਤੇ ਠੰਡਾ ਪੀਣ ਵਾਲਾ ਪਾਣੀ ਉਪਲਬਧ ਨਾ ਹੋਣ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਹਸਪਤਾਲ ਵਿੱਚ ਇਲਾਜ ਲਈ ਆਉਣ ਵਾਲੇ ਲੋਕਾਂ ਨੇ ਪ੍ਰਸ਼ਾਸਨ ਤੇ ਸਰਕਾਰ ਦੇ ਪ੍ਰਬੰਧਾਂ 'ਤੇ ਸਵਾਲ ਉਠਾਉਂਦੇ ਹੋਏ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

ਸਥਾਨਕ ਮਰੀਜ਼ ਤੇ ਨਿਵਾਸੀ ਸੁਰਿੰਦਰ ਸਿੰਘ ਸ੍ਰੀ ਮੁਕਤਸਰ ਸਾਹਿਬ, ਅਰੁਣ ਸ੍ਰੀ ਮੁਕਤਸਰ ਸਾਹਿਬ, ਸੁਖਦੀਪ ਸਿੰਘ ਪਿੰਡ ਉਦੇਕਰਨ ਤੇ ਪਿੰਡ ਮੌੜ ਦੇ ਨਿਵਾਸੀਆਂ ਨੇ ਦੱਸਿਆ ਕਿ ਹਸਪਤਾਲ ਵਿੱਚ ਲੱਗੇ ਪਾਣੀ ਦੇ ਫਰਿੱਜ ਤੇ ਫਿਲਟਰ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਖਰਾਬ ਪਏ ਸਨ।ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਤਾਂ ਫਿਲਟਰ ਨੂੰ ਪੂਰੀ ਤਰ੍ਹਾਂ ਹੀ ਉਤਾਰ ਦਿੱਤਾ ਗਿਆ ਹੈ, ਜਿਸ ਕਾਰਨ ਮਰੀਜ਼ਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਗਰਮ ਤੇ ਬਿਨਾਂ ਫਿਲਟਰ ਕੀਤਾ ਪਾਣੀ ਪੀਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਹਸਪਤਾਲ 'ਚ ਲੱਗਿਆ ਵਾਟਰ ਕੂਲਰ ਚਿੱਟਾ ਹਾਥੀ ਸਾਬਿਤ ਹੋ ਰਿਹਾ ਹੈ। ਲੋਕਾਂ ਦਾ ਦੋਸ਼ ਹੈ ਕਿ ਗਰਮੀ ਦੇ ਇਸ ਮੌਸਮ ਵਿੱਚ ਸਾਫ਼ ਤੇ ਠੰਢੇ ਪਾਣੀ ਦੀ ਸਹੂਲਤ ਨਾ ਹੋਣਾ ਸਿਹਤ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।ਉਨ੍ਹਾਂ ਨੇ ਇਹ ਵੀ ਸ਼ੱਕ ਜਤਾਇਆ ਕਿ ਹਸਪਤਾਲ ਦੀਆਂ ਪਾਣੀ ਵਾਲੀਆਂ ਟੈਂਕੀਆਂ ਦੀ ਕਈ ਸਾਲਾਂ ਤੋਂ ਸਫਾਈ ਨਹੀਂ ਕਰਵਾਈ ਗਈ, ਜਿਸ ਕਾਰਨ ਪਾਣੀ ਦੀ ਗੁਣਵੱਤਾ 'ਤੇ ਵੀ ਸਵਾਲ ਉੱਠ ਰਹੇ ਹਨ।ਲੋਕਾਂ ਦਾ ਕਹਿਣਾ ਹੈ ਕਿ ਜੇਕਰ ਅਜਿਹਾ ਹੀ ਪਾਣੀ ਵਰਤੋਂ ਵਿੱਚ ਆ ਰਿਹਾ ਹੈ ਤਾਂ ਇਹ ਪੀਲੀਆ ਤੇ ਹੋਰ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਸੱਦਾ ਦੇ ਸਕਦਾ ਹੈ।ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰਾਂ ਨੇ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਇਲਾਜ ਲਈ ਪਹੁੰਚਦੇ ਹਨ, ਪਰ ਉਨ੍ਹਾਂ ਨੂੰ ਮੁੱਢਲੀਆਂ ਸਹੂਲਤਾਂ ਤੋਂ ਵੀ ਵਾਂਝਾ ਰਹਿਣਾ ਪੈ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਖਰਾਬ ਪਏ ਵਾਟਰ ਕੂਲਰ ਤੇ ਫਿਲਟਰ ਨੂੰ ਤੁਰੰਤ ਠੀਕ ਕਰਵਾਇਆ ਜਾਵੇ, ਸਾਫ਼ ਪੀਣ ਵਾਲੇ ਪਾਣੀ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ ਤੇ ਪਾਣੀ ਦੀਆਂ ਟੈਂਕੀਆਂ ਦੀ ਨਿਯਮਤ ਸਫਾਈ ਕਰਵਾਈ ਜਾਵੇ।ਇਸ ਸਬੰਧੀ ਲੋਕਾਂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਸਿਵਲ ਸਰਜਨ ਡਾ. ਸੁਨੀਲ ਬਾਂਸਲ ਤੇ ਐੱਸ.ਐੱਮ.ਓ. ਡਾ. ਰਾਜੀਵ ਸੱਚਦੇਵਾ ਤੋਂ ਤੁਰੰਤ ਦਖ਼ਲ ਦੀ ਮੰਗ ਕਰਦਿਆਂ ਕਿਹਾ ਕਿ ਮਰੀਜ਼ਾਂ ਦੀ ਸਿਹਤ ਨਾਲ ਜੁੜੇ ਇਸ ਗੰਭੀਰ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ।

# ਹੈਰੋਇਨ ਸਮੇਤ ਦੋ ਨੌਜਵਾਨ ਕਾਬੂ

**ਜਲੰਧਰ (ਲਖਵਿੰਦਰ ਸਿੰਘ ਆਧੀ)**- ਕਮਿਸ਼ਨਰ ਪੁਲਸ ਜਲੰਧਰ ਸਤਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ ਸੀ ਪੀ (ਇਨਵੈਸਟੀਗੇਸ਼ਨ) ਮਨਪ੍ਰੀਤ ਸਿੰਘ ਢਿੱਲੋਂ, ਏ ਡੀ ਸੀ ਪੀ (ਇਨਵੈਸਟੀਗੇਸ਼ਨ) ਜੈਯੰਤ ਪੁਰੀ ਤੇ ਏ ਸੀ ਪੀ/ਡੀ ਅਮਰਬੀਰ ਸਿੰਘ ਦੀ ਅਗਵਾਈ ਹੇਠ, ਇੰਸਪੈਕਟਰ ਸਰਬਜੀਤ ਸਿੰਘ, ਇੰਚਾਰਜ ਕਰਾਈਮ ਬ੍ਰਾਂਚ ਦੀ ਟੀਮ ਨੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਵਿਸ਼ੇਸ਼ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਿਸ ਟੀਮ ਨੇ ਦੋ ਨੌਜਵਾਨਾਂ ਨੂੰ 255 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ।ਮਿਤੀ 30.06.2026 ਨੂੰ ਕਰਾਈਮ ਬ੍ਰਾਂਚ ਦੀ ਟੀਮ ਇਲਾਕੇ ਵਿੱਚ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ ਵਿੱਚ ਮੈਕਡੋਨਲਡ ਟੀ-ਪੁਆਇੰਟ ਤੋਂ ਜਮਸ਼ੇਰ ਰੋਡ ਵੱਲ ਜਾ ਰਹੀ ਸੀ। ਇਸ ਦੌਰਾਨ ਪੁਲਿਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਦੋ ਨੌਜਵਾਨਾਂ ਨੂੰ ਰੋਕ ਕੇ ਜਦੋਂ ਉਨ੍ਹਾਂ ਦੇ ਬੈਗ ਦੀ ਤਲਾਸ਼ੀ ਲਈ, ਤਾਂ ਉਨ੍ਹਾਂ ਕੋਲੋਂ 255 ਗ੍ਰਾਮ ਹੈਰੋਇਨ ਬਰਾਮਦ ਹੋਈ। ਮੁਲਜ਼ਮ ਸੁਨੀਲ ਕੁਮਾਰ ਉਰਫ਼ ਸ਼ੀਲਾ (ਉਮਰ ਕਰੀਬ 27 ਸਾਲ), ਪੁੱਤਰ ਅਮਰਜੀਤ ਸਿੰਘ, ਵਾਸੀ ਪਿੰਡ ਲਖਣਪਾਲ, ਥਾਣਾ ਸਦਰ, ਜਲੰਧਰ ਸਮੀਰ (ਉਮਰ ਕਰੀਬ 21 ਸਾਲ), ਪੁੱਤਰ ਅਮਰਜੀਤ ਸਿੰਘ, ਵਾਸੀ ਪਿੰਡ ਲਖਣਪਾਲ, ਥਾਣਾ ਸਦਰ, ਜਲੰਧਰ ਖ਼ਿਲਾਫ਼ ਥਾਣਾ ਕੈਂਟ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਰਿਮਾਂਡ ਦੌਰਾਨ ਮੁਲਜ਼ਮਾਂ ਦੇ ਨੈੱਟਵਰਕ ਤੇ ਉਨ੍ਹਾਂ ਦੇ ਅਗਲੇ-ਪਿਛਲੇ ਸੰਬੰਧਾਂ ਬਾਰੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।



# ਪਾਕਿਸਤਾਨ ਵਿਚਲੇ 125 ਸਾਲਾ ਪੁਰਾਤਨ ਗੁਰੂ ਘਰ ਨੂੰ ਢਾਹੇ ਜਾਣ ਦੀ ਸੀਚੇਵਾਲ ਵੱਲੋਂ ਸਖ਼ਤ ਨਿੰਦਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਾਕਿਸਤਾਨ ਵਿੱਚ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਾਹਿਬ ਨੂੰ ਢਾਹੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਸੰਤ ਸੀਚੇਵਾਲ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਪੱਤਰ ਲਿਖਕੇ ਮੰਗ ਕੀਤੀ ਹੈ ਕਿ ਉਹ ਪਾਕਿਸਤਾਨ ਵਿਚਲੇ ਆਪਣੇ ਹਮ ਰੁਤਬਾ ਨਾਲ ਗੱਲਬਾਤ ਕਰਕੇ 125 ਸਾਲ ਪੁਰਾਣੇ ਢਾਹੇ ਗਏ ਗੁਰਧਾਮ ਨੂੰ ਮੁੜ ਉਸਾਰੀ ਕਰਵਾਉਣ ਦੇ ਨਾਲ-ਨਾਲ ਇਸ ਇਤਿਹਾਸਕ ਗੁਰੂ ਧਾਮ ਨੂੰ ਢਹਾਉਣ ਵਾਲੇ ਕਾਰੋਬਾਰੀ ਵਿਰੁੱਧ ਸਖ਼ਤ ਕਾਰਵਾਈ ਕਰਵਾਉਣ।ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚਲੇ ਗੁਰਦੁਆਰਾ 'ਸ਼੍ਰੀ ਗੁਰੂ ਸਿੰਘ ਸਭਾ ਸਾਹਿਬ' ਜੋ ਕਿ ਫ਼ਾਰੂਕਾਬਾਦ ਵਿਖੇ ਸਥਾਪਿਤ ਹੈ। ਇਹ ਗੁਰੂ ਘਰ ਲਾਹੌਰ ਤੋਂ 70 ਕਿਲੋਮੀਟਰ ਹੀ ਦੂਰ ਹੈ। ਇਸ 125 ਸਾਲ ਪੁਰਾਣੇ ਵਿਰਾਸਤੀ ਗੁਰਦਆਰਾ ਸਾਹਿਬ ਜੀ ਦੀ ਇਮਾਰਤ ਨੂੰ ਬਲਡੋਜ਼ਰ ਨਾਲ ਭੂਮੀ ਮਾਫ਼ੀਆ ਵੱਲੋਂ ਢਾਹੇ ਜਾਣ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਹੋਈਆਂ ਹਨ। ਗੁਰਦੁਆਰਾ ਸਾਹਿਬ ਦੀ ਇਸ ਇਤਿਹਾਸਿਕ ਇਮਾਰਤ ਨੂੰ ਢਾਹੇ ਜਾਣ ਪਿੱਛੇ ਵੱਡੇ ਕਾਰੋਬਾਰੀ ਦਾ ਹੱਥ ਦੱਸਿਆ ਜਾ ਰਿਹਾ ਹੈ। ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਗੁਰੂ ਘਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਵੀ ਇਸ ਕੋਝੀ ਹਰਕਤ ਨਾਲ ਦੁਨੀਆਂ ਭਰ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰੇ ਗਏ ਹਨ। ਇਹ ਮਾਮਲਾ ਇੱਕ ਇਮਾਰਤ ਨੂੰ ਢਾਹੁਣ ਦਾ ਨਹੀਂ ਸਗੋਂ ਦੁਨੀਆਂ ਵਿੱਚ ਵੱਸਦੇ ਕਰੋੜਾਂ ਸਿੱਖਾਂ ਦੀ ਆਸਥਾ ਨਾਲ ਅੰਦਰ ਤੱਕ ਜੁੜਿਆ ਹੋਇਆ ਅੱਤ ਸੰਵੇਦਨਸ਼ੀਲ ਮਾਮਲਾ ਹੈ। ਉਨ੍ਹਾਂ ਸਮੂਹ ਸਿੱਖਾਂ ਵੱਲੋਂ ਪੁਰਜ਼ੋਰ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਜੀ ਆਪਣਾ ਅਸਰ ਰਸੂਖ ਵਰਤ ਕੇ ਪਾਕਿਸਤਾਨ ਵਿੱਚਲੀ ਸਿੱਖ ਵਿਰਾਸਤ ਨੂੰ ਬਚਾਉਣ ਲਈ ਆਪਣੇ ਹਮਰੁਤਬਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਾਲ ਇਸ ਸੰਵੇਦਨਸ਼ੀਲ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਜਾਵੇ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਵਾਈ ਜਾਵੇ।



# ਸੰਘਵਾਲ ਦੀ ਸੜਕ ਬਣਨ 'ਤੇ ਹਲਕਾ ਇੰਚਾਰਜ ਦਾ ਧੰਨਵਾਦ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਪੰਜਾਬ ਸਰਕਾਰ ਦੁਆਰਾ ਪਿੰਡਾਂ ਦੀਆਂ ਬਹੁਤ ਹੀ ਸਮੇਂ ਤੋਂ ਖਸਤਾ ਹਾਲਤ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਹਲਕਾ ਆਦਮਪੁਰ ਦੇ ਪਿੰਡ ਸੰਘਵਾਲ ਦੀ ਸੜਕ ਜੋ ਕਿਸ਼ਨਗੜ੍ਹ ਤੋਂ ਪਿੰਡ ਸੰਘਵਾਲ ਤੱਕ ਪਿੰਡ



ਸੰਘਵਾਲ ਫਿਰਨੀ, ਬਿਆਸ ਪਿੰਡ ਤੋਂ ਸੰਘਵਾਲ ਦੀ ਲਿੰਕ ਸੜਕ ਤੇ ਸੰਘਵਾਲ ਤੋਂ ਦੁੱਗਰੀ ਤੱਕ ਦੀਆਂ ਲਿੰਕ ਸੜਕਾਂ ਦੀ ਹਾਲਤ ਬਹੁਤ ਸਾਲਾਂ ਤੋਂ ਤਰਸਯੋਗ ਬਣੀ ਹੋਈ ਸੀ, ਜਿਸ ਕਾਰਨ ਇਹਨਾਂ ਪਿੰਡਾਂ ਦੇ ਵਸਨੀਕਾਂ ਨੂੰ ਆਉਣ ਜਾਣ ਵਿੱਚ ਬਹੁਤ ਹੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ। ਪੰਜਾਬ ਸਰਕਾਰ ਦੀ ਸੜਕਾਂ ਦੀ ਨਵੀਨੀਕਰਨ ਲੜੀ ਤਹਿਤ ਅਤੇ ਹਲਕਾ ਆਦਮਪੁਰ ਦੇ ਆਪ ਪਾਰਟੀ ਦੇ ਇੰਚਾਰਜ ਪਵਨ ਕੁਮਾਰ ਟੀਨੂੰ ਦੇ ਯਤਨਾਂ ਸਦਕਾ ਪਿੰਡ ਸੰਘਵਾਲ ਦੀ ਫਿਰਨੀ ਦੀ ਸੜਕ ਅਤੇ ਸੰਘਵਾਲ ਤੋਂ ਦੁੱਗਰੀ ਦੀ ਸੜਕ ਬਣ ਕੇ ਤਿਆਰ ਹੋ ਗਈ ਹੈ। ਸੜਕ ਬਣਨ ਤੇ ਇਲਾਕੇ ਦੇ ਲੋਕਾਂ ਵਿੱਚ ਭਾਰੀ ਖੁਸ਼ੀ ਜਾਹਿਰ ਕੀਤੀ ਜਾ ਰਹੀ ਹੈ। ਸੜਕ ਬਣਨ 'ਤੇ ਆਮ ਆਦਮੀ ਪਾਰਟੀ ਦੇ ਆਗੂ ਜਸਪ੍ਰੀਤ ਸਿੰਘ ਚਾਹਲ, ਸਰਪੰਚ ਸ੍ਰੀਮਤੀ ਪ੍ਰਵੀਨ ਕੁਮਾਰੀ, ਪੰਚ ਹਰਜਿੰਦਰ ਸਿੰਘ ਸਾਬਕਾ ਸਰਪੰਚ ਭਾਗ ਰਾਮ, ਅਮਨ ਕੁਮਾਰ ਚੌਹਾਨ, ਉੱਤਮ ਸਿੰਘ ਅਤੇ ਸੰਦੀਪ ਕੁਮਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਦਾ ਧੰਨਵਾਦ ਕੀਤਾ! ਜਸਪ੍ਰੀਤ ਸਿੰਘ ਚਾਹਲ ਨੇ ਕਿਹਾ ਪਵਨ ਕੁਮਾਰ ਟੀਨੂੰ ਨੂੰ ਜਦੋਂ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਲਕਾ ਆਦਮਪੁਰ ਦਾ ਇੰਚਾਰਜ ਲਗਾਇਆ ਗਿਆ ਹੈ। ਉਸ ਸਮੇਂ ਤੋਂ ਹੀ ਆਦਮਪੁਰ ਹਲਕੇ ਦੇ ਪਿੰਡਾਂ ਦੀ ਨੁਹਾਰ ਬਦਲ ਗਈ ਹੈ ਅਤੇ ਹਰ ਪਿੰਡ ਵਿੱਚ ਵਿਕਾਸ ਕੰਮਾਂ ਨੇ ਜ਼ੋਰ ਫੜਿਆ ਹੋਇਆ ਹੈ।

# ਗਿਆਨ ਚੰਦ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਅੱਡਾ ਸਰਾਂ (ਜਸਵੀਰ ਕਾਜਲ)** ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਕੰਪਿਊਟਰ ਅਪ੍ਰੇਟਰ ਗਿਆਨ ਚੰਦ ਦੇ ਬੇਵਕਤੀ ਮੌਤ ਦੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅੱਡਾ ਸਰਾਂ ਜਸਵੀਰ ਕਾਜਲ ਨੇ ਕਿਹਾ ਕਿ ਗਿਆਨ ਚੰਦ ਇਕ ਮਿੱਠ ਬੋਲੜੇ ਅਤੇ ਨਿਮਰਤਾ ਸੁਭਾਅ ਦੇ ਇਨਸਾਨ ਸਨ ਅਤੇ ਉਨ੍ਹਾਂ ਨਾਲ ਕਈ ਵਾਰ ਫੋਨ 'ਤੇ ਵੀ ਗੱਲਬਾਤ ਹੁੰਦੀ ਰਹਿੰਦੀ ਸੀ ਅਤੇ ਦਫ਼ਤਰ ਵਿੱਚ ਅਕਸਰ ਮਿਲਣੇ-ਰਹਿੰਦੇ ਸਨ।ਗਿਆਨ ਚੰਦ ਸਿੰਘ ਬਹੁਤ ਸਮੇਂ ਤੋਂ 'ਨਵਾਂ ਜ਼ਮਾਨਾ' ਅਦਾਰੇ ਨਾਲ ਜੁੜੇ ਹੋਏ ਸਨ।ਉਨ੍ਹਾਂ ਦੇ ਵਿਛੋੜੇ ਨਾਲ ਦੁਖੀ ਪਰਵਾਰ ਦੇ ਨਾਲ ਨਾਲ 'ਨਵਾਂ ਜ਼ਮਾਨਾ' ਅਦਾਰੇ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



ਇਸ ਮੌਕੇ ਡਾ. ਸੀਨੀਅਰ ਪੱਤਰਕਾਰ ਵਰਿੰਦਰ ਪੰਡਤ, ਜਸਵਿਦਰ ਸਿੰਘ ਚੌਹਾਨ ਪ੍ਰਧਾਨ ਵਾਰਸ ਪੰਜਾਬ, ਅੰਮ੍ਰਿਪਾਲ ਸਿੰਘ ਪ੍ਰਧਾਨ ਬਾਬਾ ਬਿਸਨ ਸਿੰਘ ਗੁਰੂਦੁਆਰਾ ਸਾਹਿਬ, ਸਰਪੰਚ ਅਜੈਬ ਸਿੰਘ, ਮਨਜੀਤ ਸਿੰਘ ਨਰਵਾਲ ਡਾ. ਚਰਨਜੀਤ ਪੜਬੱਗਾ ਨੇ ਵੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਪੇਂਡੂ ਤੇ ਖੇਤ ਮਜ਼ਦੂਰ ਸਾਂਝਾ ਮੋਰਚਾ ਵੱਲੋਂ 'ਵੀ ਬੀ ਜੀ ਰਾਮ ਜੀ' ਬਾਰੇ ਨੋਟੀਫਿਕੇਸ਼ਨ ਰੱਦ ਕਰਨ ਦੀ ਮੰਗ



**ਬੰਗਾ (ਅਵਤਾਰ ਕਲੇਰ)** ਪੇਂਡੂ ਅਤੇ ਖੇਤ ਮਜ਼ਦੂਰਾਂ ਦੇ ਸਾਂਝਾ ਮੋਰਚਾ ਪੰਜਾਬ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਮੁੱਖ ਮੰਤਰੀ ਪੰਜਾਬ ਨੂੰ ਡਿਪਟੀ ਕਮਿਸ਼ਨਰ ਦੇ ਜਰੀਏ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਦਿਹਾਤੀ ਮਜ਼ਦੂਰ ਸਭਾ ਦੇ ਹਰਪਾਲ ਸਿੰਘ ਜਗਤਪੁਰ, ਨਿਰੰਜਨ ਦਾਸ ਮੇਹਲੀ ਪੰਜਾਬ ਖੇਤ ਮਜ਼ਦੂਰ ਸਭਾ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਕੁਲਦੀਪ ਸਿੰਘ ਝਿੰਗੜ ਨੇ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਵੈੱਬ ਜੀ ਜੀ ਰਾਮ ਜੀ ਕਾਨੂੰਨ ਨੂੰ ਲਾਗੂ ਕਰਨ ਦਾ ਜਾਰੀ ਕੀਤਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ। ਮੋਦੀ ਸਰਕਾਰ ਮਗਨਰੇਗਾ ਖਤਮ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਨਵਾਂ ਕਾਨੂੰਨ ਲਿਆਕੇ ਦੇਸ਼ ਦੇ ਦੋ ਕਰੋੜ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਚੁੱਲ੍ਹੇ ਠੰਡੇ ਕਰਨ ਦੇ ਰਾਹ ਪੈ ਗਈ ਹੈ ਜਦਕਿ ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਇਸਨੂੰ ਪੰਜਾਬ ਵਿੱਚ ਪਹਿਲੀ ਜੁਲਾਈ ਤੋਂ ਲਾਗੂ ਕਰਨ ਦਾ ਐਲਾਨ ਕੀਤਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਹੱਕੀ ਮੰਗਾਂ ਲਈ ਜਮਹੂਰੀ ਲੀਹਾਂ 'ਤੇ ਸੰਘਰਸ਼ ਕਰ ਰਹੇ ਲੋਕਾਂ ਤੇ ਪੁਲਸ ਜਬਰ ਬੰਦ ਕੀਤਾ ਜਾਵੇ ਕੋਲਾਂ ਦੌਰਾਨ ਮਜ਼ਦੂਰਾਂ ਕਿਸਾਨਾਂ ਮੁਲਾਜ਼ਮਾਂ ਅਤੇ ਹੋਰ ਸੰਘਰਸ਼ ਦੀ ਲੋਕਾਂ 'ਤੇ ਕੀਤੇ ਪਰਚੇ ਰੱਦ ਕੀਤੇ ਜਾਣ, ਨਿਜੀਕਰਨ ਅਦਾਰੀ ਕਾਰਨ ਸੰਸਾਰੀਕਰ ਦੀਆਂ ਨੀਤੀਆਂ ਰੱਦ ਕੀਤੀਆਂ ਜਾਣ ਅਤੇ ਕਾਰਪੋਰੇਟ ਵਿਕਾਸ ਮਾਡਲ ਰੱਦ ਕੀਤਾ ਜਾਵੇ।

# ਨਜ਼ਾਇਜ਼ ਸ਼ਰਾਬ ਸਮੇਤ ਕਾਬੂ

**ਮਾਹਿਲਪੁਰ (ਸ.ਫਰੀ)**- ਐੱਸ ਐੱਸ ਪੀ ਹੁਸ਼ਿਆਰਪੁਰ, ਡੀ ਐੱਸ ਪੀ ਗੜ੍ਹਸ਼ੰਕਰ, ਐੱਸ ਐੱਚ ਓ ਮਾਹਿਲਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਥਾਣਾ ਮਾਹਿਲਪੁਰ ਅਧੀਨ ਪੈਂਦੇ ਸੈਲਾ ਖੁਰਦ ਦੇ ਚੌਂਕੀ ਇੰਚਾਰਜ ਏ ਐਸ ਆਈ ਸਤਨਾਮ ਸਿੰਘ ਥਾਣਾ ਮਾਹਿਲਪੁਰ ਸਮੇਤ ਪੁਲਸ ਪਾਰਟੀ ਨੇ ਇਕ ਵਿਅਕਤੀ ਨੂੰ ਸਮੇਤ ਨਜ਼ਾਇਜ਼ ਸ਼ਰਾਬ ਇੱਕ ਪੇਟੀ, ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਹੈ।ਚੌਂਕੀ ਇੰਚਾਰਜ ਏ ਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਮੈਂ ਆਪਣੀ ਪੁਲਸ ਪਾਰਟੀ ਸਮੇਤ ਸੈਲਾ ਖੁਰਦ ਤੋਂ ਜੱਸੋਵਾਲ, ਭਾਤਪੁਰ ਜੱਟਾਂ ਵੱਲ ਜਾ ਰਿਹਾ ਸੀ।ਜਦੋਂ ਅਸੀਂ ਲਿੰਕ ਰੋਡ 'ਤੇ ਪਹੁੰਚੇ ਤਾਂ ਇਕ ਵਿਅਕਤੀ ਮੋਟਰਸਾਈਕਲ ਨੰਬਰ ਪੀ ਬੀ 07-ਸੀ ਬੀ-8308 ਮਾਰਕਾ ਸਪਲੈਂਡਰ ਤੇ ਜਾ ਰਿਹਾ ਸੀ ਅਤੇ ਉਸ ਨੇ ਪੈਟਰੋਲ ਵਾਲੀ ਟੈਂਕੀ ਤੇ ਇਕ ਪੀਲੇ ਰੰਗ ਦਾ ਪਲਾਸਟਿਕ ਦਾ ਬੋਰਾ ਰੱਖਿਆ ਹੋਇਆ ਸੀ। ਰੋਕ ਕੇ ਜਦੋਂ ਉਸਦੀ ਤਲਾਸ਼ੀ ਲਈ ਗਈ ਤਾਂ ਪੀਲੇ ਰੰਗ ਦੇ ਬੋਰੇ ਵਿੱਚ ਇਕ ਪੇਟੀ (12 ਬੋਤਲਾਂ) ਨਜ਼ਾਇਜ਼ ਸਰਾਬ ਮਾਰਕਾ ਰੌਇਲ ਸਟੈਗ ਪਾਈ ਗਈ।ਉਕਤ ਵਿਅਕਤੀ ਦੀ ਪਹਿਚਾਣ ਉਂਕਾਰ ਸਿੰਘ ਪੁਤਰ ਬਚਿੱਤਰ ਸਿੰਘ ਵਾਸੀ ਮਹਿੰਗਰੋਵਾਲ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ।ਪੁਲਸ ਨੇ ਮੁਲਜ਼ਮ ਸਮੇਤ ਨਜ਼ਾਇਜ਼ ਸ਼ਰਾਬ ਅਤੇ ਮੋਟਰਸਾਈਕਲ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਬਿੰਦੂ ਘੁੰਮਣ ਨੇ ਸਰਕਾਰੀ ਐਲੀਮੈਂਟਰੀ ਸਕੂਲ ਲਮੀਣ ਨੂੰ ਵਾਟਰ ਕੂਲਰ ਲਈ 50 ਹਜ਼ਾਰ ਦਾ ਚੈੱਕ ਕੀਤਾ ਭੇਟ



**ਦਸੂਹਾ (ਕਰਨੈਲ ਮਾਂਗਟ)** ਸਰਕਾਰੀ ਐਲੀਮੈਂਟਰੀ ਸਕੂਲ ਲਮੀਣ ਬਲਾਕ ਦਸੂਹਾ ਨੂੰ ਵਿਧਾਇਕ ਕਰਮਬੀਰ ਸਿੰਘ ਘੁੰਮਣ ਦੇ ਦਿਸ਼ਾਂ-ਨਿਰਦੇਸਾਂ ਤੇ ਵਿਧਾਇਕ ਘੁੰਮਣ ਤੇ ਭਰਾ ਬਰਿੰਦਰਇਕਬਾਲ ਸਿੰਘ ਬਿੰਦੂ ਘੁੰਮਣ ਤੇ ਬਲਾਕ ਸੰਮਤੀ ਦਸੂਹਾ ਦੇ ਮੀਤ ਚੇਅਰਮੈਨ ਗਗਨਦੀਪ ਸਿੰਘ ਚੀਮਾਂ ਨੇ ਸਕੂਲ ਦੇ ਟੀਚਰ ਗੀਤੂ ਤੇ ਨੰਬਰਦਾਰ ਭੁੱਲਾ ਰਾਮ ਤੇਜੀ ਨੂੰ ਵਾਟਰਕੂਲਰ ਲਈ 50 ਹਜ਼ਾਰ ਦਾ ਚੈੱਕ ਭੇਟ ਕੀਤਾ। ਇਸ ਮੌਕੇ ਵਿਧਾਇਕ ਘੁੰਮਣ ਤੇ ਭਰਾ ਬਰਿੰਦਰਇਕਬਾਲ ਸਿੰਘ ਬਿੰਦੂ ਘੁੰਮਣ ਨੇ ਕਿਹਾ ਕਿ ਆਪ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ ਅਤੇ ਆਪ ਸਰਕਾਰ ਅਪਣੀਆ ਸਾਰੀਆ ਗਰੰਟੀਆ ਪੂਰੀਆ ਕਰ ਦਿੱਤੀਆਂ ਗਈਆ ਹਨ ਅਤੇ 2027 ਵਿੱਚ ਵੀ ਆਪ ਦੀ ਸਰਕਾਰ ਹੀ ਬਣੇਗੀ। ਇਸ ਮੌਕੇ ਨੰਬਰਦਾਰ ਭੁੱਲਾ ਰਾਮ ਤੇਜੀ ਨੇ ਵਿਧਾਇਕ ਘੁੰਮਣ ਤੇ ਉਨ੍ਹਾਂ ਦੇ ਭਰਾ ਬਰਿੰਦਰਇਕਬਾਲ ਸਿੰਘ ਬਿੰਦੂ ਘੁੰਮਣ ਤੇ ਆਪ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਪੰਚ ਕਮਲਜੀਤ ਸਿੰਘ, ਗੌਰਵ ਪਠਾਣੀਆ, ਬਬੀਤਾ, ਆਂਗਣਵਾੜੀ ਵਰਕਰ ਕਾਂਤਾ ਦੇਵੀ, ਇੰਦਰਜੀਤ, ਅਜੇ ਕੁਮਾਰ ਛਾਂਗਲਾਂ, ਕੀਰਤੀ ਠਾਕੁਰ, ਬਲਵੀਰ ਕੌਰ ਆਦਿ ਹਾਜ਼ਰ ਸਨ।

## ਡਾ. ਯੋਗੇਸ਼ ਗੰਭੀਰ ਨੂੰ ਮਿਲਿਆ 'ਯੂ ਐੱਸ ਓ ਸਕੂਲ ਲੀਡਰਸ਼ਿਪ ਐਕਸੀਲੈਂਸ ਅਵਾਰਡ'

**ਫਿਲੌਰ (ਨਿਰਮਲ)**- ਡੀ ਆਰ ਵੀ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ, ਫਿਲੌਰ ਲਈ ਇਹ ਬਹੁਤ ਹੀ ਮਾਣ ਅਤੇ ਖੁਸ਼ੀ ਦਾ ਵਿਸ਼ਾ ਹੈ ਕਿ ਸਕੂਲ ਦੇ ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੂੰ ਮਸ਼ਹੂਰ 'ਯੂ.ਐੱਸ.ਓ. ਸਕੂਲ ਲੀਡਰਸ਼ਿਪ ਕੌਨਕਲੇਵ ਅਤੇ ਐਕਸੀਲੈਂਸ ਅਵਾਰਡਸ-2026' ਵਿੱਚ 'ਯੂ.ਐੱਸ.ਓ. ਸਕੂਲ ਲੀਡਰਸ਼ਿਪ ਐਕਸੀਲੈਂਸ ਅਵਾਰਡ-2026' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਦੇਸ਼ ਭਰ ਦੇ ਉਨ੍ਹਾਂ ਸਕੂਲ ਮੁਖੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੀ ਦੂਰਅੰਦੇਸ਼ੀ ਅਗਵਾਈ, ਨਵੀਨਤਾਕਾਰੀ ਕਾਰਜਸ਼ੈਲੀ ਅਤੇ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਰਾਹੀਂ ਇੱਕ ਨਵੀਂ ਪਛਾਣ ਕਾਇਮ ਕੀਤੀ ਹੈ।ਸਮਾਗਮ ਦੌਰਾਨ ਇਹ ਸਨਮਾਨ ਯੂਨੈਸਕੋ (ਦੱਖਣੀ ਏਸ਼ੀਆ ਖੇਤਰੀ ਦਫ਼ਤਰ) ਦੀ ਕੁਦਰਤੀ ਵਿਗਿਆਨ ਇਕਾਈ ਦੇ ਮੁਖੀ ਡਾ. ਬੇਨੋ ਬੋਅਰ ਵੱਲੋਂ ਪ੍ਰਦਾਨ ਕੀਤਾ ਗਿਆ।ਡਾ. ਯੋਗੇਸ਼ ਗੰਭੀਰ ਨੂੰ ਇਹ ਵੱਕਾਰੀ ਸਨਮਾਨ ਸਕੂਲ ਵਿੱਚ ਮਿਆਰੀ ਸਿੱਖਿਆ, ਨਵੀਨਤਾ-ਆਧਾਰਿਤ ਪੜ੍ਹਾਈ, ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਸ਼ਖਸੀਅਤ ਨਿਰਮਾਣ ਲਈ ਕੀਤੇ ਗਏ ਸ਼ਲਾਘਾਯੋਗ ਕਾਰਜਾਂ ਲਈ ਦਿੱਤਾ ਗਿਆ ਹੈ।



## ਕੰਧਾਲਾ ਜੱਟਾਂ ਵਿਖੇ ਗੁਰਦੁਆਰਾ ਸਿੰਘ ਸਭਾ ਵੱਲੋਂ ਛਬੀਲ ਲਗਾਈ

**ਅੱਡਾ ਸਰਾਂ (ਜਸਵੀਰ ਕਾਜਲ)** ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੂੰ ਸਮਰਪਿਤ ਪਿੰਡ ਕੰਧਾਲਾ ਵਿਖੇ ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ ਸਮੂਹ ਨਗਰ ਵਾਸੀ ਸੰਗਤਾਂ ਦੇ ਸਹਿਯੋਗ ਨਾਲ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗੀਰ ਸਿੰਘ, ਮਹਿੰਦਰ ਸਿੰਘ, ਜਸਵਿੰਦਰ ਸਿੰਘ, ਦਲਜੀਤ ਸਿੰਘ , ਹਰਸਿਮਰਨ ਸਿੰਘ, ਸੁਖਵਿੰਦਰ ਸਿੰਘ, ਕੁਲਵਿੰਦਰ ਸਿੰਘ, ਜਸਕੀਰਤ ਸਿੰਘ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।




## ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ਼੍ਰੋਮਣੀ ਭਗਤ ਕਬੀਰ ਦਾ ਜਨਮ ਦਿਹਾੜਾ ਮਨਾਇਆ

**ਮੁਹਾਲੀ (ਗੁਰਜੀਤ ਬਿੱਲਾ)** : ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਮਹਾਨ ਕ੍ਰਾਂਤੀਕਾਰੀ, ਬ੍ਰਹਮਬੇਤਾ, ਸ਼੍ਰੋਮਣੀ ਭਗਤ ਕਬੀਰ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਨਮ ਦਿਹਾੜੇ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ਇਸ ਗੁਰਮਤਿ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਸ਼੍ਰੋਮਣੀ ਭਗਤ ਕਬੀਰ ਦੇ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਾਇਆ।ਇਸ ਮੌਕੇ ਦਰਬਾਰ ਸਾਹਿਬ ਜੀ ਦੀ ਅੰਦਰੋ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ । ਇਸ ਦਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ।ਠੰਢੇ ਮੀਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਸਾਰਾ ਦਿਨ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ ।




## ਯਾਤਰਾ ਸੇਵਾਵਾਂ ਦੇ ਲਗਾਤਾਰ 21 ਸਾਲ ਪੂਰੇ ਹੋਣ ਦਾ ਬਣਿਆ ਰਿਕਾਰਡ : ਅਸ਼ੋਕ ਸੰਧੂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਨੂਰਮਹਿਲ 'ਚ ਸ਼੍ਰੀ ਅਮਰਨਾਥ ਯਾਤਰਾ ਦਾ ਸ਼ੁੱਭ ਆਰੰਭ ਕਰਨ ਵਾਲੀ ਸੰਸਥਾ ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੇ ਪ੍ਰਧਾਨ ਲਾਇਨ ਅਸ਼ੋਕ ਬਬਿਤਾ ਸੰਧੂ ਦੀ ਪ੍ਰਧਾਨਗੀ ਹੇਠ ਫਰੀ ਅਤੇ ਏਅਰ ਕੰਡੀਸ਼ਨਡ, 2026 ਮਾਡਲ ਦੀਆਂ ਬੱਸਾਂ ਵਿੱਚ 101 ਸ਼ਰਧਾਲੂਆਂ ਦਾ ਜੱਥਾ ਨੂਰਮਹਿਲ ਦੇ ਮੰਦਰ ਬਾਬਾ ਭੂਤਨਾਥ ਵਿਹੜੇ 'ਚੋਂ ਸ੍ਰੀ ਅਮਰਨਾਥ ਯਾਤਰਾ ਲਈ ਰਵਾਨਾ ਹੋਇਆ।ਯਾਤਰਾ ਸੇਵਾਵਾਂ ਦੇ ਲਗਾਤਾਰ 21 ਸਾਲ ਪੂਰੇ ਹੋ ਜਾਣ ਦੀ ਖੁਸ਼ੀ ਵਿੱਚ ਯਾਤਰਾ ਨੂੰ 'ਸ਼ਗਨਾਂ ਵਾਲੀ ਯਾਤਰਾ' ਦਾ ਨਾਮ ਦਿੱਤਾ ਗਿਆ। ਯਾਤਰਾ ਨੂੰ ਨਗਰ ਕੌਂਸਲ ਪ੍ਰਧਾਨ ਦੀਪਕ ਕੁਮਾਰ ਦੀਪੂ, ਕੌਂਸਲਰ ਕ੍ਰਮਵਾਰ ਜੰਗ ਬਹਾਦਰ ਕੋਹਲੀ, ਰਾਕੇਸ਼ ਕਲੇਰ, ਮਮਤਾ ਬਾਲੂ, ਰਜਨੀ ਕੋਹਲੀ, ਏਕਤਾ ਨਈਅਰ, ਬਾਬਾ ਭੂਤਨਾਥ ਮੰਦਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਮੈਹਨ, ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ ਨੇ ਆਪਣੇ ਕਰ ਕਮਲਾਂ ਨਾਲ ਰਵਾਨਾ ਕੀਤਾ। ਕਲੱਬ ਡ੍ਰੀਮ ਦੇ ਅਫਸਰ ਲਾਇਨ ਆਂਚਲ ਸੰਧੂ ਸੋਖਲ, ਲਾਇਨ ਸੋਮਿਨਾਂ ਸੰਧੂ, ਲਾਇਨ ਜਸਦੀਪ ਕੌਰ ਸੰਧੂ, ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਹਰੀਸ਼ ਮੈਹਨ, ਸੈਕਟਰੀ ਸ਼ਰਨਜੀਤ ਸਿੰਘ, ਪ੍ਰੈਸ ਸਕੱਤਰ ਅਨਿਲ ਮਿਸਰ, ਪੀ.ਆਰ.ਓ ਅਮਨ ਕੁਮਾਰ, ਕੈਸ਼ੀਅਰ ਰਾਮ ਮੂਰਤੀ, ਮਹੇਸ਼ ਕੁਮਾਰ, ਕੇਵਲ ਕ੍ਰਿਸ਼ਨ ਸੰਧੀਰ ਨੇ ਸ਼ਗਨਾਂ ਵਾਲੀ ਯਾਤਰਾ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਣ ਰੋਲ ਅਦਾ ਕੀਤਾ।

## ਪੀਰ ਬਾਬਾ ਢੇਰੀ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਕਰਵਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਨਜਦੀਕੀ ਪਿੰਡ ਅਜਨੋਹਾ ਵਿਖੇ ਦਰਬਾਰ ਪੀਰ ਬਾਬਾ ਢੇਰੀ ਸ਼ਾਹ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐਨ. ਆਰ.ਆਈ ਵੀਰਾਂ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਪੀਰ ਬਾਬਾ ਢੇਰੀ ਸ਼ਾਹ ਜੀ ਵੈਲਫੇਅਰ ਪ੍ਰਬੰਧਕ ਕਮੇਟੀ (ਰਜਿ.) ਵੱਲੋਂ ਪੀਰ ਬਾਬਾ ਢੇਰੀ ਸ਼ਾਹ ਜੀ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਸ਼ਰਧਾ ਪੂਰਵਕ ਕਰਵਾਇਆ ਗਿਆ। ਇਸ ਮੌਕੇ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕਰਨ ਉਪਰੰਤ ਪੰਜਾਬ ਦੇ ਨਾਮਵਰ ਕਲਾਕਾਰ ਜਿਹਨਾਂ ਵਿੱਚ ਮੰਗੀ ਖਾਨ, ਨੀਤੂ ਨੂਰਾਂ, ਨੂਰ ਸਾਈਂ ਨਕਾਲ ਪਾਰਟੀ ਫਗਵਾੜਾ ਅਤੇ ਹੋਰ ਕਲਾਕਾਰਾਂ ਨੇ ਪੀਰਾਂ ਦੀ ਮਹਿਫ਼ਲ ਸਜਾ ਕੇ ਧਾਰਮਿਕ ਤੇ ਸੂਫ਼ੀਆਨਾ ਪ੍ਰੋਗਰਾਮ ਪੇਸ਼ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਕੁਲਵਿੰਦਰ ਕਿੰਦਾ ਫਗਵਾੜਾ ਨੇ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਕੀਤੀ।ਇਸ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਭੰਡਾਰੇ ਅਤੁੱਟ ਵਰਤਾਏ ਗਏ।ਪ੍ਰਬੰਧਕਾਂ ਵਲੋਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪੇ ਦੇਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੋਹਣ ਸਿੰਘ ਰਾਜਾ ਹਲਵਾਈ, ਰਾਜ ਕੁਮਾਰ ਰੱਤੂ,ਪਰਮਜੀਤ ਸਿੰਘ ਪੰਮਾ, ਸ਼ੇਰੂ ਪਰਮਾਰ, ਸੁੱਖਾ ਪਰਮਾਰ, ਸਤਪਾਲ ਸਿੰਘ, ਮਨਦੀਪ ਸਿੰਘ, ਸਰਪੰਚ ਰਾਜਵਿੰਦਰ ਕੌਰ,ਮਨਦੀਪ , ਅਰਸ਼ਦੀਪ ਰਤੂ, ਅੰਕੁਸ਼ ਵਿਰਦੀ, ਇੰਦਰਜੀਤ ਪਰਮਾਰ, ਲਵਪ੍ਰੀਤ ਪਰਮਾਰ, ਤਰਵਿੰਦਰ ਪਰਮਾਰ, ਪ੍ਰਿੰਸ, ਸੁੱਖਵਿੰਦਰ ਪਰਮਾਰ, ਝੁਜਾਰ ਪਰਮਾਰ, ਬਿੱਟੂ ਵਿਰਦੀ , ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।



## ਠੰਢੇ-ਮਿਠੇ ਜਲ ਦੀ ਛਬੀਲ ਲਗਾਈ



**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਢੱਟ ਦੇ ਗੁਰੂ ਰਵਿਦਾਸ ਨੌਜਵਾਨ ਸਭਾ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਸਰਬਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਅੱਡਾ ਸਰਾਂ ਪੁਲੀ 'ਤੇ ਠੰਡੇ ਮਿਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸਰਪੰਚ ਪਰਸੋਤਮ ਲਾਲ, ਮੋਹਣ ਲਾਲ, ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਵਿਜੈ, ਕਮਲਜੀਤ, ਗੋਪੀ, ਸੁਖਵਿੰਦਰ ਸਿੰਘ, ਜੱਸੂ, ਪ੍ਰਦੀਪ, ਬੌਬੀ, ਜਰਨੈਲ ਸਿੰਘ, ਸੁਖਾ, ਬਰਿੰਦਰ ਆਦਿ ਹਾਜ਼ਰ ਸਨ।

# ਐੱਸ ਐੱਸ ਪੀ ਦੇ ਨਾਂਅ 'ਤੇ ਸਿਟੀ ਪੁਲਸ ਸਟੇਸ਼ਨ ਇੰਚਾਰਜ ਨੂੰ ਮੰਗ ਪੱਤਰ ਸੌਂਪਿਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਫਗਵਾੜਾ ਵਿੱਚ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੇ ਨਾਜ਼ੀਆ ਇਲਾਹੀ ਵੱਲੋਂ ਸੋਸ਼ਲ ਮੀਡੀਆ 'ਤੇ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਪੋਸਟ ਪਾਉਣ, ਮੁਸਲਿਮ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਵਿਰੋਧ ਵਿੱਚ ਪੁਤਲਾ ਸਾੜਿਆ ਅਤੇ ਵਿਰੋਧ ਪ੍ਰਦਰਸ਼ਨ ਕੀਤਾ। ਰਾਸ਼ਟਰੀ ਘੱਟ ਗਿਣਤੀ ਐਕਸ਼ਨ ਫਰੰਟ ਦੇ ਸੂਬਾ ਪ੍ਰਧਾਨ ਸਰਵਰ ਗੁਲਾਮ ਸਬਾ ਦੀ ਅਗਵਾਈ ਹੇਠ ਹੋਏ ਇਸ ਵਿਰੋਧ ਪ੍ਰਦਰਸ਼ਨ ਦੌਰਾਨ, ਭਾਈਚਾਰੇ ਨੇ ਭਾਜਪਾ ਨੇਤਾ ਨਾਜ਼ੀਆ ਇਲਾਹੀ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਐੱਸ ਐੱਸ ਪੀ ਕਪੂਰਥਲਾ ਦੇ ਨਾਮ ਸਿਟੀ ਪੁਲਿਸ ਸਟੇਸ਼ਨ ਇੰਚਾਰਜ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਨਾਜ਼ੀਆ ਇਲਾਹੀ ਵਿਰੁੱਧ ਕੇਸ ਦਰਜ ਕਰਨ ਅਤੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ। ਇਸ ਮੌਕੇ ਸਰਵਰ ਗੁਲਾਮ ਸਬਾ ਨੇ ਦੱਸਿਆ ਕਿ ਨਾਜ਼ੀਆ ਇਲਾਹੀ, ਜੋ ਆਪਣੇ ਆਪ ਨੂੰ ਭਾਜਪਾ ਨੇਤਾ ਦੱਸਦੀ ਹੈ, ਨੇ ਸੋਸ਼ਲ ਮੀਡੀਆ 'ਤੇ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਵਿਰੁੱਧ ਬਹੁਤ ਹੀ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਦੇ ਹੋਏ ਪੋਸਟ ਕੀਤੀ ਹੈ, ਜਿਸ ਨਾਲ ਮੁਸਲਿਮ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਜਿਸ ਨਾਲ ਭਾਈਚਾਰੇ ਵਿੱਚ ਭਾਰੀ ਗੁੱਸਾ ਹੈ।ਇਸ ਮੌਕੇ ਕਾਰੀ ਗਯੂਰ ਅਹਿਮਦ, ਮੌਲਵੀ ਜ਼ਿਆਉਲ ਹੱਕ, ਉਮਰ ਮਸਜਿਦ, ਮੌਲਾਨਾ ਨਸੀਮ ਕਾਸਮੀ, ਅਸਲਮ ਸ਼ਹਾਦਤ, ਦਾਨਿਸ਼ ਕੁਰੈਸ਼ੀ, ਮੁਰਸ਼ੀਦ, ਮੁ. ਰਫੀਕ, ਲਵੀਸ਼ ਕੁਰੈਸ਼ੀ, ਕਾਰੀ ਅਲੀਮ, ਐਜਾਜ਼ ਸਲਮਾਨੀ, ਅਲਾਉਦੀਨ, ਸ਼ਾਹਨਵਾਜ਼, ਕਾਰੀ ਸ਼ੌਕੀਨ, ਹਕੀਮ ਮਹਿਤਾਬ, ਮੁਹੰਮਦ ਆਬਿਦ, ਇਮਾਮ, ਆਫਤਾਬ ਆਲਮ ਪ੍ਰਧਾਨ, ਇਸ਼ਰਾਫੀਲ ਕੋਤਰਾਨ, ਮੁਹੰਮਦ ਨਾਹਿਦ ਰਜ਼ਾ ਇਮਾਮ, ਮੁਹੰਮਦ ਇਮਤਿਆਜ਼ ਠੇਕੇਦਾਰ, ਭੋਲਾ, ਫਿਰੋਜ਼ ਖਾਨ ਅਤੇ ਮੁਸਲਿਮ ਭਾਈਚਾਰੇ ਦੇ ਆਗੂ ਹਾਜ਼ਰ ਸਨ।



# ਰਾਖਵਾਂਕਰਨ ਖ਼ਤਮ ਕਰਨ ਵਿਰੁੱਧ ਬਸਪਾ ਵੱਲੋਂ ਮੋਹਾਲੀ 'ਚ ਰੋਸ ਪ੍ਰਦਰਸ਼ਨ

**ਚੰਡੀਗੜ੍ਹ (ਸੁਰਜੀਤ ਸੁਮਨ)** ਲੰਮੇ ਸਮੇਂ ਦੀ ਉਡੀਕ ਤੋਂ ਬਾਅਦ ਬੀਤੇ ਦਿਨੀਂ ਵੱਖ ਵੱਖ ਵਿਸ਼ਿਆਂ ਦੇ ਲੈਕਚਰਾਰਾਂ ਦੀ ਭਰਤੀ ਲਈ ਸਿੱਖਿਆ ਵਿਭਾਗ ਦੇ ਭਰਤੀ ਬੋਰਡ ਵੱਲੋਂ ਯੋਗ ਉਮੀਦਵਾਰਾਂ ਪਾਸੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ।ਇਨ੍ਹਾਂ ਅਸਾਮੀਆਂ ਦੇ ਵਿਗਿਆਪਨ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਦਾ ਰਾਖਵਾਂਕਰਨ ਬਿਲਕੁੱਲ ਹੀ ਖਤਮ ਕਰ ਦਿੱਤਾ ਗਿਆ ਹੈ, ਜੋ ਕਿ ਸਿੱਧੇ ਤੌਰ 'ਤੇ ਸੰਵਿਧਾਨ ਦੀ ਉਲੰਘਣਾ ਹੈ।ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਹੁਜਨ ਸਮਾਜ ਪਾਰਟੀ ਜਿਲ੍ਹਾ ਮੋਹਾਲੀ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਹਰਕਾਦਾਸ ਧਾਲੀਵਾਲ ਜਿਲ੍ਹਾ ਪ੍ਰਧਾਨ ਬਸਪਾ ਮੋਹਾਲੀ ਵਲੋਂ ਕੀਤੀ ਗਈ।ਇਸ ਰੋਸ ਪ੍ਰਦਰਸ਼ਨ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਠੇਕੇਦਾਰ ਹਰਭਜਨ ਸਿੰਘ ਬਜਹੇੜੀ ਅਤੇ ਜਗਜੀਤ ਸਿੰਘ ਛੜਬੜ ਜਨਰਲ ਸਕੱਤਰ ਬਸਪਾ ਪੰਜਾਬ ਵਲੋਂ ਮੰਗ ਕੀਤੀ ਗਈ ਕਿ ਇਹ ਭਰਤੀ ਰੋਕ ਕੇ ਰਾਖਵਾਂਕਰਨ ਲਾਗੂ ਕੀਤਾ ਜਾਵੇ।

ਉਨ੍ਹਾਂ ਕਿਹਾ ਸਰਕਾਰੀ ਨੌਕਰੀਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਸੰਵਿਧਾਨਕ ਤੌਰ 'ਤੇ ਇਹ ਹੱਕ ਪ੍ਰਦਾਨ ਕੀਤਾ ਹੋਇਆ ਹੈ, ਜਿਸ ਅਨੁਸਾਰ ਰੋਸਟਰ ਪੁਆਇੰਟਾਂ ਦੀ ਮੁੜ ਗਣਨਾ ਕੀਤੀ ਜਾਵੇ।ਇਹ ਵੀ ਕਿਹਾ ਗਿਆ ਕਿ ਸਰਕਾਰ ਦੀ ਇਸ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਹ ਵੀ ਚਿਤਾਵਨੀ ਦਿੱਤੀ ਗਈ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਇਸ ਭਰਤੀ ਵਿਚ ਦਲਿਤਾਂ ਅਤੇ ਪਛੜੇ ਵਰਗਾਂ ਦਾ ਰਾਖਵਾਂਕਰਨ ਬਹਾਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿਚ ਹੋਰ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ। ਪ੍ਰਦਰਸ਼ਨ ਉਪਰੰਤ ਬਸਪਾ ਵੱਲੋਂ ਡਿਪਟੀ ਕਮਿਸ਼ਨਰ ਮੋਹਾਲੀ ਨੂੰ ਮਾਣਯੋਗ ਰਾਜਪਾਲ ਪੰਜਾਬ ਦੇ ਨਾਂਅ 'ਤੇ ਮੈਮੋਰੰਡਮ ਦਿੱਤਾ ਗਿਆ।



# 'ਸ਼ਬਦਾਂ ਦੇ ਪਾਸਾਰ' 'ਤੇ ਵਿਚਾਰ-ਚਰਚਾ ਅੱਜ

**ਚੰਡੀਗੜ੍ਹ (ਸੁਰਜੀਤ ਸੁਮਨ)** ਪੰਜਾਬੀ ਸਾਹਿਤ ਸਭਾ ਖਰੜ ਦੀ ਮਾਸਿਕ ਇਕੱਤ੍ਰਤਾ 5 ਜੁਲਾਈ, 2026 ਨੂੰ ਸਵੇਰੇ 9.30 ਵਜੇ, ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਖਰੜ ਵਿਖੇ ਹੋ ਰਹੀ ਹੈ।ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਬ੍ਰਹਮਜਗਦੀਸ਼ ਸਿੰਘ ਕਰਨਗੇ, ਜਦਕਿ ਗਲਪਕਾਰ ਨਕਸ਼ਦੀਪ ਪੰਜਕੋਹਾ ਵਿਸੇਸ਼ ਤੌਰ 'ਤੇ ਸ਼ਾਮਲ ਹੋਣਗੇ।ਸਭਾ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਮੜੌਲਵੀ ਨੇ ਦੱਸਿਆ ਕਿ ਡਾ. ਜਸਪਾਲ ਜੱਸੀ ਦੀ ਨਵੀਂ ਛਪੀ ਆਲੋਚਨਾ ਪੁਸਤਕ 'ਸ਼ਬਦਾਂ ਦੇ ਪਾਸਾਰ' 'ਤੇ ਚਰਚਾ ਕੀਤੀ ਜਾਵੇਗੀ। ਇਸ ਪੁਸਤਕ ਸੰਬੰਧੀ ਡਾ. ਰਾਜਿੰਦਰ ਸਿੰਘ ਕੁਰਾਲੀ ਪੇਪਰ ਪੜ੍ਹਨਗੇ। ਉਨ੍ਹਾਂ ਕਿਹਾ ਕਿ ਡਾ. ਸੁਰਿੰਦਰ ਕੌਰ ਦੀ ਤਾਜ਼ਾ ਪੁਸਤਕ 'ਮਨੋਵਿਕ੍ਰਿਤਿਉਂ ਕੇ ਸੰਦਰਭ ਮੇਂ ਹਿੰਦੀ ਉਪਨਿਆਸ' ਵੀ ਰਲੀਜ਼ ਕੀਤੀ ਜਾਵੇਗੀ।ਇਸ ਮੌਕੇ ਹਾਜ਼ਰ ਅਦੀਬ ਆਪਣੀਆਂ ਰਚਨਾਵਾਂ ਵੀ ਪੜ੍ਹਨਗੇ।




# ਟਾਟਾ ਪਾਵਰ ਨੇ ਪੰਜਾਬ ਵਿੱਚ 'ਘਰ ਘਰ ਸੋਲਰ' ਮੁਹਿੰਮ ਦੀ ਕੀਤੀ ਸ਼ੁਰੂਆਤ

**ਮੁਹਾਲੀ (ਗੁਰਜੀਤ ਬਿੱਲਾ)**- ਟਾਟਾ ਪਾਵਰ ਸੋਲਰ ਰੂਫ ਨੇ ਪੰਜਾਬ ਵਿੱਚ ਆਪਣੀ ਪ੍ਰਮੁੱਖ ਮੁਹਿੰਮ 'ਘਰ ਘਰ ਸੋਲਰ' ਦੀ ਸ਼ੁਰੂਆਤ ਕੀਤੀ। ਇਸ ਦੇ ਨਾਲ ਹੀ ਟਾਟਾ ਪਾਵਰ ਬੈਟਰੀ ਸਟੋਰੇਜ ਹੱਲ ਵੀ ਪੇਸ਼ ਕੀਤੇ ਗਏ ਹਨ, ਜੋ ਪੂਰੇ ਰਾਜ ਵਿੱਚ ਸਵੱਛ, ਭਰੋਸੇਮੰਦ ਅਤੇ ਕਿਫਾਇਤੀ ਊਰਜਾ ਤੱਕ ਪਹੁੰਚ ਨੂੰ ਮਜ਼ਬੂਤ ਕਰਨਗੇ।

ਇਹ ਮੁਹਿੰਮ ਪੰਜਾਬ ਦੇ ਰਿਹਾਇਸ਼ੀ ਖਪਤਕਾਰਾਂ, ਕਾਰੋਬਾਰਾਂ ਅਤੇ ਖੇਤੀਬਾੜੀ ਭਾਈਚਾਰਿਆਂ ਦੀਆਂ ਬਦਲਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਦਾ ਉਦੇਸ਼ ਇੱਕ ਏਕੀਕ੍ਰਿਤ ਸਵੱਛ ਊਰਜਾ ਈਕੋਸਿਸਟਮ ਬਣਾਉਣਾ ਹੈ ਜੋ ਊਰਜਾ ਉਤਪਾਦਨ, ਸਟੋਰੇਜ ਅਤੇ ਖਪਤ ਦਾ ਸਮਰਥਨ ਕਰਦਾ ਹੈ।

ਨਵੀਨਤਮ ਤਕਨੀਕ, ਫਾਇਨੈਂਸਿੰਗ ਸਹਾਇਤਾ ਅਤੇ ਸਥਾਨਕ ਭਾਈਚਾਰਕ ਹਿੱਸੇਦਾਰੀ ਨੂੰ ਇੱਕਜੁੱਟ ਕਰਕੇ, ਟਾਟਾ ਪਾਵਰ ਦਾ ਟੀਚਾ ਸ਼ਹਿਰੀ, ਅਰਧ-ਸ਼ਹਿਰੀ ਅਤੇ ਪੇਂਡੂ ਬਾਜ਼ਾਰਾਂ ਵਿੱਚ ਸਵੱਛ, ਵਧੇਰੇ ਟਿਕਾਊ ਅਤੇ ਆਤਮ-ਨਿਰਭਰ ਊਰਜਾ ਹੱਲਾਂ ਵੱਲ ਤਬਦੀਲੀ ਨੂੰ ਤੇਜ਼ ਕਰਨਾ ਹੈ।ਲਾਂਚ ਈਵੈਂਟ ਵਿੱਚ ਬੋਲਦਿਆਂ, ਟਾਟਾ ਪਾਵਰ ਦੇ ਸੀ ਈ ਓ ਅਤੇ ਐਮਡੀ , ਡਾ. ਪ੍ਰਵੀਰ ਸਿਨਹਾ ਨੇ ਕਿਹਾ 'ਵਧਦੀ ਖਪਤਕਾਰ ਜਾਗਰੂਕਤਾ, ਬਿਜਲੀ ਦੀ ਵਧਦੀ ਮੰਗ ਅਤੇ ਸਸਟੇਨੇਬਲ ਲਿਵਿੰਗ ਪ੍ਰਤੀ ਮਜ਼ਬੂਤ ਝੁਕਾਅ ਦੇ ਕਾਰਨ ਪੰਜਾਬ ਵੰਡੇ ਗਏ ਰਿਨਿਊਏਬਲ ਐਨਰਜੀ ਨੂੰ ਅਪਣਾਉਣ ਲਈ ਤੇਜ਼ੀ ਨਾਲ ਇੱਕ ਮਹੱਤਵਪੂਰਨ ਬਾਜ਼ਾਰ ਵਜੋਂ ਉੱਭਰ ਰਿਹਾ ਹੈ। 'ਘਰ ਘਰ ਸੋਲਰ' ਮੁਹਿੰਮ ਦੇ ਮਾਧਿਅਮ ਰਾਹੀਂ, ਅਸੀਂ ਇੱਕ ਅਜਿਹਾ ਵਿਆਪਕ ਈਕੋਸਿਸਟਮ ਬਣਾ ਰਹੇ ਹਾਂ ਜੋ ਰੂਫਟਾਪ ਸੋਲਰ, ਬੈਟਰੀ ਸਟੋਰੇਜ ਅਤੇ ਆਸਾਨ ਫਾਇਨੈਂਸਿੰਗ ਹੱਲਾਂ ਨੂੰ ਇੱਕੋ ਥਾਂ ਲਿਆਉਂਦਾ ਹੈ, ਜਿਸ ਨਾਲ ਖਪਤਕਾਰ ਵਧੇਰੇ ਆਤਮ-ਵਿਸ਼ਵਾਸ ਨਾਲ ਸਵੱਛ ਊਰਜਾ ਦਾ ਉਤਪਾਦਨ, ਸਟੋਰੇਜ ਅਤੇ ਵਰਤੋਂ ਕਰ ਸਕਨ।



## ਕਾਂਗਰਸੀ ਆਗੂ ਗੁਲਜ਼ਾਰ ਸਿੰਘ ਚਤਾਮਲੀ ਦੀ ਮਾਤਾ ਪ੍ਰੀਤਮ ਕੌਰ ਦਾ ਦੇਹਾਂਤ

**ਮੋਰਿੰਡਾ (ਨਿਹਾਲ ਸਿੰਘ ਕਲਸੀ)** ਸੀਨੀਅਰ ਕਾਂਗਰਸੀ ਆਗੂ ਗੁਲਜ਼ਾਰ ਸਿੰਘ ਚਤਾਮਲੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੀ ਮਾਤਾ ਪ੍ਰੀਤਮ ਕੌਰ ਦਾ ਅਚਨਚੇਤ ਦੇਹਾਂਤ ਹੋ ਗਿਆ। ਮਾਤਾ ਪ੍ਰੀਤਮ ਕੌਰ ਦੀ ਮੌਤ 'ਤੇ ਗਹਿਰਾ ਦੁਖ ਪ੍ਰਗਟ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਕੈਬਨਿਟ ਮੰਤਰੀ ਜਗਮੋਹਨ ਸਿੰਘ ਕੰਗ, ਸਾਬਕਾ ਮੰਤਰੀ ਬਲਵੀਰ ਸਿੰਘ ਸਿੱਧੂ, ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ, ਪੰਨਗ੍ਰੇਨ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਜ਼ਿਲ੍ਹਾ ਕਾਂਗਰਸ ਕਮੇਟੀ ਰੂਪਨਗਰ ਦੇ ਮੀਤ ਪ੍ਰਧਾਨ ਹਰਮਿੰਦਰ ਸਿੰਘ ਲੱਕੀ, ਪੀ ਏ ਡੀ ਬੀ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਬਲਾਕ ਕਾਂਗਰਸ ਕਮੇਟੀ ਮੋਰਿੰਡਾ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ, ਬਲਾਕ ਸੰਮਤੀ ਮੋਰਿੰਡਾ ਦੀ ਚੇਅਰਪਰਸਨ ਹਰਵਿੰਦਰ ਕੌਰ ਸੰਧੂ, ਸਾਬਕਾ ਚੇਅਰਪਰਸਨ ਸ਼੍ਰੀਮਤੀ ਹਰਿੰਦਰ ਕੌਰ ਅਤੇ ਅਨੇਕਾਂ ਪੰਚਾਂ ਸਰਪੰਚਾਂ ਨੇ ਆਖਿਆ ਕਿ ਮਾਤਾ ਜੀ ਦੀ ਮੌਤ ਨਾਲ ਸਮਾਜ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਜੋ ਪੂਰਾ ਨਹੀਂ ਹੋ ਸਕਦਾ।ਮਾਤਾ ਪ੍ਰੀਤਮ ਕੌਰ ਦੀ ਮ੍ਰਿਤਕ ਦੇਹ ਦਾ ਸੰਸਕਾਰ 4 ਜੁਲਾਈ ਨੂੰ ਉਹਨਾਂ ਦੇ ਜੱਦੀ ਪਿੰਡ ਚਤਾਮਲੀ ਬਲਾਕ ਮੋਰਿੰਡਾ ਵਿਖੇ ਕਰ ਦਿੱਤਾ ਗਿਆ ਹੈ।



# ਬਲਦੇਵ ਸਿੰਘ ਖਹਿਰਾ ਦੀ ਮਾਤਾ ਗੁਰਮੇਜ ਕੌਰ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**ਫਿਲੌਰ (ਨਿਰਮਲ)**- ਹਲਕਾ ਫਿਲੌਰ ਦੇ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਦੀ ਮਾਤਾ ਗੁਰਮੇਜ ਕੌਰ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਦਾ ਅੰਤਿਮ ਸੰਸਕਾਰ ਜੱਦੀ ਪਿੰਡ ਖਹਿਰਾ 'ਚ ਅੰਤਿਮ ਰਸਮਾ ਅਦਾ ਕਰ ਕੇ ਕੀਤਾ ਗਿਆ। ਇਸ ਮੌਕੇ ਬਿਕਰਮਜੀਤ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ ਨੇ ਮਾਤਾ ਗੁਰਮੇਜ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮਾਤਾ ਮਿੱਠੜੇ ਸੁਭਾਅ ਦੇ ਸਨ।ਉਨ੍ਹਾਂ ਦੀ ਪਰਿਵਾਰ ਦੇ ਨਾਲ-ਨਾਲ ਪਾਰਟੀ 'ਚ ਕਦੇ ਵੀ ਘਾਟ ਪੂਰੀ ਨਹੀਂ ਹੋਵੇਗੀ। ਇਸ ਮੌਕੇ ਤਜਿੰਦਰ ਸਿੰਘ ਨਿੱਝਰ ਯੂਥ ਜਨਰਲ ਸਕੱਤਰ ਪੰਜਾਬ, ਜਥੇਦਾਰ ਹਰਜਿੰਦਰ ਸਿੰਘ ਲੱਲੀਆਂ, ਬਚਿੱਤਰ ਸਿੰਘ ਕੋਹਾੜ ਜ਼ਿਲਾ ਪ੍ਰਧਾਨ ਜਲੰਧਰ, ਮੋਹਣ ਲਾਲ ਬੰਗਾ, ਜਥੇਦਾਰ ਮਹਾ ਸਿੰਘ ਰਸੂਲਪੁਰ, ਇੰਦਰਜੀਤ ਸਿੰਘ, ਮਨਜੀਤ ਸਿੰਘ ਬਿੱਲਾ, ਡਾਕਟਰ ਕੁਲਦੀਪ ਰਾਏ ਸਰਪ੍ਰਸਤ ਬਾਬਾ ਮੋਤੀ ਰਾਮ ਵੈੱਲਫੇਅਰ ਸੋਸਾਇਟੀ ਪੰਜਾਬ, ਹਰਜੋਤ ਕੌਰ ਲੋਹਟੀਆ ਹਲਕਾ ਇੰਚਾਰਜ ਫਿਲੌਰ, ਡਾਕਟਰ ਸੁਖਵਿੰਦਰ ਸੁੱਖੀ ਹਲਕਾ ਵਿਧਾਇਕ ਬੰਗਾ, ਰਣਜੀਤ ਸਿੰਘ ਸਿੱਧੂ ਪ੍ਰਧਾਨ ਟਰੱਕ ਯੂਨੀਅਨ ਫਿਲੌਰ, ਗੁਰਮੁਖ ਸਿੰਘ, ਅਵਤਾਰ ਸਿੰਘ,ਬਾਬਾ ਸੁਖਵਿੰਦਰ ਸਿੰਘ ਗੁਰਦੁਆਰਾ ਸਿੰਘਾਂ ਸ਼ਹੀਦਾਂ ਨੰਗਲ ਬੇਟ ਆਲੋਵਾਲ, ਸੰਤ ਜਸਪਾਲ ਡੇਰਾ ਬਾਬਾ ਬ੍ਰਹਮ ਦਾਸ ਜੀ ਅਕਲਪੁਰ ਰੋਡ ਫਿਲੌਰ, ਅਨੀਤਾ ਰਾਣੀ ਸਰਪੰਚ, ਮੋਹਣ ਸਿੰਘ ਕੰਡਿਆਣਾ, ਹਰਕਮਲ ਸਿੰਘ ਸਰਪੰਚ ਬੇਗਮਪੁਰਾ, ਜਸਬੀਰ ਸਿੰਘ ਸਹੋਤਾ ਰੁੜਕਾ, ਰੋਸ਼ਨ ਲਾਲ ਰੋਸ਼ੀ ਚੇਅਰਮੈਨ ਮਾਰਕਿਟ ਕਮੇਟੀ ਫਿਲੌਰ, ਡਾਕਟਰ ਵਰਿੰਦਰ ਸਿੰਘ ਸੈਣੀ, ਡਾਕਟਰ ਪ੍ਰਿੰਸ ਸਰਪੰਚ ਰਸੂਲਪੁਰ, ਧਰਮਿੰਦਰ ਲਸਾੜਾ, ਜਸਵੀਰ ਸਿੰਘ ਰੁੜਕਾ, ਸੁਖਵਿੰਦਰ ਕੁੰਦੀ, ਪ੍ਰੇਮ ਸਿੰਘ ਰਾਣਾ, ਕੁਲਵਿੰਦਰ ਸਿੰਘ ਸੰਧੂ, ਬਾਲ ਕ੍ਰਿਸ਼ਨ ਬਾਲਾ, ਅਮਨਿੰਦਰ ਸਿੰਘ ਤੱਗੜ, ਦਵਿੰਦਰ ਸਿੰਘ ਤੱਖਰ, ਰਮਨ ਪੱਦੀ, ਲੰਬੜਦਾਰ ਦਲਵੀਰ ਸਿੰਘ ਮਾਣਕੂ, ਮਦਨ ਰੰਧਾਵਾ, ਮੋਹਨ ਲਾਲ ਬੰਗਾ, ਭਾਜਪਾ ਮੰਡਲ ਪ੍ਰਧਾਨ ਵਿਪਨ ਆਨੰਦ, ਕੁਲਦੀਪ ਸਿੰਘ, ਪ੍ਰਧਾਨ ਹਰਮੇਸ਼ ਲਾਲ, ਕੌਂਸਲਰ ਜਸਬੀਰ ਰਾਜੂ,ਸਿਮਰਨਜੀਤ ਸਿੰਘ ਕੁੰਦੀ, ਅਮਰਜੀਤ ਸਿੰਘ ਕਟਾਣਾ, ਕੁਲਦੀਪ ਸਿੰਘ ਜੌਹਲ ਅੱਪਰਾ,ਬਲਵਿੰਦਰ ਸਿੰਘ ਗੜ੍ਹੀ ਮਹਾ ਸਿੰਘ, ਕੁਲਦੀਪ ਸਿੰਘ ਕੰਗ, ਬਾਬਾ ਸਰੂਪ ਸਿੰਘ ਬੱਛੋਵਾਲ, ਹੰਸ ਰਾਜ ਠੇਕੇਦਾਰ ਗੜ੍ਹਾ,ਦੀਪ ਸਿੰਘ ਸਹੋਤਾ,ਸਤਨਾਮ ਸਿੰਘ, ਦੀਪ ਕਲਸੀ, ਪਰਮਜੀਤ ਕਲਸੀ, ਰਾਮ ਜੀ ਦਾਸ ਗੰਨਾ ਪਿੰਡ ਤੇ ਇਲਾਕੇ ਦੀਆਂ ਵਿਸ਼ੇਸ਼ ਸ਼ਖਸੀਅਤਾਂ ਪਾਰਟੀ ਦੀ ਲੀਡਰਸ਼ਿਪ ਤੇ ਵਰਕਰ ਭਾਰੀ ਗਿਣਤੀ ਵਿਚ ਸ਼ਾਮਲ ਸਨ।



# ਰਾਮ ਨਗਰ ਵਿਖੇ ਭਲਕੇ ਲੱਗੇਗਾ 'ਲੋਕ ਮਿਲਣੀ ਪ੍ਰੋਗਰਾਮ'

**ਆਦਮਪੁਰ (ਪਰਮਜੀਤ ਸਿੰਘ)**- ਪਿੰਡ ਰਾਮ ਨਗਰ ਆਦਮਪੁਰ ਅਤੇ ਆਸ-ਪਾਸ ਦੇ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਅਤੇ ਸਰਕਾਰੀ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਦੇ ਮਕਸਦ ਨਾਲ 5 ਜੁਲਾਈ ਦਿਨ ਐਤਵਾਰ ਨੂੰ ਇੱਕ ਵਿਸ਼ੇਸ਼ 'ਲੋਕ ਮਿਲਣੀ ਪ੍ਰੋਗਰਾਮ' ਉਲੀਕਿਆ ਜਾ ਰਿਹਾ ਹੈ।ਇਹ ਪ੍ਰੋਗਰਾਮ ਪਿੰਡ ਦੇ ਕਮਿਊਨਿਟੀ ਹਾਲ ਵਿਖੇ ਸ਼ਾਮ 4:00 ਵਜੇ ਸ਼ੁਰੂ ਹੋਵੇਗਾ, ਜਿਸ ਵਿੱਚ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਮੁੱਖ ਤੌਰ 'ਤੇ ਪਹੁੰਚ ਕੇ ਪਿੰਡ ਵਾਸੀਆਂ ਦੇ ਰੂਬਰੂ ਹੋਣਗੇ ਅਤੇ ਉਨ੍ਹਾਂ ਦੇ ਜਨਤਕ ਮੁੱਦਿਆਂ ਨੂੰ ਸੁਣਨਗੇ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਲੋਕ ਮਿਲਣੀ ਦੌਰਾਨ ਪਿੰਡ ਦੇ ਵਿਕਾਸ ਕਾਰਜਾਂ, ਨਵੇਂ ਰਾਸ਼ਨ ਕਾਰਡ ਬਣਾਉਣ ਵਿੱਚ ਆ ਰਹੀਆਂ ਦਿੱਕਤਾਂ, ਵੱਖ-ਵੱਖ ਸਰਕਾਰੀ ਭਲਾਈ ਸਕੀਮਾਂ ਨਾਲ ਜੁੜੇ ਮਸਲੇ ਅਤੇ ਨੌਜਵਾਨਾਂ ਲਈ ਖੇਡਾਂ ਦੇ ਪ੍ਰਬੰਧਾਂ ਤਹਿਤ ਜਿਮ ਦੇ ਸਾਮਾਨ ਸਬੰਧੀ ਵਿਸ਼ੇਸ਼ ਤੌਰ 'ਤੇ ਸੁਣਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਸੰਭਵ ਹੋਵੇਗਾ, ਉਨ੍ਹਾਂ ਨੂੰ ਤੁਰੰਤ ਹੱਲ ਕੀਤਾ ਜਾਵੇਗਾ ਅਤੇ ਬਾਕੀ ਰਹਿੰਦੇ ਮਸਲਿਆਂ 'ਤੇ ਸਬੰਧਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਰਾਹੀਂ ਜਲਦ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਨਗਰ ਪੰਚਾਇਤ ਵੱਲੋ ਸਮੂਹ ਰਾਮ ਨਗਰ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਪਿੰਡ ਦੀ ਤਰੱਕੀ, ਭਲਾਈ ਅਤੇ ਵਿਕਾਸ ਦੀ ਸੋਚ ਨੂੰ ਮੁੱਖ ਰੱਖਦਿਆਂ ਇਸ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਆਪਣੀ ਹਾਜ਼ਰੀ ਲਗਵਾਉਣ, ਤਾਂ ਜੋ ਪਿੰਡ ਦੇ ਸਾਂਝੇ ਮਸਲਿਆਂ ਨੂੰ ਪ੍ਰਸ਼ਾਸਨ ਅਤੇ ਹਲਕਾ ਇੰਚਾਰਜ ਦੇ ਸਾਹਮਣੇ ਮਜ਼ਬੂਤੀ ਨਾਲ ਰੱਖਿਆ ਜਾ ਸਕੇ।

# ਟ੍ਰੈਫਿਕ ਨਿਯਮਾਂ ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ

**ਖਰੜ (ਹਰਨਾਮ ਸਿੰਘ ਡੱਲਾ)**- ਸੀਨੀਅਰ ਕਪਤਾਨ ਪੁਲਿਸ ਐੱਸ ਏ ਐੱਸ ਨਗਰ ਤੇ ਨਵਨੀਤ ਸਿੰਘ ਮਾਹਲ ਕਪਤਾਨ ਪੁਲਿਸ (ਟ੍ਰੈਫਿਕ) ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਮਜਾਤੜੀ ਵਿਖੇ ਟ੍ਰੈਫਿਕ ਨਿਯਮਾਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਉਪ ਕਪਤਾਨ ਪੁਲਿਸ (ਟ੍ਰੈਫਿਕ) ਕਰਨੈਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਨਸ਼ਾ ਵੇਚਣ ਜਾਂ ਨਸ਼ਾ ਕਰਨ ਸਬੰਧੀ ਕੋਈ ਜਾਣਕਾਰੀ ਮਿਲਦੀ ਹੈ ਤਾਂ ਉਹ ਤੁਰੰਤ ਵਟਸਐਪ ਨੰਬਰ 97791-00200, ਪੁਲਿਸ ਹੈਲਪਲਾਈਨ 112 ਜਾਂ ਨਜ਼ਦੀਕੀ ਪੁਲਿਸ ਥਾਣੇ ਨੂੰ ਸੂਚਿਤ ਕਰਨ, ਤਾਂ ਜੋ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦਾ ਇਲਾਜ ਕਰਵਾਇਆ ਜਾ ਸਕੇ।ਉਨ੍ਹਾਂ ਨਸ਼ਿਆਂ ਦੇ ਸਮਾਜ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਾ ਬਰਬਾਦੀ ਦਾ ਕਾਰਨ ਬਣਦਾ ਹੈ ਅਤੇ ਇਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ।ਕਰਨੈਲ ਸਿੰਘ ਨੇ ਵਿਦਿਆਰਥੀਆਂ ਅਤੇ ਹਾਜ਼ਰ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕਰਦਿਆਂ ਲਾਲ ਬੱਤੀ ਦੀ ਉਲੰਘਣਾ ਨਾ ਕਰਨ, ਤੇਜ਼ ਰਫ਼ਤਾਰ ਅਤੇ ਖ਼ਤਰਨਾਕ ਡਰਾਈਵਿੰਗ ਤੋਂ ਬਚਣ, ਸ਼ਰਾਬ ਪੀ ਕੇ ਵਾਹਨ ਨਾ ਚਲਾਉਣ, ਗਲਤ ਸਾਈਡ ਡਰਾਈਵਿੰਗ ਨਾ ਕਰਨ, ਨੋ-ਓਵਰਟੇਕ ਜ਼ੋਨ ਵਿੱਚ ਓਵਰਟੇਕ ਨਾ ਕਰਨ, ਹੈਲਮੈਟ ਅਤੇ ਸੀਟ ਬੈਲਟ ਦੀ ਲਾਜ਼ਮੀ ਵਰਤੋਂ ਕਰਨ ਅਤੇ ਵਾਹਨ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਹਰਮਿੰਦਰ ਕੌਰ, ਵਾਈਸ ਪ੍ਰਿੰਸੀਪਲ ਮਨਜੀਤ ਕੌਰ, ਡੀ ਪੀ ਈ ਤੇਜਿੰਦਰ ਸਿੰਘ, ਅਧਿਆਪਕ ਸਿਮਰਨਜੀਤ ਸਿੰਘ, ਰੁਪਿੰਦਰ ਸਿੰਘ ਤੇ ਸਕੂਲ ਦਾ ਹੋਰ ਸਟਾਫ਼ ਹਾਜ਼ਰ ਸੀ।



## ਲਾਇਨਜ਼ ਕਲੱਬ ਡੇਰਾਬੱਸੀ ਵੱਲੋਂ ਜਨਤਕ ਅਦਾਰਿਆਂ 'ਚ ਲਗਾਏ ਜਾਣਗੇ ਰੁੱਖ : ਕੇ ਪੀ ਸ਼ਰਮਾ

**ਡੇਰਾਬੱਸੀ, (ਵਿਨੈ ਕੁਮਾਰ ਜੈਨ)**: ਲਾਇਨਜ਼ ਕਲੱਬ ਡੇਰਾਬੱਸੀ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਨੂੰ ਮੁੱਖ ਰੱਖਦਿਆਂ ਕਲੱਬ ਦੇ ਪ੍ਰਧਾਨ ਕੇ. ਪੀ. ਸ਼ਰਮਾ ਦੀ ਅਗਵਾਈ ਹੇਠ ਸਥਾਨਕ ਗਊਸ਼ਾਲਾ ਵਿਖੇ ਬੂਟੇ ਲਗਾ ਕੇ ਇੱਕ ਵਿਸ਼ੇਸ਼ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਮੁਹਿੰਮ ਦੀ ਸ਼ੁਰੂਆਤ ਡੇਰਾਬੱਸੀ ਇੰਡਸਟਰੀ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਮਿੱਤਲ ਨੇ ਬੂਟਾ ਲਗਾ ਕੇ ਕੀਤੀ।ਉਨ੍ਹਾਂ ਕਲੱਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਲਾਇਨਜ਼ ਕਲੱਬ ਹਮੇਸ਼ਾ ਹੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਮੋਹਰੀ ਹੋ ਕੇ ਵਡਮੁੱਲਾ ਯੋਗਦਾਨ ਪਾ ਰਿਹਾ ਹੈ। ?ਇਸ ਮੌਕੇ ਗੱਲਬਾਤ ਕਰਦਿਆਂ ਕਲੱਬ ਦੇ ਪ੍ਰਧਾਨ ਕੇ. ਪੀ. ਸ਼ਰਮਾ ਨੇ ਦੱਸਿਆ ਕਿ ਸੰਸਥਾ ਵੱਲੋਂ ਰਾਸ਼ਟਰੀ ਪੱਧਰ 'ਤੇ ਵਾਤਾਵਰਣ ਦੀ ਸੰਭਾਲ ਲਈ 'ਇੱਕ ਲਾਇਨ, ਇੱਕ ਰੁੱਖ' ਮੁਹਿੰਮ ਵਿੱਢੀ ਗਈ ਹੈ।ਇਸ ਤਹਿਤ ਹਰ ਮੈਂਬਰ ਵੱਲੋਂ ਇੱਕ ਰੁੱਖ ਲਗਾਉਣ ਦਾ ਪ੍ਰਣ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਗਊਸ਼ਾਲਾ ਵਿਖੇ ਛਾਂਦਾਰ ਬੂਟੇ ਲਗਾਏ ਗਏ ਹਨ। ?ਸਮਾਗਮ ਦੌਰਾਨ ਕਲੱਬ ਮੈਂਬਰਾਂ ਨੂੰ ਘਰਾਂ ਵਿੱਚ ਲਗਾਉਣ ਲਈ ਬੂਟੇ ਵੀ ਵੰਡੇ ਗਏ। ਕੇ. ਪੀ. ਸ਼ਰਮਾ ਨੇ ਮੈਂਬਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਿਰਫ਼ ਬੂਟੇ ਲਗਾਉਣਾ ਹੀ ਕਾਫ਼ੀ ਨਹੀਂ, ਬਲਕਿ ਉਨ੍ਹਾਂ ਦੀ ਯੋਗ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ। ?ਇਸ ਮੌਕੇ ਹੋਰਨਾਂ ਤੋਂ ਇਲਾਵਾ ਜੋਨ ਚੇਅਰਮੈਨ ਬਲਕਾਰ ਸਿੰਘ, ਕਲੱਬ ਦੇ ਜਨਰਲ ਸਕੱਤਰ ਲਾਇਨ ਉਪੇਸ਼ ਬੰਸਲ, ਖ਼ਜ਼ਾਨਚੀ ਸੁਸ਼ੀਲ ਧੀਮਾਨ, ਡਾਇਰੈਕਟਰ ਪ੍ਰੇਮ ਸਿੰਘ ਸਮੇਤ ਕਈ ਪ੍ਰਮੁੱਖ ਲਾਇਨ ਮੈਂਬਰ ਹਾਜ਼ਰ ਸਨ।



# 11 ਪੇਟੀਆਂ ਨਜਾਇਜ਼ ਸ਼ਰਾਬ ਸਮੇਤ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕੁੰਮਕਲਾਂ ਪੁਲਸ ਵੱਲੋਂ ਨਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਅਫ਼ਤਾਬ ਹੁਸੈਨ ਉਰਫ਼ ਮੁੱਲਾ ਵਾਸੀ ਰਾਏਪੁਰ ਬੇਟ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਮਧੂ ਬਾਲਾ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਤਾਰ ਸਿੰਘ ਵੱਲੋਂ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਚੈਕਿੰਗ ਸਬੰਧੀ ਪਿੰਡ ਪੰਜੇਟਾ ਵਿਖੇ ਮੌਜੂਦ ਸੀ ਤਾਂ ਮੁਖ਼ਬਰ ਨੇ ਆ ਕੇ ਸੂਚਨਾ ਦਿੱਤੀ ਕਿ ਅਫਤਾਬ ਹੁਸੈਨ ਉਰਫ਼ ਮੁੱਲਾ, ਜੋ ਪਿਛਲੇ ਕਾਫ਼ੀ ਸਮੇਂ ਤੋਂ ਨਜਾਇਜ਼ ਸ਼ਰਾਬ ਵੇਚਣ ਦਾ ਕੰਮ ਕਰਦਾ ਹੈ। ਉਹ ਬਾਹਰਲੇ ਰਾਜਾਂ ਤੋਂ ਸਸਤੇ ਭਾਅ ਸ਼ਰਾਬ ਲਿਆ ਕੇ ਅੱਗੇ ਮਹਿੰਗੇ ਭਾਅ ਵੇਚ ਕੇ ਮੋਟਾ ਮੁਨਾਫ਼ਾ ਕਮਾਉਂਦਾ ਹੈ ਤੇ ਅੱਜ ਵੀ ਭਾਰੀ ਮਾਤਰਾ ਵਿੱਚ ਨਜਾਇਜ਼ ਸ਼ਰਾਬ ਲਿਆ ਕੇ ਪਿੰਡ ਰਾਏਪੁਰ ਬੇਟ ਤੋਂ ਪਿੰਡ ਪ੍ਰਿਥੀਪੁਰ ਜਾਣ ਵਾਲੀ ਸੜਕ ਦੇ ਸੱਜੇ ਪਾਸੇ ਮੋਟਰ ਦੇ ਕਮਰੇ ਵਿੱਚ ਰੱਖੀ ਹੋਈ ਹੈ। ਉਹ ਮੋਟਰ ਦੇ ਕਮਰੇ ਵਿੱਚ ਬੈਠ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ ਅਤੇ ਜੇਕਰ ਰੇਡ ਕੀਤੀ ਤਾਂ ਉਕਤ ਨਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ। ਪੁਲਸ ਵੱਲੋਂ ਜਦੋਂ ਮੋਟਰ 'ਤੇ ਰੇਡ ਕੀਤੀ ਗਈ ਤਾਂ ਉੱਥੋਂ 11 ਪੇਟੀਆਂ ਨਜਾਇਜ਼ ਸ਼ਰਾਬ ਬਰਾਮਦ ਹੋਈਆਂ, ਜਿਸ 'ਤੇ ਅਫ਼ਤਾਬ ਹੁਸੈਨ ਖਿਲਾਫ਼ ਐਕਸਾਇਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ।

# ਫ਼ਿਰੋਜ਼ਪੁਰ ਦੇ ਮੁੱਖ ਡਾਕਘਰ 'ਚ ਆਧਾਰ ਸੇਵਾਵਾਂ ਦੇ ਸਮੇਂ 'ਚ ਵਾਧਾ

## ਹੁਣ ਸਵੇਰੇ 8 ਤੋਂ ਰਾਤ 9 ਵਜੇ ਤੱਕ ਮਿਲੇਗੀ ਸਹੂਲਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੇ ਮੁੱਖ ਡਾਕਘਰ ਵਿੱਚ ਆਧਾਰ ਕਾਰਡ ਸੇਵਾਵਾਂ ਦੇ ਸਮੇਂ ਵਿੱਚ ਲੋਕ ਹਿੱਤ ਨੂੰ ਮੁੱਖ ਰੱਖਦਿਆਂ ਵੱਡਾ ਵਾਧਾ ਕੀਤਾ ਗਿਆ ਹੈ। ਇੰਡੀਅਨ ਪੋਸਟਲ ਡਿਪਾਰਟਮੈਂਟ ਵੱਲੋਂ ਲਏ ਗਏ ਇਸ ਸ਼ਲਾਘਾਯੋਗ ਫੈਸਲੇ ਨਾਲ ਹੁਣ ਆਮ ਜਨਤਾ, ਔਰਤਾਂ ਤੇ ਬਜ਼ੁਰਗਾਂ ਨੂੰ ਘੰਟੇ-ਖੜ੍ਹੇ ਹੋਣ ਤੋਂ ਵੱਡੀ ਰਾਹਤ ਮਿਲੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੋਸਟ ਆਫਿਸ ਫਿਰੋਜ਼ਪੁਰ ਡਵੀਜ਼ਨ ਦੇ ਸੁਪਰਡੈਂਟ ਰਵੀ ਕੁਮਾਰ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਹੈੱਡ ਪੋਸਟ ਆਫਿਸ ਫਿਰੋਜ਼ਪੁਰ ਵਿਖੇ ਆਧਾਰ ਕਾਊਂਟਰ ਦਾ ਸਮਾਂ ਵਧਾ ਦਿੱਤਾ ਗਿਆ ਹੈ। ਹੁਣ ਇੱਥੇ ਆਧਾਰ ਕਾਰਡ ਨਾਲ ਸਬੰਧਤ ਸਾਰੀਆਂ ਜ਼ਰੂਰੀ ਸੇਵਾਵਾਂ ਸਵੇਰੇ 8 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਨਿਰੰਤਰ ਉਪਲੱਬਧ ਰਹਿਣਗੀਆਂ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਇਸ ਅਹਿਮ ਫੈਸਲੇ ਦਾ ਮੁੱਖ ਮਕਸਦ ਲੋਕਾਂ ਨੂੰ ਆਧਾਰ ਸੇਵਾਵਾਂ ਵਧੇਰੇ ਸੁਖਾਲੇ ਤੇ ਸੁਵਿਧਾਜਨਕ ਸਮੇਂ ਵਿਚ ਮੁਹੱਈਆ ਕਰਵਾਉਣਾ ਹੈ। ਹੁਣ ਇਲਾਕੇ ਦੇ ਨਾਗਰਿਕ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਨਵਾਂ ਆਧਾਰ ਕਾਰਡ ਬਣਵਾਉਣ, ਮੌਜੂਦਾ ਆਧਾਰ ਵਿੱਚ ਲੋੜੀਂਦੀ ਸੋਧ ਜਾਂ ਕੋਈ ਵੀ ਲੋੜੀਂਦਾ ਬਦਲਾਅ ਕਰਵਾਉਣ ਤੇ ਕਿਸੇ ਵੀ ਹੋਰ ਕਿਸਮ ਦੀ ਆਧਾਰ ਸੇਵਾ ਲਈ ਇਸ ਵਧੇ ਹੋਏ ਸਮੇਂ ਦਾ ਭਰਪੂਰ ਫਾਇਦਾ ਉਠਾ ਸਕਦੇ ਹਨ। ਇਸ ਨਵੀਂ ਵਿਵਸਥਾ ਦੇ ਲਾਗੂ ਹੋਣ ਨਾਲ ਆਮ ਲੋਕਾਂ, ਖਾਸ ਕਰਕੇ ਮਹਿਲਾਵਾਂ, ਨੌਕਰੀ ਪੇਸ਼ਾ ਲੋਕਾਂ ਤੇ ਬਜ਼ੁਰਗਾਂ ਨੂੰ ਘੰਟਿਆਂ ਬੱਧੀ ਲੰਬੀਆਂ ਲਾਈਨਾਂ ਵਿੱਚ ਖੜ੍ਹੇ ਹੋਣ ਦੀ ਖੇਚਲ ਤੇ ਪ੍ਰੇਸ਼ਾਨੀ ਤੋਂ ਪੂਰੀ ਮੁਕਤੀ ਮਿਲੇਗੀ। ਜ਼ਿਕਰਯੋਗ ਹੈ ਕਿ ਹੁਣ ਡਾਕਘਰ ਵਿੱਚ ਆਧਾਰ ਕਾਊਂਟਰ ਪਹਿਲਾਂ ਦੇ ਮੁਕਾਬਲੇ ਰੋਜ਼ਾਨਾ ਕਰੀਬ 6 ਘੰਟੇ ਵੱਧ ਸਮੇਂ ਲਈ ਖੁੱਲ੍ਹਣਗੇ। ਡਾਕ ਵਿਭਾਗ ਦਾ ਇਹ ਲੋਕ-ਪੱਖੀ ਉਪਰਾਲਾ ਸਥਾਨਕ ਨਿਵਾਸੀਆਂ ਲਈ ਬੇਹੱਦ ਲਾਹੇਵੰਦ, ਸਾਰਥਕ ਤੇ ਸਮੇਂ ਦੀ ਬਚਤ ਕਰਨ ਵਾਲਾ ਸਾਬਿਤ ਹੋਵੇਗਾ। ਅਧਿਕਾਰੀਆਂ ਮੁਤਾਬਿਕ ਵਿਭਾਗ ਭਵਿੱਖ ਵਿਚ ਵੀ ਲੋਕਾਂ ਦੀਆਂ ਲੋੜਾਂ ਅਨੁਸਾਰ ਅਜਿਹੇ ਸੁਧਾਰ ਕਰਦਾ ਰਹੇਗਾ।

# ਪਾਕਿਸਤਾਨੀਆਂ ਵੱਲੋਂ ਗੁਰਦੁਆਰਾ ਸਾਹਿਬ ਢਾਹੁਣ ਦੀ ਕਾਰਵਾਈ ਵੱਡਾ ਜ਼ੁਲਮ :ਔਲਖ, ਲਾਹੌਰੀਆ



ਗੋਇੰਦਵਾਲ ਸਹਿਬ (ਕਾਬਲ ਸਿੰਘ ਮੱਲ੍ਹੀ)-ਪਾਕਿਸਤਾਨ ਪੰਜਾਬ ਸੂਬੇ ਦੇ ਫਾਰੂਖਾਬਾਦ (ਮੰਡੀ ਚੁਰਕਾਣਾ) ਵਿਖੇ 125 ਸਾਲਾ ਪੁਰਾਤਨ ਗੁਰਦੁਆਰਾ ਸਾਹਿਬ ਨੂੰ ਢਾਹੇ ਜਾਣ ਦੀ ਘਟਨਾ ਨੂੰ ਸਮੂਹ ਸਿੱਖਾਂ ਅਤੇ ਪੰਜਾਬੀਆਂ 'ਤੇ ਵੱਡਾ ਜ਼ੁਲਮ ਕਰਾਰ ਦਿੰਦਿਆਂ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ ਅਤੇ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਲਾਹੌਰੀਆ ਨੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਅਤੇ ਨਿੰਦਣਯੋਗ ਕਾਰਵਾਈ ਹੈ ਅਤੇ ਪਾਕਿ ਕੌਮ ਲਈ ਧੱਬਾ ਹੈ।ਉਨ੍ਹਾਂ ਕਿਹਾ ਕਿ ਪਿੱਠ 'ਤੇ ਵਾਰ ਕਰਨਾ ਪਾਕਿਸਤਾਨੀਆਂ ਦੀ ਸ਼ੁਰੂ ਤੋਂ ਹੀ ਫਿਤਰਤ ਰਹੀ ਹੈ।ਇਸ ਮੌਕੇ ਔਲਖ ਨੇ ਪਾਕਿਸਤਾਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ।ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਸੰਸਾਰ ਭਰ ਦੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ।ਸਿੱਖ ਕੌਮ ਆਪਣੇ ਇਤਿਹਾਸਕ ਗੁਰਧਾਮਾਂ ਨੂੰ ਆਪਣੀ ਅਮੋਲਕ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਮੰਨਦੀ ਹੈ, ਜਿਨ੍ਹਾਂ ਦੀ ਸੰਭਾਲ ਹਰ ਹਾਲਤ 'ਚ ਕੀਤੀ ਜਾਣੀ ਚਾਹੀਦੀ ਹੈ।ਉਨ੍ਹਾਂ ਪਾਕਿ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਹੋਰਨਾਂ ਨੂੰ ਇਹ ਸਬਕ ਮਿਲ ਸਕੇ ਕਿ ਕਿਸੇ ਵੀ ਧਾਰਮਿਕ ਅਸਥਾਨ 'ਤੇ ਹਮਲਾ ਕਰਨ ਦਾ ਨਤੀਜਾ ਕਿੰਨਾ ਭਿਆਨਕ ਹੁੰਦਾ ਹੈ।ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨ ਕਿਸੇ ਵੀ ਧਰਮ ਦੀ ਆਸਥਾ ਦਾ ਕੇਂਦਰ ਹੁੰਦੇ ਹਨ ਅਤੇ ਉਨ੍ਹਾਂ ਦਾ ਸਤਿਕਾਰ ਕਰਨਾ ਹਰੇਕ ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ ਬਣਦੀ ਹੈ।ਇਸ ਮੌਕੇ ਔਲਖ ਨੇ ਅੰਤਰਰਾਸ਼ਟਰੀ ਸੰਸਥਾਵਾ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਵੀ ਉਕਤ ਮਾਮਲੇ ਵਿੱਚ ਗੰਭੀਰ ਨੋਟਿਸ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਵਿਸ਼ਵ ਦੀਆਂ ਇਤਿਹਾਸਕ ਅਤੇ ਧਾਰਮਿਕ ਵਿਰਾਸਤਾਂ ਦੀ ਰੱਖਿਆ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ।

# ਸਰਬਰਿੰਦਰ ਸਿੰਘ ਚਾਹਲ ਨੇ ਚੀਫ ਫਾਰਮੇਸੀ ਅਫਸਰ ਦਾ ਅਹੁਦਾ ਸੰਭਾਲਿਆ



ਧਾਰੀਵਾਲ, (ਮਨਦੀਪ ਵਿੱਕੀ)-ਧਾਰੀਵਾਲ ਦੇ ਰਹਿਣ ਵਾਲੇ ਸਰਬਰਿੰਦਰ ਸਿੰਘ ਚਾਹਲ ਨੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਬਤੌਰ ਚੀਫ ਫਾਰਮੇਸੀ ਅਫਸਰ ਅਹੁਦਾ ਸੰਭਾਲਿਆ ਹੈ। ਉਹ (ਸਰਬਰਿੰਦਰ ਸਿੰਘ ਚਾਹਲ) ਇਸ ਤੋਂ ਪਹਿਲਾਂ ਬਤੌਰ ਜ਼ਿਲ੍ਹਾ ਚੀਫ ਫਾਰਮੇਸੀ ਅਫਸਰ ਸੇਵਾ ਨਿਭਾ ਰਹੇ ਸਨ।ਗੁਰਦਾਸਪੁਰ ਵਿਖੇ ਅਹੁਦਾ ਸੰਭਾਲਣ ਮੌਕੇ ਮੁੱਖ ਫਾਰਮੇਸੀ ਅਫਸਰ ਸਰਬਰਿੰਦਰ ਸਿੰਘ ਚਾਹਲ ਦਾ ਸਮੂਹ ਫਾਰਮੇਸੀ ਸਟਾਫ਼ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਮੁੱਖ ਫਾਰਮੇਸੀ ਅਫ਼ਸਰ ਸਰਬਬਰਿੰਦਰ ਸਿੰਘ ਚਾਹਲ ਨੇ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਸੰਬੰਧਿਤ ਵਿਭਾਗੀ ਕੰਮਾਂ ਲਈ ਕਿਸੇ ਨੂੰ ਵੀ ਕੋਈ ਦਿੱਕਤ ਜਾਂ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਨੇ ਸਮੂਹ ਸਟਾਫ਼ ਨੂੰ ਵੀ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦੀ ਅਪੀਲ ਕੀਤੀ।ਇਸ ਮੌਕੇ ਸਿਵਲ ਹਸਪਤਾਲ ਗੁਰਦਾਸਪੁਰ ਦੇ ਐੱਸਐੱਮਓ ਡਾਕਟਰ ਰਮਨਦੀਪ ਸਿੰਘ, ਅਸ਼ਵਨੀ ਮਹਾਜਨ ਸੀਨੀਅਰ ਫਾਰਮੇਸੀ ਗੁਰਦਾਸਪੁਰ, ਸਤਵਿੰਦਰ ਸਿੰਘ ਗੁਰਾਇਆ ਭਾਮ, ਜਗਦੀਪ ਸਿੰਘ ਧਿਆਨਪੁਰ, ਰਣਦੀਪ ਸਿੰਘ ਰਾਣਾ ਕਲਾਨੌਰ, ਸਤਨਾਮ ਸਿੰਘ ਸੰਧੂ ਭੁੱਲਰ (ਸਾਰੇ ਸੀਨੀਅਰ ਅਫਸਰ) ਅਤੇ ਰਸ਼ਪਾਲ ਸਿੰਘ ਕਾਹਲੋਂ (ਸੀਨੀਅਰ ਫਾਰਮੇਸੀ ਫਤਿਹਗੜ੍ਹ ਚੂੜੀਆਂ) ਜ਼ਿਲ੍ਹਾ ਪ੍ਰਧਾਨ ਪੰਜਾਬ ਸਟੇਟ ਫਾਰਮੇਸੀ ਅਫਸਰ ਐਸੋਸੀਏਸ਼ਨ ਗੁਰਦਾਸਪੁਰ ਤੋਂ ਇਲਾਵਾ ਪ੍ਰਭਜੀਤ ਸਿੰਘ ਕਲਾਨੌਰ, ਸਿਮਰਨ ਕੌਰ ਫਾਰਮੇਸੀ ਅਫਸਰ ਗੁਰਦਾਸਪੁਰ, ਗੁਰਪ੍ਰੀਤ ਕੌਰ ਫਾਰਮੇਸੀ ਅਫਸਰ ਗੁਰਦਾਸਪੁਰ, ਸਤਨਾਮ ਸਿੰਘ ਗੁਰਦਾਸਪੁਰ, ਅੰਮ੍ਰਿਤਪਾਲ ਸਿੰਘ ਸ਼ਮਸ਼ੇਰਪੁਰ, ਗਗਨਦੀਪ ਸਿੰਘ ਚਾਹਲ ਫਤਿਹ ਨੰਗਲ ਆਦਿ ਸਮੇਤ ਪਹੁੰਚੇ ਜ਼ਿਲ੍ਹੇ ਦੇ ਵੱਖ-ਵੱਖ ਹਸਪਤਾਲਾਂ ਦੇ ਸੀਨੀਅਰ ਫਾਰਮੇਸੀ ਅਫ਼ਸਰਾਂ ਨੇ ਚੀਫ ਫਾਰਮੇਸੀ ਅਫਸਰ ਸਰਬਰਿੰਦਰ ਸਿੰਘ ਚਾਹਲ ਨੂੰ ਮੁਬਾਰਕਬਾਦ ਦਿੱਤੀ।

# ਭਗਤ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸੈਮੀਨਾਰ ਕਰਵਾਉਣ ਦਾ ਫੈਸਲਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਲੋਕ ਭਲਾਈ ਮੰਚ ਪੰਜਾਬ ਦੀ ਜ਼ਰੂਰੀ ਮੀਟਿੰਗ ਤਰਸੇਮ ਕੁਮਾਰ ਦੀ ਪ੍ਰਧਾਨਗੀ ਹੇਠ ਮੰਚ ਦੇ ਮੁੱਖ ਦਫਤਰ ਕੱਚੀ ਮਿੱਟੀ ਰੋਡ ਏਕਤਾ ਨਗਰ ਢਪੱਈ ਵਿਖੇ ਹੋਈ। ਇਸ ਮੀਟਿੰਗ ਵਿੱਚ ਕਾਫੀ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਸਰਬਸੰਮਤੀ ਨਾਲ ਕੁਝ ਫੈਸਲੇ ਕੀਤੇ ਗਏ, ਜਿਵੇਂ ਐਤਵਾਰ ਨੂੰ ਸਵੇਰੇ ਨੌਂ ਵਜੇ ਸਤਿਗੁਰੂ ਭਗਤ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕੀਤਾ ਜਾਵੇਗਾ, ਢਪੱਈ ਫਾਟਕ ਤੋਂ ਲੈ ਕੇ ਗੁਰਦੁਆਰਾ ਬੋਹੜੀ ਸਾਹਿਬ ਤੱਕ ਬੇਹੱਦ ਖ਼ਰਾਬ ਹੋ ਚੁੱਕੀ ਸੜਕ ਨੂੰ ਅਜੇ ਤੱਕ ਨਾ ਬਣਾਉਣ ਲਈ ਸਰਕਾਰ ਅਤੇ ਪ੍ਰਸ਼ਾਸਨ ਦਾ ਧਿਆਨ ਦਿਵਾਉਣ ਲਈ ਤਿੰਨ ਦਿਨ ਭੁੱਖ ਹੜਤਾਲ ਕੀਤੀ ਜਾਵੇਗੀ। ਇਹ ਐਕਸ਼ਨ ਢਪੱਈ ਫਾਟਕ ਦੇ ਲਾਗੇ ਸੋਮ, ਮੰਗਲ ਅਤੇ ਬੁੱਧਵਾਰ ਨੂੰ ਕੀਤਾ ਜਾਵੇਗਾ ਅਤੇ ਅਖੀਰਲੇ ਦਿਨ ਲਾਮਬੰਦੀ ਕਰਕੇ ਵੱਡਾ ਇਕੱਠ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਯਾਦ ਰਹੇ ਕਿ ਇਸ ਸੜਕ ਬਾਰੇ ਮੇਅਰ ਅਤੇ ਕਮਿਸ਼ਨਰ ਸਾਹਿਬ ਨੂੰ ਕਾਫੀ ਚਿਰ ਪਹਿਲਾਂ ਹੀ ਲਿਖਤੀ ਰੂਪ ਵਿੱਚ ਬੇਨਤੀ ਪੱਤਰ ਦਿੱਤਾ ਜਾ ਚੁੱਕਾ ਹੈ। ਸਰਬਸੰਮਤੀ ਨਾਲ ਇਹ ਵੀ ਮੰਗ ਕੀਤੀ ਗਈ ਕਿ ਬਰਸਾਤ ਤੋਂ ਪਹਿਲਾਂ ਪਹਿਲਾਂ ਸ਼ਹਿਰ ਦੀਆਂ ਸੀਵਰ, ਨਾਲੀਆਂ ਆਦਿ ਦੀ ਸਫ਼ਾਈ ਕੀਤੀ ਜਾਵੇ ਆਦਿ। ਮੀਟਿੰਗ ਵਿੱਚ ਬਲਬੀਰ ਸਿੰਘ ਝਾਮਕਾ, ਸਰਦੂਲ ਸਿੰਘ ਢਪੱਈ ਅਤੇ ਕੁਲਦੀਪ ਸਿੰਘ ਅਤੇ ਅਵਤਾਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਉਪਰੋਕਤ ਤੋਂ ਇਲਾਵਾ ਤੀਰਥ ਰਾਮ, ਜੀਤ ਲਾਲ, ਕਸ਼ਮੀਰ ਸਿੰਘ ਢਪੱਈ, ਅਮਰੀਕ ਸਿੰਘ, ਕਿਸ਼ਨ ਲਾਲ, ਜਗਦੀਸ਼ ਸਿੰਘ, ਨਿਸ਼ਾਨ ਸਿੰਘ ਢਪੱਈ, ਪ੍ਰਦੀਪ ਕੁਮਾਰ, ਬਲਦੇਵ ਸਿੰਘ, ਵਰਿਆਮ ਚੰਦ ਆਦਿ ਹਾਜ਼ਰ ਸਨ।


## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| SN | Catalogue No. | Nature of contract |
|---|---|---|
| ਈ-ਨੀਲਾਮੀ ਦੀ ਮਿਤੀ: 17.07.2026 | | |
| 1 | EAFZR-PRKG26-9 | ਲੁਧਿਆਣਾ ਰੇਲਵੇ ਸਟੇਸ਼ਨ ਉਤੇ ਕੰਪਰੀਹੈਂਸਿੰਵ ਪਾਰਕਿੰਗ ਦੇ ਲਈ ਠੇਕੇ ਦਾ ਅਲਾਟਮੈਂਟ। |
| ਈ-ਨੀਲਾਮੀ ਦੀ ਮਿਤੀ: 20.07.2026 | | |
| 2 | EAFZR-PRKG26-10 | ਮੋਗਾ ਰੇਲਵੇ ਸਟੇਸ਼ਨ ਉਤੇ ਕੰਪਰੀਹੈਂਸਿੰਵ ਪਾਰਕਿੰਗ ਦੇ ਲਈ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। No. NR-FZR0COML(NFR)/18/2024, Date: 03.07.2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2291/26

AXIS BANK ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਸਰੀ ਮੰਜ਼ਲ, ਜਾਇਦਾਦ # 7-ਈ ਮਿਉਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

[illegible]

ਸਥਾਨ : ਪੰਜਾਬ ਮਿਤੀ : 05.07.2026 ਸਹੀ/- ਅਧਿਕਾਰਤ ਅਫਸਰ ਐਕਸਿਸ ਬੈਂਕ ਲਿਮਟਿਡ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ [illegible] ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਐੱਚ ਐੱਲ/01361001814 'ਚ ਬਕਾਇਆ ਰਕਮ ਰੁਪਏ 9,50,654 ਸਮੇਤ 01.01.2026 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

#### ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2024-25/102/1/5436 ਮਿਤੀ 01.01.2025 ਅਨੁਸਾਰ ਸ੍ਰੀਮਤੀ ਬੇਵੀ ਦੇਵੀ ਪਤਨੀ ਸ੍ਰੀ ਬਚਨ ਯਾਦਵ ਦੀ ਮਲਕੀਅਤ 51.55 ਵਰਗ ਗਜ਼, ਪਿੰਡ ਕੰਗਣਵਾਲ ਵਿਖੇ ਸਥਿਤ, ਹੱਦਬਸਤ ਨੰ. 245, ਸਬ-ਤਹਿਸੀਲ ਸਾਹਨੇਵਾਲ, ਤਹਿ. ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ।

ਮਿਤੀ : 03-07-2026 ਸਥਾਨ : ਲੁਧਿਆਣਾ (ਅਧਿਕਾਰਤ ਅਫਸਰ)

## ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ

tifr HBCSE

### ਮੈਥੇਮੈਟਿਕਸ 'ਚ ਇੰਡੀਅਨ ਉਲੰਪੀਆਡ ਕੁਆਲੀਫਾਇਰ (ਆਈ ਓ ਕਿਊ ਐੱਮ) 2026-27

ਇੰਡੀਅਨ ਨੈਸ਼ਨਲ ਮੈਥੇਮੈਟੀਕਲ ਉਲੰਪੀਆਡ (ਆਈ ਐੱਨ ਐੱਮ ਓ) 2027 'ਚ ਭਾਗ ਲੈਣ ਦੇ ਚਾਹਵਾਨ ਸਾਰੇ ਵਿਦਿਆਰਥੀ 6 ਸਤੰਬਰ 2026 ਨੂੰ ਮੈਥੇਮੈਟਿਕਸ 'ਚ ਇੰਡੀਅਨ ਉਲੰਪੀਆਡ ਕੁਆਲੀਫਾਇਰ ਐਗਜ਼ਾਮੀਨੇਸ਼ਨ 'ਚ ਹਾਜ਼ਰ ਹੋਣ। ਆਈ ਓ ਕਿਊ ਐੱਮ 'ਚ ਯੋਗਤਾ ਪ੍ਰਾਪਤ ਕਰਨ ਲਈ 2027 ਦੇ ਇੰਟਰਨੈਸ਼ਨਲ ਮੈਥੇਮੈਟੀਕਲ ਉਲੰਪੀਆਡ (ਆਈ ਐੱਮ ਓ) ਅਤੇ ਯੂਰਪੀਅਨ ਗਰਲਜ਼ ਮੈਥੇਮੈਟੀਕਲ ਓਲੰਪੀਆਡ (ਈ ਜੀ ਐੱਮ ਓ) 2028 ਵਿੱਚ ਭਾਰਤ ਦੇ ਅਧਿਕਾਰਤ ਮੈਂਬਰ ਵਜੋਂ ਭਾਗ ਲੈਣ ਲਈ ਪਹਿਲਾ ਕਦਮ ਹੈ।

ਵੇਰਵਿਆਂ ਅਤੇ ਹਾਜ਼ਰੀ ਲਿੰਕ ਲਈ https://olympiads.hbcse,tifr.res.in & https://www.mtai.org.in/ ਦਾ ਹਵਾਲਾ ਲਵੋ

ਸੰਬੰਧਤ ਕੇਂਦਰਾਂ 'ਤੇ ਸਿੱਧੇ ਤੌਰ 'ਤੇ ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ। ਵਿਕਲਪ ਵਜੋਂ 29 ਜੂਨ 2026 ਤੋਂ https://ioqm.mtai.org.in 'ਤੇ ਆਨਲਾਈਨ ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ।

ਆਖਰੀ ਮਿਤੀ : 25 ਜੁਲਾਈ 2026

CBC 48143/11/0004/2627

## CR CREDIFIN LIMITED

(FORMERLY KNOWN AS PHF LEASING LIMITED)
CIN: L65110PB1992PLC012488
Regd. Off: 87, Radio Colony, BMC Chowk, Jalandhar – 144001, PB
E-Mail id:compliance@credif.in Website : www.credif.in, Ph : +91 91151-00401

### ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

[illegible]

ਵਾਸਤੇ ਕ੍ਰੇਡੀਫਿਨ ਲਿਮਟਿਡ
ਸਹੀ/-
ਮਨਿਕਾ ਅਰੋੜਾ
ਕੰਪਨੀ ਸਕੱਤਰ
ਸਥਾਨ : ਜਲੰਧਰ
ਮਿਤੀ : 5 ਜੁਲਾਈ, 2026

### Court Notice

(U/o 5 Rule 20 CPC)
In the Court of
**Ms. Geeta Rani**
Additional Civil Judge (Senior Division) Phul
CNR No. PBBTB0-000372-2026
Next Date: 07-07-2026
Canara Bank
Vs.
Hardeep Singh

Publication Issued to: Hardeep Singh S/o Late Sh. Balour Singh S/o Kirpal Singh R/o H.No. 261, Patti Kangar, Agwar Sandhura Da. Vill. Bhai Rupa, Tehsil Phul, Distt. Bathinda.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 07-07-2026 at 10:00 a.m.

For details logon to https://highcourtchd.gov.in/?mod district_notice&district= Bathinda

Additional Civil Judge (Senior Division) Phul
Dated, this day of 04-07-2026

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ।

ਵਿਸ਼ਾ: ਮਾਲ ਰਿਕਾਰਡ ਵਿਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ।

ਨੋਟਿਸ ਬਨਾਮ ਜਨਰਲ ਪਬਲਿਕ

ਸ੍ਰੀ ਹਰਭਜਨ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਜ਼ਹੂਰਾ, ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਇਕ ਦਰਖਾਸਤ ਦਿੱਤੀ ਹੈ ਕਿ ਮਾਲ ਰਿਕਾਰਡ ਵਾਕਿਆ ਰਕਬਾ ਜ਼ਹੂਰਾ/02, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਉਸ ਦਾ ਨਾਮ ਭਜਨ ਸਿੰਘ ਪੁੱਤਰ ਅਨੋਖ ਸਿੰਘ ਪੁੱਤਰ ਚੰਦਾ ਸਿੰਘ ਗਲਤ ਚੱਲਿਆ ਆ ਰਿਹਾ ਹੈ, ਜਦਕਿ ਉਸ ਦਾ ਅਸਲ ਨਾਮ ਹਰਭਜਨ ਸਿੰਘ ਪੁੱਤਰ ਅਨੋਖ ਸਿੰਘ ਪੁੱਤਰ ਚੰਦਾ ਸਿੰਘ ਹੈ। ਪ੍ਰਾਰਥੀ ਨੇ ਇਸ ਨਾਮ ਦੀ ਦਰੁਸਤੀ ਲਈ ਦਰਖਾਸਤ ਪੇਸ਼ ਕੀਤੀ ਹੈ। ਪ੍ਰਾਰਥੀ ਵੱਲੋਂ ਦਰਖਾਸਤ ਨਾਲ ਆਪਣੇ ਆਧਾਰ ਕਾਰਡ, ਪੈਨ ਕਾਰਡ, ਭਾਰਤ ਚੋਣ ਕਮਿਸ਼ਨ/ਵੋਟਰ ਕਾਰਡ ਅਤੇ ਪਾਸਪੋਰਟ ਦੀ ਕਾਪੀ ਦੀਆਂ ਫੋਟੋ ਕਾਪੀਆਂ ਸਬੂਤ ਵਜੋਂ ਪੇਸ਼ ਕੀਤੀਆਂ ਹਨ। ਪ੍ਰਾਰਥੀ ਦੀ ਦਰਖਾਸਤ ਅਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਮਾਲ ਰਿਕਾਰਡ ਪਿੰਡ ਜ਼ਹੂਰਾ/02, ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨਾਮ ਦੀ ਸੋਧ ਕੀਤੀ ਜਾਣੀ ਹੈ। ਇਸ ਨਾਮ ਦੀ ਸੋਧ ਦੇ ਸੰਬੰਧ ਵਿਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਮੇਰੇ ਦਫ਼ਤਰ/ਅਦਾਲਤ ਵਿਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਨਾਮ ਦੀ ਸੋਧ ਕਰ ਦਿੱਤੀ ਜਾਵੇਗੀ।

ਅੱਜ ਮਿਤੀ 01.07.2026 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਜਾਰੀ ਹੋਇਆ।

ਸਹੀ/-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਟਾਂਡਾ, ਹੁਸ਼ਿਆਰਪੁਰ।
(ਨੰਬਰ 970/ਰੀਡਰ, ਮਿਤੀ 01/07/2026)

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰਬਰ : 433_Sig_JAT_40_26_27 ਮਿਤੀ : 03.07.2026
ਸਮਾਪਤੀ ਮਿਤੀ/ਸਮਾਂ: 27.07.2026 15:00

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਨ ਵਾਲੇ ਸੀਨੀਅਰ ਡੀਐਸਟੀਈ/ਜੇਈਟੀ ਨਿਵਿਦਾ ਸੂਚਨਾ ਨੰਬਰ 433-TELE_JAT_40_26_27 ਸਮਾਪਤੀ ਮਿਤੀ/ਸਮਾਂ 27.07.2026 15:00 ਵਜੇ ਦੇ ਵਿਰੁਧ https://www.ireps.gov.in 'ਤੇ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਆਫਰ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਐਸੋ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦਸਤਾਵੇਜ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟ ਤੇ ਉਪਲਬਧ ਆਨਲਾਈਨ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੇਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਦੀ ਇਜਾਜਤ ਨਹੀਂ ਹੈ।

ਐਨਆਈਟੀ ਹੇਡਰ

| | | | |
|---|---|---|---|
| ਕਾਂਟਰੈਕਟ ਪ੍ਰਕਾਰ | ਕੰਮ | | |
| ਕੰਮ ਦਾ ਨਾਮ | ਸੀਨੀਅਰ ਡੀਐਸਟੀਈ/ਜੇਈਟੀ ਦੇ ਅਨੁਭਾਗਾਂ ਦੇ ਲਈ ਇਕ ਸਾਲ ਦਾ ਅਨੁਭਾਗੀ ਸਿਗਨਲ ਰਖਰਖਾਅ ਕਾਂਟਰੈਕਟ (ਐਸਐਸਐਮਸੀ) | | |
| ਨਿਵਿਦਾ ਸਮਾਪਤੀ ਮਿਤੀ ਸਮਾਂ | 27.07.2026 15:00 | ਟੈਂਡਰ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 03.07.2026 16:55 |
| ਵਿਗਿਆਪਤ ਮੁਲ (ਰੁ.) | 9993579.13 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਕਰਨ ਦੀ ਮਿਤੀ | 13.07.2026 |
| ਬਿਆਨਾ ਰਾਸ਼ੀ (ਰੁ) | 199900.00 | ਪੂਰਾ ਹੋਣ ਦਾ ਸਮਾਂ | 12 ਮਹੀਨੇ |

2293/26
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ [illegible]

(ਅਧਿਕਾਰਤ ਅਫਸਰ)

AXIS BANK Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001. Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025. Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

[illegible]

ਮਿਤੀ : 05.07.2026, ਸਥਾਨ : ਪੰਜਾਬ ਸਹੀ/-(ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ


# ਕਲਾਸੀਫਾਈਡ ਇਸ਼ਤਿਹਾਰ


### ਆਮ ਸੂਚਨਾ

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਫੱਤੇਵਾਲ ਛੋਟਾ ਅਜਨਾਲਾ ਦੇ ਛੱਪੜ ਵਿੱਚ ਲੱਗੇ ਪਾਪੂਲਰ ਰੁੱਖਾਂ ਦੀ ਨੀਲਾਮੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਜਨਾਲਾ ਵੱਲੋਂ ਮਿਤੀ 08/07/2026 ਨੂੰ ਸਵੇਰੇ 11.00 ਵਜੇ ਰੱਖੀ ਗਈ ਹੈ।

### Public Notice

I, Dilpreet Singh S/o Nishan Singh R/o Vill. Shikar, Tehsil Dera Baba Nanak, Gurdaspur, Pin-143605 , Punjab, India, Declare that my given name as Dilpreet and my Surname as Singh. (Dogra)

### ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰ. ਸੀ ਐੱਚ-65 (3004062319) ਦਲੀਪ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ ਰਕਬਾ ਚੂਚਕਵਿੰਡ, ਤਹਿਸੀਲ ਜ਼ੀਰਾ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਵਿੱਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ-46-113 ਬਲਬੀਰ ਸਿੰਘ ਪੁੱਤਰ ਦਲੀਪ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਮਨਜਿੰਦਰ ਸਿੰਘ ਪੁੱਤਰ ਬਲਬੀਰ ਸਿੰਘ ਰਕਬਾ ਕਮਾਲਾ ਮਿੱਡੂ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਵਿੱਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੈਂ, ਬੱਲਾ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਖੱਤਰੀਵਾਲਾ, ਜ਼ਿਲ੍ਹਾ ਮਾਨਸਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਨਰੇਸ਼ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ 16-8-2022 ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਨਰੇਸ਼ ਕੁਮਾਰ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਨੂੰ ਦਿੱਤਾ ਬੇਦਖਲੀ ਨੋਟਿਸ ਰੱਦ ਕਰਦਾ ਹਾਂ। ਹੁਣ ਉਹ ਪਹਿਲਾਂ ਵਾਂਗ ਮੇਰੇ ਨਾਲ ਰਹੇਗਾ ਅਤੇ ਉਸ ਨੂੰ ਦਿੱਤਾ ਬੇਦਖਲੀ ਨੋਟਿਸ ਪ੍ਰਭਾਵਸ਼ਾਲੀ ਨਹੀਂ ਰਹੇਗਾ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਦਰਸ਼ਨਾ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਗਲੀ ਨੰ-4, ਰਾਜ ਐਵੀਨਿਊ, ਕਾਲਾ ਘਨੂਪੁਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਵਿਚ ਨਹੀਂ ਹੈ, ਮੈਂ ਇਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ, ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਕੁਮਾਰ ਪੁੱਤਰ ਰੂਪ ਲਾਲ ਵਾਸੀ ਮਕਾਨ ਨੰ. 337, ਦਕੋਹਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਗੁਲਾਟੀ ਉਰਫ ਬਬਲੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸੰਜੀਵ ਸਿੰਗਲਾ ਪੁੱਤਰ ਮੋਹਨ ਲਾਲ ਅਤੇ ਲਲੀਤਾ ਗੋਇਲ ਪਤਨੀ ਸੰਜੀਵ ਸਿੰਗਲਾ ਵਾਸੀ ਮਕਾਨ ਨੰ. 14, ਫਿਰੋਜ਼ਪੁਰ ਰੋਡ, ਨੇੜੇ ਬਦਾਮ ਬਾਗ, ਨਿਊ ਅਮਨ ਪਾਰਕ, ਬਰੀਕੇ, ਲੁਧਿਆਣਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਘਵ ਸਿੰਗਲਾ ਅਤੇ ਉਸ ਦੀ ਪਤਨੀ ਹਰਸਿਮਰਨ ਢੀਂਗਰਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਜੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਪਿੰਡ/ਡਾਕਖਾਨਾ ਦੋਰਾਂਗਲਾ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਕਰਨਜੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਚੰਚਲਾ ਦੇਵੀ ਪਤਨੀ ਲੇਟ ਸ੍ਰੀ ਮਹਿੰਦਰ ਸਿੰਘ ਵਾਸੀ ਭੋਲ ਬਧਮਾਨੀਆਂ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੂਰਜ ਪਰਮਾਰ ਅਤੇ ਉਸ ਦੀ ਪਤਨੀ ਪਾਇਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰੀਕ ਸਿੰਘ ਪੁੱਤਰ ਬਾਰਾ ਸਿੰਘ ਵਾਸੀ ਪਿੰਡ ਰੱਲਾ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨਿਰਮਲ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਗੋਬਿੰਦਪੁਰਾ ਪਾਪੜਾ, ਤਹਿਸੀਲ ਮੂਨਕ , ਜ਼ਿਲ੍ਹਾ ਸੰਗਰੂਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ ਅਤੇ ਮੇਰਾ ਦੋਹਤਾ ਸੁਖਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨਿਰਮਲ ਸਿੰਘ ਪੁੱਤਰ ਸ਼ਰਨਪਾਲ ਸਿੰਘ ਵਾਸੀ ਮਕਾਨ ਨੰ: 460, ਵਾਰਡ ਨੰ: 1, ਡੇਰਾ ਬਾਬਾ ਨਾਨਕ ਰੋਡ, ਮੁੱਹਲਾ ਸੁੰਦਰ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਨਵਜੋਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਬੇਦਖਲੀ ਵਾਪਿਸ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸ਼ਾਮੀ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਮੱਲ੍ਹੀਆਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਕਰਾਂਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਨਾਲ ਵਿਦੇਸ਼ ਚਲੇ ਗਿਆ ਹੈ, ਜਿਸ ਕਰਕੇ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਵਰਖਾ ਸਿੰਘ ਪੁੱਤਰ ਲਾਭ ਸਿੰਘ ਵਾਸੀ ਬਰੇਟਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਜੂ ਸਿੰਘ ਅਤੇ ਮੇਰੀ ਨੂੰਹ ਚਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਕੌਰ ਪਤਨੀ ਕਸ਼ਮੀਰ ਸਿੰਘ ਵਾਸੀ ਪਿੰਡ ਜੋਧਾ ਨਗਰੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਜਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਉਰਮਿਲਾ ਪਤਨੀ ਤਰਲੋਕ ਸਿੰਘ ਵਾਸੀ ਡੀ-7/6673, ਗੁਰੂ ਨਾਨਕਪੁਰਾ, ਰਾਮ ਨਗਰ, ਕਾਲੋਨੀ, ਕੋਟ ਖਾਲਸਾ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਪਾਰਸ ਅਤੇ ਉਸ ਦੀ ਪਤਨੀ ਕਾਜਲ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਆਸ਼ਾ ਵਿਧਵਾ ਅਮਰੀਕ ਵਾਸੀ 100/2560, ਗਲੀ ਨੰ. 2, ਮੇਨ ਬਜ਼ਾਰ ਢਪਈ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅਰੁਣ ਕੁਮਾਰ ਅਤੇ ਉਸ ਦੀ ਪਤਨੀ ਜੋਤੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### Change of Name

I Gurdeep Singh S/o Chanan Ram Bhatti, R/o Bhagwanpur, PO Jalbhe, Distt. Jalandhar have changed my name from Gurdeep Singh to Guredeep Singh Bhatti

I Harchetan Singh S/o Gurmukh Singh R/o Factory area, Sheikupur, Kapurthala, Punjab have changed my name from Harchetan Singh to Harchetan as given name and Singh as surname. Concerned Please Note.

I, Dhamanjeet Kaur D/O Jaswinder Singh have changed my name Dhamanjeet Kaur to Damanjot Kaur after my marriage with Amardeep Singh R/O 82/10, Central Town, Jalandhar (Punjab). All concerned may note please.

I, Rajvindra Kaur W/O Jagraj Singh R/O V.Padsar, PO. Laukikhera, Lakhimpur Kheri, PIN : 262701, Uttar Pradesh have changed my name from Rajvindra Kaur to Rajvinder Kaur. Concerned note.

I, Jagraj Singh Kamboj S/O Satpal Singh R/O V.Padsar, PO.Laukikhera, Lakhimpur Kheri, PIN : 262701, Uttar Pradesh, India have changed my name from Jagraj Singh Kamboj to Jagraj Singh. Concerned note.

I,Sarbjit Kaur W/O Nirmal Singh R/O VPO Mehta Baba Bakala, Amritsar,Punjab have changed my name from Sarbjit Kaur to Sarabjit Kaur.Concerned note.

I, Neetu W/O Dinesh Kumar Duseja R/O H.No 85, Opp Pudda Office, Ajanta Colony, Amritsar, Punjab have changed my name from Neetu to Neetu Duseja. Concerned note.

I, Pardip Kumar S/O Satpal Sharma R/O Chakki Wali Gali, New Rajesh Nagar, Batala Road, Amritsar, Punjab have changed my name from Pardip Kumar to Pardeep Sharma. Concerned note.

I, Kamla W/o Surinder Pal R/o Village & PO. Madhopur, Distt. Kapurthala, Punjab-144402 have changed my name from Kamla Devi to Kamla. All concerned please note.

I, Harjinder Singh S/O Partap Singh, R/o Hno. 311/2, Khane Ka Agwar, Near Maiye Ka Khoo, PO: Kotha Guru, DIST: Bathinda, Punjab- 151206, have changed my name and shall hereafter be Known as Rajender Singh.

I, Rajesh Thakur S/O Rustam Singh, R/o H.No.77/B, Kamal Park, Jalandhar- I, PO: Industrial Town, DIST: Jalandhar, Punjab- 144004, have changed my name and shall hereafter be Known as Rajesh Kumar.

I, Satya Dev S/O Mahavir, R/o House No-13847, Street No-1 Ward No-08, Adarsh Nagar, Tibba Road, Ludhiana,Basti Jodhewal Ludhiana, Punjab- 141007, have changed my name and shall hereafter be Known as Sat Parkash.

I, Evans S/O Olvin, R/o St No-03, Mahavir Colony, Tajpur Road Bhamian Khurd, Ludhiana, Punjab- 141015, have changed my name and shall hereafter be Known as Evans Benjamin.

I, Ashok Ingole S/O Namdev Ingole, R/o House No 1557, Sector 32, Tajpur Road, E.W.S Colony, Focal Point, PO: Focal Point, DIST: Ludhiana, Punjab- 141010, I have changed the name of my minor Son Youraj aged about 13 Years and He shall hereafter be known as Ratandeep.

I, Aruna W/o Jatinder Kumar R/o Ram Nagar VPO Ajnala Tehsil Ajnala District Amritsar have changed my name from Aruna to Aruna Rani

I, Jarmanpreet Singh S/o Hardeep Singh R/o Johal Dhai Wala, Johal Dhaiwala, Tarn Taran have declare that Jarmanpreet is my Given name and Singh is my Surname

I Lakhwinder Singh Dhillon S/o Roor Singh R/o 588 Guru Nagar Abadi Verka Distt Amritsar have changed my name to Lakhwinder Singh

I Kulwinder Kaur Dhillon W/o Lakhwinder Singh R/o 588 Guru Nagar Abadi Verka Distt Amritsar have changed my name to Kulwinder Kaur

I, Jagroop Singh Wife of Jaswinder Singh Resident of House No. 2309, Mori Gate, Jandiala Guru, District Amritsar have changed my name from Jagroop Singh to Jagroop Kaur Concerned May Please Be Noted.

I, Jaswinder Singh Son of Balkar Singh Resident of House No. 2309, Mori Gate, Jandiala Guru, District Amritsar have changed my Given name from Jaswinder Singh to Sur Name Singh and Given name Jaswinder Concerned May Please Be Noted.

I, Harmohinder Singh Son of Teja Singh Resident of House No. 171, Nagina Avenue, Majitha Road, Amritsar have changed my name from Harmohinder Singh to Harminder Singh Concerned May Please Be Noted.

I, Santokh Singh @ Singh Santokh S/o Gian Singh R/o V.P.O. Naugajja, Distt. Jalandhar (Pb.) declare that my previous name was Santokh Singh. My new name is Singh Santokh. Singh Santokh @ Santokh Singh are same person.

I, Waryam Singh W/o Balkar Singh R/o.Village Kotli AMB, Tehsil Ajnala, Distt Amritsar (Punjab) I Have Changed my name from Wariyam Singh To Waryam Singh. Please Note It

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਿਹਤ ਮੰਤਰੀ ਵੱਲੋਂ ਰੂਰਲ ਹੈਲਥ ਟ੍ਰੇਨਿੰਗ ਸੈਂਟਰ ਦਾ ਉਦਘਾਟਨ




**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਡਾ. ਭੀਮ ਰਾਓ ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਮੋਹਾਲੀ ਦੇ ਕਮਿਊਨਿਟੀ ਮੈਡੀਸਨ ਵਿਭਾਗ ਅਧੀਨ ਪਿੰਡ ਸਨੇਟਾ ਵਿਖੇ ਸਥਾਪਿਤ ਰੂਰਲ ਹੈਲਥ ਟ੍ਰੇਨਿੰਗ ਸੈਂਟਰ (ਆਰ.ਐਚ.ਟੀ.ਸੀ.) ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨੇ ਮੈਡੀਕਲ ਇੰਟਰਨਾਂ ਲਈ ਬਣਾਏ ਜਾਣ ਵਾਲੇ ਹੋਸਟਲ ਅਤੇ ਚਾਰਦੀਵਾਰੀ ਦੀ ਉਸਾਰੀ ਦਾ ਨੀਂਹ ਪੱਥਰ ਵੀ ਰੱਖਿਆ। ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ, ਪਿੰਡ ਸਨੇਟਾ ਦੇ ਗ੍ਰੰਥੀ ਸਿੰਘ ਵੱਲੋਂ ਅਰਦਾਸ ਨਾਲ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰਾਂ ਵਿੱਚ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਏਮਜ਼ ਮੋਹਾਲੀ ਵੱਲੋਂ ਸਥਾਪਿਤ ਇਹ ਆਧੁਨਿਕ ਕੇਂਦਰ ਪੇਂਡੂ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਮੈਡੀਕਲ ਵਿਦਿਆਰਥੀਆਂ ਨੂੰ ਭਾਈਚਾਰਾ-ਆਧਾਰਿਤ ਸਿਖਲਾਈ ਵੀ ਪ੍ਰਦਾਨ ਕਰੇਗਾ।

# ਐੱਲ ਪੀ ਯੂ ਨੇ ਸਮਰ ਅਪਸਕਿਲਿੰਗ ਪ੍ਰੋਗਰਾਮ ਰਾਹੀਂ ਨੌਜਵਾਨ ਨੂੰ ਕੀਤਾ ਪ੍ਰੇਰਿਤ

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਸਕੂਲੀ ਵਿਦਿਆਰਥੀਆਂ ਲਈ ਕਈ ਅਪਸਕਿਲਿੰਗ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਗਰਮੀਆਂ ਦੀਆਂ ਛੁੱਟੀਆਂ ਨੂੰ ਸਿੱਖਣ ਅਤੇ ਨਵੀਨਤਾ ਕਰਨ ਲਈ ਵਰਤਿਆ। ਛੁੱਟੀਆਂ ਦੌਰਾਨ ਵੱਖ-ਵੱਖ ਸਮਿਆਂ 'ਤੇ ਆਯੋਜਿਤ, ਇਨ੍ਹਾਂ ਪ੍ਰੋਗਰਾਮਾਂ ਨੇ ਬੱਚਿਆਂ ਨੂੰ ਕਿਤਾਬਾਂ ਤੋਂ ਪਰੇ ਨਵੀਆਂ ਰੁਚੀਆਂ ਦੀ ਪੜਚੋਲ ਕਰਨ, ਤਕਨਾਲੋਜੀ, ਰਚਨਾਤਮਕਤਾ, ਸੱਭਿਆਚਾਰ ਅਤੇ ਅਨੁਭਵੀ ਸਿੱਖਿਆ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕੀਤਾ।

ਰਾਕੇਟ ਬਣਾਉਣ ਤੇ ਡਰੋਨ ਉਡਾਉਣ ਤੋਂ ਲੈ ਕੇ ਕਲਾਕ੍ਰਿਤੀ ਬਣਾਉਣ ਅਤੇ ਸਟੇਜ 'ਤੇ ਪ੍ਰਦਰਸ਼ਨ ਕਰਨ ਤੱਕ, ਭਾਗੀਦਾਰਾਂ ਨੇ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਦਾ ਵੱਧ ਤੋਂ ਵੱਧ ਲਾਭ ਉਠਾਇਆ, ਵੱਖ-ਵੱਖ ਖੇਤਰਾਂ ਵਿੱਚ ਕੀਮਤੀ ਤਜਰਬਾ ਪ੍ਰਾਪਤ ਕੀਤਾ।ਸਟੂਡੈਂਟ ਰਿਸਰਚ ਐਂਡ ਪ੍ਰੋਜੈਕਟ ਵਿਭਾਗ ਦੁਆਰਾ ਗ੍ਰੇਡ 7 ਤੋਂ 12 ਦੇ ਵਿਦਿਆਰਥੀਆਂ ਲਈ ਆਯੋਜਿਤ ਅੱਠ ਦਿਨਾਂ 'ਏਰੋਬੋਟਿਕਸ ਬੂਟਕੈਂਪ 2026' ਵਿੱਚ 15 ਸਕੂਲਾਂ ਦੇ 71 ਵਿਦਿਆਰਥੀਆਂ ਨੇ ਏਰੋਸਪੇਸ, ਰੋਬੋਟਿਕਸ, ਡਰੋਨ ਤਕਨਾਲੋਜੀ ਅਤੇ 34 ਪ੍ਰਿੰਟਿੰਗ ਵਰਗੀਕੀਮਤੀ ਸਿੱਖਣ ਦਾ ਅਨੁਭਵ ਪ੍ਰਾਪਤ ਕੀਤਾ। 'ਜਿੱਥੇ ਏਅਰੋਸਪੇਸ ਅਤੇ ਰੋਬੋਟਿਕਸ ਮਿਲਦੇ ਹਨ' ਥੀਮ ਵਾਲੇ ਇਸ ਬੂਟਕੈਂਪ ਨੇ ਭਾਗੀਦਾਰਾਂ ਨੂੰ ਮਾਹਰ ਸਲਾਹਕਾਰਾਂ ਦੇ ਮਾਰਗਦਰਸ਼ਨ ਹੇਠ ਮਾਡਲ ਰਾਕੇਟ ਡਿਜ਼ਾਈਨ




ਅਤੇ ਲਾਂਚ ਕਰਨ, ਆਰ ਸੀ ਏਅਰਕ੍ਰਾਫਟ ਅਤੇ ਡਰੋਨ ਸਿਸਟਮ ਨੂੰ ਸਮਝਣ, ਅਤੇ ਰੋਬੋਟਿਕਸ ਅਤੇ 34 ਪ੍ਰਿੰਟਿੰਗ ਪ੍ਰੋਜੈਕਟ ਵਿਕਸਤ ਕਰਨ ਦੇ ਯੋਗ ਬਣਾਇਆ। ਟੀਮਾਂ ਵਿੱਚ ਕੰਮ ਕਰਦੇ ਹੋਏ, ਵਿਦਿਆਰਥੀਆਂ ਨੇ ਅਸਲ-ਸੰਸਾਰ ਐਪਲੀਕੇਸ਼ਨਾਂ ਰਾਹੀਂ ਤਕਨਾਲੋਜੀ ਦਾ ਅਨੁਭਵ ਕਰਦੇ ਹੋਏ ਆਪਣੀ ਰਚਨਾਤਮਕਤਾ, ਸਹਿਯੋਗ, ਆਲੋਚਨਾਤਮਕ ਸੋਚ ਅਤੇ ਸਮੱਸਿਆ ਹੱਲ ਕਰਨ ਦੇ ਹੁਨਰਾਂ ਨੂੰ ਨਿਖਾਰਿਆ।ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਸਿੱਖਣ ਦੀ ਯਾਤਰਾ ਬੱਚਿਆਂ ਦੇ ਉੱਚ ਸਿੱਖਿਆ ਵਿੱਚ ਦਾਖਲ ਹੋਣ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਜਦੋਂ ਨੌਜਵਾਨ ਮਨ ਉਤਸੁਕ, ਜਾਗਰੂਕ ਅਤੇ ਨਵੀਆਂ ਚੀਜ਼ਾਂ ਸਿੱਖਣ ਲਈ ਉਤਸੁਕ ਹੁੰਦੇ ਹਨ, ਤਾਂ ਉਹ ਆਪਣੇ ਭਵਿੱਖ ਦੇ ਸੁਪਨਿਆਂ ਦੀ ਨੀਂਹ ਰੱਖਦੇ ਹਨ। ਜਦੋਂ ਇਸ ਉਤਸੁਕਤਾ ਨੂੰ ਸੰਚਾਰਿਤ ਕੀਤਾ ਜਾਂਦਾ ਹੈ, ਤਾਂ ਬੱਚੇ ਆਪਣੀਆਂ ਸ਼ਕਤੀਆਂ ਨੂੰ ਪਛਾਣਨ ਅਤੇ ਆਪਣੇ ਜਨੂੰਨ ਨੂੰ ਅੱਗੇ ਵਧਾਉਣ ਦਾ ਵਿਸ਼ਵਾਸ ਪ੍ਰਾਪਤ ਕਰਦੇ ਹਨ।

# ਸਿਹਤ ਮੰਤਰੀ ਵੱਲੋਂ ਆਟੀਜ਼ਮ ਤੇ ਨਿਊਰੋ ਡਿਵੈੱਲਪਮੈਂਟਲ ਡਿਸਆਰਡਰਜ਼ ਸੈਂਟਰ ਆਫ਼ ਐਕਸੀਲੈਂਸ ਦਾ ਦੌਰਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਡਾ. ਭੀਮ ਰਾਓ ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੁਆਰਾ ਮੋਹਾਲੀ ਵਿਖੇ ਸਥਾਪਿਤ ਆਟੀਜ਼ਮ ਅਤੇ ਨਿਊਰੋਡਿਵੈਲਪਮੈਂਟਲ ਡਿਸਆਰਡਰਜ਼ ਸੈਂਟਰ ਆਫ਼ ਐਕਸੀਲੈਂਸ ਦਾ ਦੌਰਾ ਕਰਕੇ ਕੇਂਦਰ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ। ਦੌਰੇ ਦੌਰਾਨ ਸਿਹਤ ਮੰਤਰੀ ਨੇ ਆਟੀਜ਼ਮ ਸਪੈਕਟ੍ਰਮ ਡਿਸਆਰਡਰ, ਏ ਡੀ ਐੱਚ ਡੀ, ਬੌਧਿਕ ਅਪੰਗਤਾ, ਸਿੱਖਣ ਸੰਬੰਧੀ ਦਿੱਕਤਾਂ, ਸੇਰੇਬ੍ਰਲ ਪਾਲਸੀ ਅਤੇ ਹੋਰ ਨਿਊਰੋਡਿਵੈਲਪਮੈਂਟਲ ਸਮੱਸਿਆਵਾਂ ਨਾਲ ਜੂਝ ਰਹੇ ਬੱਚਿਆਂ ਲਈ ਕੇਂਦਰ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੂੰ ਕੇਂਦਰ ਵੱਲੋਂ ਵਿਕਾਸਾਤਮਕ ਮੁਲਾਂਕਣ, ਮਨੋਵਿਗਿਆਨਕ ਜਾਂਚ, ਸਪੀਚ ਥੈਰੇਪੀ, ਆਕਿਊਪੇਸ਼ਨਲ ਥੈਰੇਪੀ, ਫਿਜ਼ਿਓਥੈਰੇਪੀ, ਮਾਪਿਆਂ ਦੀ ਕਾਊਂਸਲਿੰਗ, ਅਰਲੀ ਇੰਟਰਵੈਂਸ਼ਨ ਅਤੇ ਸਕੂਲ-ਤਿਆਰੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ।ਡਾ. ਬਲਬੀਰ ਸਿੰਘ ਨੇ ਕੇਂਦਰ ਵਿੱਚ ਇਲਾਜ ਪ੍ਰਾਪਤ ਕਰ ਰਹੇ ਬੱਚਿਆਂ ਦੇ ਮਾਪਿਆਂ ਨਾਲ ਵੀ ਗੱਲਬਾਤ



ਕੀਤੀ। ਮਾਪਿਆਂ ਨੇ ਦੱਸਿਆ ਕਿ ਨਿੱਜੀ ਖੇਤਰ ਵਿੱਚ ਅਜਿਹੀਆਂ ਵਿਸ਼ੇਸ਼ ਸੇਵਾਵਾਂ 'ਤੇ ਹਰ ਮਹੀਨੇ 30 ਹਜ਼ਾਰ ਤੋਂ 50 ਹਜ਼ਾਰ ਰੁਪਏ ਤੱਕ ਦਾ ਖਰਚਾ ਆਉਂਦਾ ਹੈ, ਜਦਕਿ ਸਰਕਾਰ ਵੱਲੋਂ ਮੋਹਾਲੀ ਵਿਖੇ ਇਹ ਸਾਰੀਆਂ ਸੇਵਾਵਾਂ ਮੁਫ਼ਤ ਉਪਲਬਧ ਹਨ, ਜਿਸ ਨਾਲ ਪਰਿਵਾਰਾਂ ਨੂੰ ਵੱਡੀ ਆਰਥਿਕ ਰਾਹਤ ਮਿਲ ਰਹੀ ਹੈ। ਉਨ੍ਹਾਂ ਨੇ ਕੇਂਦਰ ਦੇ ਬਾਲ-ਅਨੁਕੂਲ ਮਾਹੌਲ ਅਤੇ ਮਾਹਿਰਾਂ ਵੱਲੋਂ ਦਿੱਤੀ ਜਾ ਰਹੀ ਸਮਰਪਿਤ ਦੇਖਭਾਲ ਦੀ ਵੀ ਸਰਾਹਨਾ ਕੀਤੀ।

# ਵਿਦਿਆਰਥੀਆਂ ਨੇ 'ਵਰਸਿਟੀ ਪ੍ਰੀਖਿਆਵਾਂ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)** ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼, ਲੋਹਾਰਾਂ ਦੇ ਵਿਦਿਆਰਥੀਆਂ ਨੇ ਨਵੰਬਰ 2025 ਵਿੱਚ ਕਰਵਾਈਆਂ ਗਈਆਂ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਕਾਬਲੀਅਤ ਦਾ ਪ੍ਰਮਾਣ ਦਿੱਤਾ ਹੈ। ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੇ ਉੱਚ ਐੱਸ ਜੀ ਪੀ ਏ ਸਕੋਰ ਹਾਸਲ ਕੀਤੇ, ਜੋ ਉਨ੍ਹਾਂ ਦੀ ਮਿਹਨਤ ਅਤੇ ਸੰਸਥਾ ਦੀ ਅਕਾਦਮਿਕ ਉਤਕ੍ਰਿਸ਼ਟਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਹੋਟਲ ਮੈਨੇਜਮੈਂਟ ਵਿਭਾਗ ਨੇ ਵੀ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਕੀਤਾ। ਬੈਚਲਰ ਆਫ਼ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨੋਲੋਜੀ ਦੇ ਅੱਠਵੇਂ ਸਮੈਸਟਰ ਵਿੱਚ ਹਰਮਨਪ੍ਰੀਤ, ਜਸ਼ਨਦੀਪ, ਪੂਜਾ, ਰਾਧਿਕਾ ਅਤੇ ਸਰਬਜੀਤ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਸ਼ਿਵਮ ਮੰਗੂ (9.92) ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਜਸ਼ਨਪ੍ਰੀਤ, ਵਿਸ਼ਾਲ ਭੱਟੀ ਅਤੇ ਅਵਤਾਰ ਸਿੰਘ (9.0) ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ ਵੋਕ (ਐੱਚ ਸੀ ਐੱਮ) ਦੇ ਛੇਵੇਂ ਸਮੈਸਟਰ ਵਿੱਚ ਅਮ੍ਰਿਤਪਾਲ ਸਿੰਘ, ਜਤਿਨ ਕੁਮਾਰ, ਰਾਜਿਤ, ਰੋਹਿਤ ਕੁਮਾਰ, ਰੋਹਿਤ, ਸੰਦੀਪ ਕੌਰ, ਸਿਮਰਨਪਾਲ ਸਿੰਘ ਅਤੇ ਉਰਵਸ਼ੀ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੀ ਐੱਸ ਸੀ ਮੈਡੀਕਲ



ਲੈਬ ਸਾਇੰਸਿਜ਼ ਦੇ ਛੇਵੇਂ ਸਮੈਸਟਰ ਵਿੱਚ ਪਲਕ ਚੰਦੈਲ (9.32) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਚਾਹਤ (8.84) ਨੇ ਦੂਜਾ ਸਥਾਨ ਅਤੇ ਮੁਸਕਾਨ (8.79) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਆਈ.ਟੀ. ਵਿਭਾਗ ਨੇ ਵੀ ਸ਼ਾਨਦਾਰ ਨਤੀਜੇ ਹਾਸਲ ਕੀਤੇ। ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼ ਦੇ ਛੇਵੇਂ ਸਮੈਸਟਰ ਵਿੱਚ ਕਿਰਨ (10) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਮਨਪ੍ਰੀਤ ਕੌਰ (9.88) ਨੇ ਦੂਜਾ ਸਥਾਨ ਅਤੇ ਅਵਨੀਤ (9.84) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮਾਸਟਰ ਆਫ਼ ਕੰਪਿਊਟਰ ਐਪਲੀਕੇਸ਼ਨਜ਼ ਦੇ ਚੌਥੇ ਸਮੈਸਟਰ ਵਿੱਚ ਹਰਸ਼ਦੀਪ ਕੌਰ (9.13) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਡੇਜ਼ੀ (8.96) ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਏਕਤਾ, ਮੁਸਕਾਨ ਜੱਸਲ ਅਤੇ ਵਿਸ਼ਾਲੀ (8.78) ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਮੈਨੇਜਮੈਂਟ ਵਿਭਾਗ ਨੇ ਵੀ ਪ੍ਰਭਾਵਸ਼ਾਲੀ ਅਕਾਦਮਿਕ ਪ੍ਰਦਰਸ਼ਨ ਕੀਤਾ। ਮਾਸਟਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਦੇ ਚੌਥੇ ਸਮੈਸਟਰ ਵਿੱਚ ਖੁਸ਼ਬੂ ਵਰਮਾ (9.15) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਸੰਜਨਾ ਅਤੇ ਸੁਹਾਨੀ ਜੈਨ (9.00) ਨੇ ਸਾਂਝੇ ਤੌਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਕੋਮਲ (8.85) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ ਬੀ ਏ ਦੇ ਛੇਵੇਂ ਸਮੈਸਟਰ ਵਿੱਚ ਮਨੀਸ਼ਾ ਰਾਣੀ (9.52) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮਨਜੋਤ ਕੌਰ (9.28) ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਜੈਸਮੀਨ ਕੌਰ, ਕਾਜਲਪ੍ਰੀਤ ਕੌਰ, ਲਿਜ਼ਾ ਅਤੇ ਨਵਜੋਤ ਕੌਰ (9.04) ਨੇ ਸਾਂਝੇ ਤੌਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

# ਆਮ ਆਦਮੀ ਕਲੀਨਿਕ 'ਚ ਸ਼ਾਨਦਾਰ ਕਾਰਗੁਜ਼ਾਰੀ ਲਈ ਡਾ. ਸੀਮਾ ਗਰਗ ਸਨਮਾਨਤ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ, ਪੂਰੀ ਲਗਨ ਅਤੇ ਪ੍ਰਭਾਵਸ਼ਾਲੀ ਕਾਰਜਸ਼ੈਲੀ ਲਈ ਪੰਜਾਬ ਸਰਕਾਰ ਵੱਲੋਂ ਸੂਬਾ ਪੱਧਰ 'ਤੇ ਸਨਮਾਨਤ ਕੀਤਾ ਗਿਆ। ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਉਨ੍ਹਾਂ ਨੂੰ 'ਅਵਾਰਡ ਆਫ਼ ਆਨਰ' ਅਤੇ 'ਸਟੇਟ ਲੈਵਲ ਸਰਟੀਫਿਕੇਟ ਆਫ਼ ਐਪਰੀਸੀਏਸ਼ਨ' ਨਾਲ ਸਨਮਾਨਤ ਕੀਤਾ। ਡਾ. ਸੀਮਾ ਗਰਗ ਨੇ ਜ਼ਿਲ੍ਹੇ ਵਿੱਚ 100 ਫ਼ੀਸਦੀ ਟੀਕਾਕਰਨ ਦੇ ਟੀਚਿਆਂ ਦੀ ਪ੍ਰਾਪਤੀ ਅਤੇ 76 ਆਮ ਆਦਮੀ ਕਲੀਨਿਕਾਂ ਵਿੱਚ 98 ਫ਼ੀਸਦੀ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਆਮ ਲੋਕਾਂ ਨੂੰ ਬਿਹਤਰ ਇਲਾਜ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਦੇਖਦਿਆਂ ਉਨ੍ਹਾਂ ਨੂੰ ਮੁੱਖ ਮੰਤਰੀ ਦੇ 'ਬੈਸਟ ਨੋਡਲ ਅਫ਼ਸਰ' ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ। ਸਨਮਾਨ ਪੱਤਰ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੇ ਡਾ. ਸੀਮਾ ਗਰਗ ਵੱਲੋਂ ਮਰੀਜ਼ਾਂ ਦੀ ਦੇਖ-ਭਾਲ, ਸਿਹਤ ਸੇਵਾਵਾਂ ਦੇ ਵਿਸਥਾਰ



ਅਤੇ ਭਾਈਚਾਰੇ ਦੀ ਭਲਾਈ ਲਈ ਕੀਤੇ ਗਏ ਸ਼ਲਾਘਾਯੋਗ ਕੰਮਾਂ ਦੀ ਸ਼ਲਾਘਾ ਕੀਤੀ। ਜ਼ਿਲ੍ਹੇ ਦੇ ਸਿਹਤ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵੀ ਡਾ. ਸੀਮਾ ਗਰਗ ਨੂੰ ਇਸ ਵੱਕਾਰੀ ਸਨਮਾਨ ਲਈ ਵਧਾਈ ਦਿੰਦਿਆਂ ਇਸ ਨੂੰ ਸਿਹਤ ਵਿਭਾਗ ਹੁਸ਼ਿਆਰਪੁਰ ਲਈ ਮਾਣਮੱਤੀ ਪ੍ਰਾਪਤੀ ਕਰਾਰ ਦਿੱਤਾ। ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਗੁਰਕੰਵਲ ਸਿੰਘ ਵੀ ਹਾਜ਼ਰ ਸਨ।

## ਚੰਦਿਆਣੀ ਵਿਖੇ ਡੇਂਗੂ ਦੇ ਬਚਾਅ ਸੰਬੰਧੀ ਕੀਤਾ ਜਾਗਰੂਕ

**ਪੋਜੇਵਾਲ (ਰਾਮ ਲਾਲ)** ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਪਿੰਡ ਚੰਡਿਆਣੀ ਵਿਖੇ ਡੇਂਗੂ ਦੇ ਬਚਾਅ ਅਤੇ ਲੱਛਣਾਂ ਸੰਬੰਧੀ ਜਾਣਕਾਰੀ ਦਿੱਤੀ ਅਤੇ ਘਰ ਘਰ ਜਾ ਕੇ ਟੀਮ ਮੈਂਬਰਾਂ ਦੁਆਰਾ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ ਦੱਸਿਆ ਕਿ ਡੇਂਗੂ ਏਡੀਜ ਨਾਂ ਦੇ ਮੱਛਰ ਦੇ ਕੱਟਣਾ ਨਾਲ ਫੈਲਦਾ ਹੈ ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹੈ ਅਤੇ ਇਹ ਮੱਛਰ ਸਿਰਫ ਦਿਲ ਵੇਲੇ ਕੱਟਦਾ ਹੈ ਡੇਂਗੂ ਬੁਖਾਰ ਦੇ ਲੱਛਣਾਂ ਸਬੰਧੀ



ਦੱਸਿਆ ਇਸ ਵਿੱਚ ਤੇਜ ਬੁਖਾਰ ਹੋਣਾ ਸਿਰ ਦਰਦ ਹੋਣਾ ਮਾਸਪੇਸ਼ੀਆਂ ਵਿੱਚ ਦਰਦ ਹੋਣਾ ਚਮੜੀ ਤੇ ਦਾਣੇ ਹੋਣਾ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਹੋਣਾ ਅਤੇ ਹਾਲਤ ਖਰਾਬ ਹੋਣ ਤੇ ਮਸੂੜਿਆਂ ਤੋਂ ਨੱਕ ਵਿੱਚੋਂ ਖੂਨ ਵਗਣਾ ਆਦਿ ਹੋ ਸਕਦੇ ਹਨ ਇਸ ਤੋਂ ਬਚਣ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ। ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਪੂਰੀ ਤਰਾ ਢਕਿਆ ਰਹੇ ਤਾਂ ਕਿ ਮੱਛਰ ਤੁਹਾਨੂੰ ਘੱਟ ਨਾ ਸਕੇ ਟੁੱਟੇ ਬਰਤਣਾ ਡੱਰਮਾ ਅਤੇ ਟਾਇਰਾਂ ਨੂੰ ਖੁੱਲੇ ਵਿੱਚ ਨਾ ਰੱਖੋ ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ। ਇਸ ਮੌਕੇ ਹੈਲਥ ਵਰਕਰ ਸੁਨੀਲ ਕੁਮਾਰ ਆਸ਼ਾ ਵਰਕਰ ਅਤੇ ਪੇਂਡੂ ਸਫਾਈ ਸੰਪਤੀ ਦੇ ਮੈਂਬਰ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਗਾਰੰਟੀ ਪੂਰੀ ਕਰਕੇ ਔਰਤਾਂ ਦਾ ਮਾਣ ਵਧਾਇਆ : ਚੱਬੇਵਾਲ

**ਫਗਵਾੜਾ (ਡਾ. ਰਮਨ)**- ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਅੰਦਰ ਮਾਵਾਂ-ਧੀਆਂ ਸਤਿਕਾਰ ਯੋਜਨਾ ਨੂੰ ਲਾਗੂ ਕਰਕੇ ਔਰਤਾਂ ਦਾ ਮਾਣ ਵਧਾਇਆ ਹੈ ਜੋ ਔਰਤਾਂ ਦੇ ਸਵੈਮਾਨ ਦੇ ਖੇਤਰ 'ਚ ਇੱਕ ਇਤਿਹਾਸਿਕ ਕਦਮ ਹੈ। ਉਨ੍ਹਾਂ ਕਿਹਾ ਕਿ ਫਗਵਾੜਾ ਦੀਆਂ 12 ਹਜ਼ਾਰ ਤੋਂ ਵੱਧ ਲਾਭਪਾਤਰੀਆਂ ਦੇ ਖਾਤਿਆਂ 'ਚ 1.40 ਕਰੋੜ ਰੁਪਏ ਸਤਿਕਾਰ ਰਾਸ਼ੀ ਵਜੋਂ ਟਰਾਂਸਫਰ ਕੀਤੇ ਜਾ ਚੁੱਕੇ ਹਨ। ਫਗਵਾੜਾ ਵਿਖੇ ਔਰਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਆਪਣੀ ਇਕ ਹੋਰ ਵੱਡੀ ਗਰੰਟੀ ਪੂਰੀ ਕਰਕੇ ਔਰਤਾਂ ਦੀ ਆਰਥਿਕ ਮਜ਼ਬੂਤੀ ਲਈ ਵੱਡਾ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ ਅਤੇ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਨਿਰਧਾਰਤ ਰਾਸ਼ੀ ਟਰਾਂਸਫਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਔਰਤਾਂ ਦੇ ਖਾਤਿਆਂ ਵਿਚ ਤਿੰਨ ਮਹੀਨਿਆਂ ਦੀ ਸਤਿਕਾਰ ਰਾਸ਼ੀ ਟਰਾਂਸਫਰ ਕੀਤੀ ਜਾ ਰਹੀ ਹੈ ਜਿਸ ਤਹਿਤ ਐਸ.ਸੀ. ਵਰਗ ਦੀਆਂ ਔਰਤਾਂ ਦੇ ਖਾਤਿਆਂ ਵਿਚ 4500 ਰੁਪਏ ਅਤੇ ਬਾਕੀ ਔਰਤਾਂ ਦੇ ਖਾਤਿਆਂ ਵਿਚ 3000 ਰੁਪਏ ਜਮ੍ਹਾਂ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਔਰਤਾਂ ਨੂੰ ਸਤਿਕਾਰ ਰਾਸ਼ੀ ਦੇ ਮੋਬਾਇਲ ਸੰਦੇਸ਼ ਲਗਾਤਾਰ ਮਿਲਣ ਰਹੇ ਹਨ ਅਤੇ ਇਹ ਸਤਿਕਾਰ ਰਾਸ਼ੀ ਉਨ੍ਹਾਂ ਦੇ ਮਾਣ-ਸਨਮਾਨ ਅਤੇ ਵਿੱਤੀ ਮਜ਼ਬੂਤੀ ਨੂੰ ਹੁਲਾਰਾ ਦੇਵੇਗੀ। ਡਾ. ਚੱਬੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਸੂਬੇ ਦੀਆਂ ਲੱਖਾਂ ਔਰਤਾਂ ਸਤਿਕਾਰ ਰਾਸ਼ੀ ਦੀਆਂ ਹੱਕਦਾਰ ਬਣਨਗੀਆਂ।

## ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਸੰਬੰਧੀ ਤਜਵੀਜ਼ਾਂ 9 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ : ਜ਼ਿਲ੍ਹਾ ਚੋਣ ਅਫ਼ਸਰ

**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਰਜੀਤ ਵਾਲੀਆ ਨੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਸੰਬੰਧੀ ਆਪਣੇ ਸਬੰਧਤ ਵਿਧਾਨ ਸਭਾ ਚੋਣ ਹਲਕੇ ਦੀਆਂ ਤਜਵੀਜ਼ਾਂ 9 ਜੁਲਾਈ ਤੱਕ ਭੇਜਣੀਆਂ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ।ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ ਆਈ ਆਰ)-2026 ਸਬੰਧੀ ਜਾਰੀ ਸ਼ਡਿਊਲ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ 24 ਜੁਲਾਈ 2026 ਤੱਕ ਮੁਕੰਮਲ ਕੀਤੀ ਜਾਣੀ ਹੈ। ਉਨ੍ਹਾਂ ਸਮੂਹ ਈ.ਆਰ.ਓਜ਼ ਨੂੰ ਹਦਾਇਤ ਕੀਤੀ ਕਿ ਰੈਸ਼ਨੇਲਾਈਜ਼ੇਸ਼ਨ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਂਦਿਆਂ ਤਜਵੀਜ਼ਾਂ ਸਮੇਂ ਸਿਰ ਉਨ੍ਹਾਂ ਦੇ ਦਫ਼ਤਰ ਵਿਖੇ ਭੇਜੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ, ਤਾਂ ਜੋ ਅਗਲੇਰੀ ਕਾਰਵਾਈ ਲਈ ਇਨ੍ਹਾਂ ਨੂੰ ਦਫ਼ਤਰ, ਮੁੱਖ ਚੋਣ ਅਫ਼ਸਰ, ਪੰਜਾਬ ਨੂੰ ਭੇਜਿਆ ਜਾ ਸਕੇ। ਵਾਲੀਆ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਇਕ ਪੋਲਿੰਗ ਸਟੇਸ਼ਨ 'ਤੇ ਵੱਧ ਤੋਂ ਵੱਧ 1200 ਵੋਟਰਾਂ ਦੀ ਹੱਦ ਤੈਅ ਕੀਤੀ ਗਈ ਹੈ ਅਤੇ ਸਾਰੇ ਪੋਲਿੰਗ ਬੂਥਾਂ 'ਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਵੋਟਰ ਨੂੰ ਪੋਲਿੰਗ ਸਟੇਸ਼ਨ 'ਤੇ ਪਹੁੰਚਣ ਲਈ 2 ਕਿਲੋਮੀਟਰ ਤੋਂ ਵੱਧ ਦਾ ਫਾਸਲਾ ਨਾ ਤੈਅ ਕਰਨਾ ਪਵੇ।ਜ਼ਿਲ੍ਹਾ ਚੋਣ ਅਫ਼ਸਰ ਨੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਕਿ ਪੋਲਿੰਗ ਸਟੇਸ਼ਨ ਦੀ ਰੈਸ਼ਨੇਲਾਈਜ਼ੇਸ਼ਨ ਦੀ ਤਜਵੀਜ਼ ਭੇਜਣ ਤੋਂ ਪਹਿਲਾਂ ਪੋਲਿੰਗ ਸਟੇਸ਼ਨਾਂ ਦੀ ਨਿੱਜੀ ਤੌਰ 'ਤੇ ਸੌ ਫੀਸਦੀ ਵੈਰੀਫਿਕੇਸ਼ਨ ਕਰਨੀ ਵੀ ਯਕੀਨੀ ਬਣਾਈ ਜਾਵੇ।

## ਉਦਯੋਗਿਕ ਸਿਖਲਾਈ ਸੰਸਥਾ ਨੂੰ 4 ਸਿਲਾਈ ਮਸ਼ੀਨਾਂ ਭੇਟ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਉਦਯੋਗਿਕ ਸਿਖਲਾਈ ਸੰਸਥਾ ਆਦਮਪੁਰ (ਜਲੰਧਰ) ਦੀ ਆਈ ਐੱਮ ਸੀ ਕਮੇਟੀ ਦੇ ਚੇਅਰਮੈਨ ਪ੍ਰਿਤਪਾਲ ਸਿੰਘ ਚਾਵਲਾ ਜੀ (ਭਵਾਨੀ ਸ਼ੰਕਰ ਕਾਸਟਿੰਗ ਪ੍ਰਾਈਵੇਟ ਲਿਮਿਟਡ) ਵੱਲੋਂ ਇਸ ਸੰਸਥਾ ਵਿਖੇ ਚੱਲ ਰਹੀ ਟਰੇਡ ਸੀਵਿੰਗ ਟੈਕਨੋਲਜੀ ਤਹਿਤ ਟ੍ਰੇਨਿੰਗ ਲੈ ਰਹੀਆਂ ਸਿਖਿਆਰਥਣਾਂ ਦੀ ਟ੍ਰੇਨਿੰਗ ਨੂੰ ਬੇਹਤਰ ਬਣਾਉਣ ਹਿੱਤ 4 ਸਿਲਾਈ ਮਸ਼ੀਨਾਂ ਭੇਟ ਕੀਤੀਆਂ ਗਈਆਂ ਜਿਹਨਾਂ ਦੀ ਕੀਮਤ ਲੱਗਭੱਗ 1,25000/-ਰੁਪਏ ਹੈ। ਸੰਸਥਾ ਮੁਖੀ ਪੁਸ਼ਪਿੰਦਰ ਸਿੰਘ ਵੱਲੋਂ ਦੱਸਿਆ ਗਿਆ ਕਿ ਚੇਅਰਮੈਨ ਵੱਲੋਂ ਪਿਛਲੇ ਸਮੇਂ ਦੌਰਾਨ ਸੰਸਥਾ ਦੀ ਬਿਹਤਰੀ ਲਈ ਸੀ ਐੱਸ ਆਰ ਤਹਿਤ ਲੱਗਭੱਗ 27 ਲੱਖ ਰੁਪਏ ਦੀ ਰਕਮ ਖਰਚੀ ਜਾ ਚੁੱਕੀ ਹੈ ਜਿਸ ਵਿੱਚ ਮਸ਼ੀਨਾਂ ਦੀ ਖਰੀਦ ਅਤੇ ਸੰਸਥਾ ਦੀ ਬਿਲਡਿੰਗ ਰਿਪੇਅਰ ਆਦਿ ਸ਼ਾਮਿਲ ਹੈ। ਇਸ ਮੌਕੇ ਤੇ ਆਮ ਆਦਮੀ ਪਾਰਟੀ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ, ਸੰਸਥਾ ਮੁਖੀ ਪੁਸਪਿੰਦਰ ਸਿੰਘ ਅਤੇ ਸਮੂਹ ਸਟਾਫ ਵੱਲੋਂ ਚੇਅਰਮੈਨ ਪ੍ਰਿਤਪਾਲ ਸਿੰਘ ਚਾਵਲਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਦੋਆਬਾ ਕੱਪ ਫੁੱਟਬਾਲ ਟੂਰਨਾਮੈਂਟ 'ਚ ਲੜਕੀਆਂ ਦੇ ਮੈਚਾਂ ਦੀ ਸ਼ੁਰੂਆਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੋਆਬਾ ਸਪੋਰਟਿੰਗ ਕਲੱਬ ਖੇੜਾ ਮਾਹਿਲਪੁਰ ਵੱਲੋਂ ਕਲੱਬ ਦੇ ਪ੍ਰਧਾਨ ਜਥੇਦਾਰ ਇਕਬਾਲ ਸਿੰਘ ਖੇੜਾ ਦੀ ਅਗਵਾਈ ਵਿੱਚ ਕਰਵਾਏ ਜਾਂਦੇ ਸਬ ਜੂਨੀਅਰ ਦੋਆਬਾ ਕੱਪ ਦੌਰਾਨ ਇਸ ਸਾਲ ਲੜਕੀਆਂ ਦੇ ਮੈਚ ਵੀ ਕਰਵਾਏ ਜਾ ਰਹੇ ਹਨ। ਇਸ ਸਾਲ ਲੜਕੀਆਂ ਦੀਆਂ ਪੰਜ ਟੀਮਾਂ ਖੇੜਾ ਨੰਗਲ ਜ਼ੋਨ, ਪੋਸੀ ਜ਼ੋਨ, ਮੋਨਾ ਜ਼ੋਨ, ਮੇਘੋਵਾਲ ਜ਼ੋਨ ਤੇ ਭਾਮ ਜੋਨ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਪਹਿਲੇ ਮੈਚ ਦੌਰਾਨ ਖੇੜਾ ਨੰਗਲ ਜ਼ੋਨ ਦੀ ਟੀਮ ਨੇ ਭਾਮ ਜ਼ੋਨ ਦੀ ਟੀਮ ਨੂੰ 2-0 ਤੇ ਮੇਘੋਵਾਲ ਜੋਨ ਦੀ ਟੀਮ ਨੇ ਮੋਨਾ ਜੋਨ ਦੀ ਟੀਮ ਨੂੰ 3-0 ਤੇ ਹਰਾਇਆ। ਇਸ ਮੌਕੇ ਸੰਦੀਪ ਸਿੰਘ ਸੋਨਾ ਪੋਸੀ, ਮਲਕੀਤ ਸਿੰਘ ਬੈਂਸ ਇੰਗਲੈਂਡ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬੈਂਸ, ਅਮਨਦੀਪ ਕੌਰ ਨੰਗਲ, ਕੁਲਵਿੰਦਰ ਕੌਰ ਪੋਸੀ, ਜਗਮੋਹਣ ਸਿੰਘ ਹਵੇਲੀ, ਪਰਮਜੀਤ ਸਿੰਘ ਪੰਮਾ ਬਾਹੋਵਾਲ, ਸਰਬਜੀਤ ਸਿੰਘ ਟੋਨੀ ਇਟਲੀ, ਕੋਚ ਗੁਰਦੀਪ ਸਿੰਘ ਥਾਪਾ ਭਾਮ, ਪੰਚ ਜਤਿੰਦਰ ਕੁਮਾਰ ਬਾਵਾ, ਫੌਜੀ ਬਲਵੀਰ ਸਿੰਘ ਭਾਮ, ਅਵਤਾਰ ਸਿੰਘ, ਸਿਕੰਦਰ ਖੇੜਾ, ਕਰਮਜੀਤ ਸਿੰਘ ਬੈਂਸ, ਮਨਜੀਤ ਕੌਰ ਨੰਗਲ ਕਲਾਂ, ਮਨਵੀਰ ਕੌਰ, ਜਸਵੰਤ ਸਿੰਘ, ਹਰਜਿੰਦਰ ਸਿੰਘ ਭਾਮ, ਕੋਚ ਜੈ ਪਾਲ ਡਾਣਸੀਵਾਲ, ਮਨਰਾਜ ਖੇੜਾ, ਕੋਚ ਦਿਨੇਸ਼ ਕੁਮਾਰ ਖੇੜਾ, ਪਰਮਿੰਦਰ ਸਿੰਘ ਪੱਪੀ, ਰਣਵੀਰ ਸਿੰਘ ਸੋਨੂੰ ਨੰਗਲ, ਗੁਰਦੀਪ ਸਿੰਘ, ਸੁਖਵਿੰਦਰ ਸਿੰਘ ਬੈਂਸ, ਬਲਜਿੰਦਰ ਸਿੰਘ ਬੈਂਸ, ਤਲਵੀਰ ਸਿੰਘ ਨੰਗਲ ਕਲਾਂ, ਮਿੰਟੂ ਖੇੜਾ, ਕੋਚ ਓਂਕਾਰ ਸਿੰਘ ਭਾਰਟਾ ਆਦਿ ਹਾਜ਼ਰ ਸਨ।

ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

**ਪਾਠ ਦਾ ਭੋਗ ਅਤੇ ਅੰਤਿਮ ਅਰਦਾਸ**

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸ੍ਰ. ਹਰਪਾਲ ਸਿੰਘ ਗਿੱਲ ਸੇਵਾ-ਮੁਕਤ ਪੰਚਾਇਤ ਅਫਸਰ, ਜੋ ਕਿ ਮਿਤੀ 27 ਜੂਨ 2026 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।ਉਹਨਾ ਨਮਿਤ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਮਿਤੀ 06 ਜੁਲਾਈ 2026 ਦਿਨ ਸੋਮਵਾਰ ਨੂੰ ਉਹਨਾ ਦੇ ਗ੍ਰਹਿ ਪਿੰਡ ਜੀਵਨ ਪੰਧੇਰ ਵਿਖੇ ਪਵੇਗਾ।ਭੋਗ ਉਪਰੰਤ ਵੈਰਾਗਮਈ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ (ਮੱਤੇਵਾਲ) ਬੋਪਾਰਾਏ, ਅੰਮ੍ਰਿਤਸਰ-ਮਹਿਤਾ ਰੋਡ ਵਿਖੇ ਦੁਪਹਿਰ 12 ਵਜੇ 2 ਵਜੇ ਤੱਕ ਹੋਵੇਗੀ।ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।



ਗੁਰੂ ਭਾਣੇ ਵਿੱਚ :
ਸਮੂਹ ਗਿੱਲ ਪਰਵਾਰ ਅਤੇ ਰਿਸ਼ਤੇਦਾਰ ਸੰਬੰਧੀ
• ਸ. ਬਲਜਿੰਦਰ ਸਿੰਘ ਸਿੱਧੂ • ਸ. ਮਨਜੀਤ ਸਿੰਘ ਬਸੰਤ ਕੋਟ
ਮੋਬਾ : 75082-00025


## ਬੀ ਆਰ ਰੰਗਾੜਾ ਤੇ ਬਾਬੂ ਰਾਮ ਦੀਵਾਨਾ ਦਾ ਸਨਮਾਨ ਅੱਜ


**ਚੰਡੀਗੜ੍ਹ (ਸੁਰਜੀਤ ਸੁਮਨ)** ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਅਤੇ ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ ਵੱਲੋਂ ਸਾਂਝੇ ਤੌਰ ਤੇ 05 ਜੁਲਾਈ, 2026 ਨੂੰ ਸਵੇਰੇ 10.30 ਵਜੇ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਇੱਕ ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਅਤੇ ਮੰਚ ਦੇ ਪ੍ਰਧਾਨ ਜਸਪਾਲ ਸਿੰਘ ਦੇਸੂਵੀ ਵੱਲੋਂ ਦੱਸਿਆ ਗਿਆ ਕਿ ਇਸ ਸਮਾਗਮ ਦੌਰਾਨ ਉੱਘੇ ਲੇਖਕ ਬੀ.ਆਰ. ਰੰਗਾੜਾ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਅਤੇ ਉੱਘੇ ਲੇਖਕ ਬਾਬੂ ਰਾਮ ਦੀਵਾਨਾ ਨੂੰ ਸਿਰੀ ਰਾਮ ਅਰਸ਼ ਯਾਦਗਾਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਦੀ ਪ੍ਰਧਾਨਗੀ ਅਮਰਜੀਤ ਸਿੰਘ ਜੀਤ ਕਰਨਗੇ, ਜਦਕਿ ਬਲਬੀਰ ਸਿੰਘ ਸੈਣੀ ਮੁੱਖ ਮਹਿਮਾਨ ਹੋਣਗੇ। ਉਨ੍ਹਾਂ ਕਿਹਾ ਕਿ ਇਸ ਮੌਕੇ ਹਾਜ਼ਰ ਅਦੀਬ ਆਪਣੀਆਂ ਰਚਨਾਵਾਂ ਵੀ ਪੇਸ਼ ਕਰਨਗੇ।



## ਉਰਦੂ ਆਮੋਜ਼ ਕੋਰਸ 'ਚ ਦਾਖਲੇ ਦੀ ਮਿਤੀ 'ਚ ਵਾਧਾ

**ਮੁਹਾਲੀ (ਗੁਰਜੀਤ ਬਿੱਲਾ)**- ਭਾਸ਼ਾ ਵਿਭਾਗ, ਪੰਜਾਬ ਮਾਂ-ਬੋਲੀ ਪੰਜਾਬੀ ਦੇ ਨਾਲ-ਨਾਲ ਹੋਰਨਾਂ ਜ਼ੁਬਾਨਾਂ ਦੇ ਵਿਕਾਸ ਲਈ ਵੀ ਸਰਗਰਮ ਰਹਿੰਦਾ ਹੈ। ਇਸੇ ਲੜੀ ਤਹਿਤ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ ਏ ਐੱਸ ਨਗਰ ਵਿਖੇ ਉਰਦੂ ਆਮੋਜ਼ ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਦਰਸ਼ਨ ਕੌਰ ਖੋਜ ਅਫ਼ਸਰ, ਐੱਸ ਏ ਐੱਸ ਨਗਰ ਨੇ ਦੱਸਿਆ ਕਿ ਜੂਨ ਮਹੀਨੇ ਦੌਰਾਨ ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਅਤੇ ਦਫ਼ਤਰਾਂ ਦਾ ਸਮਾਂ ਘੱਟ ਹੋਣ ਕਾਰਨ ਉਰਦੂ ਸਿੱਖਣ ਦੇ ਬਹੁਤ ਸਾਰੇ ਚਾਹਵਾਨ ਸਮੇਂ ਸਿਰ ਦਾਖਲਾ ਫਾਰਮ ਨਹੀਂ ਭਰ ਸਕੇ। ਇਸ ਦੇ ਮੱਦੇਨਜ਼ਰ ਦਾਖਲਾ ਫਾਰਮ ਭਰਨ ਦੀ ਆਖਰੀ ਮਿਤੀ ਵਧਾ ਕੇ 15 ਜੁਲਾਈ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਕੋਰਸ ਦੀ ਦਾਖਲਾ ਅਤੇ ਪ੍ਰੀਖਿਆ ਫੀਸ ਯਕਮੁਸ਼ਤ 500 ਰੁਪਏ ਹੈ। ਇਸ ਕੋਰਸ ਦੀ ਮਿਆਦ 6 ਮਹੀਨੇ ਅਤੇ ਜਮਾਤ ਦਾ ਸਮਾਂ ਰੋਜ਼ਾਨਾ ਇੱਕ ਘੰਟਾ ਹੋਵੇਗਾ। ਕੋਰਸ ਵਿੱਚ ਦਾਖਲੇ ਲਈ ਉਮਰ ਦੀ ਕੋਈ ਪਾਬੰਦੀ ਨਹੀਂ ਹੈ, ਕੋਈ ਵੀ ਆਮ ਨਾਗਰਿਕ ਜਾਂ ਸਰਕਾਰੀ ਅਧਿਕਾਰੀ/ਕਰਮਚਾਰੀ ਇਸ ਦਾ ਲਾਭ ਲੈ ਸਕਦਾ ਹੈ।





ਮਾਰਕਸ : ਦਾਰਸ਼ਨਿਕ, ਅਰਥ ਸ਼ਾਸਤਰੀ ਅਤੇ ਇਤਿਹਾਸਕਾਰ
(ਆਖਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਇੱਕ ਤਵਾਇਫ਼ ਦੀ ਨਜ਼ਰ 'ਚੋਂ ਪੜ੍ਹ,
ਲਿਖੀ ਕਵਿਤਾ ਦਾ ਸਾਰ।
ਭੁੱਖ, ਮਜਬੂਰੀ, ਜ਼ਲਾਲਤ, ਤਿਸ਼ਨਗੀ,
ਡਰ ਤੇ ਵਪਾਰ।
- ਤਲਵਿੰਦਰ ਸ਼ੇਰਗਿੱਲ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 5 ਜੁਲਾਈ 2026 www.nawanzamana.in ਕੀਮਤ 5.00 ਰੁਪਏ


## ਨੋਇਡਾ ਦਾ ਮਜ਼ਦੂਰ ਅੰਦੋਲਨ

# ਭੁੱਖ ਦੇ ਖ਼ਿਲਾਫ਼ ਖਿੱਚੀ ਲਕੀਰ

*[ਨੋਇਡਾ ਵਿੱਚ ਉਦਯੋਗਿਕ ਮਜ਼ਦੂਰਾਂ ਦੇ ਵੱਧ ਤਨਖਾਹਾਂ ਅਤੇ ਕੰਮ ਦੇ ਬਿਹਤਰ ਹਾਲਾਤ ਲਈ ਕੀਤੇ ਗਏ ਹਾਲੀਆ ਪ੍ਰਦਰਸ਼ਨਾਂ 'ਤੇ ਅਧਾਰਤ ਰਿਪੋਰਟ। ਇਹ ਰਿਪੋਰਟ 13 ਅਪ੍ਰੈਲ ਤੋਂ ਪਹਿਲਾਂ ਅਤੇ ਬਾਅਦ ਵਾਪਰੀਆਂ ਘਟਨਾਵਾਂ, ਸਰਕਾਰ ਅਤੇ ਉਦਯੋਗ ਜਗਤ ਦੀ ਪ੍ਰਤੀਕਿਰਿਆ ਅਤੇ ਉਨ੍ਹਾਂ ਕੰਮਕਾਜੀ ਹਾਲਤਾਂ ਦਾ ਵਿਸ਼ਲੇਸ਼ਣ ਕਰਦੀ ਹੈ, ਜਿਨ੍ਹਾਂ ਨੇ ਇਸ ਅੰਦੋਲਨ ਦਾ ਪਿਛੋਕੜ ਤਿਆਰ ਕੀਤਾ। ਇਹ ਰਿਪੋਰਟ ਜ਼ਮੀਨੀ ਪੱਧਰ ਦੀ ਰਿਪੋਰਟਿੰਗ, ਲੇਖਕਾਂ ਵੱਲੋਂ ਕੀਤੇ ਗਏ ਇੰਟਰਵਿਊਆਂ ਅਤੇ ਸੁਤੰਤਰ ਮੀਡੀਆ ਕਵਰੇਜ 'ਤੇ ਅਧਾਰਤ ਹੈ।]*

13 ਅਪ੍ਰੈਲ 2026 ਨੂੰ ਨੋਇਡਾ ਦੀਆਂ ਲੱਗਭੱਗ 80 ਥਾਵਾਂ 'ਤੇ ਸੈਂਕੜੇ ਫੈਕਟਰੀ ਮਜ਼ਦੂਰਾਂ ਨੇ, ਇਸ ਵਾਰ, ਫੈਕਟਰੀ ਦੇ ਗੇਟਾਂ ਦੇ ਪਿੱਛੇ ਗਾਇਬ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਦੀ ਬਜਾਏ ਉਹ ਬਾਹਰ ਇਕੱਠੇ ਹੋਏ-ਫੈਕਟਰੀਆਂ ਦੇ ਬੰਦ ਗੇਟਾਂ ਦੇ ਸਾਹਮਣੇ, ਜਿਨ੍ਹਾਂ ਵਿੱਚੋਂ ਕਈਆਂ ਦੇ ਹੱਥਾਂ ਵਿੱਚ ਸਾਦੇ ਗੱਤੇ ਦੇ ਪਲੇਕਾਰਡ ਸਨ,


ਕਿਸ਼ਤ-1

**ਨਵਸ਼ਰਨ ਕੌਰ, ਅਤੁਲ ਸੂਦ, ਰਾਖੀ ਸਹਿਗਲ**


ਜਿਨ੍ਹਾਂ 'ਤੇ ਸਿਰਫ਼ ਇੱਕ ਮੰਗ ਲਿਖੀ ਸੀ-ਤਨਖਾਹ 20,000। ਉੱਥੇ ਨਾ ਤਾਂ ਕੋਈ ਯੂਨੀਅਨ ਦੇ ਬੈਨਰ ਸਨ, ਨਾ ਝੰਡੇ ਅਤੇ ਨਾ ਹੀ ਕੋਈ ਫਲੈਕਸ, ਸਿਰਫ਼ ਗੱਤੇ ਦੀਆਂ ਸਧਾਰਨ ਤਖ਼ਤੀਆਂ ਸਨ। ਇਹ ਕੋਈ ਨਾਅਰਾ ਨਹੀਂ ਸੀ। ਇਹ ਭੁੱਖ ਦੇ ਖ਼ਿਲਾਫ਼ ਖਿੱਚੀ ਗਈ ਇੱਕ ਸਪੱਸ਼ਟ ਲਕੀਰ ਸੀ।

ਦਰਜਨਾਂ ਯੂਟਿਊਬ ਚੈਨਲਾਂ ਨਾਲ ਗੱਲਬਾਤ ਕਰਦਿਆਂ ਮਜ਼ਦੂਰਾਂ ਨੇ ਦੱਸਿਆ ਕਿ ਉਹ ਪ੍ਰਤੀ ਮਹੀਨਾ 11,000 ਤੋਂ 13,000 ਰੁਪਏ 'ਤੇ ਗੁਜ਼ਾਰਾ ਕਰ ਰਹੇ ਹਨ। ਇੰਨੀ ਘੱਟ ਆਮਦਨ ਵਿੱਚ ਰੋਟੀ, ਕਿਰਾਇਆ, ਰਸੋਈ ਗੈਸ, ਸਕੂਲਾਂ ਦੀ ਫੀਸ ਅਤੇ ਜੀਵਨ ਦੀਆਂ ਹੋਰ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਅਸੰਭਵ ਹਨ। ਉਨ੍ਹਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਅਤੇ ਉਨ੍ਹਾਂ ਨੇ ਫੈਕਟਰੀਆਂ ਬੰਦ ਕਰਵਾ ਦਿੱਤੀਆਂ ਅਤੇ ਘੰਟਿਆਂਬੱਧੀ ਟ੍ਰੈਫਿਕ ਜਾਮ ਕੀਤਾ।

ਇਸ ਤੋਂ ਪਹਿਲਾਂ ਵੀ 2 ਅਪ੍ਰੈਲ ਨੂੰ ਹਰਿਆਣਾ ਦੇ ਮਾਨੇਸਰ ਸਥਿਤ ਹੋਂਡਾ ਦੇ ਸਕੂਟਰ ਅਤੇ ਮੋਟਰਸਾਈਕਲ ਨਿਰਮਾਣ ਪਲਾਂਟ ਦੇ ਮਜ਼ਦੂਰਾਂ ਨੇ ਤਨਖਾਹ ਵਾਧੇ ਦੀਆਂ ਇਸੇ ਤਰ੍ਹਾਂ ਦੀਆਂ ਮੰਗਾਂ ਚੁੱਕੀਆਂ ਸਨ। ਉੱਥੋਂ ਇਹ ਲਹਿਰ 4 ਅਪ੍ਰੈਲ ਨੂੰ ਮੁੰਜਾਲ ਸ਼ੋਵਾ ਲਿਮਟਿਡ ਤੱਕ ਪਹੁੰਚੀ, ਫਿਰ 6 ਅਪ੍ਰੈਲ ਤੱਕ ਸਤਿਅਮ ਆਟੋ ਅਤੇ ਰੂਪ ਪੌਲੀਮਰਜ਼ ਤੱਕ ਫੈਲ ਗਈ ਅਤੇ 8 ਅਪ੍ਰੈਲ ਤੱਕ ਰਿਚਾ ਗਲੋਬਲ ਅਤੇ ਮਾਡਲਾਮਾ ਵਰਗੀਆਂ ਗਾਰਮੈਂਟ ਕੰਪਨੀਆਂ ਦੇ ਮਜ਼ਦੂਰ ਵੀ ਇਸ ਵਿੱਚ ਸ਼ਾਮਲ ਹੋ ਗਏ।

ਮਾਨੇਸਰ ਵਿੱਚ ਰਿਚਾ ਗਲੋਬਲ ਦੀਆਂ ਛੇ ਵਿੱਚੋਂ ਤਿੰਨ ਫੈਕਟਰੀਆਂ ਦੇ ਮਜ਼ਦੂਰ ਵੀ ਬਾਹਰ ਆ ਗਏ। ਹਰਿਆਣਾ ਸਰਕਾਰ ਨੇ 9 ਅਪ੍ਰੈਲ, 2026 ਨੂੰ ਤਨਖਾਹਾਂ ਵਿੱਚ ਸੋਧ ਦਾ ਐਲਾਨ ਕੀਤਾ। ਤਨਖਾਹਾਂ ਵਿੱਚ ਕੀਤੀ ਇਹ ਸੋਧ ਪਿਛਲੇ ਲੱਗਭੱਗ 11 ਸਾਲਾਂ ਵਿੱਚ ਪਹਿਲੀ ਅਸਲ ਸੋਧ ਸੀ।

2016-2026 ਦੌਰਾਨ ਹਰਿਆਣਾ ਵਿੱਚ ਉੱਚ-ਕੁਸ਼ਲ (Highly Skilled) ਮਜ਼ਦੂਰਾਂ ਲਈ ਘੱਟੋ-ਘੱਟ ਤਨਖਾਹ :

| ਸਮਾਂ | ਘੱਟੋ-ਘੱਟ ਤਨਖਾਹ |
|---|---|
| 2016 | 10,300.14 |
| 2017 | 10,567.85 |
| ਜਨਵਰੀ 2018 | 10,845.27 |
| ਜੁਲਾਈ 2018 | 10,901.52 |
| 2019 | 11,266.23 |
| ਜੁਲਾਈ 2021 | 12,511.65 |
| ਜਨਵਰੀ 2023 | 13,442.82 |
| 2024 | 14,041.30 |
| ਜਨਵਰੀ 2025 | 14,367.21 |
| ਜੁਲਾਈ 2025 | 14,389.52 |
| 2026 | 19,425.85 |

ਜ਼ਾਹਰ ਹੈ, ਲੱਗਭੱਗ 35 ਫੀਸਦੀ ਵਾਧੇ ਦੇ ਬਾਵਜੂਦ, ਅਪ੍ਰੈਲ 2026 ਵਿੱਚ ਉੱਚ-ਕੁਸ਼ਲ ਮਜ਼ਦੂਰਾਂ ਦੀ ਘੱਟੋ-ਘੱਟ ਤਨਖਾਹ ਵੀ 20,000 ਰੁਪਏ ਤੋਂ ਘੱਟ ਹੀ ਰਹੀ।

ਤਨਖਾਹ ਵਿੱਚ ਵਾਧੇ ਦੀ ਇਸ ਜਿੱਤ ਤੋਂ ਬਾਅਦ, ਨੋਇਡਾ ਵਿੱਚ ਰਿਚਾ ਗਲੋਬਲ ਫੈਕਟਰੀਆਂ ਦੇ ਮਜ਼ਦੂਰਾਂ (ਇਸ ਉਦਯੋਗਿਕ ਖੇਤਰ ਵਿੱਚ ਇਸ ਦੀਆਂ ਪੰਜ ਫੈਕਟਰੀਆਂ ਹਨ) ਅਤੇ ਮਦਰਸਨ ਸੂਮੀ ਵਾਇਰਿੰਗ (ਇੱਕ ਆਟੋਮੋਬਾਈਲ ਪਾਰਟਸ ਬਣਾਉਣ ਵਾਲੀ ਫਰਮ) ਦੇ ਮਜ਼ਦੂਰਾਂ ਨੇ ਵੀ ਤਨਖਾਹ ਵਿੱਚ ਅਜਿਹੇ ਹੀ ਵਾਧੇ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਜਿਹੜਾ ਪ੍ਰਦਰਸ਼ਨ ਫੈਕਟਰੀਆਂ ਦੇ ਅੰਦਰ ਤਿੰਨ ਜਾਂ ਚਾਰ ਦਿਨਾਂ ਦੇ ਵਿਰੋਧ ਵਜੋਂ ਸ਼ੁਰੂ ਹੋਇਆ ਸੀ, ਉਹ 13 ਅਪ੍ਰੈਲ ਤੋਂ ਬਾਅਦ ਹੋਰ ਤੇਜ਼ ਹੋ ਗਿਆ।

ਇਹ ਲਾਮਬੰਦੀ ਯੂਨੀਅਨਾਂ ਵੱਲੋਂ ਮਹੀਨਿਆਂ ਦੀ ਯੋਜਨਾ ਨਾਲ ਨਹੀਂ ਕੀਤੀ ਗਈ ਸੀ; ਇਹ ਸੋਸ਼ਲ ਮੀਡੀਆ ਅਤੇ ਨਿੱਜੀ ਸੰਪਰਕਾਂ ਰਾਹੀਂ ਕੁਝ ਹੀ ਦਿਨਾਂ ਵਿੱਚ ਭੜਕ ਗਈ ਸੀ। ਭੁੱਖ, ਦੁਰਵਿਵਹਾਰ ਅਤੇ ਪ੍ਰਬੰਧਨ ਦੀ ਬੇਰੁਖ਼ੀ ਦਾ ਸਾਹਮਣਾ ਹਰ ਥਾਂ 'ਤੇ ਕੀਤੇ ਜਾਣ ਕਰਕੇ ਇਹ ਅੰਦੋਲਨ ਤੇਜ਼ੀ ਨਾਲ ਵੱਖ-ਵੱਖ ਉਦਯੋਗਿਕ ਖੇਤਰਾਂ ਅਤੇ ਆਪਸੀ ਤੌਰ 'ਤੇ ਗੈਰ-ਸੰਬੰਧਤ ਸੈਕਟਰਾਂ ਤੱਕ ਪਹੁੰਚ ਗਿਆ। ਇੱਥੋਂ ਤੱਕ ਕਿ ਘਰੇਲੂ ਕਾਮੇ ਵੀ ਇਸ ਵਿੱਚ ਸ਼ਾਮਲ ਹੋ ਗਏ, ਕਿਉਂਕਿ ਉਹ ਵੀ ਘੱਟ ਤਨਖਾਹ ਅਤੇ ਅਣਗਹਿਲੀ ਦੀ ਇਸੇ ਆਰਥਿਕ ਹਕੀਕਤ ਨੂੰ ਝੱਲ ਰਹੇ ਸਨ।

**13 ਅਪ੍ਰੈਲ : ਵੱਡੇ ਪ੍ਰਦਰਸ਼ਨ ਦਾ ਦਿਨ ਅਤੇ ਉਸ ਤੋਂ ਬਾਅਦ ਕੀ ਹੋਇਆ**

13 ਅਪ੍ਰੈਲ ਨੂੰ ਮਜ਼ਦੂਰਾਂ ਨੇ ਇਕੱਠੇ ਹੋ ਕੇ ਸ਼ੁਰੂਆਤੀ ਪ੍ਰਦਰਸ਼ਨ ਸੈਕਟਰ 62 ਵਿੱਚ ਕੀਤੇ, ਪਰ ਛੇਤੀ ਹੀ ਇਹ ਅੰਦੋਲਨ ਨੋਇਡਾ ਦੇ ਹੋਰ ਉਦਯੋਗਿਕ ਅਤੇ ਭਾਰੀ ਆਵਾਜਾਈ ਵਾਲੇ ਖੇਤਰਾਂ ਵਿੱਚ ਫੈਲ ਗਿਆ। ਜਿਨ੍ਹਾਂ ਮੁੱਖ ਸਥਾਨਾਂ 'ਤੇ ਪ੍ਰਦਰਸ਼ਨ ਭੜਕੇ, ਉਨ੍ਹਾਂ ਵਿੱਚ ਫੇਜ਼ 2 ਵਿਚਲੇ ਹੌਜ਼ਰੀ ਕੰਪਲੈਕਸ ਅਤੇ ਮਦਰਸਨ ਫੈਕਟਰੀ ਦੇ ਆਲੇ-ਦੁਆਲੇ ਦੇ ਇਲਾਕੇ, ਸੈਕਟਰ 60 ਦੇ ਨੇੜੇ ਮੈਟਰੋ ਸਟੇਸ਼ਨ, ਸੈਕਟਰ 63, ਸੈਕਟਰ 15 ਅਤੇ ਫੇਜ਼ 1 ਦੇ ਇਲਾਕੇ ਦੀਆਂ ਫੈਕਟਰੀਆਂ ਸ਼ਾਮਲ ਸਨ। ਸੀਨੀਅਰ ਪੁਲਸ ਅਧਿਕਾਰੀਆਂ ਦੇ ਅਨੁਸਾਰ, ਨੋਇਡਾ ਵਿੱਚ 83 ਥਾਵਾਂ 'ਤੇ ਲੱਗਭੱਗ 42,000 ਮਜ਼ਦੂਰ ਇਕੱਠੇ ਹੋਏ ਸਨ ਅਤੇ ਉਨ੍ਹਾਂ ਨੇ ਆਪਣੀਆਂ ਮੰਗਾਂ ਰੱਖੀਆਂ। ਪ੍ਰਦਰਸ਼ਨ ਸ਼ਾਂਤੀਪੂਰਨ ਸਨ, ਪਰ ਸੜਕਾਂ ਜਾਮ ਹੋਣ ਕਾਰਨ ਕਈ ਚੌਕਾਂ 'ਤੇ ਭਾਰੀ ਟ੍ਰੈਫਿਕ ਜਾਮ ਲੱਗ ਗਿਆ, ਜਿਨ੍ਹਾਂ ਵਿੱਚ ਮਯੂਰ ਵਿਹਾਰ ਰਾਹੀਂ ਨੋਇਡਾ ਅਤੇ ਦਿੱਲੀ ਨੂੰ ਜੋੜਦੀ ਮੁੱਖ ਦਾਦਰੀ ਰੋਡ ਵੀ ਸ਼ਾਮਲ ਸੀ।

ਪੁਲਸ ਦੇ ਅਨੁਸਾਰ ਸਿਰਫ਼ ਦੋ ਥਾਵਾਂ 'ਤੇ ਪੱਥਰਬਾਜ਼ੀ ਅਤੇ ਵਾਹਨਾਂ ਦੀ ਤੋੜ-ਫੋੜ ਦੀਆਂ ਘਟਨਾਵਾਂ ਵਾਪਰੀਆਂ, ਜਿਸ ਤੋਂ ਬਾਅਦ ਭੀੜ ਨੂੰ ਤਿੱਤਰ-ਬਿੱਤਰ ਕਰਨ ਲਈ ਅੱਥਰੂ ਗੈਸ ਦੀ ਵਰਤੋਂ ਕੀਤੀ ਗਈ। ਗੌਤਮ ਬੁੱਧ ਨਗਰ ਦੇ ਪੁਲਸ ਕਮਿਸ਼ਨਰ ਲਕਸ਼ਮੀ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਦੋ ਥਾਵਾਂ 'ਤੇ ਪ੍ਰਦਰਸ਼ਨ ਹਿੰਸਕ ਹੋਏ ਅਤੇ ਅਗਜ਼ਨੀ ਹੋਈ, ਉੱਥੇ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਪ੍ਰਸ਼ਾਸਨ ਨੇ ਬਹੁਤ ਹੀ ਸੀਮਿਤ ਅਤੇ ਸੋਚ-ਸਮਝ ਕੇ ਬਲ ਦੀ ਵਰਤੋਂ ਕੀਤੀ।

ਨੋਇਡਾ ਵਿੱਚ ਜਿਨ੍ਹਾਂ 80 ਤੋਂ ਵੱਧ ਥਾਵਾਂ 'ਤੇ ਮਜ਼ਦੂਰਾਂ ਨੇ ਪ੍ਰਦਰਸ਼ਨ ਕੀਤਾ, ਪੁਲਸ ਦੇ ਮੁਤਾਬਕ ਵੀ, ਪ੍ਰਦਰਸ਼ਨ ਸਿਰਫ਼ ਦੋ ਥਾਵਾਂ 'ਤੇ ਹਿੰਸਕ ਹੋਇਆ ਅਤੇ ਬਹੁਤ ਜਲਦੀ ਕਾਬੂ ਕਰ ਲਿਆ ਗਿਆ। ਫਿਰ ਵੀ, ਮੁੱਖਧਾਰਾ ਦੇ ਮੀਡੀਆ (Mainstream Media) ਦੀ ਕਵਰੇਜ ਪੂਰੀ ਤਰ੍ਹਾਂ ਇਨ੍ਹਾਂ ਦੋ ਸਥਾਨਾਂ 'ਤੇ ਹੀ ਕੇਂਦਰਿਤ ਰਹੀ, ਜਿਸ ਨਾਲ ਕੁੱਝ ਸੀਮਤ ਘਟਨਾਵਾਂ ਨੂੰ ਪੂਰੇ ਪ੍ਰਦਰਸ਼ਨ ਦਾ ਮੁੱਖ ਚਿਹਰਾ ਬਣਾ ਕੇ ਪੇਸ਼ ਕੀਤਾ ਗਿਆ। ਬਲਦੇ ਹੋਏ ਵਾਹਨਾਂ, ਟੁੱਟੇ ਹੋਏ ਬੈਰੀਕੇਡਾਂ ਅਤੇ ਝੜਪਾਂ ਦੇ ਉਹੀ ਦ੍ਰਿਸ਼ ਵਾਰ-ਵਾਰ ਦਿਖਾ ਕੇ, ਟੈਲੀਵਿਜ਼ਨ ਚੈਨਲਾਂ ਨੇ ਅਜਿਹੀਆਂ ਥਾਵਾਂ ਨਾਲੋਂ ਕਿਤੇ ਵੱਧ ਵਿਆਪਕ ਅਰਾਜਕਤਾ ਦਾ ਮਾਹੌਲ ਸਿਰਜ ਦਿੱਤਾ। ਇਸ ਨੇ ਨਾ ਸਿਰਫ਼ ਪ੍ਰਦਰਸ਼ਨ ਦੇ ਪੈਮਾਨੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ, ਬਲਕਿ ਮਜ਼ਦੂਰਾਂ ਨੂੰ ਕਾਨੂੰਨ ਤੋੜਨ ਵਾਲਿਆਂ ਵਜੋਂ ਪੇਸ਼ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਈ। ਇਸ ਸਨਸਨੀਖ਼ੇਜ਼ ਕਵਰੇਜ ਨੇ



ਪ੍ਰਦਰਸ਼ਨ ਨੂੰ ਅਰਾਜਕਤਾ ਦੇ ਇੱਕ ਤਮਾਸ਼ੇ ਵਿੱਚ ਬਦਲ ਦਿੱਤਾ, ਜਿੱਥੇ ਮਜ਼ਦੂਰ ਆਪਣੀਆਂ ਸਧਾਰਨ ਮੰਗਾਂ ਰੱਖਣ ਵਾਲੇ ਪੀੜਤ ਨਾਗਰਿਕ ਨਹੀਂ, ਬਲਕਿ ਇੱਕ ਅਜਿਹੀ ਖ਼ਤਰਨਾਕ ਭੀੜ ਦਿਖਾਈ ਦਿੱਤੇ, ਜਿਸ ਨੇ ਪੂਰੇ ਐੱਨ.ਸੀ.ਆਰ (NCR) ਨੂੰ ਗੋਡਿਆਂ ਭਾਰ ਲਿਆ ਦਿੱਤਾ ਸੀ। ਪ੍ਰਦਰਸ਼ਨ ਨੂੰ ਅਪਰਾਧਿਕਤਾ ਅਤੇ ਨਿਯੰਤਰਣ ਦੀ ਸਮੱਸਿਆ ਵਜੋਂ ਪੇਸ਼ ਕੀਤਾ ਜਾ ਰਿਹਾ ਸੀ।

ਇਸ 'ਅਪਰਾਧੀਕਰਨ' ਨੂੰ ਨੇੜਲੇ ਪੌਸ਼ ਸੈਕਟਰਾਂ ਵਿੱਚ ਰਹਿਣ ਵਾਲੇ ਮੱਧ-ਵਰਗੀ ਨਿਵਾਸੀਆਂ ਵਿੱਚ ਫੈਲੀਆਂ ਅਫਵਾਹਾਂ ਅਤੇ ਦਹਿਸ਼ਤ ਨੇ ਹੋਰ ਵਧਾ ਦਿੱਤਾ। ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ (RWA) ਦੇ ਵੱਟਸਐਪ ਗਰੁੱਪਾਂ ਵਿੱਚ ਅਜਿਹੇ ਮੈਸੇਜ਼ (ਸੰਦੇਸ਼) ਚੱਲ ਰਹੇ ਸਨ, ਜਿਨ੍ਹਾਂ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ 'ਗ੍ਰਹਿ ਯੁੱਧ' ਸ਼ੁਰੂ ਹੋ ਗਿਆ ਹੈ ਅਤੇ ਇਹ ਸਵਾਲ ਉਠਾਏ ਜਾ ਰਹੇ ਸਨ ਕਿ ਜੇਕਰ ਇਹ ਭੀੜ ਉਨ੍ਹਾਂ ਦੀਆਂ ਸੁਸਾਇਟੀਆਂ ਵਿੱਚ ਲੁੱਟਮਾਰ ਅਤੇ ਅਗਜ਼ਨੀ ਕਰਨ ਆ ਗਈ ਤਾਂ ਕੀ ਹੋਵੇਗਾ? ਹਾਲਾਂਕਿ ਇਹ ਮੈਸੇਜ ਜਮਾਤੀ ਪੱਖਪਾਤ (Class Prejudice) ਨਾਲ ਭਰੇ ਹੋਏ ਸਨ, ਫਿਰ ਵੀ ਇਹ ਫੈਲੇ ਅਤੇ ਇਨ੍ਹਾਂ 'ਤੇ ਭਰੋਸਾ ਕੀਤਾ ਗਿਆ, ਕਿਉਂਕਿ ਇਹ ਮੁੱਖ ਧਾਰਾ ਦੇ ਮੀਡੀਆ ਦੁਆਰਾ ਦਿਖਾਈ ਜਾ ਰਹੀ ਅਰਾਜਕਤਾ ਦੀ ਕਹਾਣੀ ਨਾਲ ਮੇਲ ਖਾਂਦੇ ਸਨ। ਹੰਗਾਮਾ ਕਰਨ ਵਾਲੀ ਭੀੜ ਅਤੇ ਅਵਿਵਸਥਾ ਦੀ ਇਸ ਭਾਸ਼ਾ ਨੇ ਮਜ਼ਦੂਰਾਂ ਨੂੰ ਸੁਭਾਵਿਕ ਤੌਰ 'ਤੇ ਹਿੰਸਕ ਮੰਨਣ ਦੇ ਪੁਰਾਣੇ ਡਰਾਂ ਨੂੰ ਜਗਾਇਆ, ਜਿਸ ਨਾਲ ਇੱਜ਼ਤਦਾਰ ਸ਼ਹਿਰੀਆਂ ਅਤੇ ਕਥਿਤ ਤੌਰ 'ਤੇ ਖ਼ਤਰਨਾਕ ਮਜ਼ਦੂਰ ਜਮਾਤ ਵਿਚਕਾਰ ਨੈਤਿਕ ਪਾੜਾ ਹੋਰ ਡੂੰਘਾ ਹੋ ਗਿਆ।

**ਸ਼ਿਕਾਇਤਾਂ ਦਾ ਹੜ੍ਹ**

ਘਟਨਾਵਾਂ ਦੀ ਇੱਕ ਵੱਖਰੀ ਤਸਵੀਰ ਸੁਤੰਤਰ ਮੀਡੀਆ ਪਲੇਟਫਾਰਮਾਂ ਅਤੇ ਯੂਟਿਊਬ ਚੈਨਲਾਂ 'ਤੇ ਸਾਹਮਣੇ ਆਈ। ਜਿੱਥੇ ਮੁੱਖਧਾਰਾ (ਗੋਦੀ) ਮੀਡੀਆ ਨੇ ਕੁਝ ਝੜਪਾਂ ਨੂੰ ਪੂਰੇ ਅੰਦੋਲਨ ਦਾ ਪ੍ਰਤੀਕ ਬਣਾ ਦਿੱਤਾ, ਉੱਥੇ ਇਨ੍ਹਾਂ ਸੁਤੰਤਰ ਚੈਨਲਾਂ ਨੇ ਦਿਖਾਇਆ ਕਿ ਕਿਵੇਂ ਜ਼ਿਆਦਾਤਰ ਪ੍ਰਦਰਸ਼ਨ ਸ਼ਾਂਤਮਈ ਸਨ ਅਤੇ ਮਜ਼ਦੂਰਾਂ ਦੀਆਂ ਅਸਲ ਸਮੱਸਿਆਵਾਂ ਨੇ ਹੀ ਉਨ੍ਹਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਕੀਤਾ। ਇਸ ਜ਼ਮੀਨੀ ਰਿਪੋਰਟਿੰਗ ਰਾਹੀਂ ਮਜ਼ਦੂਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਿਆ। ਉਨ੍ਹਾਂ ਦੇ ਬਿਆਨਾਂ ਨੇ ਵਰ੍ਹਿਆਂ ਦੀ ਅਣਗਹਿਲੀ, ਭੁੱਖ, ਪ੍ਰਬੰਧਨ ਦੀ ਬੇਰੁਖ਼ੀ ਅਤੇ ਅਜਿਹੇ ਫੈਕਟਰੀ ਪ੍ਰਬੰਧ ਦੀ ਤਸਵੀਰ ਪੇਸ਼ ਕੀਤੀ, ਜਿਸ ਵਿੱਚ ਉਨ੍ਹਾਂ ਦਾ ਸਵੈ-ਮਾਣ ਰੋਜ਼ਾਨਾ ਕੁਚਲਿਆ ਜਾ ਰਿਹਾ ਸੀ।

ਮਜ਼ਦੂਰਾਂ ਵਿੱਚੋਂ ਕਈਆਂ ਨੇ ਆਪਣੇ ਨਾਲ 'ਜਾਨਵਰਾਂ ਵਾਂਗ' ਸਲੂਕ ਕੀਤੇ ਜਾਣ ਦਾ ਜ਼ਿਕਰ ਕੀਤਾ। ਬੋਲ ਰਹੇ ਮਜ਼ਦੂਰ ਨਾ ਤਾਂ ਕੋਈ ਪੁਰਾਣੇ ਤਜਰਬੇਕਾਰ ਆਗੂ ਸਨ, ਅਤੇ ਨਾ ਹੀ ਕੋਈ ਸਿਖਲਾਈ ਪ੍ਰਾਪਤ ਬੁਲਾਰੇ ਸਨ, ਬਲਕਿ ਇਹ ਸਾਧਾਰਨ ਮਜ਼ਦੂਰ ਸਨ-ਔਰਤਾਂ ਅਤੇ ਮਰਦ, ਜਿਨ੍ਹਾਂ ਵਿੱਚੋਂ ਬਹੁਤੇ ਜਵਾਨੀ ਦੀ ਦਹਿਲੀਜ਼ 'ਤੇ ਹੀ ਸਨ। ਗੱਲਾਂ ਕਰਦੇ ਸਮੇਂ ਉਨ੍ਹਾਂ ਦੇ ਚਿਹਰਿਆਂ 'ਤੇ ਗੁੱਸਾ, ਥਕੇਵਾਂ ਅਤੇ ਲੰਬੇ ਸਮੇਂ ਤੋਂ ਦੱਬੀ ਹੋਈ ਪੀੜ ਸਾਫ ਦਿਖਾਈ ਦੇ ਰਹੀ ਸੀ। ਜਦੋਂ ਉਹ ਬੋਲ ਰਹੇ ਸਨ, ਤਾਂ ਉਨ੍ਹਾਂ ਦੀਆਂ ਨਿੱਤ-ਪ੍ਰਤੀ ਦਿਨ ਦੀਆਂ ਜ਼ਲਾਲਤਾਂ ਬਾਹਰ ਆ ਰਹੀਆਂ ਸਨ। ਕਦੇ-ਕਦੇ ਉਹ ਬੋਲਦੇ ਹੋਏ ਰੁਕ ਜਾਂਦੇ ਸਨ, ਪਰ ਫਿਰ ਵੀ ਜਦੋਂ ਉਹ ਬੋਲਦੇ ਸਨ, ਤਾਂ ਫੈਕਟਰੀ ਦੇ ਅੰਦਰਲੇ ਹਾਲਾਤ ਸਾਫ਼ ਨਜ਼ਰ ਆਉਂਦੇ ਸਨ।

ਉਨ੍ਹਾਂ ਨੇ ਭੁੱਖਮਰੀ ਵਾਲੀਆਂ ਤਨਖਾਹਾਂ, ਟਾਰਗੇਟ ਪੂਰੇ ਕਰਨ ਦੇ ਦਬਾਅ ਅਤੇ ਉਨ੍ਹਾਂ 'ਤੇ ਕੀਤੇ ਜਾਣ ਵਾਲੇ ਅੱਤਿਆਚਾਰਾਂ ਬਾਰੇ ਦੱਸਿਆ, ਟਾਰਗੇਟ ਪੂਰੇ ਨਾ ਹੋਣ 'ਤੇ ਸਜ਼ਾ ਵਜੋਂ ਮੇਜ਼ਾਂ 'ਤੇ ਖੜ੍ਹਾ ਕਰਨ ਬਾਰੇ ਦੱਸਿਆ ਅਤੇ ਇੱਕ ਮਹਿਲਾ ਨੇ ਦੱਸਿਆ ਕਿ ਮਾਹਵਾਰੀ ਦੌਰਾਨ ਖੂਨ ਵਹਿਣ ਅਤੇ ਫਰਸ਼ 'ਤੇ ਖੂਨ ਦਿਖਾਈ ਦੇਣ ਦੇ ਬਾਵਜੂਦ ਉਸ ਨੂੰ ਥੋੜ੍ਹੀ ਦੇਰ ਆਰਾਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ, ਕਿਉਂਕਿ ਟਾਰਗੇਟ ਪੂਰੇ ਕਰਨੇ ਸਨ ਅਤੇ ਉਤਪਾਦਨ ਰੁਕ ਨਹੀਂ ਸਕਦਾ ਸੀ। ਇਨ੍ਹਾਂ ਬਿਆਨਾਂ ਵਿਚ ਕੁੱਝ ਵੀ ਵਧਾ-ਚੜ੍ਹਾ ਕੇ ਕਹੀ ਹੋਈ ਗੱਲ ਨਹੀਂ ਸੀ, ਸਿਰਫ਼ ਉਹ ਪੀੜ ਸੀ, ਜਿਹੜੀ ਮਜ਼ਦੂਰਾਂ ਨੇ ਸਹੀ ਸੀ ਅਤੇ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਦੀ ਉਹ ਇੱਕ ਔਖੀ ਕੋਸ਼ਿਸ਼ ਕਰ ਰਹੇ ਸਨ।

ਮਜ਼ਦੂਰਾਂ ਨੇ ਵਾਰ-ਵਾਰ ਇਹੀ ਕਿਹਾ ਕਿ ਉਨ੍ਹਾਂ ਦਿਨ ਵਿੱਚ 14, ਕਦੇ-ਕਦੇ 16 ਘੰਟੇ ਕੰਮ ਕਰਨ ਲਈ ਮਜਬੂਰ ਹੁੰਦੇ ਸੀ, ਅਤੇ ਫਿਰ ਵੀ ਉਨ੍ਹਾਂ ਦੀ ਤਨਖਾਹ ਮਹੀਨੇ ਦੇ ਅੰਤ ਤੱਕ ਖਤਮ ਹੋ ਜਾਂਦੀ ਸੀ। ਉਨ੍ਹਾਂ ਕਿਹਾ ਕਿ ਓਵਰਟਾਈਮ ਕਰਨਾ ਲਾਜ਼ਮੀ ਸੀ, ਪਰ ਅਕਸਰ ਉਸ ਦਾ ਸਹੀ ਭੁਗਤਾਨ ਨਹੀਂ ਕੀਤਾ ਜਾਂਦਾ ਸੀ: ਨਾ ਤਾਂ ਦੁੱਗਣੀ ਦਰ ਨਾਲ ਪੈਸੇ ਮਿਲਦੇ ਸਨ ਅਤੇ ਕਈ ਵਾਰ ਤਾਂ ਪੂਰਾ ਭੁਗਤਾਨ ਵੀ ਨਹੀਂ ਸੀ ਹੁੰਦਾ। ਕਈ ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਸੈਲਰੀ ਸਲਿੱਪਾਂ ਤੱਕ ਨਹੀਂ ਦਿੱਤੀਆਂ ਜਾਂਦੀਆਂ ਸਨ, ਤਾਂ ਜੋ ਉਨ੍ਹਾਂ ਕੋਲ ਆਪਣੇ ਕੰਮ ਦਾ ਕੋਈ ਦਸਤਾਵੇਜ਼ੀ ਸਬੂਤ ਵੀ ਨਾ ਰਹੇ। ਉਨ੍ਹਾਂ ਨੇ ਸਾਰਾ ਦਿਨ ਖੜ੍ਹੇ ਰਹਿਣ ਕਰਕੇ ਪੈਰਾਂ 'ਤੇ ਆਈ ਸੋਜ ਅਤੇ ਨਿੱਤ ਦੀ ਇੱਕ ਅਜਿਹੀ ਜ਼ਿੰਦਗੀ ਬਾਰੇ ਦੱਸਿਆ, ਜਿਸ ਵਿੱਚ ਰੁਕਣ ਦਾ ਕੋਈ ਵਿਕਲਪ ਨਹੀਂ ਸੀ।

ਹਫ਼ਤਾਵਾਰੀ ਛੁੱਟੀ ਲੈਣ ਦਾ ਮਤਲਬ ਤਨਖਾਹ ਵਿੱਚ ਕਟੌਤੀ ਸੀ। ਕੰਮ ਹੌਲੀ ਕਰਨ ਦਾ ਮਤਲਬ ਗਾਲ੍ਹਾਂ ਸੁਣਨਾ ਸੀ; ਬਿਮਾਰ ਹੋਣ ਦਾ ਮਤਲਬ ਤੁਹਾਡੀ ਥਾਂ ਕਿਸੇ ਹੋਰ ਨੂੰ ਨੌਕਰੀ 'ਤੇ ਰੱਖਿਆ ਜਾ ਸਕਦਾ ਸੀ। ਬਹੁਤ ਸਾਰੇ ਮਜ਼ਦੂਰਾਂ ਨੇ ਦੱਸਿਆ ਕਿ ਉਹ ਹਰ ਹਾਲਤ ਵਿੱਚ ਕੰਮ 'ਤੇ ਪੁੱਜਦੇ ਹਨ, ਕਿਉਂਕਿ ਛੁੱਟੀ ਦਾ ਸਵਾਲ ਹੀ ਨਹੀਂ ਸੀ; ਕਿਉਂਕਿ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਸੀ ਅਤੇ ਕਿਰਾਏ ਭਰਨੇ ਹੀ ਸਨ। ਲਗਾਤਾਰ ਵਧਦੀ ਮਹਿੰਗਾਈ ਨੇ ਗੁਜ਼ਾਰਾ ਹੋਰ ਵੀ ਮੁਸ਼ਕਲ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਰਸੋਈ ਗੈਸ ਦੀ ਕੀਮਤ ਇੰਨੀ ਤੇਜ਼ੀ ਨਾਲ ਵਧੀ ਹੈ ਕਿ ਜੇਕਰ ਸਿਲੰਡਰ ਲਈ ਕਿਸੇ ਤਰ੍ਹਾਂ ਪੈਸੇ ਇਕੱਠੇ ਹੋ ਵੀ ਜਾਣ, ਤਾਂ ਵੀ ਕਈ ਵਾਰ ਉਸ ਨੂੰ ਖਰੀਦ ਸਕਣਾ ਸੰਭਵ ਨਹੀਂ ਹੁੰਦਾ। ਲਗਾਤਾਰ ਹਰ ਮਹੀਨੇ, ਜ਼ਿੰਦਗੀ ਇਸ ਗੱਲ ਦਾ ਫੈਸਲਾ ਕਰਨ ਦੀ ਇੱਕ ਦਰਦਨਾਕ ਜੱਦੋ-ਜਹਿਦ ਬਣ ਚੁੱਕੀ ਹੈ ਕਿ ਕੀ ਖਰੀਦੀਏ, ਕੀ ਟਾਲੀਏ ਅਤੇ ਕੀ ਚੁੱਪਚਾਪ ਸਹਿ ਲਈਏ।

ਕਈਆਂ ਨੇ ਦੱਸਿਆ ਕਿ ਉਹ ਸ਼ਹਿਰ ਵਿੱਚ ਇਸ ਉਮੀਦ ਨਾਲ ਆਏ ਸਨ ਕਿ ਸਖ਼ਤ ਮਿਹਨਤ ਨਾਲ ਉਨ੍ਹਾਂ ਦੀ ਜ਼ਿੰਦਗੀ ਥੋੜ੍ਹੀ ਸਥਿਰ ਹੋ ਜਾਵੇਗੀ, ਖਾਸ ਕਰਕੇ ਉਨ੍ਹਾਂ ਦੇ ਬੱਚਿਆਂ ਲਈ, ਪਰ ਉਹ ਉਮੀਦਾਂ, ਜਿਵੇਂ ਉਨ੍ਹਾਂ ਦੇ ਬਿਆਨਾਂ ਵਿੱਚੋਂ ਵਾਰ-ਵਾਰ ਝਲਕ ਰਿਹਾ ਸੀ, ਟੁੱਟ ਚੁੱਕੀਆਂ ਸਨ-ਲੰਬੀਆਂ ਸ਼ਿਫਟਾਂ, ਅਧੂਰੀਆਂ ਤਨਖਾਹਾਂ, ਹਰ ਸਮੇਂ ਅਪਮਾਨ, ਕਰਜ਼ਿਆਂ ਅਤੇ ਬੇਅੰਤ ਚਿੰਤਾਵਾਂ ਦੇ ਭਾਰ ਹੇਠ। ਕਈਆਂ ਦੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਉਨ੍ਹਾਂ ਦੇ ਸਬਰ ਦੇ ਬੰਨ੍ਹ ਟੁੱਟਣ ਦੀ ਕਗਾਰ 'ਤੇ ਪਹੁੰਚ ਚੁੱਕੇ ਹਨ ਅਤੇ ਇਹ ਗੱਲ ਉਹ ਵਾਰ-ਵਾਰ ਦੁਹਰਾਉਂਦੇ ਸਨ : 'ਬਰਦਾਸ਼ਤ ਸੇ ਬਾਹਰ ਹੈ, ਅਬ ਨਹੀਂ ਹੋਤਾ'।

**ਲਗਾਤਾਰ ਹੁੰਦਾ ਨਿਰਾਦਰ ਅਤੇ ਦਿਲ 'ਤੇ ਲੱਗੀ ਸੱਟ**

ਉਨ੍ਹਾਂ ਦੇ ਬਿਆਨਾਂ ਤੋਂ ਸਾਫ ਝਲਕਦਾ ਸੀ ਕਿ ਬਿਮਾਰੀ ਜਾਂ ਹਾਦਸੇ ਦੇ ਪਲ ਉਨ੍ਹਾਂ ਦੀ ਪਹਿਲਾਂ ਤੋਂ ਹੀ ਨਾਜ਼ੁਕ ਜ਼ਿੰਦਗੀ ਨੂੰ ਅਚਾਨਕ ਢਹਿ-ਢੇਰੀ ਕਰ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਸਧਾਰਨ ਬੁਖ਼ਾਰ, ਸੱਟ ਜਾਂ ਕੁਝ ਕੁ ਦਿਨਾਂ ਲਈ ਕੰਮ ਨਾ ਕਰਨਾ ਵੀ, ਪੂਰੇ ਘਰ ਦੀ ਆਰਥਿਕ ਸਥਿਤੀ ਨੂੰ ਹਿਲਾ ਸਕਣ ਲਈ ਕਾਫੀ ਹੈ। ਕਈਆਂ ਨੇ ਦੱਸਿਆ ਕਿ ਅਜਿਹੇ ਸਮਿਆਂ ਵਿੱਚ ਉਨ੍ਹਾਂ ਨੂੰ ਉਹੀ ਕਦਮ ਚੁੱਕਣਾ ਪੈਂਦਾ ਸੀ, ਜਿਸ ਤੋਂ ਬਚਣ ਲਈ ਉਨ੍ਹਾਂ ਨੇ ਪਿੰਡ ਦਾ ਘਰ-ਬਾਰ ਛੱਡਿਆ ਸੀ : ਘਰ ਫ਼ੋਨ ਕਰਕੇ ਪਰਵਾਰ ਦੇ ਉਨ੍ਹਾਂ ਮੈਂਬਰਾਂ ਕੋਲੋਂ ਪੈਸੇ ਮੰਗਣੇ, ਜਿਨ੍ਹਾਂ ਦਾ ਸਹਾਰਾ ਬਣਨ ਲਈ ਉਹ ਸਭ ਕੁਝ ਛੱਡ ਕੇ ਆਏ ਸਨ। ਕਈ ਮਜ਼ਦੂਰਾਂ ਨੇ ਇਸ ਨੂੰ ਸਿਰਫ਼ ਆਰਥਿਕ ਸਮੱਸਿਆ ਨਹੀਂ, ਸਗੋਂ ਡੂੰਘੇ ਅਪਮਾਨ ਅਤੇ ਦਿਲ 'ਤੇ ਲੱਗੀ ਸੱਟ ਵਜੋਂ ਬਿਆਨ ਕੀਤਾ : ਮੰਮੀ ਕੋ ਕੈਸੇ ਬਤਾਏਂ ਕਿ ਕੋਈ ਪੈਸਾ ਨਹੀਂ ਹੈ? (ਮੰਮੀ ਨੂੰ ਕਿਵੇਂ ਦੱਸੀਏ ਕਿ ਕੋਈ ਪੈਸਾ ਨਹੀਂ ਹੈ?) ਵਾਰ-ਵਾਰ, ਉਨ੍ਹਾਂ ਦੇ ਬਿਆਨ, ਇਸੇ ਡਰ ਨੂੰ ਦਰਸਾਉਂਦੇ ਸਨ ਕਿ ਇੱਕ ਬਿਮਾਰੀ, ਇੱਕ ਹਾਦਸਾ ਜਾਂ ਇੱਕ ਖਰਾਬ ਹਫ਼ਤਾ ਉਨ੍ਹਾਂ ਦੀ ਮਹੀਨਿਆਂ ਅਤੇ ਸਾਲਾਂ ਦੀ ਸਖ਼ਤ ਮਿਹਨਤ ਨੂੰ ਬਰਬਾਦ ਕਰ ਸਕਦਾ ਹੈ। ਇਨ੍ਹਾਂ ਬਿਆਨਾਂ ਤੋਂ ਨਾ ਸਿਰਫ਼ ਅਸੁਰੱਖਿਆ ਦੀ ਭਾਵਨਾ, ਬਲਕਿ ਅੰਦਰੋਂ ਹੌਲੀ-ਹੌਲੀ ਟੁੱਟਣ ਦਾ ਅਹਿਸਾਸ ਵੀ ਸਾਹਮਣੇ ਆਇਆ। ਉਨ੍ਹਾਂ ਦੀ ਸਾਰੀ ਗੱਲ ਦਾ ਨਿਚੋੜ ਸਿਰਫ਼ ਇਨ੍ਹਾਂ ਸ਼ਬਦਾਂ ਵਿੱਚ ਸਿਮਟ ਗਿਆ ਸੀ: ਬਸ ਹਮਾਰੀ ਤਨਖਾਹ ਬੜ੍ਹਾ ਦੋ (ਬਸ ਸਾਡੀ ਤਨਖਾਹ ਵਧਾ ਦਿਉ)।

ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀਆਂ ਤਨਖਾਹਾਂ ਕਈ ਸਾਲਾਂ ਤੋਂ ਲੱਗਭੱਗ ਜਿਉਂ ਦੀਆਂ ਤਿਉਂ ਹਨ। ਕਈਆਂ ਨੇ ਕਿਹਾ ਕਿ ਉਹ ਦੋ, ਤਿੰਨ, ਤੇ ਇੱਥੋਂ ਤੱਕ ਕਿ ਪੰਜ ਸਾਲਾਂ ਤੋਂ ਇੱਕੋ ਤਨਖਾਹ 'ਤੇ ਕੰਮ ਕਰ ਰਹੇ ਹਨ, ਜਿਸ ਵਿੱਚ ਸਾਲਾਨਾ ਵਾਧਾ (increment) ਮਹਿਜ਼ 29 ਰੁਪਏ ਤੱਕ ਸੀਮਤ ਸੀ-ਇੱਕ ਅਜਿਹੀ ਰਕਮ ਜਿਸ ਨੂੰ ਇੱਕ ਕੌੜੇ ਵਿਅੰਗ ਨਾਲ ਉਹ ਮਜ਼ਾਕ ਤੋਂ ਵੱਧ ਨਹੀਂ ਸਮਝਦੇ ਸਨ। ਉਨ੍ਹਾਂ ਅਨੁਸਾਰ, ਅਸਲ ਅਪਮਾਨ ਸਿਰਫ਼ ਵਾਧੇ ਦੀ ਨਿਗੂਣੀ ਰਕਮ ਵਿੱਚ ਨਹੀਂ ਸੀ, ਸਗੋਂ ਇਸ ਗੱਲ ਵਿੱਚ ਸੀ ਕਿ ਇਸੇ ਅਰਸੇ ਦੌਰਾਨ ਸਮੋਸੇ ਦੀ ਕੀਮਤ ਵੀ ਕਈ ਵਾਰ ਵਧ ਗਈ, ਪਰ ਉਨ੍ਹਾਂ ਦੀ ਤਨਖਾਹ ਲੱਗਭੱਗ ਉਸੇ ਥਾਂ ਖੜ੍ਹੀ ਰਹੀ।

ਕਈ ਮਜ਼ਦੂਰਾਂ ਨੇ ਦੱਸਿਆ ਕਿ ਬਿਹਤਰ ਹਾਲਤਾਂ ਦੀ ਉਮੀਦ ਵਿੱਚ ਉਹ ਕੱਪੜਾ ਉਦਯੋਗ ਤੋਂ ਆਟੋਮੋਬਾਈਲ ਉਦਯੋਗ ਵਿੱਚ ਅਤੇ ਫਿਰ ਵਾਪਸ ਕੱਪੜਾ ਉਦਯੋਗ ਵਿੱਚ ਜਾਂਦੇ ਰਹੇ। ਉਹ ਇੱਕ ਤੋਂ ਦੂਜੇ ਖੇਤਰ ਵਿੱਚ ਕੰਮ ਬਦਲਦੇ ਰਹੇ, ਪਰ ਤਨਖਾਹ ਦੇ ਮਾਮਲੇ ਵਿੱਚ ਕੋਈ ਸਾਰਥਕ ਬਦਲਾਅ ਨਹੀਂ ਆਇਆ। ਇਨ੍ਹਾਂ ਬਿਆਨਾਂ ਤੋਂ ਸਿਰਫ਼ ਘੱਟ ਤਨਖਾਹਾਂ ਦੀ ਸਮੱਸਿਆ ਹੀ ਸਾਹਮਣੇ ਨਹੀਂ ਆਈ, ਸਗੋਂ ਅਜਿਹੀ ਵਿਵਸਥਾ ਦੀ ਤਸਵੀਰ ਵੀ ਉੱਭਰੀ, ਜਿਸ ਵਿੱਚ ਸਾਲਾਂ ਦੀ ਮਿਹਨਤ ਨੂੰ ਨਾ ਤਾਂ ਤਜਰਬੇ ਦੀ ਮਾਨਤਾ ਮਿਲਦੀ ਸੀ ਤੇ ਨਾ ਹੀ ਹੁਨਰ ਦੀ, ਬਲਕਿ ਮਜ਼ਦੂਰ ਉਦਯੋਗਿਕ ਢਾਂਚੇ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੀ ਫਸੇ ਰਹੇ ਅਤੇ ਉਨ੍ਹਾਂ ਦਾ ਸਮਾਂ, ਮਿਹਨਤ ਅਤੇ ਸੰਘਰਸ਼ ਉਨ੍ਹਾਂ ਨੂੰ ਕੋਈ ਅਸਲ ਤਰੱਕੀ ਨਹੀਂ ਦਿਵਾ ਸਕੇ।

ਮਜ਼ਦੂਰਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਹ ਅਪਮਾਨ ਫੈਕਟਰੀ ਦੀ ਸ਼ਿਫਟ ਖ਼ਤਮ ਹੋਣ ਨਾਲ ਹੀ ਖ਼ਤਮ ਨਹੀਂ ਹੁੰਦਾ। ਰਾਤ ਨੂੰ ਕਿਰਾਏ ਦੇ ਕਮਰਿਆਂ ਵਿੱਚ ਪਰਤਣ ਤੋਂ ਬਾਅਦ ਵੀ, ਕਈਆਂ ਨੂੰ ਇਸੇ ਤਰ੍ਹਾਂ ਦੇ ਹੁਕਮਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਿਰਾਇਆ ਦੇਣ ਵਿੱਚ ਦੇਰੀ ਹੋਈ ਤਾਂ ਘਰ ਛੱਡ ਦਿਓ, ਫੈਕਟਰੀ ਵਿੱਚ ਟਾਰਗੇਟ ਪੂਰਾ ਨਾ ਹੋਇਆ ਜਾਂ ਵਾਧੂ ਘੰਟੇ ਕੰਮ ਨਾ ਕੀਤਾ ਜਾ ਸਕਿਆ ਤਾਂ ਨੌਕਰੀ ਛੱਡ ਦਿਓ। ਵਾਰ-ਵਾਰ ਦੁਹਰਾਈ ਜਾਣ ਵਾਲੀ ਇਹ ਗੱਲ ਇੱਕ ਵੱਡੀ ਸੱਚਾਈ ਨੂੰ ਬਿਆਨ ਕਰਦੀ ਸੀ। ਸੁਪਰਵਾਈਜ਼ਰ ਹੋਵੇ ਜਾਂ ਮਕਾਨ ਮਾਲਕ, ਦੋਵਾਂ ਦਾ ਸੁਨੇਹਾ ਇੱਕੋ ਸੀ। ਮਜ਼ਦੂਰ ਦੀ ਕਦਰ ਸਿਰਫ਼ ਉਦੋਂ ਤੱਕ ਸੀ, ਜਦੋਂ ਤੱਕ ਉਹ ਉਤਪਾਦਨ ਕਰਦਾ, ਭੁਗਤਾਨ ਕਰਦਾ, ਆਗਿਆ ਮੰਨਦਾ ਅਤੇ ਸਹਿੰਦਾ ਰਹਿੰਦਾ। ਜਿਸ ਪਲ ਉਹ ਇਹ ਨਾ ਕਰ ਸਕਦਾ, ਉਸੇ ਪਲ ਉਹ ਬੇਕਾਰ ਹੋ ਜਾਂਦਾ ਸੀ। ਮਜ਼ਦੂਰਾਂ ਦੇ ਬਿਆਨਾਂ ਵਿੱਚੋਂ ਹਮੇਸ਼ਾ 'ਕੱਢੇ ਜਾਣ' ਦੇ ਡਰ ਹੇਠ ਜਿਉਣ ਦੀ ਉਦਾਸੀ ਸਾਫ਼ ਨਜ਼ਰ ਆਉਂਦੀ ਸੀ। ਨਾਲ ਹੀ, ਉਨ੍ਹਾਂ ਦੇ ਅੰਦਰ ਇਹ ਭਾਵਨਾ ਵੀ ਡੂੰਘੀ ਹੁੰਦੀ ਜਾ ਰਹੀ ਸੀ ਕਿ ਇਸ ਦੁਨੀਆ ਵਿੱਚ ਉਨ੍ਹਾਂ ਲਈ ਕਿਤੇ ਵੀ ਥਾਂ ਨਹੀਂ। ਇਹ ਸਭ ਕੁਝ ਅੰਦੋਲਨ ਦੇ ਭਾਵਨਾਤਮਕ ਪਿਛੋਕੜ ਦਾ ਹਿੱਸਾ ਬਣਿਆ ਅਤੇ ਉਸ ਮੋੜ ਦਾ ਵੀ, ਜਿੱਥੇ ਪਹੁੰਚ ਕੇ ਮਜ਼ਦੂਰਾਂ ਦਾ ਸਬਰ ਜਵਾਬ ਦੇ ਗਿਆ ਅਤੇ ਉਹ ਕਹਿਣ ਲੱਗ ਪਏ : ਐਸੇ ਥੋੜ੍ਹਾ ਹੋਤਾ ਹੈ, ਹਰ ਜਗ੍ਹਾ ਬਸ ਯਹੀ, ਨਿਕਲ ਜਾਓ, ਨਿਕਲ ਜਾਓ। (ਇਹ ਕਿੱਥੋਂ ਦਾ ਇਨਸਾਫ਼ ਹੈ ਕਿ ਅਸੀਂ ਜਿੱਥੇ ਵੀ ਜਾਈਏ, ਸਾਨੂੰ ਇਹੀ ਕਿਹਾ ਜਾਏ ਕਿ ਨਿਕਲ ਜਾਓ, ਨਿਕਲ ਜਾਓ?)

**ਕੋਈ ਰਾਹ ਨਹੀਂ ਬਚਿਆ**

ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਤੋਂ ਸੁਰੱਖਿਆ ਦੇ ਬੁਨਿਆਦੀ ਸਾਧਨ ਵੀ ਖੋਹ ਲਏ ਗਏ ਸਨ। ਮਿਸਾਲ ਦੇ ਤੌਰ 'ਤੇ, ਫੈਕਟਰੀਆਂ ਦੇ ਅੰਦਰ ਮੋਬਾਈਲ ਫੋਨ ਲਿਜਾਣ ਦੀ ਇਜਾਜ਼ਤ ਨਹੀਂ ਹੈ। ਇਸ ਦਾ ਮਤਲਬ ਹੈ ਕਿ ਇੱਕ ਵਾਰ ਅੰਦਰ ਜਾਣ ਤੋਂ ਬਾਅਦ, ਉਹ ਆਪਣੇ ਪਰਵਾਰਾਂ ਤੋਂ ਪੂਰੀ ਤਰ੍ਹਾਂ ਕੱਟ ਜਾਂਦੇ ਹਨ। ਜੇਕਰ ਘਰ ਵਿੱਚ ਕੁਝ ਹੋ ਜਾਂਦਾ ਤਾਂ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ; ਜੇਕਰ ਉਨ੍ਹਾਂ ਨੂੰ ਕੁਝ ਹੋ ਜਾਂਦਾ, ਤਾਂ ਉਨ੍ਹਾਂ ਦੇ ਪਰਵਾਰਾਂ ਨੂੰ ਪਤਾ ਨਹੀਂ ਲੱਗਦਾ। ਉਨ੍ਹਾਂ ਦੱਸਿਆ ਕਿ ਫੈਕਟਰੀ ਦੇ ਗੇਟਾਂ ਤੋਂ ਬਾਹਰ, ਆਪਣੇ ਫੋਨ ਰੱਖਣ ਲਈ ਉਹ ਚਾਹ ਦੀਆਂ ਦੁਕਾਨਾਂ ਜਾਂ ਪਾਨ ਵਾਲਿਆਂ ਨੂੰ ਦਸ ਰੁਪਏ ਰੋਜ਼ਾਨਾ ਦਿੰਦੇ ਹਨ। ਆਪਣੇ ਪਰਵਾਰਾਂ ਨਾਲ ਰਾਬਤਾ ਕਾਇਮ ਰੱਖਣ ਲਈ ਵੀ ਉਨ੍ਹਾਂ ਨੂੰ ਆਪਣੀ ਮਿਹਨਤ ਦੀ ਇੱਕ ਵੱਖਰੀ ਕੀਮਤ ਚੁਕਾਉਣੀ ਪੈ ਰਹੀ ਸੀ।

ਇਸੇ ਤਰ੍ਹਾਂ, ਫੈਕਟਰੀਆਂ ਵਿੱਚ ਲਾਕਰ ਵੀ ਉਪਲੱਬਧ ਨਹੀਂ ਕਰਵਾਏ ਜਾਂਦੇ ਸਨ। ਇਸ ਲਈ ਨਿੱਜੀ ਸਾਮਾਨ ਬਾਹਰ, ਸੜਕ ਕਿਨਾਰੇ, ਅਣਜਾਣ ਲੋਕਾਂ ਅਤੇ ਕਿਸਮਤ ਦੇ ਭਰੋਸੇ ਛੱਡਣਾ ਪੈਂਦਾ ਹੈ। ਭਾਵੇਂ ਇਹ ਗੱਲਾਂ ਮਾਮੂਲੀ ਲੱਗ ਸਕਦੀਆਂ ਹਨ, ਪਰ ਇਹ ਬਿਆਨ ਦੱਸਦੇ ਹਨ ਇਹ ਗੱਲਾਂ ਵੀ ਲਗਾਤਾਰ ਹੁੰਦੇ ਅਪਮਾਨਾਂ ਦੀ ਲੜੀ ਦਾ ਇੱਕ ਹਿੱਸਾ ਹਨ। ਇਹ ਨਿਰਾਦਰ ਸਿਰਫ਼ ਘੱਟ ਤਨਖਾਹਾਂ ਜਾਂ ਲੰਬੇ ਕੰਮ ਦੇ ਘੰਟਿਆਂ ਵਿੱਚ ਹੀ ਨਹੀਂ ਸੀ, ਬਲਕਿ ਇਨ੍ਹਾਂ ਰੋਜ਼ ਦੀਆਂ ਪਾਬੰਦੀਆਂ ਵਿੱਚ ਵੀ ਸੀ: ਨਿਗਰਾਨੀ ਹੇਠ ਰਹਿਣਾ, ਗਾਲ੍ਹਾਂ ਸੁਣਨਾ, ਬ੍ਰੇਕ ਨਾ ਮਿਲਣਾ, ਬੈਠਣ ਲਈ ਜਗ੍ਹਾ ਨਾ ਮਿਲਣਾ, ਆਪਣੇ ਸਾਮਾਨ ਲਈ ਇੱਕ ਸੁਰੱਖਿਅਤ ਜਗ੍ਹਾ ਤੱਕ ਨਾ ਮਿਲਣਾ, ਇਸ ਤਸੱਲੀ ਤੋਂ ਵੀ ਵਾਂਝਿਆਂ ਰਹਿਣਾ ਕਿ ਕਿਸੇ ਐਮਰਜੈਂਸੀ ਵਿੱਚ ਉਨ੍ਹਾਂ ਤੱਕ ਪਹੁੰਚਿਆ ਜਾ ਸਕਦਾ ਹੈ।

ਸਭ ਤੋਂ ਦਰਦਨਾਕ ਗੱਲ ਸ਼ਾਇਦ ਇਹ ਸੀ ਕਿ ਬਹੁਤ ਸਾਰੇ ਬਿਆਨ ਵਾਰ-ਵਾਰ ਉਨ੍ਹਾਂ ਉਮੀਦਾਂ ਵੱਲ ਮੁੜਦੇ ਸਨ, ਜਿਨ੍ਹਾਂ ਕਰਕੇ



ਮਜ਼ਦੂਰ ਸ਼ਹਿਰ ਵਿੱਚ ਆਏ ਸਨ। ਕਈ ਔਰਤਾਂ ਨੇ ਦੱਸਿਆ ਕਿ ਉਹ ਇਸ ਆਸ ਨਾਲ ਘਰਾਂ 'ਚੋਂ ਨਿਕਲੀਆਂ ਸਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਵਰਗੀ ਜ਼ਿੰਦਗੀ ਨਾ ਜਿਉਣੀ ਪਵੇ। ਸਖਤ ਮਿਹਨਤ ਅਤੇ ਕੁਰਬਾਨੀ ਸਦਕਾ ਉਹ ਆਪਣੇ ਬੱਚਿਆਂ ਲਈ ਪੜ੍ਹਾਈ, ਇੱਜ਼ਤ ਅਤੇ ਬਿਹਤਰ ਭਵਿੱਖ ਦਾ ਰਾਹ ਬਣਾਉਣਾ ਚਾਹੁੰਦੀਆਂ ਸਨ, ਪਰ ਮਜ਼ਦੂਰਾਂ ਦੇ ਬਿਆਨਾਂ ਵਿੱਚ ਵਾਰ-ਵਾਰ ਇਹ ਗੱਲ ਸਾਹਮਣੇ ਆਈ ਕਿ ਉਹ ਉਮੀਦ ਹੌਲੀ-ਹੌਲੀ ਟੁੱਟਦੀ ਦਿਸ ਰਹੀ ਸੀ।

ਸਰਕਾਰੀ ਸਕੂਲਾਂ ਦੀ ਹਾਲਤ ਮਾੜੀ ਸੀ, ਜਦਕਿ ਨਿੱਜੀ ਸਕੂਲਾਂ ਦੀ ਫੀਸ ਉਨ੍ਹਾਂ ਦੀ ਪਹੁੰਚ ਤੋਂ ਕਿਤੇ ਬਾਹਰ ਸੀ। ਬਾਲ-ਸੰਭਾਲ ਕੇਂਦਰਾਂ (ਕ੍ਰੈਚਾਂ) ਦੀ ਘਾਟ ਕਰਕੇ ਵੱਡੇ ਬੱਚਿਆਂ ਨੂੰ ਅਕਸਰ ਛੋਟੇ ਭੈਣ-ਭਰਾਵਾਂ ਦੀ ਦੇਖਭਾਲ ਲਈ ਘਰ ਰਹਿਣਾ ਪੈਂਦਾ ਸੀ। ਇਨ੍ਹਾਂ ਹਾਲਤਾਂ ਵਿੱਚ ਇੱਕ ਬੱਚਾ ਇਸ ਲਈ ਸਕੂਲ ਤੋਂ ਵਾਂਝਾ ਰਹਿ ਜਾਂਦਾ ਸੀ ਤਾਂ ਜੋ ਦੂਜੇ ਬੱਚੇ ਦੀ ਦੇਖਭਾਲ ਹੋ ਸਕੇ। ਕਿਤਾਬਾਂ ਪੜ੍ਹਨ ਦੀ ਉਮਰ ਵਿੱਚ ਉਹ ਦੇਖਭਾਲ ਅਤੇ ਘਰੇਲੂ ਜ਼ਿੰਮੇਵਾਰੀਆਂ ਸਿੱਖਣ ਲਈ ਮਜਬੂਰ ਹੋ ਜਾਂਦੇ ਸਨ। ਇੱਥੇ ਇਹ ਗੱਲ ਸਾਹਮਣੇ ਆਈ ਕਿ ਜਿਸ ਤਰ੍ਹਾਂ ਦੀ ਜ਼ਿੰਦਗੀ ਨੂੰ ਮਜ਼ਦੂਰ ਪਿੱਛੇ ਛੱਡਣ ਦੀ ਕੋਸ਼ਿਸ਼ ਕਰ ਰਹੇ ਸਨ, ਉਹੀ ਜੀਵਨ ਹੁਣ ਉਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਵਿਰਾਸਤ ਵਜੋਂ ਮਿਲ ਰਿਹਾ ਹੈ। ਕਈਆਂ ਨੇ ਦੱਸਿਆ ਕਿ ਜਿੱਥੇ ਉਹ ਕੁਝ ਸਮੇਂ ਲਈ ਆਪਣੀ ਭੁੱਖ, ਥਕਾਵਟ ਅਤੇ ਅਪਮਾਨ ਨੂੰ ਸਹਿ ਸਕਦੇ ਸਨ, ਉੱਥੇ ਸਭ ਤੋਂ ਮੁਸ਼ਕਲ ਆਪਣੇ ਬੱਚਿਆਂ ਦੇ ਭਵਿੱਖ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਸੁੰਗੜਦੇ ਹੋਏ ਦੇਖਣਾ ਸੀ। ਉਹ ਸੁਪਨੇ ਜਿਨ੍ਹਾਂ ਕਰਕੇ ਉਹ ਸ਼ਹਿਰ ਪਹੁੰਚੇ ਸਨ-ਸਥਿਰਤਾ, ਸਵੈ-ਮਾਣ ਅਤੇ ਆਪਣੇ ਬੱਚਿਆਂ ਲਈ ਇੱਕ ਬਿਹਤਰ ਜ਼ਿੰਦਗੀ-ਇਨ੍ਹਾਂ ਬਿਆਨਾਂ ਵਿੱਚ ਚੂਰ-ਚੂਰ ਹੋਏ ਦਿਸ ਰਹੇ ਸਨ। ਜਦੋਂ ਲਗਾਤਾਰ ਦੁੱਖ ਸਹਿਣ ਦੇ ਬਾਵਜੂਦ ਉਮੀਦ ਖ਼ਤਮ ਹੋ ਜਾਵੇ, ਤਾਂ ਸਿਰਫ਼ ਗੁੱਸਾ ਅਤੇ ਗਮ ਹੀ ਬਚਦੇ ਹਨ : ਅਬ ਔਰ ਨਹੀਂ ਸਹਾ ਜਾਤਾ, ਅਬ ਨਹੀਂ ਹੋ ਪਾਏਗਾ (ਹੁਣ ਹੋਰ ਨਹੀਂ ਸਹਿਆ ਜਾਂਦਾ, ਹੁਣ ਸਾਥੋਂ ਹੋਰ ਨਹੀਂ ਹੁੰਦਾ)।

ਜਿੱਥੇ-ਜਿੱਥੇ ਮਜ਼ਦੂਰ ਪ੍ਰਦਰਸ਼ਨ ਕਰ ਰਹੇ ਸਨ, ਉਨ੍ਹਾਂ ਸਾਰੀਆਂ ਥਾਵਾਂ 'ਤੇ ਮਜ਼ਦੂਰਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਲੱਗਭੱਗ ਇੱਕੋ ਜਿਹੀਆਂ ਸਨ। ਮਜ਼ਦੂਰ ਫੈਕਟਰੀ ਦੇ ਗੇਟਾਂ ਦੇ ਬਾਹਰ ਇਕੱਠੇ ਹੋਏ ਅਤੇ ਮੰਗ ਕੀਤੀ ਕਿ ਪ੍ਰਬੰਧਨ (Management) ਬਾਹਰ ਆ ਕੇ ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਅਣਸੁਣੀਆਂ ਰਹਿ ਗਈਆਂ ਸ਼ਿਕਾਇਤਾਂ ਸੁਣੇ ਅਤੇ ਉਨ੍ਹਾਂ ਦਾ ਨਿਪਟਾਰਾ ਕਰੇ: ਇਨ੍ਹਾਂ ਵਿੱਚ ਸਾਲਾਂ ਤੋਂ ਨਾ ਵਧੀਆਂ ਤਨਖਾਹਾਂ, ਓਵਰਟਾਈਮ ਦਾ ਅਸਪੱਸ਼ਟ ਹਿਸਾਬ-ਕਿਤਾਬ ਅਤੇ ਭੁਗਤਾਨ, ਫੈਕਟਰੀ ਦੇ ਅੰਦਰ ਬੁਰਾ ਸਲੂਕ-ਖ਼ਾਸ ਕਰਕੇ ਮਹਿਲਾ ਮਜ਼ਦੂਰਾਂ ਨਾਲ-ਇਸ ਦੇ ਨਾਲ ਹੀ ਬੋਨਸ, ਹਫ਼ਤਾਵਾਰੀ ਛੁੱਟੀ ਅਤੇ ਹੋਰ ਬਕਾਇਆ ਰਕਮਾਂ ਨਾਲ ਜੁੜੇ ਮਸਲੇ ਸ਼ਾਮਲ ਸਨ। ਸਾਨੂੰ ਮਜ਼ਦੂਰਾਂ ਨੇ ਦੱਸਿਆ ਕਿ ਪ੍ਰਬੰਧਨ ਵਿੱਚੋਂ ਕੋਈ ਵੀ ਗੱਲ ਕਰਨ ਲਈ ਅੱਗੇ ਨਹੀਂ ਆਇਆ। ਇਸ ਦੀ ਬਜਾਏ, ਮੈਨੇਜਰ ਕਥਿਤ ਤੌਰ 'ਤੇ ਪੁਲਸ ਦੀ ਮਦਦ ਨਾਲ ਪਿਛਲੇ ਦਰਵਾਜ਼ਿਆਂ ਰਾਹੀਂ ਬਾਹਰ ਨਿਕਲ ਗਏ, ਜਦੋਂ ਕਿ ਮਜ਼ਦੂਰ ਕੜਕਦੀ ਧੁੱਪ ਵਿੱਚ, ਬਿਨਾਂ ਖਾਣੇ ਜਾਂ ਪਾਣੀ ਦੇ, ਘੰਟਿਆਂਬੱਧੀ ਬਾਹਰ ਇੰਤਜ਼ਾਰ ਕਰਦੇ ਰਹੇ ਕਿ ਕੋਈ ਉਨ੍ਹਾਂ ਦੀ ਗੱਲ ਸੁਣੇ। ਇਕੱਠੇ ਹੋਏ ਲੋਕਾਂ ਵਿੱਚ ਇੱਕ ਵੱਡਾ ਹਿੱਸਾ ਔਰਤਾਂ ਦਾ ਸੀ, ਜਿਨ੍ਹਾਂ ਵਿੱਚੋਂ ਬਹੁਤੀਆਂ ਵੀਹਵਿਆਂ (20-30 ਸਾਲ) ਵਿਚ ਸਨ, ਜੋ ਅਜਿਹੇ ਹਾਲਾਤ ਵਿੱਚ ਖੜ੍ਹੀਆਂ ਸਨ, ਜਿੱਥੇ ਸਰੀਰਕ ਥਕਾਵਟ ਦੇ ਨਾਲ-ਨਾਲ ਇਹ ਅਪਮਾਨ ਸਹਿਣਾ ਪੈ ਰਿਹਾ ਸੀ ਕਿ ਉਨ੍ਹਾਂ ਦਾ ਆਪਣਾ ਪ੍ਰਬੰਧਨ ਉਨ੍ਹਾਂ ਦੀ ਗੱਲ ਸੁਣਨ, ਇੱਥੋਂ ਤੱਕ ਕਿ ਉਨ੍ਹਾਂ ਨੂੰ ਪਛਾਣਨ ਲਈ ਵੀ ਤਿਆਰ ਨਹੀਂ ਸੀ।

**ਆਪਣੇ ਹੱਕਾਂ ਲਈ ਉੱਠੀ ਆਵਾਜ਼ ਕਿਵੇਂ ਸਾਜ਼ਿਸ਼ ਬਣ ਗਈ**

13 ਅਪ੍ਰੈਲ ਨੂੰ ਨੋਇਡਾ ਦੇ ਉਦਯੋਗਿਕ ਖੇਤਰਾਂ ਵਿੱਚ ਪੁਲਸ ਦੀ ਭਾਰੀ ਮੌਜੂਦਗੀ ਸਾਫ਼ ਦਿਖਾਈ ਦੇ ਰਹੀ ਸੀ: ਦੰਗਾ-ਵਿਰੋਧੀ ਸਾਜ਼ੋ-ਸਾਮਾਨ ਨਾਲ ਲੈਸ ਪੁਲਸਕਰਮੀ, ਤਿਆਰ ਖੜ੍ਹੀਆਂ ਬੱਸਾਂ ਅਤੇ ਇੱਕ ਅਜਿਹਾ ਮਾਹੌਲ, ਜੋ ਗੱਲਬਾਤ ਲਈ ਘੱਟ ਅਤੇ ਕੰਟਰੋਲ (ਜ਼ਬਤ) ਲਈ ਵੱਧ ਤਿਆਰ ਜਾਪਦਾ ਸੀ। ਕਈ ਥਾਵਾਂ 'ਤੇ ਨਿੱਜੀ ਸੁਰੱਖਿਆ ਗਾਰਡਾਂ ਨੇ ਮਜ਼ਦੂਰਾਂ ਨੂੰ ਫੈਕਟਰੀ ਦੇ ਗੇਟਾਂ ਦੇ ਨੇੜੇ ਆਉਣ ਤੋਂ ਰੋਕਿਆ, ਜਦੋਂ ਕਿ ਕਈ ਥਾਵਾਂ 'ਤੇ ਪੁਲਸ ਨੇ ਲੋਕਾਂ ਨੂੰ ਪਿੱਛੇ ਧੱਕ ਕੇ ਅਤੇ ਲਾਠੀਚਾਰਜ ਕਰਕੇ ਭੀੜ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ। ਕੁਝ ਥਾਵਾਂ 'ਤੇ, ਜਦੋਂ ਮਜ਼ਦੂਰ ਪ੍ਰਬੰਧਨ ਨੂੰ ਗੱਲਬਾਤ ਲਈ ਮਜਬੂਰ ਕਰਨ ਦੇ ਉਦੇਸ਼ ਨਾਲ ਫੈਕਟਰੀ ਪਰਿਸਰ ਵਿੱਚ ਦਾਖ਼ਲ ਹੋਣ ਲੱਗੇ, ਤਾਂ ਨਿੱਜੀ ਸੁਰੱਖਿਆ ਗਾਰਡਾਂ ਨੇ ਉਨ੍ਹਾਂ ਨੂੰ ਜ਼ੋਰ-ਜ਼ਬਰਦਸਤੀ ਨਾਲ ਰੋਕਿਆ। ਇਸ ਕਾਰਨ ਧੱਕਾ-ਮੁੱਕੀ ਦੀਆਂ ਘਟਨਾਵਾਂ ਵਾਪਰੀਆਂ। ਪੁਲਸ ਦੀ ਦਖ਼ਲਅੰਦਾਜ਼ੀ ਨੇ ਸਥਿਤੀ ਨੂੰ ਹੋਰ ਤਣਾਅਪੂਰਨ ਬਣਾ ਦਿੱਤਾ। ਮਜ਼ਦੂਰਾਂ ਨੇ ਇਹ ਦੋਸ਼ ਵੀ ਲਾਇਆ ਕਿ ਗੱਡੀਆਂ ਨੂੰ ਅੱਗ ਲਗਾਉਣ ਦੀ ਘਟਨਾ, ਜਿਸ ਨੂੰ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਬੇਹੱਦ ਮੰਦਭਾਗਾ ਦੱਸਿਆ, ਦਾ ਇਸਤੇਮਾਲ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਕੀਤਾ ਗਿਆ।

ਨੋਇਡਾ ਦੇ ਫੇਜ਼-2 ਵਿੱਚ ਸਥਿਤ ਆਈ ਐਲ ਸੀ (iLC) ਫੈਕਟਰੀ ਦੇ ਬਾਹਰ ਇੱਕ ਮਹਿਲਾ ਮਜ਼ਦੂਰ ਦੇ ਸਿਰ 'ਤੇ ਵਾਰ ਕੀਤਾ ਗਿਆ, ਜਿਸ ਕਾਰਨ ਉਹ ਬੇਹੋਸ਼ ਹੋ ਕੇ ਡਿੱਗ ਪਈ। ਉਸ ਦੀ ਸੱਟ ਨੇ ਮਜ਼ਦੂਰਾਂ ਦੇ ਦੁੱਖ ਅਤੇ ਬੇਚੈਨੀ ਨੂੰ ਪ੍ਰਤੱਖ ਰੂਪ ਵਿੱਚ ਸਾਹਮਣੇ ਲਿਆ ਦਿੱਤਾ। ਆਪਣੀ ਇੱਕ ਸਾਥੀ ਮਹਿਲਾ-ਮਜ਼ਦੂਰ, ਜਿਹੜੀ ਸ਼ਾਂਤੀ ਨਾਲ ਖੜ੍ਹੀ ਸੀ, 'ਤੇ ਏਨੀ ਬੇਰਹਿਮੀ ਨਾਲ ਹੋਇਆ ਲਾਠੀਚਾਰਜ ਮਜ਼ਦੂਰਾਂ ਲਈ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ, ਜਦਕਿ ਉਨ੍ਹਾਂ ਦੀ ਇੱਕੋ ਮੰਗ ਸੀ ਕਿ ਪ੍ਰਬੰਧਨ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੇ। ਇਸ ਤੋਂ ਬਾਅਦ ਸਥਿਤੀ ਤੇਜ਼ੀ ਨਾਲ ਵਿਗੜਦੀ ਗਈ। ਗੁੱਸੇ ਵਿੱਚ ਆਏ ਮਜ਼ਦੂਰਾਂ ਦੀ ਪੁਲਸ ਅਤੇ ਸੁਰੱਖਿਆ ਕਰਮਚਾਰੀਆਂ ਨਾਲ ਝੜਪ ਹੋ ਗਈ। ਪੁਲਸ ਵੱਲੋਂ ਲਾਠੀਚਾਰਜ ਸ਼ੁਰੂ ਕੀਤੇ ਜਾਣ ਤੋਂ ਬਾਅਦ ਇੱਕ ਹੋਰ ਨੌਜਵਾਨ ਮਹਿਲਾ ਸਮੇਤ ਕਈ ਮਜ਼ਦੂਰ ਜ਼ਖ਼ਮੀ ਹੋ ਗਏ। ਬਾਅਦ ਵਿੱਚ ਜ਼ਖ਼ਮੀ ਮਹਿਲਾ ਨੂੰ ਉਸ ਦੇ ਪਿਤਾ ਸੈਕਟਰ 50, ਫੇਜ਼ 2 ਦੇ ਜੇ.ਆਰ. ਚੌਧਰੀ ਹਸਪਤਾਲ ਲੈ ਗਏ। ਮਜ਼ਦੂਰਾਂ ਦੇ ਅਨੁਸਾਰ, ਇਸ ਇੱਕ ਘਟਨਾ ਨੇ ਪੂਰੇ ਦਿਨ ਦੇ ਹਾਲਾਤ ਦੀ ਤਸਵੀਰ ਸਾਫ਼ ਕਰ ਦਿੱਤੀ। ਇੱਕ ਅਜਿਹਾ ਪ੍ਰਦਰਸ਼ਨ, ਜਿਹੜਾ ਆਪਣੀ ਗੱਲ ਸੁਣੇ ਜਾਣ ਦੀ ਮੰਗ ਨਾਲ ਸ਼ਾਂਤੀਪੂਰਵਕ ਢੰਗ ਨਾਲ ਸ਼ੁਰੂ ਹੋਇਆ ਸੀ, ਦੇ ਜਵਾਬ ਵਿੱਚ ਲਾਠੀਆਂ, ਜ਼ਖ਼ਮ ਅਤੇ ਦਮਨ ਹੀ ਮਿਲੇ।

ਪ੍ਰਦਰਸ਼ਨ ਵਾਲੀਆਂ ਕਈ ਥਾਵਾਂ 'ਤੇ ਪੁਲਸ ਸੜਕਾਂ ਅਤੇ ਫ਼ੈਕਟਰੀਆਂ ਦੇ ਰਸਤਿਆਂ ਨੂੰ ਸੀਲ ਕਰਦੀ ਦੇਖੀ ਗਈ, ਤਾਂ ਜੋ ਮਜ਼ਦੂਰਾਂ ਅਤੇ ਮੀਡੀਆ ਕਰਮੀਆਂ ਨੂੰ ਗੇਟਾਂ ਤੱਕ ਪਹੁੰਚਣ ਤੋਂ ਰੋਕਿਆ ਜਾ ਸਕੇ। ਜਿਵੇਂ-ਜਿਵੇਂ ਭੀੜ ਵਿੱਚ ਬੇਚੈਨੀ ਵਧਦੀ ਗਈ, ਅਧਿਕਾਰੀਆਂ ਨੇ ਲਾਠੀਚਾਰਜ ਦਾ ਸਹਾਰਾ ਲਿਆ। ਵੀਡੀਓ ਫੁਟੇਜ ਵਿੱਚ ਪੁਲਸ ਫ਼ੈਕਟਰੀ ਦੇ ਪ੍ਰਬੰਧਕੀ ਸਟਾਫ਼ ਨੂੰ ਸੁਰੱਖਿਆ ਦਿੰਦੀ, ਮਜ਼ਦੂਰਾਂ ਨੂੰ ਜ਼ਬਰਦਸਤੀ ਗ੍ਰਿਫ਼ਤਾਰ ਕਰਕੇ ਖੜ੍ਹੀਆਂ ਬੱਸਾਂ ਵਿੱਚ ਤੁੰਨਦੀ ਅਤੇ ਗ੍ਰਿਫ਼ਤਾਰੀਆਂ ਨੂੰ ਰਿਕਾਰਡ ਕਰਨ ਦੀ ਕੋਸ਼ਿਸ਼ ਕਰ ਰਹੇ ਪੱਤਰਕਾਰਾਂ ਨੂੰ ਧਮਕਾਉਂਦੀ ਵੀ ਦਿਖਾਈ ਦੇ ਰਹੀ ਹੈ। ਫੇਜ਼ 2 ਵਿੱਚ ਸਥਿਤ 'ਡਿਕਸਨ ਟੈਕਨਾਲੋਜੀਜ਼' (Dixon Technologies) ਅਤੇ 'ਸੁਬਰੋਸ ਥਰਮਲ ਸਲਿਊਸ਼ਨ' (Subros Thermal Solution) ਫੈਕਟਰੀਆਂ ਦੇ ਬਾਹਰ ਦੀਆਂ ਘਟਨਾਵਾਂ ਇਸ ਦੀਆਂ ਉਦਾਹਰਣਾਂ ਹਨ।

**ਪ੍ਰਸ਼ਾਸਨ ਦਾ ਬਿਰਤਾਂਤ : 'ਬਾਹਰੀ ਅਨਸਰ' ਅਤੇ ਸਾਜ਼ਿਸ਼ ਦੇ ਦਾਅਵੇ**

ਭਾਵੇਂ ਮਜ਼ਦੂਰ ਸ਼ਾਂਤੀਪੂਰਨ ਢੰਗ ਨਾਲ ਇਕੱਠੇ ਹੋਏ ਸਨ ਅਤੇ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਆਪਣੀਆਂ ਮੰਗਾਂ ਰੱਖ ਰਹੇ ਸਨ ਅਤੇ ਭਾਵੇਂ ਕਈਆਂ ਨੂੰ ਪੁਲਸ ਨੇ ਹਿਰਾਸਤ ਵਿੱਚ ਵੀ ਲੈ ਲਿਆ ਸੀ, ਪਰ ਸ਼ਾਮ ਹੁੰਦੇ-ਹੁੰਦੇ ਪ੍ਰਸ਼ਾਸਨ ਦਾ ਬਿਰਤਾਂਤ ਇੱਕ ਵੱਖਰੀ ਦਿਸ਼ਾ ਵੱਲ ਮੁੜਨ ਲੱਗ ਪਿਆ ਸੀ। ਅੰਦੋਲਨ ਦੇ ਜਨਮ ਲੈਣ ਦੇ ਅਸਲ ਕਾਰਨਾਂ ਅਤੇ ਹਾਲਤਾਂ ਦੀ ਚਰਚਾ ਕਰਨ ਦੀ ਥਾਂ, ਇਸ ਨੂੰ ਬਾਹਰੀ ਉਕਸਾਵੇ ਅਤੇ ਭੜਕਾਏ ਜਾਣ ਦਾ ਨਤੀਜਾ ਦੱਸਿਆ ਜਾਣ ਲੱਗਾ।

13 ਅਪ੍ਰੈਲ ਦੀ ਦੇਰ ਰਾਤ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਉੱਤਰ ਪ੍ਰਦੇਸ਼ ਦੇ ਪੁਲਸ ਮਹਾਨਿਰਦੇਸ਼ਕ (ਡਾਇਰੈਕਟਰ ਜਨਰਲ ਆਫ਼ ਪੁਲਸ-ਡੀ.ਜੀ.ਪੀ.) ਨੇ ਕਿਹਾ ਕਿ ਹਿੰਸਾ ਪਿੱਛੇ ਕੰਮ ਕਰ ਰਹੇ ਭੜਕਾਊ ਅਤੇ ਬਾਹਰੀ ਅਨਸਰਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਜਾਰੀ ਹੈ। ਨਾਲ ਹੀ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਬਿਆਨ ਦੀ ਅਹਿਮੀਅਤ ਸਿਰਫ਼ ਇਸ ਦੀ ਸ਼ਬਦਾਵਲੀ ਕਰਕੇ ਹੀ ਨਹੀਂ ਸੀ, ਸਗੋਂ ਇਸ ਵਿੱਚ ਵੀ ਸੀ ਕਿ ਇਹ ਪੂਰੀ ਚਰਚਾ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾ ਰਿਹਾ ਸੀ। 'ਬਾਹਰੀ ਅਨਸਰ' ਸ਼ਬਦ ਦੀ ਵਰਤੋਂ ਨੇ ਲੋਕਾਂ ਦਾ ਧਿਆਨ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਤੋਂ ਹਟਾ ਕੇ ਸਾਜ਼ਿਸ਼ ਵੱਲ ਮੋੜਨਾ ਸ਼ੁਰੂ ਕਰ ਦਿੱਤਾ। ਇਸ ਬਿਰਤਾਂਤ ਦਾ ਮਕਸਦ ਪੂਰੇ ਘਟਨਾਕ੍ਰਮ ਨੂੰ ਮਜ਼ਦੂਰਾਂ ਦੀਆਂ ਅਸਲ ਸਮੱਸਿਆਵਾਂ ਅਤੇ ਉਨ੍ਹਾਂ ਦੇ ਖੁੱਲ੍ਹ ਕੇ ਪ੍ਰਗਟ ਕੀਤੇ ਗਏ ਰੋਸ ਤੋਂ ਹਟਾ ਕੇ, ਘੁਸਪੈਠ, ਭੜਕਾਵੇ ਅਤੇ ਕਿਸੇ ਲੁਕਵੀਂ ਯੋਜਨਾ ਦੇ ਨਜ਼ਰੀਏ ਤੋਂ ਪੇਸ਼ ਕਰਨਾ ਸੀ।ਅਗਲੇ ਕੁਝ ਦਿਨਾਂ ਵਿੱਚ ਇਹ ਰੁਖ ਹੋਰ ਗਹਿਰਾ ਹੁੰਦਾ ਗਿਆ। ਅੰਦੋਲਨ ਨੂੰ ਮਜ਼ਦੂਰਾਂ ਦੀ ਲੰਬੇ ਸਮੇਂ ਤੋਂ ਇਕੱਠੇ ਹੁੰਦੇ ਆ ਰਹੇ ਦਰਦ ਅਤੇ ਰੋਸ ਦਾ ਪ੍ਰਗਟਾਵਾ ਮੰਨਣ ਦੀ ਥਾਂ, ਇਸ ਨੂੰ ਬਾਹਰੀ ਤਾਕਤਾਂ ਵੱਲੋਂ ਚਲਾਈ ਗਈ ਕਾਰਵਾਈ ਵਜੋਂ ਦਰਸਾਇਆ ਜਾਣ ਲੱਗਾ। ਇਸ ਤਰ੍ਹਾਂ ਇੱਕ ਵੱਡੇ ਪੱਧਰ 'ਤੇ ਸ਼ਾਂਤੀਪੂਰਵਕ ਰਹੇ ਮਜ਼ਦੂਰ ਅੰਦੋਲਨ ਨੂੰ ਕਾਨੂੰਨ-ਵਿਵਸਥਾ ਲਈ ਖ਼ਤਰਾ, ਰਾਜ-ਵਿਰੋਧੀ ਗਤੀਵਿਧੀ ਅਤੇ ਅਪਰਾਧਿਕ ਸਾਜ਼ਿਸ਼ ਦਾ ਰੂਪ ਦੇਣਾ ਹੋਰ ਸੌਖਾ ਬਣ ਗਿਆ।

**14 ਅਪ੍ਰੈਲ : ਛਾਪੇਮਾਰੀ, ਸਖ਼ਤ ਨਿਗਰਾਨੀ ਅਤੇ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ**

13 ਅਪ੍ਰੈਲ ਦੀ ਵਿਆਪਕ ਹੜਤਾਲ ਤੋਂ ਅਗਲੇ ਦਿਨ 14 ਅਪ੍ਰੈਲ ਨੂੰ ਅੰਬੇਦਕਰ ਜਯੰਤੀ ਦੀ ਛੁੱਟੀ ਸੀ। ਪ੍ਰਸ਼ਾਸਨ ਨੇ ਪੁਲਸ ਦੀ ਮਦਦ ਨਾਲ 13 ਅਤੇ 14 ਅਪ੍ਰੈਲ ਵਿਚਲੀ ਰਾਤ ਅਤੇ ਅਗਲੇ ਦਿਨ ਦਾ ਇਸਤੇਮਾਲ ਹਾਲਾਤ 'ਤੇ ਪੂਰੀ ਤਰ੍ਹਾਂ ਕਾਬੂ ਕਰਨ ਲਈ ਕੀਤਾ। ਵੱਡੇ ਪੱਧਰ 'ਤੇ

**ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

# ਵਿਧਾਨ ਸਭਾ ਚੋਣਾਂ ਦੇ ਨਜ਼ਦੀਕ ਚਲਦੀਆਂ ਸਿਆਸਤੀ ਚਾਲਾਂ ਦੇ ਬਾਰੇ ਚਰਚਾ

**ਦ੍ਰਿਸ਼ਟੀਕੋਣ**
**ਜਤਿੰਦਰ ਪਨੂੰ**

ਰਾਜਨੀਤਕ ਸਥਿਤੀ ਪੰਜਾਬ ਦੀ ਹਾਲੇ ਸਪੱਸ਼ਟ ਨਹੀਂ ਹੋ ਰਹੀ। ਲਗਭਗ ਹਰ ਕੋਈ ਏਨੀ ਗੱਲ ਪ੍ਰਵਾਨ ਕਰਨ ਲੱਗ ਪਿਆ ਹੈ ਕਿ ਵਿਧਾਨ ਸਭਾ ਚੋਣਾਂ ਇਸ ਰਾਜ ਵਿੱਚ ਵਕਤੋਂ ਪਹਿਲਾਂ ਹੋ ਸਕਦੀਆਂ ਹਨ। ਇਸ ਦਾ ਕਾਰਨ ਪੰਜਾਬ ਦੀ ਕੋਈ ਰਾਜਨੀਤਕ ਲੋੜ ਨਹੀਂ, ਉੱਤਰ ਪ੍ਰਦੇਸ਼ ਦੇ ਰਾਜਸੀ ਅਤੇ ਧਾਰਮਿਕ ਹਾਲਾਤ ਹਨ, ਜਿਨ੍ਹਾਂ ਨੂੰ ਭਾਜਪਾ ਆਗੂ ਤੇ ਉਨ੍ਹਾਂ ਪਿੱਛੇ ਖੜੇ ਰਾਸ਼ਟਰੀ ਸੋਇਮ ਸੇਵਕ ਸੰਘ ਵਾਲੇ ਆਪਣੇ ਪੱਖ ਲਈ ਚੰਗੇ ਨਹੀਂ ਮੰਨਦੇ। ਰਾਜਨੀਤਕ ਮਾਹਰ ਇਹ ਕਹਿੰਦੇ ਹਨ ਕਿ ਜਿਹੜਾ ਉੱਤਰ ਪ੍ਰਦੇਸ਼ ਪਿਛਲੇ ਅਠੱਤੀ ਸਾਲਾਂ ਤੋਂ ਰਾਮ ਮੰਦਰ ਲਈ ਰਾਮ ਰੱਥ ਸ਼ੁਰੂ ਕਰਨ ਦੇ ਦਿਨਾਂ ਤੋਂ ਇਸ ਪਾਰਟੀ ਦੀ ਚੜ੍ਹਤ ਦਾ ਪੜੁੱਲ ਬਣਿਆ ਰਿਹਾ ਸੀ, ਓਥੇ ਇਸ ਵਕਤ ਹਾਲਾਤ ਇਸ ਪਾਰਟੀ ਲਈ ਉੱਬਲਦੇ ਪਾਣੀ ਵਾਲੇ ਸਾਬਤ ਹੋ ਸਕਦੇ ਹਨ। ਕਈ ਮਾਹਰ ਇਸ ਹਾਲਤ ਨੂੰ ਪੰਜਾਬ ਵਿੱਚ ਅਕਾਲੀ ਆਗੂਆਂ ਤੇ ਪੰਜਾਬ ਦੇ ਲੋਕਾਂ, ਖਾਸ ਤੌਰ ਉੱਤੇ ਸਿੱਖਾਂ ਵਿਚਾਲੇ ਪਏ ਪਾੜੇ ਵਰਗਾ ਮੰਨਦੇ ਹਨ, ਪਰ ਅਸੀਂ ਅਜੇ ਏਦਾਂ ਦੇ ਕਿਸੇ ਅੰਦਾਜ਼ੇ ਦਾ ਬਹੁਤਾ ਵਜ਼ਨ ਨਹੀਂ ਵੇਖਦੇ। ਪੰਜਾਬ ਦੇ ਹਾਲਾਤ ਜਿਹੋ ਜਿਹੇ ਬਣੇ ਹੋਏ ਹਨ, ਹਰ ਗੱਲ ਵਿੱਚ ਉਨ੍ਹਾਂ ਨੂੰ ਅਕਾਲੀਆਂ ਦੀ ਮੌਜੂਦਾ ਲੀਡਰਸ਼ਿਪ ਵੱਲੋਂ ਰਾਜਨੀਤੀ ਤੇ ਧਾਰਮਿਕ ਅਸਥਾਨਾਂ ਵਿੱਚ ਆਪਣੇ ਬੰਦੇ ਫਿੱਟ ਕਰਨ ਵਾਲੀ ਖੇਡ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਉੱਤਰ ਪ੍ਰਦੇਸ਼ ਵਿੱਚ ਇਹੋ ਗੁਨਾਹ ਭਾਜਪਾ ਦੇ ਆਗੂਆਂ ਸਿਰ ਲਾਇਆ ਜਾਂਦਾ ਹੈ। ਇਸੇ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਓਥੇ ਵਿਧਾਨ ਸਭਾ ਚੋਣਾਂ ਕਰਵਾਉਣ ਤੋਂ ਪਹਿਲਾਂ ਭਾਜਪਾ ਉਨ੍ਹਾਂ ਰਾਜਾਂ ਵਿੱਚ ਇਹ ਕੰਮ ਕਰਵਾਉਣ ਵਾਲਾ ਫੈਸਲਾ ਲੈ ਸਕਦੀ ਹੈ, ਜਿੱਥੇ ਏਸੇ ਤਰ੍ਹਾਂ ਚੋਣਾਂ ਹੋਣ ਵਾਲੀਆਂ ਹਨ, ਤਾਂ ਕਿ ਉਨ੍ਹਾਂ ਦੀ ਸਥਿਤੀ ਦਾ ਅਸਰ ਉੱਤਰ ਪ੍ਰਦੇਸ਼ ਵਿਚਲੀ ਸਥਿਤੀ ਉੱਤੇ ਨਾ ਪੈ ਜਾਂਦਾ ਹੋਵੇ ਅਤੇ ਜੇ ਉੱਤਰ ਪ੍ਰਦੇਸ਼ ਖੁੱਸਣ ਦਾ ਮੌਕਾ ਵੀ ਆਵੇ ਤਾਂ ਉਹ ਰਾਜ ਅਗੇਤੇ ਲਾਂਭੇ ਕਰ ਦਿੱਤੇ ਜਾਣ।

ਫਿਰ ਵੀ ਏਦਾਂ ਦੀ ਕੋਈ ਗੱਲ ਅਮਲ ਵਿੱਚ ਹੁੰਦੀ ਹੈ ਜਾਂ ਕੇਂਦਰ ਸਰਕਾਰ ਅਤੇ ਇਸ ਨੂੰ ਚਲਾਉਣ ਵਾਲੀ ਧਿਰ ਦਾ ਇਸ਼ਾਰਾ ਸਮਝ ਕੇ ਚੋਣ ਕਮਿਸ਼ਨ ਏਦਾਂ ਕਰਦਾ ਹੈ ਜਾਂ ਨਹੀਂ, ਇਹ ਕਹਿਣਾ ਹਾਲੇ ਮੁਸ਼ਕਲ ਹੈ। ਉਂਜ ਚੋਣ ਕਮਿਸ਼ਨ ਵਿੱਚ ਤਿੰਨੇ ਕਮਿਸ਼ਨਰ ਭਾਜਪਾ ਨੇ ਏਦਾਂ ਦੇ ਠੋਕ-ਵਜਾ ਕੇ ਪਰਖ ਦੇ ਮਗਰੋਂ ਨਿਯੁਕਤ ਕੀਤੇ ਸਨ ਕਿ ਸਰਕਾਰ ਦੇ ਕਿਸੇ ਫੈਸਲੇ ਜਾਂ ਕਿਸੇ ਇਸ਼ਾਰੇ ਉੱਤੇ ਉਨ੍ਹਾਂ ਵੱਲੋਂ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ ਜਾਪਦੀ। ਅਸਲ ਵਿੱਚ ਉੱਤਰ ਪ੍ਰਦੇਸ਼ ਨੂੰ ਭਾਜਪਾ ਜਿੰਦਾਂ ਆਪਣੇ ਪੱਕੇ ਕਿਲ੍ਹੇ ਵਰਗਾ ਮੰਨਦੀ ਰਹੀ ਸੀ, ਉਹ ਇਸ ਵਕਤ ਵਿਗੜੇ ਹੋਏ ਅਮਨ-ਕਾਨੂੰਨ ਅਤੇ ਰਾਮ ਮੰਦਰ ਦੇ ਚੜ੍ਹਾਵੇ ਦੀ ਚੋਰੀ ਦੀ ਬਦਨਾਮੀ ਕਾਰਨ ਉਸ ਲਈ ਸੁਖਾਵਾਂ ਨਹੀਂ ਰਿਹਾ ਤੇ ਇਸ ਦਾ ਅਸਰ ਪੰਜਾਬ ਤੱਕ ਵੀ ਬੇਸ਼ੱਕ ਪੈਂਦਾ ਦਿੱਸਦਾ ਹੋਵੇ, ਸਾਡੀ ਸਮਝ ਹੈ ਕਿ ਓਨਾ ਏਥੇ ਨਹੀਂ ਪੈਣਾ, ਜਿੰਨਾ ਓਥੇ ਪੈਣ ਵਾਲਾ ਸੁਣੀਂਦਾ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਆਰ ਐੱਸ ਐੱਸ ਚੁੱਪ ਰਹਿੰਦਾ ਅਤੇ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਨੂੰ ਪਹਿਲ ਦੇ ਪਰਦੇ ਹੇਠ ਆਪਣੀ ਬਣਾਈ ਪਾਰਟੀ ਭਾਜਪਾ ਦੇ ਆਗੂਆਂ ਨੂੰ ਬੋਲਣ ਨੂੰ ਕਿਹਾ ਕਰਦਾ ਹੈ, ਪਰ ਰਾਮ ਮੰਦਰ ਦੇ ਚੜ੍ਹਾਵੇ ਦੀ ਚੋਰੀ ਵਾਲੇ ਕੇਸ ਵਿੱਚ ਖੁਦ ਆਰ ਐੱਸ ਐੱਸ ਦੇ ਇੱਕ ਸੀਨੀਅਰ ਆਗੂ ਨੂੰ ਸਾਹਮਣੇ ਆ ਕੇ ਜਾਂਚ ਵਾਸਤੇ ਭਰੋਸਾ ਦੇਣਾ ਪਿਆ ਹੈ। ਇਸ ਦੇ ਬਾਵਜੂਦ ਉਨ੍ਹਾਂ ਦਾ ਮਨ ਨਹੀਂ ਮੰਨ ਰਿਹਾ ਕਿ ਧਾਰਮਿਕ ਅਸਥਾਨ ਅੰਦਰ ਲਾਈ ਗਈ ਇਸ ਸੰਨ੍ਹ ਕਾਰਨ ਹੋਏ ਨੁਕਸਾਨ ਦੇ ਬਾਅਦ ਉਹ ਓਥੋਂ ਦੀ ਰਾਜਨੀਤਕ ਸਥਿਤੀ ਨੂੰ ਕੋਈ ਪੈਂਤੜਾ ਵਰਤ ਕੇ ਆਪਣੇ ਹੱਕ ਵਿੱਚ ਪੁੱਠਾ ਮੋੜਾ ਦੇ ਸਕਣਗੇ।

ਏਦਾਂ ਦੇ ਹਾਲਾਤ ਵਿੱਚ ਪੰਜਾਬ ਦੀ ਸਿਆਸੀ ਸਰਗਰਮੀ ਇੱਕਦਮ ਤੇਜ਼ ਹੋਈ ਤੇ ਇਸ ਨਾਲ ਰਾਜਸੀ ਸ਼ੋਸ਼ਿਆਂ ਦਾ ਚੱਕਰ ਵੀ ਤੇਜ਼ ਚੱਲਣ ਲੱਗ ਪਿਆ ਹੈ। ਬੀਤੇ ਦਿਨੀਂ ਇਹ ਗੱਲ ਬੜੀ ਤੇਜ਼ੀ ਨਾਲ ਚਲਾਈ ਗਈ ਹੈ ਕਿ ਭਾਜਪਾ ਏਥੇ ਕੋਈ ਪ੍ਰਮੁੱਖ ਸਿੱਖ ਚਿਹਰਾ ਅੱਗੇ ਕਰਨਾ ਚਾਹੁੰਦੀ ਹੈ, ਪਰ ਸਿੱਖ ਚਿਹਰਾ ਕੌਣ ਹੈ, ਇਸ ਦੀ ਸਥਿਤੀ ਸਪੱਸ਼ਟ ਹੋਣ ਤੋਂ ਪਹਿਲਾਂ ਇਹ ਗੱਲ ਚਲਾ ਦਿੱਤੀ ਗਈ ਕਿ ਕਿਸੇ ਵੱਡੇ ਦਲਿਤ ਆਗੂ ਨੂੰ ਆਪਣਾ ਅਗਵਾਨੂੰ ਬਣਾ ਕੇ ਏਥੇ ਚੋਣ ਮੈਦਾਨ ਵਿੱਚ ਵੱਡੀ ਚਾਲ ਚੱਲੀ ਜਾ ਸਕਦੀ ਹੈ। ਇਨ੍ਹਾਂ ਸਿਆਸੀ ਚਰਚਿਆਂ ਵੇਲੇ ਜਦੋਂ ਪੰਜਾਬ ਕਾਂਗਰਸ ਦੇ ਅਹੁਦੇਦਾਰਾਂ ਬਾਰੇ ਕਾਂਗਰਸ ਹਾਈ ਕਮਾਂਡ ਦਾ ਫੈਸਲਾ ਆਇਆ ਤੇ ਕਾਂਗਰਸ ਆਗੂਆਂ ਦਾ ਇੱਕ ਵੱਡਾ ਹਿੱਸਾ ਇਸ ਵਿਰੁੱਧ ਸਿਰ ਚੁੱਕਣ ਲੱਗਾ ਤਾਂ ਭਾਜਪਾ ਦੇ ਸਿੱਖ ਚਿਹਰੇ ਵਜੋਂ ਇੱਕ ਸਾਬਕਾ ਮੁੱਖ ਮੰਤਰੀ ਵੱਲ ਇਸ਼ਾਰੇ ਕੀਤੇ ਜਾਣ ਲੱਗੇ ਸਨ। ਦਲਿਤ ਆਗੂ ਵਜੋਂ ਜਾਣੇ ਜਾਂਦੇ ਉਸ ਆਗੂ ਨੇ ਬੇਸ਼ੱਕ ਏਦਾਂ ਦਾ ਸੰਕੇਤ ਕੋਈ ਨਹੀਂ ਸੀ ਕੀਤਾ, ਪਰ ਮੀਡੀਏ ਵਿੱਚ ਚਰਚਾ ਇਸ ਬਾਰੇ ਚੱਲੀ ਜਾਂਦੀ ਰਹੀ ਅਤੇ ਫਿਰ ਇੱਕਦਮ ਸੂਈ ਕੁਝ ਹੋਰਨਾਂ ਵੱਲ ਘੁੰਮਣ ਲੱਗ ਪਈ। ਨਵੀਂ ਗੱਲ ਇਹ ਕਹਿ ਦਿੱਤੀ ਗਈ ਕਿ ਉਸ ਕਾਂਗਰਸੀ ਦਲਿਤ ਆਗੂ ਦੇ ਪਿਛਲੇ ਵਿਹਾਰ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਖੁਸ਼ ਨਹੀਂ ਤੇ ਉਸ ਦੀ ਥਾਂ ਕਿਸੇ ਹੋਰ ਆਗੂ ਵੱਲ ਪਹੁੰਚ ਕਰ ਰਹੀ ਹੈ। ਭਾਜਪਾ ਲੀਡਰਸ਼ਿਪ ਏਦਾਂ ਦੀ ਪਹੁੰਚ ਮੀਡੀਏ ਵਾਲਿਆਂ ਨੂੰ ਪੁੱਛ ਕੇ ਨਹੀਂ ਕਰਨ ਲੱਗੀ, ਉਲਟਾ ਇਹ ਹੈ ਕਿ ਮੀਡੀਏ ਦੇ ਇੱਕ ਹਿੱਸੇ ਰਾਹੀਂ ਏਦਾਂ ਸ਼ੁਰਲੀਆਂ ਛੱਡਣ ਦੇ ਪੁਰਾਣੇ ਕਾਂਗਰਸੀ ਫਾਰਮੂਲੇ ਨੂੰ ਵਰਤ ਕੇ ਟੋਂਹਦੀ ਜਾਪਦੀ ਹੈ ਕਿ ਲੋਕ ਕਿਸੇ ਗੱਲ ਨੂੰ ਕਿੰਦਾਂ ਲੈ ਸਕਦੇ ਹਨ, ਇਹ ਵੇਖਣ ਮਗਰੋਂ ਕੋਈ ਫੈਸਲਾ ਪਾਰਟੀ ਨੇ ਲੈਣਾ ਹੁੰਦਾ ਹੈ। ਹਾਲ ਦੀ ਘੜੀ ਇਹੋ ਜਿਹੀਆਂ ਸਿਆਸੀ ਸ਼ੁਰਲੀਆਂ ਰੋਕ ਦਿੱਤੀਆਂ ਗਈਆਂ ਹਨ।

ਦੂਸਰਾ ਪੱਖ ਇਹ ਹੈ ਕਿ ਜਿਵੇਂ ਚੋਣਾਂ ਦੇ ਨਜ਼ਦੀਕ ਜਾ ਕੇ ਹਰ ਰਾਜ ਕਰਦੀ ਪਾਰਟੀ ਕੀਤਾ ਕਰਦੀ ਹੈ, ਉਹੀ ਕੁਝ ਇਸ ਵੇਲੇ ਆਮ ਆਦਮੀ ਪਾਰਟੀ ਕਰ ਰਹੀ ਹੈ। ਜਿਹੜੇ ਵਾਅਦੇ ਚਾਰ ਸਾਲ ਚੇਤੇ ਨਹੀਂ ਸਨ ਕੀਤੇ, ਉਨ੍ਹਾਂ ਉੱਤੇ ਅੱਗੜ-ਪਿੱਛੜ ਇਸ ਤਰ੍ਹਾਂ ਅਮਲ ਕਰਨਾ ਸ਼ੁਰੂ ਕੀਤਾ ਹੈ ਕਿ ਪਹਿਲੇ ਵਾਅਦੇ ਦੀ ਲੋਕਾਂ ਤੱਕ ਪਹੁੰਚ ਦੀਆਂ ਖਬਰਾਂ ਹਾਲੇ ਪੂਰੀਆਂ ਨਹੀਂ ਚੱਲੀਆਂ ਹੁੰਦੀਆਂ ਕਿ ਅਗਲੇ ਵਾਅਦੇ ਉੱਪਰ ਅਮਲ ਹੁੰਦਾ ਸੁਣਨ ਲੱਗਦਾ ਹੈ। ਆਪਣੇ ਖਿਲਾਫ ਕਈ ਪਾਸਿਆਂ ਤੋਂ ਹਮਲਾਵਰ ਮੁਹਿੰਮ ਦੇ ਬਾਵਜੂਦ ਆਮ ਆਦਮੀ ਪਾਰਟੀ ਲੋਕਾਂ ਵਿੱਚ ਫਿਰ ਜੜ੍ਹਾਂ ਟਿਕਾਉਣ ਦੇ ਆਹਰ ਵਿੱਚ ਰੁੱਝੀ ਹੋਈ ਹੈ, ਤਾਂ ਇਹ ਸਭ ਉਹੋ ਕੁਝ ਹੈ, ਜੋ ਅਕਾਲੀ-ਭਾਜਪਾ ਜਾਂ ਕਾਂਗਰਸ ਵਾਲੇ ਕਰਦੇ ਆਏ ਸਨ। ਰਾਜਨੀਤੀ ਨਾਲ ਜੁੜੇ ਹੋਏ ਕੁਝ ਵਿਸ਼ਲੇਸ਼ਕ ਆਖਦੇ ਹਨ ਕਿ ਭਾਜਪਾ ਇਸ ਗੱਲ ਬਾਰੇ ਚੁੱਪ ਵੱਟੀ ਬੈਠੀ ਹੈ ਅਤੇ ਜਦੋਂ ਚੋਣ ਨੇੜੇ ਆਈ ਤਾਂ ਜਿੰਦਾਂ ਬਿਹਾਰ ਤੇ ਪੱਛਮੀ ਬੰਗਾਲ ਵਿੱਚ ਕੀਤਾ ਸੀ, ਅਚਾਨਕ ਕੇਂਦਰੀ ਖਜ਼ਾਨੇ ਵਿੱਚੋਂ ਪੰਜਾਬ ਦੇ ਲੋਕਾਂ ਲਈ ਏਹੋ ਜਿਹੀਆਂ ਗਰਾਂਟਾਂ ਦਾ ਛੱਟਾ ਦੇ ਸਕਦੀ ਹੈ ਕਿ ਉਹਦੇ ਅਤੇ ਪੰਜਾਬ ਸਰਕਾਰ ਦੇ ਗੱਫੇ ਦੀ ਤੁਲਨਾ ਉਲਟਾਈ ਜਾ ਸਕੇ। ਪੰਜਾਬ ਭਾਜਪਾ ਦੇ ਵੱਡੇ ਆਗੂ ਇਸ ਬਾਰੇ ਪੁੱਛੇ ਜਾਣ ਉੱਤੇ ਭੇਦਭਰੀ ਮੁਸਕਰਾਹਟ ਨਾਲ ਹਰ ਸਵਾਲ ਟਾਲਣ ਦੇ ਮਾਹਰ ਹਨ।

ਆਮ ਆਦਮੀ ਪਾਰਟੀ ਦੇ ਆਗੂ ਇਸ ਤੋਂ ਅਣਜਾਣ ਨਹੀਂ ਤੇ ਉਨ੍ਹਾਂ ਵਿੱਚੋਂ ਕੁਝ ਇਹ ਗੱਲ ਮੰਨਦੇ ਹਨ ਕਿ ਭਾਜਪਾ ਨੇ ਇਹ ਆਖਰੀ ਹੀਲਾ ਕਰਨਾ ਹੈ ਤੇ ਇਹ ਕਹਿੰਦੇ ਹਨ ਕਿ ਜਦੋਂ ਭਾਜਪਾ ਨੇ ਏਦਾਂ ਕਰਨ ਦੀ ਸ਼ੁਰੂਆਤ ਕੀਤੀ, ਓਦੋਂ ਹੀ ਸਮਝ ਪੈ ਜਾਵੇਗੀ ਕਿ ਚੋਣ ਐਲਾਨ ਇੱਕ ਹਫਤੇ ਅੰਦਰ ਹੋਣ ਵਾਲਾ ਹੈ। ਪੰਜਾਬ ਦੇ ਲੋਕ ਇਹ ਐਲਾਨ ਪੜ੍ਹ-ਸੁਣ ਚੁੱਕੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਧ ਜੁਲਾਈ ਵਿੱਚ ਦੌਰਾ ਕਰਨ ਵਾਲੇ ਹਨ ਅਤੇ ਉਸ ਮੌਕੇ ਉਹ ਪੰਜਾਬ ਦੇ ਲੋਕਾਂ ਨੂੰ ਓਦਾਂ ਦੀਆਂ ਛੋਟਾਂ ਵੰਡ ਸਕਦੇ ਹਨ, ਜਿਨ੍ਹਾਂ ਨੂੰ ਰਿਉੜੀਆਂ ਵੰਡਣਾ ਕਹਿ ਕੇ ਉਹ ਬਾਕੀ ਪਾਰਟੀਆਂ ਖਿਲਾਫ ਸਟੇਜਾਂ ਤੋਂ ਬੋਲਦੇ ਰਹਿੰਦੇ ਹਨ। ਇਸ ਦੇ ਨਾਲ ਸੁਣਨ ਨੂੰ ਮਿਲਣ ਲੱਗ ਪਿਆ ਹੈ ਕਿ ਕਈ ਦਹਾਕਿਆਂ ਤੋਂ ਜਾਂ ਬਾਪ-ਦਾਦੇ ਦੇ ਸਮੇਂ ਤੋਂ ਕਾਂਗਰਸ ਨਾਲ ਜੁੜੇ ਕੁਝ ਆਗੂ ਵੀ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵਿਚਲੇ ਸੀਨੀਅਰ ਆਗੂਆਂ ਨਾਲ ਵੇਲੇ-ਕੁਵੇਲੇ ਦੀਆਂ ਮੀਟਿੰਗਾਂ ਕਰਦੇ ਅਤੇ ਇਨ੍ਹਾਂ ਮੀਟਿੰਗਾਂ ਦੇ ਬਹਾਨੇ ਲਈ ਪੰਜਾਬ ਦੀਆਂ ਸਮੱਸਿਆਵਾਂ ਦਾ ਜ਼ਿਕਰ ਛੇੜ ਬਹਿੰਦੇ ਹਨ। ਪ੍ਰਧਾਨ ਮੰਤਰੀ ਮੋਦੀ ਦੀ ਅੱਧ ਜੁਲਾਈ ਦੀ ਗੇੜੀ ਮੌਕੇ ਇਹੋ ਜਿਹੇ ਕੁਝ ਕਾਂਗਰਸੀ ਆਗੂ ਉਸ ਸਟੇਜ ਤੋਂ ਕਮਲ ਦਾ ਫੁੱਲ ਆਪਣੀ ਜੇਬ ਉੱਤੇ ਤਮਗੇ ਵਾਂਗ ਲਟਕਾ ਲੈਣ ਤਾਂ ਹੈਰਾਨੀ ਨਹੀਂ ਹੋਵੇਗੀ। ਇਸ ਤਰ੍ਹਾਂ ਦੇ ਇੱਕ ਕਾਂਗਰਸੀ ਆਗੂ ਨੂੰ ਜਦੋਂ ਅਸੀਂ ਹਕੀਕਤ ਪੁੱਛੀ ਤਾਂ ਉਸ ਨੇ ਸਾਫ ਕਿਹਾ ਕਿ ਅੱਜ ਦੀ ਘੜੀ ਪੰਜਾਬ ਵਿੱਚ ਹਕੂਮਤ ਚਲਾ ਰਹੀ ਪਾਰਟੀ ਦੇ ਮੁਕਾਬਲੇ ਦੀ ਧਿਰ ਲਈ ਆਮ ਲੋਕ ਕਾਂਗਰਸ ਦਾ ਨਾਂਅ ਲੈਂਦੇ ਹਨ, ਪਰ ਸਾਡੀ ਕਾਂਗਰਸ ਦੀ ਲੀਡਰਸ਼ਿਪ ਲਈ ਜਿਸ ਖਿੱਚੋਤਾਣ ਨੇ ਪਿਛਲੀ ਵਾਰ ਸਾਡੇ ਪੈਰ ਨਹੀਂ ਸੀ ਲੱਗਣ ਦਿੱਤੇ, ਇਹ ਫਿਰ ਸਾਡੇ ਜੜ੍ਹੀਂ ਬਹਿੰਦੀ ਲੱਗਦੀ ਹੈ, ਇਸ ਲਈ ਇਸ ਨਾਲ ਜੁੜੇ ਰਹਿਣਾ ਫਲ-ਹੀਣ ਰੁੱਖ ਨਾਲ ਟੰਗੇ ਹੋਣ ਵਾਂਗ ਹੈ। ਉਸ ਨੇ ਸਿੱਧਾ ਇਹ ਨਹੀਂ ਕਿਹਾ ਕਿ ਉਹ ਪਾਰਟੀ ਛੱਡ ਰਿਹਾ ਹੈ, ਪਰ ਜਿੰਦਾਂ ਦੀ ਦਾਰਸ਼ਨਿਕਤਾ ਘੋਟਦਾ ਉਹ ਗੱਲਾਂ ਕਰਦਾ ਰਿਹਾ, ਉਸ ਤੋਂ ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਉਹ ਵੀ ਅਤੇ ਉਹਦੇ ਵਰਗੇ ਕਈ ਹੋਰ ਕਾਂਗਰਸੀ ਆਗੂ ਵੀ ਸਿਆਸਤ ਦੀਆਂ ਸੜਕਾਂ ਟੱਪ ਸਕਦੇ ਹਨ।

ਅਜੋਕੇ ਹਾਲਾਤ ਵਿੱਚ ਅਸੀਂ ਅਕਾਲੀ ਦਲ ਦਾ ਕੋਈ ਜ਼ਿਕਰ ਇਸ ਲਈ ਨਹੀਂ ਕਰ ਰਹੇ ਕਿ ਉਨ੍ਹਾਂ ਲਈ ਮੁਸ਼ਕਲ ਕੋਈ ਇੱਕ-ਅੱਧ ਨਹੀਂ, ਮੁਸ਼ਕਲਾਂ ਦਾ ਢੇਰ ਹੈ ਤੇ ਮੁਸ਼ਕਲਾਂ ਵੀ ਬਹੁ-ਭਾਂਤੀ ਕਹੀਆਂ ਜਾਂਦੀਆਂ ਹਨ। ਜਦੋਂ ਉਹ ਧਾਰਮਿਕ ਮੁੱਦਿਆਂ ਕਾਰਨ ਇੱਕ ਵਾਰ ਆਪੋ ਵਿੱਚ ਦੋ ਥਾਂਈਂ ਵੰਡੇ ਗਏ ਸਨ, ਉਸ ਪਾੜੇ ਨੂੰ ਮੇਟਣ ਲਈ ਕਿਸੇ ਇਹੋ ਜਿਹੇ ਸਿਆਸੀ ਖੇਡਾਂ ਦੇ ਮਾਹਰ ਬਜ਼ੁਰਗ ਦੀ ਲੋੜ ਸੀ, ਜਿਹੜਾ ਪ੍ਰਕਾਸ਼ ਸਿੰਘ ਬਾਦਲ ਵਾਂਗ ਰੁੱਸਿਆਂ ਨੂੰ ਮਨਾਉਣ ਵਾਸਤੇ ਉਨ੍ਹਾਂ ਦੇ ਘਰੀਂ ਖੁਦ ਪਹੁੰਚ ਕਰਨ ਲੱਗ ਜਾਵੇ। ਮੌਜੂਦਾ ਲੀਡਰਸ਼ਿਪ ਏਦਾਂ ਕਰਨ ਦੀ ਥਾਂ ਬੇਰੀ ਹੇਠਾਂ ਲੰਮੇ ਪਏ ਸੁਸਤੀ ਮਾਰੇ ਬੰਦੇ ਵਰਗੀ ਹੈ, ਜਿਹੜਾ ਇਹ ਸੋਚਦਾ ਰਹਿੰਦਾ ਹੈ ਕਿ ਜਦੋਂ ਬੇਰ ਡਿੱਗਿਆ, ਸਿੱਧਾ ਮੇਰੇ ਮੂੰਹ ਵਿੱਚ ਪਵੇਗਾ, ਇਸ ਲਈ ਉਹ ਏਦਾਂ ਦੀ ਪਹੁੰਚ ਕਰਨ ਦੀ ਥਾਂ ਰੁੱਸਿਆਂ ਦੇ ਆਪਣੇ ਆਪ ਮੁੜਨ ਦੀ ਝਾਕ ਰੱਖੀ ਜਾਂਦੇ ਹਨ। ਇਸ ਸਥਿਤੀ ਕਾਰਨ ਹੀ ਬਹੁਤ ਸਾਰੇ ਸਿਆਸੀ ਮਾਹਰ ਇਸ ਵਾਰ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ ਦੇ ਲੇਖੇ-ਜੋਖੇ ਵਿੱਚ ਰੱਖ ਕੇ ਕੋਈ ਗੱਲ ਕਰਨੀ ਬੇਲੋੜੀ ਸਮਝਦੇ ਹਨ ਅਤੇ ਮੁੜ-ਘਿੜ ਕੇ ਆਮ ਆਦਮੀ ਪਾਰਟੀ, ਕਾਂਗਰਸ ਤੇ ਭਾਜਪਾ ਦੀ ਤੁਲਨਾ ਕਰਨ ਤੱਕ ਸੀਮਤ ਹੋ ਜਾਂਦੇ ਹਨ। ਮੌਜੂਦਾ ਹਾਲਾਤ ਅਤੇ ਸਿਆਸੀ ਮਾਹਰਾਂ ਦੇ ਇਹ ਤੋਲ-ਤੁਲਾਵੇ ਦੱਸਦੇ ਹਨ ਕਿ ਅਗਲੇ ਦਿਨੀਂ ਭਾਜਪਾ ਪੰਜਾਬ ਦੀ ਸਥਿਤੀ ਆਪਣੇ ਹੱਕ ਵਿੱਚ ਮੋੜਾ ਦੇਣ ਵਾਸਤੇ ਕੋਈ ਵੱਡੀ ਚੁਸਤ ਚਾਲ ਖੇਡ ਸਕਦੀ ਹੈ, ਜਿਸ ਨਾਲ ਬਾਕੀ ਧਿਰਾਂ ਬੌਂਦਲ ਕੇ ਰਹਿ ਜਾਣ। ਬਾਕੀ ਧਿਰਾਂ ਵਾਲੇ ਆਗੂ ਏਦਾਂ ਦੀ ਕਿਸੇ ਵੀ ਸੰਭਾਵਨਾ ਬਾਰੇ ਸੁਣ ਕੇ ਮਜ਼ਾਕ ਉਡਾਉਂਦੇ ਹਨ।

ਸਿਆਸਤ ਦਾ ਇੱਕ ਗੂੜ੍ਹ ਸਿਧਾਂਤ ਇਹ ਹੁੰਦਾ ਹੈ ਕਿ ਏਦਾਂ ਦੇ ਅਵਾੜੇ ਸੁਣਨ ਤਾਂ ਮਜ਼ਾਕ ਉਡਾਉਣ ਵਾਂਗ ਟਾਲ ਛੱਡੀਦਾ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਉਨ੍ਹਾਂ ਅੰਦਰ ਇਸ ਦਾ ਫਿਕਰ ਨਹੀਂ ਹੁੰਦਾ। ਫਿਕਰ ਹੁੰਦਿਆਂ ਵੀ ਫਿਕਰ ਜ਼ਾਹਰ ਕੀਤੇ ਬਿਨਾਂ ਆਪਣੇ ਕਾਡਰ ਨੂੰ ਹੌਸਲੇ ਵਿੱਚ ਰੱਖਣ ਲਈ ਤੇ ਗੱਲ ਦੱਸਣ ਵਾਲੇ ਨੂੰ ਇਹ ਜਤਾਉਣ ਲਈ ਕਿ ਉਹ ਖੁਦ ਏਨੇ ਵੱਡੇ ਆਗੂਆਂ ਤੋਂ ਸਿਆਣਾ ਨਹੀਂ ਹੋਵੇਗਾ, ਉਹ ਏਦਾਂ ਦੇ ਦਾਅ ਖੇਡਦੇ ਹੋ ਸਕਦੇ ਹਨ। ਆਮ ਆਦਮੀ ਪਾਰਟੀ ਦੇ ਪੰਜਾਬ ਦੇ ਆਗੂ ਵੀ ਅੱਜਕੱਲ੍ਹ ਏਹੋ ਦਾਅ ਵਰਤਦੇ ਹਨ, ਪਰ ਅੰਦਰੋਂ ਉਹ ਚਿੰਤਾ ਵਿੱਚ ਹਨ। ਭਾਜਪਾ ਆਗੂਆਂ ਦੀ ਪੰਜਾਬ ਵੱਲ ਧਾਈ ਬਾਰੇ ਉਹ ਅਣਜਾਣ ਨਹੀਂ ਤੇ ਅੱਗੋਂ ਇਸ ਦਾ ਰਾਹ ਰੋਕਣ ਲਈ ਪੇਸ਼ਬੰਦੀਆਂ ਵੀ ਕਰਦੇ ਸੁਣਦੇ ਹਨ, ਜਿਸ ਤੋਂ ਸਾਫ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਵਿਧਾਨ ਸਭਾ ਚੋਣਾਂ ਦੀ ਬਿੱਜ ਅਗੇਤੀ ਪੈ ਸਕਦੀ ਹੈ। ਇਸ ਹਾਲ ਕਾਰਨ ਉਹ ਭਾਜਪਾ ਦੀ ਮਾਰ ਹੇਠ ਆਉਣ ਵਾਲਿਆਂ ਨੂੰ ਉਸ ਤੋਂ ਅਗੇਤਾ ਬੋਚਣ ਦੇ ਹੀਲੇ ਵਰਤਦੇ ਸੁਣੇ ਹਨ। ਅਕਾਲੀ ਦਲ ਅੰਦਰੋਂ ਜਿੰਨੇ ਕੁ ਲੀਡਰ ਖਿਸਕ ਸਕਦੇ ਸਨ, ਖਿਸਕ ਗਏ, ਭਾਜਪਾ ਅਤੇ ਆਮ ਆਦਮੀ ਪਾਰਟੀ ਦੋਵਾਂ ਦੀ ਅੱਖ ਹੇਠ ਇਸ ਵੇਲੇ ਸਿਰਫ ਕਾਂਗਰਸ ਦੇ ਉਹ ਲੀਡਰਾਂ ਹੋਣਗੇ, ਜਿਨ੍ਹਾਂ ਨਾਲ ਕੁਝ ਲੋਕ ਆਧਾਰ ਹੈ, ਪਰ ਪਾਰਟੀ ਅੰਦਰਲੇ ਹਾਲਾਤ ਦੇ ਕਾਰਨ ਕਾਂਗਰਸ ਛੱਡਣਾ ਚਾਹੁੰਦੇ ਹਨ। ਦੂਸਰੇ ਪਾਸੇ ਆਮ ਆਦਮੀ ਪਾਰਟੀ ਇਸ ਗੱਲੋਂ ਵੀ ਲਗਾਤਾਰ ਫਿਕਰਮੰਦ ਲੱਗਦੀ ਹੈ ਕਿ ਦੂਸਰਿਆਂ ਦੇ ਬੰਦੇ ਖਿੱਚਣ ਰੁੱਝੇ ਵੇਖ ਕੇ ਭਾਜਪਾ ਉਨ੍ਹਾਂ ਅੰਦਰਲੇ ਕੱਚੇ-ਪਿੱਲੇ ਉਬਾਸੀਆਂ ਲੈਣ ਵਾਲਿਆਂ ਨੂੰ ਕੋਈ ਕੁੰਡੀ ਪਾਉਣ ਵਿੱਚ ਕਾਮਯਾਬ ਨਾ ਹੋ ਜਾਵੇ। ਕੇਂਦਰ ਅਤੇ ਪੰਜਾਬ ਵਿੱਚ ਰਾਜ ਕਰਦੀਆਂ ਦੋਵਾਂ ਧਿਰਾਂ ਵਿਚਾਲੇ ਜਿਹੋ ਜਿਹੀ ਖੇਡ ਚੱਲ ਰਹੀ ਹੈ, ਪਰ ਜੇ ਕਿਧਰੇ ਕਾਂਗਰਸ ਵਿੱਚ ਕੋੜਮੇ ਦਾ ਕੁਪੱਤ ਨਾ ਪਿਆ ਹੁੰਦਾ, ਉਹ ਇਨ੍ਹਾਂ ਤੋਂ ਵੱਧ ਤਿੱਖੇ ਢੰਗ ਨਾਲ ਇਹ ਸਭ ਕੁਝ ਕਰ ਸਕਦੀ ਸੀ, ਪਰ ਇਸ ਵੇਲੇ ਏਦਾਂ ਕਰਨ ਜੋਗੀ ਨਹੀਂ ਜਾਪਦੀ। ਇੱਕ ਕਾਂਗਰਸੀ ਆਗੂ ਨੂੰ ਪੁੱਛਿਆ ਤਾਂ ਉਸ ਦਾ ਜਵਾਬ ਸੀ: ਸਹੇ ਨੂੰ ਪੁੱਛਿਆ ਸੀ: ਮਾਸ ਖਾਣਾ ਈ, ਉਹ ਕਹਿਣ ਲੱਗਾ : ਮੇਰਾ ਆਪਣਾ ਬਚਿਆ ਰਹਿਣ ਦਿਉ ਤਾਂ ਉਹੋ ਕਾਫੀ ਹੈ। ਏਸੇ ਤਰ੍ਹਾਂ ਕਾਂਗਰਸ ਨੇ ਕਿਸੇ ਦੂਸਰੀ ਧਿਰ ਦੇ ਬੰਦੇ ਕੀ ਤੋੜਨੇ ਹਨ, ਉਸ ਦੇ ਆਪਣੇ ਬਚ ਜਾਣ ਤਾਂ ਉਹੀ ਕਾਫੀ ਹੈ। ਹਾਲਤ ਦਾ ਏਨਾ ਸੌਖਾ ਤੇ ਸਿੱਧਾ ਖੁਲਾਸਾ ਅਸੀਂ ਉਸ ਕਾਂਗਰਸੀ ਆਗੂ ਦੇ ਮੂੰਹੋਂ ਪਹਿਲੀ ਵਾਰ ਸੁਣਿਆ। ਸਮੁੱਚੇ ਪੰਜਾਬ ਦੇ ਹਾਲਾਤ ਦਾ ਜਿੱਡਾ ਖੁਲਾਸਾ ਉਸ ਕਾਂਗਰਸ ਆਗੂ ਨੇ ਕਰ ਦਿੱਤਾ, ਉਸ ਪਿੱਛੋਂ ਅਗਲੇ ਦਿਨਾਂ ਦੀ ਰਾਜਨੀਤੀ ਨੂੰ ਸਮਝਣ ਲਈ ਹੋਰ ਕੋਈ ਗੱਲ ਕਹਿਣ ਦੀ ਲੋੜ ਨਹੀਂ ਰਹਿ ਜਾਂਦੀ। ਚੋਣਾਂ ਵਾਹਵਾ ਨੇੜੇ ਜਾਪਦੀਆਂ ਹਨ।

# ਕਦੇ ਸਿੱਖ ਗੁਰੀਲਿਆਂ ਦਾ ਵਨਦੁਰਗ ਸੀ, ਕਾਹਨੂੰਵਾਨ

**ਪਿੰਡ ਵਸਿਆ-83**
**ਵਿਜੇ ਬੰਬੇਲੀ**

"ਪੰਜਾਬ ਕੋਸ਼, ਜਿਲਦ ਪਹਿਲੀ" ਦੇ ਪੰਨਾ 572 'ਤੇ ਦਰਜ ਹੈ, "ਕਾਹਨੂੰਵਾਨ, ਗੁਰਦਾਸਪੁਰ ਜ਼ਿਲ੍ਹੇ ਦਾ ਇਕ ਪਿੰਡ (ਦਲਦਲੀ ਵਸੇਬ) ਹੈ। ਕਾਹਨੂੰਵਾਨ ਦੇ ਨਾਂਅ 'ਤੇ ਇੱਥੇ ਮੌਜੂਦ ਛੰਭ (ਦਲਦਲ) ਦਾ ਨਾਂਅ ਵੀ ਕਾਹਨੂੰਵਾਨ ਛੰਭ ਪਿਆ। ਇਹ ਉਹ ਜਗ੍ਹਾ ਸੀ ਜਿੱਥੇ ਮੁਸੀਬਤ ਪੈਣ 'ਤੇ ਸਿੰਘ (ਖਾਸ ਕਰਕੇ ਬੰਦਾ ਸਿੰਘ ਜੀ ਬਹਾਦੁਰ ਅਤੇ ਮਿਸਲਾਂ ਤੋਂ ਪਹਿਲਾਂ) ਆ ਕੇ ਛੁਪਦੇ ਸਨ, ਕਿਉਂਕਿ ਇੱਥੇ ਸੰਘਣਾ ਜੰਗਲ (ਪੱਠੇ, ਸ਼ਿਕਾਰ ਅਤੇ ਪਾਣੀ ਤੇ ਗੁਰੀਲਾ ਲੁਕਣਗਾਹ) ਸੀ। ਇਸ ਥਾਂ ਨੂੰ ਖਾਲਸੇ ਦਾ ਵਨਦੁਰਗ (ਜੰਗਲੀ ਕਿਲ੍ਹਾ) ਵੀ ਕਿਹਾ ਜਾਂਦਾ ਸੀ। ਇੱਥੇ ਬਹੁਤ ਸਾਰੀਆਂ ਪੁਰਾਤਨ ਇਮਾਰਤਾਂ ਅਜੇ ਵੀ ਮੌਜੂਦ ਹਨ, ਜਿਨ੍ਹਾਂ ਵਿੱਚੋਂ ਸ਼ਾਹ ਬੁਰਹਾਨ ਦਾ ਮਕਬਰਾ, ਬੈਰਾਗੀ ਮੰਦਰ, ਸੰਨਿਆਸੀਆਂ ਦਾ ਮੱਠ ਅਤੇ ਜੋਗੀ ਮੰਦਰ ਵਰਨਣਯੋਗ ਹਨ।"

ਪ੍ਰਮਾਣਿਕਤਾ 'ਚ ਇਸ ਸਥਾਨ ਦੀ ਉੱਘਤਾ ਦਲਦਲੀ, ਕਾਨਿਆਂ ਦੇ ਬਣ ਵਜੋਂ ਸੀ। ਮੌਖਿਕਤਾ ਅਨੁਸਾਰ "ਕਾਹਨੂੰਵਾਨ" ਸ਼ਬਦ ਦੋ ਅਬਾਰਤਾਂ ਦੇ ਜਮਾਂਜੋੜ ਤੋਂ ਉੱਗਮਿਆ ਸੀ: ਦਿੱਬ ਅਤੇ "ਕਾਨਿਆਂ" ਦੀ ਭਰਮਾਰ ਵਾਲਾ "ਬੀਆਂਵਾਨ" ਛੰਭ (ਜਲ ਖਿੱਤਾ), ਭਾਵ; ਕਾਨਿਆਂ ਦਾ ਵਾਨ (ਜੰਗਲ): ਕਾਹਨੂੰਵਾਨ। ਉਂਜ; ਲਿਖਤੀ ਕਨਸੋਅ ਇਹ ਪ੍ਰਾਪਤ ਹੋਈ, "ਇੱਕ ਹਿੰਦੂ ਰਾਜੇ 'ਰਾਜਾ ਕਨਵਾ" ਜਿਹੜਾ ਕਿ "ਹਰਚਾਂਦ ਰਾਜਪੂਤ ਘਰਾਣੇ ਨਾਲ ਸੰਬੰਧ ਰੱਖਦਾ ਸੀ, ਨੇ ਪਠਾਣ ਹਮਲਾਵਰਾਂ ਦਾ ਮੁਕਾਬਲਾ ਕਰਨ ਲਈ ਜਾਂ ਉਹਨਾਂ ਤੋਂ ਬਚਣ ਲਈ ਇਹ ਜਾਂਗਲੀ (ਬੀਆਂਵਾਨ) ਯੁੱਧਨੀਤਕ ਖਿੱਤਾ ਆਬਾਦ ਕੀਤਾ ਸੀ। ਇੰਜ, "ਕਨਵਾ" ਅਤੇ "ਵਾਨ" ਸ਼ਬਦਾਂ ਦੇ ਜਮਾਂ-ਜੋੜ ਤੋਂ "ਕਾਹਨੂੰਵਾਨ" ਸ਼ਬਦ ਦੀ ਉੱਤਪਤੀ ਹੋ ਗਈ। ਪਹਿਲ-ਪਲੱਕੜਿਆਂ 'ਚ ਇੱਥੇ ਹਿੰਦੂ ਭਾਰੂ ਰਹੇ ਪਰ ਜਿਉਂ ਹੀ 1525 ਨੂੰ ਬਾਬਰ ਨੇ ਇਸ ਪਾਸਿਓਂ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਇਹ ਖੇਤਰ ਸਮਾਂ-ਦਰ-ਸਮਾਂ ਮੁਗਲਾਂ ਅਧੀਨ ਆਉਂਦਾ ਰਿਹਾ। ਹਾਂ; ਕਈ ਕਾਰਨਾਂ ਕਰਕੇ ਕਾਹਨੂੰਵਾਨ ਸਮਰਾਟ ਅਕਬਰ ਦਾ ਮਨ-ਪਸੰਦੀਦਾ ਬਣ ਗਿਆ ਸੀ, ਜਿਸ ਇੱਥੇ ਲੋੜੀਂਦੀਆਂ ਉਸਾਰੀਆਂ ਵੀ ਕਰਵਾਈਆਂ। ਪ੍ਰੰਤੂ ਇਸ ਥਾਂ ਦੀ ਜ਼ਿਆਦਾ ਉੱਘਤਾ ਸਿੱਖ ਸੰਘਰਸ਼ਾਂ ਤਹਿਤ ਬਣੀ।

ਸਿੱਖ ਇਤਿਹਾਸ ਵਿੱਚ, ਸਿੱਖਾਂ ਦੀ ਨਸਲਕੁਸ਼ੀ ਸੰਦਰਭ, ਦੋ ਘੱਲੂਕਾਰੇ ਬੜੇ ਮਸ਼ਹੂਰ ਅਤੇ ਦਰਦਨਾਕ ਹਨ, "ਛੋਟਾ ਘੱਲੂਕਾਰਾ ਅਤੇ ਵੱਡਾ ਘੱਲੂਕਾਰਾ"। ਵੱਡਾ ਘੱਲੂਕਾਰਾ, 5 ਫਰਵਰੀ 1762 ਨੂੰ, ਮਾਲੇਰਕੋਟਲਾ ਲਾਗੇ "ਕੁੱਪ-ਰਹੀੜਾ" ਮੈਦਾਨ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਫੌਜੀ ਅਹਿਲਕਾਰਾਂ ਵਰਤਾਇਆ, ਜਿਸ ਵਿੱਚ ਕਰੀਬ ਤੀਹ ਹਜ਼ਾਰ ਸਿੰਘ, ਜ਼ਿਆਦਾਤਰ ਬੱਚੇ, ਔਰਤਾਂ ਅਤੇ ਬਿਰਧ ਕਤਲ ਕਰ ਦਿੱਤੇ ਗਏ ਸਨ। "ਛੋਟਾ ਘੱਲੂਕਾਰਾ", ਜਿਹੜਾ 17 ਮਈ 1746 ਦੇ ਦਿਨੀਂ, ਲਗਾਤਾਰ ਕਰੀਬ ਇੱਕ ਮਾਹ, ਕਾਹਨੂੰਵਾਨ ਦੇ ਛੰਭ, ਜੰਗਲ ਅਤੇ ਦਲਦਲ ਵਿੱਚ ਅਫਗਾਨੀ-ਦੁਰਾਨੀ ਫੌਜਾਂ ਨੇ ਲਖਪਤ ਰਾਏ ਅਤੇ ਮੁਲਤਾਨੀ ਫੌਜਾਂ ਸਮੇਤ ਲੱਗਭੱਗ ਦਸ-ਬਾਰਾਂ ਹਜ਼ਾਰ ਸਿੰਘ ਸ਼ਹੀਦ ਕਰ ਦਿੱਤੇ ਸਨ।

ਪ੍ਰੰਤੂ ਭੂਗੋਲ ਵਿੱਚ ਜਿਸ ਕਰਕੇ ਕਾਹਨੂੰਵਾਨ ਜਗਤ ਪ੍ਰਸਿੱਧ ਹੈ, ਉਹ ਹੈ ਇਸ ਦਾ ਜਲ ਲਬਰੇਜ਼ ਛੰਭ। ਮਿੱਟੀ ਤੇ ਪਾਣੀ ਦੇ ਜਮਾਂ-ਜੋੜ ਜਾਂ ਸੰਯੋਗ ਨਾਲ ਬਣੀ ਵਿਸ਼ੇਸ਼ ਵਾਤਾਵਰਣੀ ਪ੍ਰਣਾਲੀ ਨੂੰ 'ਸਿੱਲੀ ਮਿੱਟੀ' ਜਾਂ 'ਵੈੱਟ ਲੈਂਡ' ਕਿਹਾ ਜਾਂਦਾ ਹੈ। ਪੰਜਾਬ ਵਿੱਚ ਵੱਖ-ਵੱਖ ਥਾਵੀਂ, ਇਸ ਨੂੰ 'ਦਲਦਲ', 'ਸਲ੍ਹਾਬੀ ਧਰਤੀ', 'ਜਿਲ੍ਹਣ', 'ਝੰਬ', 'ਨਮ ਧਰਤੀ' ਤੇ 'ਛੰਭ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਪਰ ਵਗਦੇ ਪਾਣੀਆਂ, ਨਦੀਆਂ, ਅਧਾਰਿਤ ਬਣੀ ਵੱਡੀ ਦਲਦਲ ਦਾ ਪ੍ਰਵਾਨਿਤ ਨਾਂਅ 'ਜਲਗਾਹ' ਹੈ ਜਿਸ ਦੀ ਜੀਵੰਤ ਸੰਸਾਰ 'ਚ ਬੜੀ ਅਹਿਮੀਅਤ ਹੈ। ਜਲਗਾਹ ਜਾਂ ਨਮਸਥਲ ਉਹ, ਨੀਵਾਂ, ਸਥਾਨ ਹੈ ਜਿੱਥੇ ਪਾਣੀ ਦਾ ਸਤਰ ਉੱਚਾ ਹੋਣ ਕਰਕੇ ਜਾਂ ਜਮ੍ਹਾਂ ਹੋਣ ਕਰਕੇ ਖਾਸ ਸਮੇਂ ਤੱਕ ਜਾਂ ਸਾਰਾ ਸਾਲ ਖੜ੍ਹਾ ਰਹਿੰਦਾ ਹੈ ਜਾਂ ਉਥੇ ਦੀ ਜ਼ਮੀਨ ਸਦਾ ਤਰ ਰਹਿੰਦੀ ਹੈ।

ਸਾਨੂੰ ਬਹੁਤਿਆਂ ਨੂੰ ਛੰਭਾਂ, ਅਰਥਾਤ; ਜਲਗਾਹਾਂ ਅਤੇ ਇਹਨਾਂ ਦੀ ਮਹੱਤਤਾ ਬਾਰੇ ਨਹੀਂ ਪਤਾ। ਇਹਨਾਂ ਦੀ ਮੌਸਮਾਂ ਅਤੇ ਜੀਵ-ਸੰਸਾਰ ਨੂੰ ਦੇਣ ਬਾਰੇ ਤਾਂ ਬਿੱਲਕੁਲ ਹੀ ਨਹੀਂ। ਇਸੇ ਕਰਕੇ ਛੰਭਾਂ, ਜਿਹੜੀਆਂ, ਇਸ ਧਰਤੀ 'ਤੇ ਮਨੁੱਖ ਅਤੇ ਕੁਦਰਤ, ਦੋਵਾਂ ਲਈ, ਬਰਸਾਤੀ ਜੰਗਲਾਂ ਤੋਂ ਬਾਅਦ ਦੂਸਰਾ ਸਭ ਤੋਂ ਸੂਖਮ ਅਤੇ ਉਪਜਾਊ ਵਾਤਾਵਰਣੀ ਪ੍ਰਬੰਧ ਹਨ, ਵੀ ਬੜੀ ਤੇਜ਼ੀ ਨਾਲ ਮਾਰ-ਮੁਕਾਈਆਂ ਜਾ ਰਹੀਆਂ ਹਨ। ਉਹ ਵੀ ਬਿਨਾਂ ਕਿਸੇ ਰੌਲੇ-ਰੱਪੇ ਜਾਂ ਵਿਰੋਧ ਦੇ। ਪੌਦਿਆਂ ਅਤੇ ਦੇਸੀ ਜੀਵਾਂ ਦੀ ਸਥਾਈ ਅਤੇ ਪ੍ਰਵਾਸੀ ਪੰਛੀਆਂ ਦੀ ਆਰਜ਼ੀ ਜਾਂ ਮੌਸਮੀ ਤੇ ਜਣਨ-ਪ੍ਰਜਣਨ ਹਿੱਤ ਸੁਰੱਖਿਅਤ ਪਨਾਹਗਾਹ ਸਾਬਤ ਹੁੰਦੀਆਂ ਸਨ/ਹਨ। ਇਹੀ ਨਹੀਂ ਪਾਣੀ ਦੀ ਗੁਣਤਾ ਨੂੰ ਸਹੀ ਰੱਖਣ, ਜਲ-ਚੱਕਰ ਅਤੇ ਜੀਵਨ-ਚੱਕਰ ਦੀ ਨਿਰੰਤਰਤਾ ਵਿੱਚ ਵੀ ਜਲਗਾਹਾਂ ਦਾ ਅਹਿਮ ਕਾਰਜ ਸੀ/ਹੈ। ਅਰਥਾਤ; ਜਲਗਾਹਾਂ, ਜੀਵ-ਵਿਭਿੰਨਤਾ ਨੂੰ ਬਰਕਰਾਰ ਤੇ ਸੰਭਾਲਣ, ਮੌਸਮ/ਵਰਖਾ ਨੂੰ ਸਾਂਵਾਂ ਰੱਖਣ ਅਤੇ ਵਰਖੇਈ ਪਾਣੀ ਨੂੰ ਧਰਤੀ 'ਚ ਗਰਕਾਉਣ ਵਿੱਚ ਅਹਿਮ ਰੋਲ ਨਿਭਾਉਂਦੀਆਂ ਹਨ।

2001 ਤੱਕ ਸੰਸਾਰ ਪੱਧਰ 'ਤੇ 1072 ਜਲਗਾਹਾਂ, ਜਿਹਨਾਂ ਥੱਲੇ ਕਰੀਬ 8 ਕਰੋੜ ਹੈਕਟੇਅਰ ਤੋਂ ਕੁੱਝ ਵੱਧ ਰਕਬਾ ਸੀ, ਨੂੰ ਸੂਚੀ-ਬੱਧ ਕੀਤਾ ਗਿਆ। ਪੰਜਾਬ ਦਾ ਮਹਿਜ਼ 1 ਫੀਸਦੀ ਖੇਤਰ ਹੀ ਜਲਗਾਹਾਂ/ਝੀਲਾਂ/ਦਲਦਲਾਂ ਹੇਠ ਸੀ/ਹੈ। ਪੰਜਾਬ ਵਿੱਚ ਕਰੀਬ 20 ਉੱਭਰਵੀਆਂ ਜਲਗਾਹਾਂ/ਦਲਦਲਾਂ (ਵੈੱਟ ਲੈਂਡ) ਸਨ/ਹਨ। ਜਿਹਨਾਂ ਵਿੱਚ ਤਿੰਨ ਅੰਤਰ-ਰਾਸ਼ਟਰੀ : ਹਰੀਕੇ, ਕਾਂਜਲੀ ਤੇ ਰੋਪੜ। ਦੋ ਨੈਸ਼ਨਲ : ਰਣਜੀਤ ਸਾਗਰ (ਥੀਨ ਡੈਮ) ਅਤੇ ਨੰਗਲ ਸਾਗਰ (ਭਾਖੜਾ ਜਲ-ਕੁੰਡ) ਅਤੇ 6 ਪੰਜਾਬ ਪੱਧਰੀ : ਜਸਤਰਵਾਲ ਝੀਲ (ਅੰਮ੍ਰਿਤਸਰ), ਢੋਲਬਾਹਾ ਰੈਜ਼ਰਵਾਇਰ (ਹੁਸ਼ਿਆਰਪੁਰ), ਮੰਡ ਭਰਥਲਾ ਤੇ ਛਾਵਰੀਆਂ-ਬੰਘੜ, ਕੇਸ਼ੋਪੁਰ ਮਿਆਨੀ ਦਲਦਲ ਤੇ ਕਾਹਨੂੰਵਾਨ ਛੰਭ (ਪਠਾਨਕੋਟ/ਗੁਰਦਾਸਪੁਰ) ਹਨ। ਅਫਸੋਸ! ਮਨੁੱਖੀ ਲਾਲਚਾਂ ਕਾਰਨ ਇਹ ਛੰਭਾਂ ਮਰ-ਮੁੱਕ ਰਹੀਆਂ ਹਨ।

ਕੈਂਬਰਿਜ ਯੂਨੀਵਰਸਿਟੀ ਦੇ ਮਿ.ਐਂਡਰਿਊ ਬਾਮਫੋਰਡ ਅਨੁਸਾਰ, "ਸਾਡੇ ਵੱਲੋਂ ਜਲਗਾਹਾਂ ਸਮੇਤ ਸਾਰੇ ਬਚੇ-ਖੁਚੇ ਕੁਦਰਤੀ ਸਰੋਤਾਂ ਦੀ ਕੀਤੀ ਜਾ ਰਹੀ ਅਣਥੱਕ ਬਰਬਾਦੀ ਥੋੜ੍ਹ ਚਿਰੇ ਨਿੱਜੀ ਲਾਭ ਖਾਤਰ ਸਮੁੱਚੀ ਮਨੁੱਖਤਾ ਦੇ ਭਲੇ ਨੂੰ ਦਾਅ 'ਤੇ ਲਾ ਰਹੀ ਹੈ। ਜਿਵੇਂ-ਜਿਵੇਂ ਥੁੜ ਰਹੇ ਕੁਦਰਤੀ ਸੋਮੇ ਹੋਰ ਵਧੇਰੇ ਦੁਰਲੱਭ ਹੁੰਦੇ ਜਾਂਦੇ ਨੇ, ਉਵੇਂ-ਉਵੇਂ ਉਹ ਸਮਾਜਿਕ ਲਾਭਾਂ ਦੇ ਪੱਖ ਤੋਂ ਸਾਡੇ ਲਈ ਬੇਸ਼ਕੀਮਤੀ ਅਤੇ ਨਾ-ਸਿਰਜਤ ਬਣੀ ਜਾਂਦੇ ਹਨ। ਸਾਡੇ ਕੋਲ ਜੋ ਬਚਿਆ ਹੈ, ਉਸ ਨੂੰ ਸੰਭਾਲ ਕੇ ਰੱਖਣ ਦੀ, ਆਰਥਿਕ ਤੇ ਨੈਤਿਕ ਦੋਹਾਂ ਪੱਖਾਂ ਤੋਂ ਜ਼ਿੰਮੇਵਾਰੀ ਬਣਦੀ ਹੈ।" ਇੱਕ ਅੰਤਰਰਾਸ਼ਟਰੀ ਮੱਤ ਮੁਤਾਬਿਕ, "ਨਮ-ਧਰਤੀਆਂ ਨੂੰ ਜਿਉਂਦੀਆਂ ਰੱਖ ਕੇ ਏਥੋਂ ਹੋਣ ਵਾਲੇ ਕੁਦਰਤ-ਬਖਸ਼ਿੰਦ ਸਮਾਜਿਕ ਫਾਇਦੇ, ਇਹਨਾਂ ਨੂੰ 'ਕਾਬੂ' ਕਰਕੇ ਪ੍ਰਾਪਤ ਕੀਤੇ ਜਾਣ ਵਾਲੇ ਦੁਨੀਆਵੀ ਲਾਭਾਂ ਤੋਂ ਕਿਤੇ ਵੱਧ ਅਤੇ ਅਮੁੱਲੇ ਨੇ।" ਕਾਹਨੂੰਵਾਨ ਛੰਭ ਵੀ ਸਾਡੀਆਂ ਕਰਤੂਤਾਂ ਕਾਰਨ ਮਰ-ਮੁੱਕ ਰਿਹਾ ਹੈ। ਉਹ ਛੰਭ ਜਿਸ ਦੀ ਬਦੌਲਤ ਕਾਹਨੂੰਵਾਨ ਦੀ ਤਾਅ-ਹਿੰਦੋਸਤਾਨ ਵਿੱਚ ਤੂਤੀ ਬੋਲਦੀ ਸੀ।

ਅਖੀਰ ਵਿੱਚ; ਤੁਸੀਂ ਮੈਨੂੰ ਉੱਘੇ ਤਵਾਰੀਖੀਏ, ਕਾਲਮ ਨਵੀਸ ਬੂਟੇ ਸ਼ਾਹ ਦੀ ਕਿਤਾਬ "ਪੰਜਾਬ ਦੀ ਜੋਗਰਾਫਯਾਈ ਤਵਾਰੀਖ", 1850, ਵਿੱਚੋਂ ਇੱਕ ਘੁਮੱਕੜ ਨੋਟ ਇਸ ਕਦੀਮੀ ਨਗਰ ਬਾਰੇ ਕੋਟ ਕਰਨ ਦੀ ਆਗਿਆ ਦਿਓ: "ਕਾਹਨੂਵਾਣ ਇਕ ਕਦੀਮੀ ਪਕਾ ਸਹਿਰ, ਬਿਆਹ ਨਦੀ ਦੇ ਉੱਚੇ ਕੰਢੇ ਪੁਰ ਹੈ; ਸੋ ਹੁਣ ਬਹੁਤ ਜਾਗਾ ਤੇ ਉੱਜੜ ਹੋ ਗਿਆ ਹੈ। ਦਿੱਲੀ ਵਾਲ੍ਹਿਆਂ ਪਾਤਸਾਹਾਂ ਦੇ ਸਮੇ ਵਿਚ, ਇਹ ਸਹਿਰ ਬਹੁਤ ਉਮਰਾਵਾਂ ਦੇ ਰਹਿਣ ਦੀ ਜਾਗਾ ਹੋ ਗਿਆ ਸਾ; ਕਿਉਂਕਿ ਪਾਤਸਾਹ ਸਕਾਰ ਖੇਡਣ ਲਈ ਇਥੇ ਬਹੁਤ ਆਇਆ ਕਰਦੇ ਸੇ। ਅਤੇ ਇਹ ਧਰਤੀ ਸਿੱਲੀ ਅਤੇ ਨੀਵੀਂ ਹੈ; ਇਸ ਦਾ ਚੜ੍ਹਾਉ, ਢਾਇਓਂ ਲੈ ਕੇ , ਦਰਿਆਉ ਦੇ ਕੰਢੇ ਤੀਕੁਰ, ਪੰਜ ਛੇ ਕੋਹ, ਅਤੇ ਲੰਬਾਉ, ਪੈਂਤੀ ਕੋਹ ਹੈ। ਇਸ ਧਰਤੀ ਵਿਚ ਪਿੰਡ ਬਹੁਤ ਬਸਦੇ ਹਨ, ਅਤੇ ਕਈ ਜਾਗੀਂ ਅਜਿਹਾ ਝੱਲ ਅਤੇ ਬੇਲਾ ਹੈ, ਜੋ ਰੁੱਖਾਂ ਅਰ ਪਾਣੀਆਂ ਦੀ ਬੁਤਾਇਤ ਕਰਕੇ ਅਸਵਾਰ ਪੈਦਲ ਉਥੋ ਔਖਾ ਲੰਘ ਸਕਦਾ ਹੈ। ਦੂਜਾ ਇਹ, ਕਿ ਉਸ ਜਾਗਾ ਹਰਨ, ਪਾਹੜੇ, ਸੀਂਹ, ਚਿੱਤੇ, ਅਤੇ ਸੂਰ, ਜੋ ਉਨਾਂ ਨੂੰ ਕਾਨੂ ਬੀ ਆਖਦੇ ਹਨ, ਬਹੁਤ ਹੀ ਹਨ; ਇਸ ਕਰਕੇ ਹੋਰ ਲੋਕ ਬੀ ਉਸ ਰਸਤੇ ਜਾਂਦੇ ਡਰਦੇ ਹਨ। ਇਸ ਜਾਗਾ ਅਜਿਹੇ ਬੇਲੇ, ਅਤੇ ਵਡੀਆਂ ਵਡੀਆਂ ਢਾਬਾਂ ਕਈ ਹਨ, ਜੋ ਸਕਾਰੀ ਲੋਕ ਡੌਂਡੀਆਂ ਵਿਚ ਬੈਠ ਕੇ, ਉਥੇ ਮੱਛੀਆਂ ਅਰ ਮੁਰਗਾਬੀਆਂ ਦਾ ਸਾਕਾਰ ਖੇਡਦੇ, ਅਤੇ ਸੈਲ਼ ਕਰਦੇ ਹਨ। ਅਤੇ ਮਾਛੀ ਲੋਕ, ਮੱਛੀਆਂ ਅਰ ਮੁਰਗਾਬੀਆਂ, ਅਤੇ ਨਾਪੇ ਦੇ ਫੁੱਲ, ਅਤੇ ਸੰਘਾੜੇ, ਇਸ ਸਹਿਰੋਂ ਕਲਾਨੌਰ ਅਰ ਬਟਾਲੇ ਤੀਕੁਰ ਲੈ ਜਾਕੇ ਬੇਚਦੇ ਹਨ। ਅਤੇ ਉਸ ਢਾਬ ਵਿਚ, ਜੋ ਸਹਿਰੋਂ ਅੱਧ ਕੋਹ ਹੈ, ਅਕਬਰ ਪਾਤਸਾਹ ਦੀਆਂ ਸੁੰਦਰ ਬੈਠਕਾਂ ਪਾਨੀ ਦੇ ਵਿਚ ਬਣਵਾਈਆਂ ਹੋਈਆਂ ਸਨ, ਸੋ ਹੁਣ ਉਜਾੜ ਪਈਆਂ ਹਨ, ਅਤੇ ਦੱਭ ਸਰਕੜਾ ਉੱਗਿਆ ਹੋਇਆ ਹੈ; ਉਥੇ ਤੀਕੁਰ ਬੇੜੀ ਵਿਚ ਬੈਠਕੇ ਜਾਈਦਾ ਹੈ। ਗਲ ਕੀ, ਇਸ ਜਾਗਾ ਵਰਗੀ ਸਕਾਰਗਾਹ ਸਾਰੀ ਪੰਜਾਬ ਵਿਚ ਘੱਟ ਹੈ। ਦਿੱਲੀ ਕਾਬੁਲ ਦੇ ਪਾਤਸਾਹ, ਜਦ ਕਦੇ ਇਸ ਮੁਲਕ ਵਿਚ ਆਣ ਫਿਰਦੇ ਸੇ, ਤਾਂ ਇਸ ਜਾਗਾ ਦੇ ਸਕਾਰ ਕੀਤੇ ਬਿਨਾ ਮੁੜਕੇ ਨਹੀਂ ਜਾਂਦੇ ਸਨ; ਹੁਣ ਲਹੌਰ ਦਾ ਹਾਕਮ ਬੀ ਕਦੇ ਕਦੇ ਸਕਾਰ ਖੇਡਣ ਲਈ ਇਥੇ ਆ ਫਿਰਦਾ ਹੈ।"

**ਸੰਪਰਕ : 94634-39075**

# ਸੁਣ ਮਾਂਦਰੀਆ ! ਸਰਪ ਡੰਗਣ ਨੂੰ ਫਿਰਦੇ ਨੇ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-73**
**ਸੁਰਜੀਤ ਸੁਮਨ**

ਅਮਲਤਾਸ ਦੇ ਪੀਲ਼ੇ ਪੀਲ਼ੇ ਫੁੱਲ ਏਅਰਪੋਰਟ ਰੋਡ ਨੂੰ ਗਲ਼ਵਕੜੀ ਪਾਈ ਚੁਫੇਰਿਉਂ ਘੇਰੀ ਖੜ੍ਹੇ ਹਨ। ਸੜਕ ਦੇ ਦੋਵਾਂ ਕਿਨਾਰਿਆਂ 'ਤੇ ਇਨ੍ਹਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ, ਕਿਸੇ ਪਰੀ ਦੇਸ਼ ਦਾ ਆਭਾ-ਮੰਡਲ ਸਿਰਜਦੀਆਂ ਪ੍ਰਤੀਤ ਹੁੰਦੀਆਂ ਹਨ। ਤਾਇਆ ਆਤਮਾ ਸਿੰਘ ਹੁੰਦੇ ਤਾਂ ਉਨ੍ਹਾਂ ਅਮਲਤਾਸ ਦੇ ਮੈਡੀਸਨਲ ਗੁਣਾਂ ਦਾ ਵਖਿਆਨ ਕਰਦਿਆਂ ਆਖਣਾ ਸੀ, 'ਬਈ ਇਹ ਪੇਟ ਦੀਆਂ ਬਿਮਾਰੀਆਂ ਲਈ ਬੜਾ ਗੁਣਕਾਰੀ ਹੁੰਦੈ ਭਤੀਜ। ਇਸ ਦੀਆਂ ਫਲ਼ੀਆਂ ਦਾ ਜਲੌਅ ਕਿਸੇ ਚਮਕਤਾਰ ਤੋਂ ਘੱਟ ਨਈਂ ਹੁੰਦਾ।' ਪੀਲ਼ੇ ਪੀਲ਼ੇ ਫੁੱਲ ਮੈਨੂੰ ਜੇਠ ਹਾੜ੍ਹ ਦੀਆਂ ਸਿਖਰ ਦੁਪਹਿਰਾਂ ਵਿੱਚ ਕਿਸੇ ਮਾਣਮੱਤੀ, ਭਰ ਜੋਬਨ ਮੁਟਿਆਰ ਵਾਂਗ ਸਜੇ-ਸੰਵਰੇ ਖੜ੍ਹੇ ਕਿਸੇ ਹਾਣੀ ਦੀ ਉਡੀਕ ਵਿੱਚ ਆਪਣੀ ਆਉਧ ਹੰਢਾ ਰਹੇ ਜਾਪੇ। ਪੀਲ਼ਾ ਰੰਗ ਰੂਹ ਨੂੰ ਸਕੂਨ ਦਿੰਦਾ ਹੈ। ਕਿਸੇ ਗੱਭਰੂ ਜਾਂ ਮੁਟਿਆਰ ਨੂੰ ਹਲ਼ਦੀ ਦਾ ਲੱਗਣਾ ਜਾਂ ਵਟਣਾ ਲੱਗਣਾ ਜ਼ਿਹਨ ਵਿੱਚ ਆਉਂਦਿਆਂ ਹੀ, ਸ਼ਗਨ ਸ਼ੁਭ ਹੋ ਜਾਂਦਾ ਹੈ। ਉਂਝ ਅੱਜ ਦੇ ਤਾਜ਼ਾ-ਤਰੀਨ ਮੌਸਮਾਂ ਵਿੱਚ ਸਾਡੇ ਗੱਭਰੂਆਂ ਤੇ ਮੁਟਿਆਰਾਂ ਨੂੰ ਨਿੱਤ ਦਿਨ ਪਤਾ ਨਹੀਂ ਕੀ ਹੋਈ ਜਾਂਦੈ ? ਭੈੜੇ, ਨਿਰਮੋਹੇ ਈ ਹੁੰਦੇ ਤੁਰੀ ਜਾ ਰਹੇ ਹਨ। ਇਨਾਂ ਦੇ ਮਨਾਂ ਅੰਦਰਲੀਆਂ ਪਰਤਾਂ ਦੀਆਂ ਸਿਆਹ ਕੰਦਰਾਂ ਵਿੱਚ ਪਤਾ ਨਹੀਂ ਕਦੋਂ ਤੇ ਕਿਹੜੇ ਵੇਲ਼ੇ ਲਿਵ-ਇਨ-ਰਿਲੇਸ਼ਨਸ਼ਿੱਪ ਦਾ ਸੰਘਣਾ ਪਿੱਪਲ਼ ਉੱਗ ਆਇਆ ਹੈ। ਇਸੇ ਲਈ ਤਾਂ ਅੱਜ ਅਤੇ ਆਉਣ ਵਾਲ਼ੇ ਕੱਲ੍ਹ ਦੇ ਮੁੱਖੜੇ ਦਾ ਰੰਗ ਪੀਲ਼ਾ-ਭੂਕ ਹੋਈ ਜਾਂਦੈ। ਇਹ ਭੋਰਾ ਸਮਝ ਨਈਂ ਆਉਂਦੀ ਬਈ ਦਿਨ-ਬ-ਦਿਨ ਇਨ੍ਹਾਂ ਦਾ ਦਿਲ ਕਾਲ਼ਾ ਕਿਉਂ ਹੋਈ ਜਾਂਦੈ ? ਜਦਕਿ ਇਨ੍ਹਾਂ ਦੀ ਉਮਰ ਵਿੱਚ ਤਾਂ ਦਿਲਾਂ ਵਿੱਚ 'ਕਾਲ਼ੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਲਿਆਂਦਾ' ਜਿਹੇ ਗੀਤਾਂ ਦੇ ਬੋਲ ਗੂੰਜਦੇ ਹੋਣੇ ਚਾਹੀਦੇ ਸਨ। ਪਰ ਇਹ ਕੀ ? ਇਹ ਪੁਰਾਣੇ ਰਾਜੇ-ਮਹਾਰਾਜਿਆਂ ਤੇ ਰਾਜਕੁਮਾਰਾਂ ਵਾਂਗ ਗੰਧਰਵ ਵਿਆਹਾਂ ਵਰਗੇ ਰਿਸ਼ਤਿਆਂ ਦੁਆਲ਼ੇ ਮੰਡਰਾਉਣ ਲੱਗ ਪਏ ਹਨ। ਇਹ ਕਿਹੋ ਜਿਹੀ ਹਵਾ ਵਗੀ ਹੈ, ਜਿਸ ਰੰਗ ਵਿੱਚ ਭੰਗ ਪਾ ਛੱਡਿਆ ਹੈ।

ਸੋਚਦਾ ਹਾਂ, ਅਜੋਕੇ ਮਨੁੱਖ ਦਾ ਦੁੱਧ-ਚਿੱਟਾ ਮਨ ਤਾਂ ਹਨ੍ਹੇਰੀਆਂ ਗੁਫਾਵਾਂ ਜਾਂ ਕੰਦਰਾਂ ਵਿੱਚ ਗਰਕਦਾ ਚਲਿਆ ਜਾ ਰਿਹੈ ? ਚਿੱਟੀਆਂ, ਕਪਾਹ ਦੀਆਂ ਫੁੱਟੀਆਂ ਵਰਗੇ ਇਨ੍ਹਾਂ ਦੇ ਮਨ ਦਾ ਅੰਬਰ ਮੈਲ਼ਾ ਕਿਹੜੀ ਗੱਲੋਂ ਹੋਇਆ ਪਿਆ ਹੈ ? ਕਿਹੜੀ ਗੱਲੋਂ ਇਨ੍ਹਾਂ ਦੀਆਂ ਸਾਫ-ਸ਼ਫਾਫ ਨਜ਼ਰਾਂ ਵਿੱਚ ਕਾਲ਼ਾ-ਚਿੱਟਾ ਮੋਤੀਆ ਉਤਰਨ ਲਗਦਾ ਹੈ। ਸਮਝ ਨਈਂ ਆਉਂਦੀ। ਇਹ ਸਭ ਸੋਚ ਸੋਚ ਮੇਰੇ ਮਨ ਦੇ ਨੀਲ਼ੇ ਅੰਬਰ 'ਤੇ ਵੱਖ ਵੱਖ ਰੰਗਾਂ ਦੇ ਬੱਦਲ਼ ਘਿਰਨ ਲਗਦੇ ਹਨ। ਮੇਰੇ ਮਨ ਮਸਤਕ ਵਿੱਚ ਸਸ਼ਕਤ ਕਹਾਣੀਕਾਰ ਭਗਵੰਤ ਰਸੂਲਪੁਰੀ ਦੀ ਕਹਾਣੀ 'ਰੰਗਾਂ ਦੀ ਸਾਂਝ 0 ਸਮਾਜ ਵਿਗਿਆਨ' ਦਾ ਪੇਚ ਫਸ ਜਾਂਦਾ ਹੈ। ਇਸ ਕਹਾਣੀ ਦੇ ਦੋਵੇਂ ਮੁਹੱਬਤੀ ਮੁੱਖ ਪਾਤਰਾਂ ਦੇ ਡੀ.ਐਨ.ਏ. ਵਿੱਚ ਸਦੀਆਂ ਤੋਂ ਘੁਲ਼ੇ ਵੱਖ ਵੱਖ ਰੰਗ ਜੀਵੰਤ ਹੁੰਦਿਆਂ ਈ ਗਾੜ੍ਹੇ ਹੋਣ ਲਗਦੇ ਹਨ। ਫਿਰ ਹੌਲ਼ੀ ਹੌਲ਼ੀ ਬਚਪਨ ਵੇਲ਼ੇ ਤੋਂ ਹੁਣ ਤੱਕ ਆਲ਼ੇ-ਦੁਆਲ਼ੇ ਤੋਂ ਸੋਖੇ ਵੱਖ ਵੱਖ ਰੰਗ ਅੰਤਰੀਵ ਵਿੱਚੋਂ ਉੱਭਰਨ ਲਗਦੇ ਹਨ। ਫਿਰ ਇਨ੍ਹਾਂ ਰੰਗਾਂ ਦੀ ਗਾੜ੍ਹੀ ਹੁੰਦੀ ਸਾਂਝ ਪਤਾ ਨਹੀਂ ਕਿਹੜੇ ਵੇਲ਼ੇ ਹੱਥਾਂ ਵਿੱਚੋਂ ਖਿਲਰਨ ਲੱਗ ਜਾਂਦੀ ਹੈ।

ਪਿਛਲੇ ਦਿਨੀਂ ਤਲਵੰਡੀ ਸਾਬੋ ਇੱਕ ਸਾਹਿਤਕ ਸਮਾਗਮ ਵਿੱਚ ਸ਼ਿਰਕਤ ਕਰਨ ਦਾ ਮੌਕਾ ਮਿਲ਼ਿਆ। ਪੁਆਧ ਤੋਂ ਮਾਲਵੇ ਵੱਲ ਜਸਪਾਲ ਦੇਸੂਵੀ ਵੱਲੋਂ ਦਸਮ ਗੁਰੂ ਨੂੰ ਨਮਸਕਾਰ ਕਰਕੇ ਤੋਰੀ ਗੱਡੀ ਵਿੱਚ ਪਿਆਰਾ ਸਿੰਘ ਰਾਹੀਂ ਦੀ ਗ਼ਜ਼ਲ ਵੀ ਨਾਲ਼ ਨਾਲ਼ ਤੁਰ ਰਹੀ ਸੀ। ਬਾਬੂ ਰਾਮ ਦੀਵਾਨਾ ਦੀਆਂ ਸਿਆਣੀਆਂ ਮੁਹੱਬਤੀ ਨਜ਼ਰਾਂ ਨੇ ਕੋਈ ਚੁੱਪ ਜਿਹਾ ਗੀਤ ਛੋਹਿਆ ਸੀ। ਕਿਸੇ ਵੇਲ਼ੇ ਰੇਤੀਲੇ ਟਿੱਬਿਆਂ ਦਾ ਦੇਸ਼ ਮਾਲਵਾ ਹੁਣ ਗੁਰੂ ਕਿਰਪਾ ਨਾਲ਼ ਮਾਲੋ ਮਾਲ ਮਾਲਵਾ ਵਿੱਚ ਤਬਦੀਲ ਹੋਇਆ ਮਿਲ਼ਿਆ। ਸੂਚਨਾ ਤਖ਼ਤੀਆਂ ਤੋਂ ਤਪਾ ਤੇ ਹੰਢਿਆਇਆ ਦੇ ਨਾਂ ਪੜ੍ਹਦਿਆਂ ਮਨ ਦੀ ਟਾਹਣੀ 'ਤੇ ਰਾਮ ਸਰੂਪ ਅਣਖੀ ਦਾ ਨਾਵਲ ਕੋਠੇ ਖੜਕ ਸਿੰਘ ਆ ਬੈਠਾ ਹੈ। ਸੁਰਿੰਦਰਪ੍ਰੀਤ ਘਣੀਆਂ ਵੱਲ ਦੇਖ ਜਸਪਾਲ ਮਾਨਖੇੜਾ ਨੇ ਕਿਹਾ, 'ਕਿਸੇ ਵੇਲ਼ੇ ਏਸ ਇਲਾਕੇ ਵਿੱਚ ਸਭ ਤੋਂ ਵੱਧ ਅੰਗੂਰਾਂ ਦੇ ਬਾਗ ਹੁੰਦੇ ਸਨ। ਪਤਾ ਨਹੀਂ ਕਿਸ ਹਵਾ ਨੇ ਇਹ ਸਾਰੇ ਬਾਗ ਪੁੱਤ ਸੁੱਟੇ ਹਨ।' ਖੁੱਲ੍ਹੇ ਉਪਜਾਊ ਖੇਤਾਂ ਵਿੱਚ ਧਾਨ ਤੇ ਮੱਕੀ ਦੀਆਂ ਭਰਵੀਆਂ ਹਰੀਆਂ-ਕਚੂਰ ਫਸਲਾਂ ਦੀਆਂ ਟੁਕੜੀਆਂ ਵੱਖਰਾ ਸੁਹੱਪਣ ਸਿਰਜ ਰਹੀਆਂ ਸਨ। ਤਾਇਆ ਆਤਮਾ ਸਿੰਘ ਦੀ ਸੁਣਾਈ ਪੁਰਾਣੀ ਕਹਾਵਤ 'ਕਣਕ, ਕਮਾਦੀ ਸੰਘਣੀ, ਡੱਡੂ ਟੱਪ ਕਪਾਹ/ ਲੇਫ ਦੀ ਬੁੱਕਲ਼ ਮਾਰ ਕੇ ਮੱਕੀ ਚੋਂ ਲੰਘ ਜਾਅ' ਆਪਣੇ ਅਰਥ ਗੁਆਉਂਦੀ ਜਾਪੀ। ਨਰਮੇ, ਕਪਾਹ ਦਾ ਕਿਧਰੇ ਨਾਂ ਨਿਸ਼ਾਨ ਵੀ ਨਹੀਂ ਸੀ। ਫਸ ਕੇ ਖੜ੍ਹੀ ਮੱਕੀ ਦੇ ਟਾਂਡਿਆਂ ਦੀ ਗੋਦੀ ਕਈ ਕਈ ਛੱਲੀਆਂ ਚੜ੍ਹੀਆਂ ਤੱਕ ਮਨ ਬਾਗੋ-ਬਾਗ ਹੋ ਗਿਆ। ਕਈ ਥਾਈਂ ਕਿੰਨੂਆਂ ਦੇ ਬਾਗਾਂ ਨੇ ਮਨ ਮੋਹਿਆ। ਕਨਾਲ਼ ਦੋ ਕਨਾਲ਼ ਥਾਂ ਵਿੱਚ ਕਿਤੇ ਕਿਤੇ ਮਾਂਹਾਂ ਦੀਆਂ ਵੇਲਾਂ ਖੇਤਾਂ ਵਿੱਚ ਵਿਛੀਆਂ ਦਿਸਦੀਆਂ। ਚੇਤੇ ਵਿੱਚ ਬੈਠੀ ਇੰਦਰਜੀਤ ਪ੍ਰੇਮੀ ਵੱਲੋਂ ਖੁਆਈ ਮਾਲਵੇ ਦੇ ਚਿੱਬੜਾਂ ਦੀ ਚਟਣੀ ਦਾ ਸੁਆਦ ਮੇਰੇ ਮੂੰਹ ਵਿੱਚ ਘੁਲ਼ਣ ਲੱਗਾ।

ਸਿੱਖੀ ਦੇ ਚੌਥੇ ਤਖਤ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਜੂਹ ਵਿੱਚ ਦਾਖਲ ਹੁੰਦਿਆਂ ਈ ਦਸਮ ਗੁਰੂ ਵੱਲੋਂ ਸਿਰਜੇ ਸਮਾਜ ਵਿਗਿਆਨ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦਾ ਹਾਂ, ਜੋ ਸੌਖੀ ਨਹੀਂ। ਸਮਾਜ ਨੂੰ ਸਮਝਣ ਤੇ ਇੱਕ ਵੱਖਰਾ ਰੂਪ ਦੇਣ ਲਈ ਜਿੱਥੇ ਉਨ੍ਹਾਂ ਸਰਬੰਸ ਵਾਰਿਆ, ਉੱਥੇ ਹੀ ਜ਼ੁਲਮ ਵਿਰੁੱਧ ਲੜ ਮਰਨ ਦਾ ਸੰਕਲਪ ਵੀ ਦਿੱਤਾ। ਗੁਰੂ ਸਾਹਿਬਾਨ ਵੇਲ਼ੇ ਜਾਰੀ ਹੁੰਦੇ ਉਨ੍ਹਾਂ ਦੇ ਫੁਰਮਾਨ ਮਰਜੀਵੜਿਆਂ ਲਈ ਵਰਦਾਨ ਸਾਬਤ ਹੋਇਆ ਕਰਦੇ ਸਨ। ਇਸੇ ਲਈ ਲਈ ਸਾਡੀ ਏਸ ਧਰਤੀ 'ਚੋਂ ਸ਼ਹੀਦੀਆਂ ਦਾ ਜਾਮ ਪੀਣ ਵਾਲ਼ੀਆਂ ਰੂਹਾਂ ਦੀ ਕਤਾਰ ਲੰਬੀ ਹੁੰਦੀ ਚਲੀ ਗਈ ਸੀ। ਕਾਦਰ ਦੀ ਕੁਦਰਤ ਦੇ ਰੰਗ ਵਿੱਚ ਰੰਗੇ ਗੁਰੂ ਸਾਹਿਬ ਨੇ ਜ਼ਾਲਮਾਂ ਦੇ ਜ਼ੁਲਮ ਦਾ ਮੁਹਾਣ ਹੀ ਮੋੜ ਕੇ ਰੱਖ ਦਿੱਤਾ ਸੀ।

ਮੇਰਾ ਮਨ ਵੱਖਰੇ ਵੱਖਰੇ ਅਲੌਕਿਕ ਰੰਗਾਂ ਦੇ ਰੰਗ ਵਿੱਚ ਰੰਗਿਆ ਹੋਇਆ ਇਨ੍ਹਾਂ ਰੰਗਾਂ ਦੇ ਮਨੋਵਿਗਿਆਨ ਨੂੰ ਸਮਝਣ ਲਈ ਡਾਢਾ ਯਤਨਸ਼ੀਲ ਹੈ। ਐਨ ਇਸੇ ਵੇਲ਼ੇ ਮੇਰੇ ਫੋਨ ਦੀ ਘੰਟੀ ਵੱਜਣ ਲਗਦੀ ਹੈ। ਅਨਨੋਨ ਨੰਬਰ ਚੁੱਕਣ ਤੋਂ ਝਿਜਕਦਾ ਹਾਂ ਪਰ ਫਿਰ ਕਲਿੱਕ ਕਰਕੇ ਕੰਨ ਨੂੰ ਲਾ ਲੈਂਦਾ ਹਾਂ। ਦੂਜੇ ਪਾਸਿਉਂ ਬਾਈ ਦਲੇਰ ਸਿੰਘ ਦੇ ਬੋਲ ਸੁਣਾਈ ਦੇਣ ਲਗਦੇ ਹਨ। ਕਿਆ ਗੱਲ ਪਛਾਣਿਆਂ ਨਈਂ ਛੋਟੇ ਭਾਈ ? ਬਾਈ ਦਲੇਰ ਸਿੰਘ ਦੀ ਗੱਲ ਸੁਣ ਮੈਂ ਸੋਚਣ ਲਗਦਾ ਹਾਂ। ਫੋਨ ਵਿੱਚੋਂ ਕਿਹੜੇ ਵੇਲ਼ੇ ਬਾਈ ਦਾ ਡਲੀਟ ਹੋ ਗਿਆ ? ਇੰਝ ਪਹਿਲਾਂ ਵੀ ਕਈ ਵਾਰ ਹੋਇਆ ਹੈ। ਕਈ ਅਹਿਮ ਨੰਬਰ ਇੰਝ ਹੀ ਪਤਾ ਨਹੀਂ ਕਦੋਂ ਤੇ ਕਿਵੇਂ ਆਪਣੇ ਆਪ ਡਲੀਟ ਹੋ ਜਾਂਦੇ ਹਨ ਜਾਂ ਫਿਰ ਫੋਨ ਵਿੱਚਲੀ ਸਪੇਸ ਹੀ ਧੋਖਾ ਦੇ ਜਾਂਦੀ ਹੈ। ਇੰਝ ਵੀ ਹੁੰਦੈ। ਕਈ ਵਾਰ ਪਤਾ ਹੀ ਨਹੀਂ ਲਗਦਾ ਸਾਡੇ ਦਿਲ ਦੇ ਖਾਨੇ ਵਿੱਚੋਂ ਵੀ ਬੇਧਿਆਨੇ ਹੀ ਕਿੰਨੇ ਪ੍ਰਮੁੱਖ ਚਿਹਰੇ ਲੁਪਤ ਹੋਣ ਲਗਦੇ ਹਨ। 'ਦੇਖ ਲਾ ਛੋਟੇ ਭਾਈ ਦੁਨੀਆਂ ਦੇ ਰੰਗ। ਭਲਾਂ ਤੂੰ ਬਲ਼ੌਂਗੀ ਨੇੜੇ ਦੀ ਖ਼ਬਰ ਪੜ੍ਹੀ ? ਹੁਣ ਏਥੇ ਆਵਾ ਈ ਊਤਿਆ ਪਿਆ ਮੇਰੇ ਵੀਰ। ਕਹਿੰਦੇ ਇੱਕ ਵਿਧਵਾ ਨੇ ਆਪਣੇ ਪੰਜ ਤੋਂ ਦਸ ਸਾਲ ਤੱਕ ਦੇ ਤਿੰਨ ਬੱਚਿਆਂ ਨੂੰ ਆਪਣੇ ਈ ਹੱਥੀਂ ਮੋਰਿੰਡਾ ਨਹਿਰ ਵਿੱਚ ਸੁੱਟ ਦਿੱਤਾ ਹੈ। ਕਹਿੰਦੇ ਕੁਝ ਸਮਾਂ ਪਹਿਲਾਂ ਓਹਦੇ ਪਤੀ ਨੇ ਵੀ ਸੁਸਾਈਡ ਕਰ ਲਿਆ ਸੀ।' ਮੇਰਾ ਮਨ ਇਨ੍ਹਾਂ ਰਲ਼-ਗੱਡ ਹੋਏ ਮਤਲਬੀ ਰੰਗਾਂ ਦੇ ਪਿਛੋਕੜ ਬਾਰੇ ਸੋਚਣ ਲਗਦਾ ਹੈ। ਇੱਥੋਂ ਤੱਕ ਪੁੱਜਣ ਲਈ ਉਸ ਔਰਤ ਦੇ ਮਨ ਦੀ ਮਿੱਟੀ ਨੇ ਕਿੰਨੀ ਵਾਰ ਗਿਰਗਿਟ ਵਾਂਗ ਰੰਗ ਵਟਾਏ ਹੋਣਗੇ ? ਮਨ ਦੀ ਮੈਲ਼ੇ-ਕੁਚੈਲ਼ੀ ਧਰਤੀ ਵਿੱਚੋਂ ਉੱਗੇ ਲਾਲਚੀ ਪੌਦਿਆਂ ਛਾਂ ਵੀ ਅਜਿਹੀ ਹੀ ਦੇਣੀ ਹੋਈ ਭਲਾ।

'ਛੋਟੇ ਭਾਈ ਕਈ ਵਾਰੀ ਤਾਂ ਕੁਸ਼ ਵੀ ਸਮਝ ਨਈਂ ਆਉਂਦਾ ਬਈ ਸਾਡੇ ਸਮਾਜ ਦਾ ਕੀ ਬਣੂੰ ? ਇਹ ਸਾਰਾ ਕੁਸ਼ ਕੌਣ ਕਰ ਰਿਹੈ ? ਸਾਡੀ ਨੌਜਵਾਨੀ ਨੂੰ ਕਿਹੜੇ ਲੋਕ ਕੁਰਾਹੇ ਪਾ ਰਹੇ ਹਨ ? ਦੇਖਿਆ ਜਾਵੇ ਤਾਂ ਸਿਆਸਤ ਨੇ ਸਮਾਜ ਨੂੰ ਇੱਕ ਚੰਗਾ ਰਾਜ-ਭਾਗ ਤੇ ਪ੍ਰਸ਼ਾਸਨ ਦੇਣਾ ਹੁੰਦੈ। ਸਿਆਸਤੀ ਲੋਕ ਤਾਂ ਅੱਜ ਕੱਲ੍ਹ ਸ਼ਰਾਰਤਾਂ ਉੱਤੇ ਉੱਤਰੇ ਹੋਏ ਹਨ। ਰਿਸ਼ਤਿਆਂ ਵਿੱਚ ਜ਼ਹਿਰ ਘੁਲ਼ੀ ਪਈ ਹੈ। ਪਿੰਡ ਸ਼ਹਿਰਾਂ ਵਿੱਚ ਤਬਦੀਲ ਹੋ ਰਹੇ ਹਨ। ਰਿਸ਼ਤਿਆਂ ਵਿੱਚ ਪਈਆਂ ਦਰਾੜਾਂ ਮਨੁੱਖ ਨੂੰ ਕਰੇਲੇ-ਖੱਖੜੀਆਂ ਕਰ ਰਹੇ ਹਨ। ਪਤਾ ਨਹੀਂ ਲੱਗ ਰਿਹਾ ਅਸੀਂ ਕਿੱਧਰ ਨੂੰ ਜਾ ਰਹੇ ਆਂ।' ਮੇਰੇ ਚੇਤੇ ਵਿੱਚ ਸਮਾਗਮ ਵਾਲ਼ਾ ਖਾਲਸਾ ਸਕੂਲ ਉੱਗ ਆਇਆ ਹੈ, ਜਿਸ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਇਸ ਦੇ ਪ੍ਰਵੇਸ਼ ਦੁਆਰ 'ਤੇ ਜਾਮਣਾਂ ਦੇ ਰੁੱਖਾਂ ਤੋਂ ਡਿਗਦੀਆਂ ਜਾਮਣਾਂ ਚੁੱਕ ਚੁੱਕ ਖਾਣ ਲਗਦਾ ਹਾਂ। ਕਹਿੰਦੇ ਇਹ ਸ਼ਕਰ ਰੋਗ ਲਈ ਰਾਮ ਬਾਣ ਹੈ। ਇਹ ਸਭ ਸੋਚਦਿਆਂ ਮੇਰੇ ਬੁੱਲ੍ਹਾਂ 'ਤੇ ਗੀਤ ਦੇ ਇਹ ਬੋਲ ਆ ਬਹਿੰਦੇ ਹਨ, 'ਚੂਸੇ ਜ਼ਹਿਰ ਲਿਆ ਮਣਕਾ/ ਆ ਜਾ ਸੁਰਾਂ ਬੀਨ ਦੀਆਂ ਟੁਣਕਾ/ ਜੋ ਪਾਰਸ ਸੰਗ ਪਾਰਸ ਹੋ ਗਈ/ ਵਣਜਾਰਿਆਂ ਫਿਰ ਕਰ ਲਈ ਗਨਕਾ। ਇਹ ਨਾਨਕ ਦੇ ਹੋ ਨਈਂ ਸਕਦੇ/ ਇਹ ਸੱਜਣ ਦੀ ਧਿਰ ਦੇ ਨੇ/ ਸੁਣ ਮਾਂਦਰੀਆ ! ਸਰਪ ਡੰਗਣ ਨੂੰ ਫਿਰਦੇ ਨੇ।'

**ਸੰਪਰਕ : 98144 30874**

# ਪਾਪਾ ਦਾ ਨਾਨਕਾ ਘਰ

**ਮਨਜੀਤ ਸਿੰਘ ਬੱਧਣ**

ਛੁੱਟੀਆਂ ਹੌਲੀ-ਹੌਲੀ ਖ਼ਤਮ ਹੋ ਰਹੀਆਂ ਸੀ। ਕੁਝ ਦਿਨਾਂ ਤੋਂ ਬੱਚੇ ਆਪਣੀ ਮਾਂ ਨਾਲ ਨਾਨਕੇ ਗਏ ਹੋਏ ਸੀ। ਇੱਧਰ ਮਾਮਾ ਜੀ ਦਾ ਕਈ ਵਾਰ ਫੋਨ ਆ ਗਿਆ ਸੀ ਕਿ ਇਸ ਵਾਰ ਤਾਂ ਆ ਕੇ ਮਿਲ ਜਾਵਾਂ। ਹਰ ਵਾਰ ਅਗਲੀਆਂ ਛੁੱਟੀਆਂ ਵਿੱਚ ਆਉਣ ਦੀ ਗੱਲ ਇੱਕ ਲਾਰਾ ਹੀ ਹੋ ਨਿੱਬੜਦੀ ਹੈ। ਮੇਰਾ ਜੀਅ ਵੀ ਕਰਦਾ ਰਹਿੰਦਾ ਕਿ ਨਿਆਣਿਆਂ ਨੂੰ ਆਪਣੇ ਨਾਨਕੇ ਵੀ ਲੈ ਜਾਵਾਂ। ਇਸ ਵਾਰ ਆਪਣੇ ਸਹੁਰਿਆਂ ਤੋਂ ਪਰਵਾਰ ਨੂੰ ਵਾਪਸ ਲਿਆਉਂਦਿਆਂ ਮਾਮਾ ਜੀ ਦੇ ਫੋਨ ਬਾਰੇ ਗੱਲ ਕੀਤੀ। ਕੋਈ ਸਲਾਹ ਹੋਣ ਤੋਂ ਪਹਿਲਾਂ ਹੀ ਬੱਚਿਆਂ ਨੇ ਰੌਲ਼ੇ ਦੀ ਰੇਲ ਬਣਾ ਦਿੱਤੀ, 'ਜਾਣਾ-ਜਾਣਾ, ਜਾਣਾ-ਜਾਣਾ, ਪਾਪਾ ਦੇ ਨਾਨਕੇ ਜਾਣਾ। ਸਾਰੇ ਬੋਲੋ, ਪਾਪਾ ਦੇ ਨਾਨਕੇ ਜਾਣਾ.....' ਮੈਂ ਤੇ ਮੇਰੀ ਘਰਵਾਲੀ ਸੁੱਖਪ੍ਰੀਤ ਹੱਸੀ ਜਾਈਏ। ਵੈਸੇ ਸੁੱਖਪ੍ਰੀਤ ਇਸ ਮਾਮਲੇ ਵਿੱਚ ਨਿਆਣਿਆਂ ਵੱਲ ਹੀ ਸੀ। ਫੇਰ ਕੀ, ਅੰਨ੍ਹਾ ਕੀ ਭਾਲੇ ਦੋ ਅੱਖਾਂ।

ਆਉਂਦੇ ਸ਼ਨੀਵਾਰ ਆਪਣੇ ਪਰਵਾਰ ਤੇ ਭਾਣਜੇ ਅਰਸ਼ ਨਾਲ ਅਸੀਂ ਮੇਰੇ ਨਾਨਕਿਆਂ ਵੱਲ ਤੁਰ ਪਏ। ਬਚਪਨ ਦੀਆਂ ਗੱਲਾਂ, ਖੁੱਲ੍ਹ, ਪਹਾੜ, ਖੇਤ, ਲਵੇਰੇ, ਮੱਖਣ, ਲੱਸੀ ਅੱਖਾਂ ਸਾਹਮਣੇ ਆਉਣ ਲੱਗੇ। ਸ਼ਾਮ ਥਾਈਂ ਘਰ ਕੋਲ ਪਹੁੰਚੇ ਤਾਂ ਮਾਮਾ ਜੀ ਮੋੜ 'ਤੇ ਖੜ੍ਹੇ ਰਾਹ ਵੇਖਦੇ ਦਿਸੇ। ਖ਼ੁਸ਼ੀ ਅੱਖਾਂ ਵਿੱਚੋਂ ਡਿੱਗ-ਡਿੱਗ ਪੈਂਦੀ ਮੈਂ ਵੇਖ ਰਿਹਾ ਸੀ। ਮੇਰਾ ਹਾਲ ਵੀ ਅਸਲ ਵਿੱਚ ਇਹੋ ਸੀ। ਕਦੇ ਅਸੀਂ ਭੈਣ-ਭਰਾ ਆਪਣੇ ਮਾਤਾ-ਪਿਤਾ ਨਾਲ ਬੱਸਾਂ ਬਦਲ-ਬਦਲ ਕੇ ਆਉਂਦੇ ਸੀ, ਕੀ ਮਜਾਲ ਥਕਾਨ ਨੇੜੇ ਵੀ ਫੜਕ ਜਾਵੇ। 'ਆ ਗਿਆਂ ਕਾਕੇ, ਸਫ਼ਰ ਠੀਕ ਰਿਹਾ ? ਭੈਣ-ਜੀਜਾ ਕਿਵੇਂ ?.......' ਮਾਮਾ ਜੀ ਪੁੱਛਣ ਲੱਗ ਪਏ। ਇਸ ਵਾਰ ਮਾਤਾ-ਪਿਤਾ ਜੀ ਪਿੱਛੇ ਘਰ ਵਿੱਚ ਹੀ ਸਨ। ਛੋਟੇ ਮਾਮੇ-ਮਾਮੀਆਂ, ਮੇਰੇ ਭਰਾ-ਭਰਜਾਈਆਂ ਇਕੱਠੇ ਹੋ ਗਏ। ਮੰਮੀ-ਡੈਡੀ ਨੂੰ ਨਾਲ ਨਾ ਲਿਆਉਣ ਦਾ ਗਿਲਾ ਕੀਤਾ ਅਤੇ ਉਮਰ ਤੇ ਸਿਹਤ ਦੀ ਗੱਲ 'ਤੇ ਸਹਿਮਤੀ ਵੀ ਬਖ਼ਸ਼ੀ। ਉਹਨਾਂ ਨੂੰ ਤਸੱਲੀ ਦਿਵਾਈ ਕਿ ਵੱਡੀ ਭੈਣ ਜਸਦੀਪ ਨੂੰ ਉਹਨਾਂ ਕੋਲ ਛੱਡ ਕੇ ਆਏ ਹਾਂ ਤੇ ਉਸ ਦਾ ਬੇਟਾ ਅਰਸ਼ ਸਾਡੇ ਨਾਲ ਆਇਆ ਹੋਇਆ ਹੈ।

ਅਗਲੇ ਦਿਨ ਨਾਸ਼ਤੇ ਤੋਂ ਬਾਅਦ ਨਿੰਮ ਦੀ ਛਾਵੇਂ ਬੈਠ ਕੇ ਪੁਰਾਣੀਆਂ ਗੱਲਾਂ-ਬਾਤਾਂ, ਹਾਸਾ-ਮਖੌਲ ਚੱਲਣ ਲੱਗਿਆ। ਸਮੇਂ ਨੇ ਜਿਵੇਂ ਬੈਕ ਗਿਅਰ ਲਗਾ ਲਿਆ ਹੋਵੇ। ਮੌਸਮ ਥੋੜ੍ਹਾ ਠੀਕ ਹੋਣ ਕਰਕੇ ਅਸੀਂ ਦੋਵੇਂ, ਮੇਰੇ ਮਾਮਾ ਜੀ ਦਾ ਮੁੰਡਾ ਹਰਨੇਕ, ਉਸ ਦੇ ਘਰੋਂ ਗੁਰਮੀਤ ਤੇ ਹੋਰ ਨਿਆਣੇ ਅੰਬ ਵਾਲੇ ਖੇਤ ਵੱਲ ਤੁਰ ਪਏ, ਜੋ ਸਾਡੇ ਘਰ ਦੇ ਸਾਹਮਣੇ ਪਹਾੜੀ ਉੱਪਰ ਸੀ। ਇਸ ਦੇ ਕੋਲੋਂ ਦੀ ਸੱਪ ਵਾਂਗ ਵਲ ਖਾਂਦੀ ਸੜਕ ਗੁਜ਼ਰਦੀ ਹੈ। ਮੇਰੇ ਨਾਨਾ ਜੀ ਤੇ ਵੱਡੇ ਮਾਮਾ ਜੀ ਨੇ ਇਸ ਖੇਤ ਵਿੱਚ ਬਲਦਾਂ ਨਾਲ ਹਲ ਵਾਹੁਣਾ। ਜਿੰਨੇ ਸਿਆੜ, ਓਨੇ ਗੇੜੇ। ਜਦੋਂ ਸੁਹਾਗਾ ਚਲਾਉਣਾ, ਅਸੀਂ ਜਵਾਕਾਂ ਨੇ ਵਾਰੀ-ਵਾਰੀ ਉਹਨਾਂ ਦੀਆਂ ਲੱਤਾਂ ਨੂੰ ਫੜ ਕੇ ਸੁਹਾਗੇ ਉੱਤੇ ਬੈਠ ਜਾਣਾ, ਜਿਵੇਂ ਪੀਂਘ ਦੇ ਫੱਟੇ 'ਤੇ ਬੈਠਿਆਂ ਰੱਸੇ ਨੂੰ ਕੁਹਣੀਆਂ ਨਾਲ ਘੁੱਟਿਆ ਹੁੰਦਾ ਹੈ। ਤਤਾ-ਤਤਾ, ਬੰਨੇ, ਹੁਰਰ, ਪੈਰ ਮਾਮਾ ਜੀ ਹੁਰਾਂ ਦੇ ਇਹ ਸ਼ਬਦ ਬਲਦਾਂ ਲਈ ਸਟੇਰਿੰਗ, ਗਿਅਰ ਅਤੇ ਰੇਸ ਦਾ ਕੰਮ ਕਰਦੇ। ਉਹਨਾਂ ਦੇ ਬੋਲ ਅਨੁਸਾਰ ਹੀ ਬਲਦ ਖੇਤਾਂ ਦੇ ਖੇਤ ਵਾਹ ਦਿੰਦੇ ਤੇ ਅਸੀਂ ਸੁਹਾਗੇ ਦੇ ਝੂਟੇ ਲਈ ਜਾਂਦੇ।

ਪਹਾੜੀ ਪਗਡੰਡੀਆਂ ਵਿੱਚੋਂ ਹੁੰਦਿਆਂ ਅਸੀਂ ਠੰਢੀ ਘਾਟੀ ਵੱਲ ਉੱਤਰ ਗਏ। ਇਸ ਜਗ੍ਹਾ ਇੱਕ ਛੰਨ ਹੇਠਾਂ ਰਾਹਗੀਰਾਂ ਲਈ ਵੱਡੇ-ਵੱਡੇ ਦੋ ਘੜੇ ਜਿਨ੍ਹਾਂ ਨੂੰ ਮੱਟ ਵੀ ਕਿਹਾ ਜਾਂਦਾ ਹੈ, ਪਾਣੀ ਦੇ ਭਰ ਕੇ ਰੱਖੇ ਹੁੰਦੇ ਸੀ। ਨਾਲ ਹੀ ਪਸ਼ੂਆਂ ਲਈ ਖੁਰਲੀ ਵਰਗਾ ਸਿੱਲਾਂ (ਫੱਟੇ ਵਾਂਗ ਤਰਾਸ਼ੇ ਹੋਈ ਵੱਡੇ ਵੱਡੇ ਪੱਥਰ/ਚੱਟਾਨਾਂ) ਦਾ ਬਣਾਇਆ ਕੁੰਡ ਵੀ ਹੁੰਦਾ ਸੀ। ਇਸ ਸਥਾਨ ਨੂੰ ਪਿਆਊ ਕਹਿੰਦੇ ਹੁੰਦੇ ਸੀ। ਨੇੜੇ ਘਰਾਂ ਦੇ ਲੋਕ ਸੇਵਾ ਭਾਵਨਾ ਨਾਲ ਹੀ ਇਹ ਮੱਟ ਤੇ ਕੁੰਡ ਖੂਹਾਂ ਦੇ ਪਾਣੀ ਨਾਲ ਭਰ ਦਿੰਦੇ ਸੀ। ਅੱਜ ਕੁੰਡ ਦੇ ਕੁਝ ਸਿੱਲਾਂ ਦੇ ਬਿਨਾਂ ਹੋਰ ਕੁਝ ਨਜ਼ਰ ਨਹੀਂ ਸੀ ਆ ਰਿਹਾ। ਸਾਰਿਆਂ ਨੇ ਅੱਡ-ਅੱਡ ਥਾਵਾਂ 'ਤੇ ਫੋਟੋਆਂ ਖਿੱਚਣ-ਖਿਚਾਉਣ ਦਾ ਕੰਮ ਨਾਲੋਂ-ਨਾਲ ਜਾਰੀ ਰੱਖਿਆ। ਖੱਡ ਵਿੱਚੋਂ ਹੁੰਦਿਆਂ ਅਸੀਂ ਵਾਪਸ ਘਰੇ ਆ ਗਏ। ਤਿੰਨ ਕੁ ਵਜੇ ਅਸੀਂ ਆਪਣੇ ਜੱਦੀ ਇਲਾਕੇ ਹਰੋਲੀ ਵੱਲ ਨਿੱਕਲ ਤੁਰੇ। ਨਿਆਣਿਆਂ ਦਾ ਜੀਅ ਨਿਆਣਿਆਂ ਵਿੱਚ ਹੀ ਪਲਚਿਆ ਹੋਇਆ ਸੀ ਅਤੇ ਉਹ ਨਾਲ ਨਹੀਂ ਜਾਣਾ ਚਾਹੁੰਦੇ ਸੀ। ਇਸ ਦਾ ਇੱਕ ਕਾਰਨ ਥਕਾਨ ਵੀ ਹੋ ਸਕਦਾ ਹੈ।

ਮੇਰੇ ਭੂਆ ਜੀ ਦਾ ਘਰ ਵੀ ਥੋੜ੍ਹੀ ਦੂਰ ਹੀ ਪਹਾੜਾਂ ਦੀ ਬੁੱਕਲ ਵਿੱਚ ਵਸੇ ਪਿੰਡ ਵਿੱਚ ਹੈ। ਭੂਆ ਜੀ ਨੂੰ ਜਹਾਨੋਂ ਰੁਖ਼ਸਤ ਹੋਏ ਛੇ-ਕੁ ਸਾਲ ਹੋ ਗਏ ਹਨ। ਭੂਆ ਜੀ ਦਾ ਬੇਟਾ ਰਜਿੰਦਰ ਸਿੰਘ ਮੇਰਾ ਹਮ ਉਮਰ ਹੀ ਹੈ। ਕਿਸੇ ਸਮੇਂ ਉਹ ਭੂਆ-ਫੁੱਫੜ ਜੀ ਨਾਲ ਆਪਣੇ ਨਾਨਕੇ ਭਾਵ ਸਾਡੇ ਘਰ ਆਇਆ ਕਰਦਾ ਸੀ। ਕਬੀਲਦਾਰੀ ਜੀਵਨ ਦੀ ਰਵਾਨਗੀ ਦਾ ਆਧਾਰ ਹੈ। ਹੁਣ ਮੇਲ ਕਦੀ-ਕਦਾਰ ਹੀ ਹੁੰਦਾ ਹੈ ਪਰ ਮੋਬਾਈਲ 'ਤੇ ਗੱਲ-ਬਾਤ ਹੁੰਦੀ ਹੀ ਰਹਿੰਦੀ ਹੈ। ਹੁਣ ਭਰਜਾਈ ਦਾ ਉਲਾਹਮਾ ਸੀ ਕਿ ਬੱਚੇ ਨਾਲ ਲਿਆਉਂਦੇ ਤਾਂ ਸਾਡਿਆਂ ਨੂੰ ਵੀ ਮਿਲ ਲੈਂਦੇ। ਇਕ-ਦੂਜੇ ਨੂੰ ਮਿਲਣ-ਗਿਲਣਗੇ ਤਾਂ ਹੀ ਮਿਲਦੇ ਰਹਿਣਗੇ। ਵਾਪਸੀ 'ਤੇ ਗੱਡੀ ਵਿੱਚ ਬੈਠਿਆਂ ਨੂੰ ਭਰਜਾਈ ਕੁਝ ਪੈਸੇ ਫੜਾਉਣ ਲੱਗੀ, 'ਵੀਰ ਜੀ, ਪਹਿਲੀ ਵਾਰ ਨਵੀਂ ਗੱਡੀ ਲੈ ਕੇ ਆਏ ਹੋ, ਸ਼ਗਨ ਆ, ਮਨ੍ਹਾਂ ਨਾ ਕਰੋ।' 'ਭਾਬੀ ਅਸੀਂ ਵੀ ਪੁਰਾਣੇ ਆਂ ਤੇ ਗੱਡੀ ਵੀ ਹੁਣ ਨਵੀਂ ਨਹੀਂ ਰਹੀ। ਤੁਸੀਂ ਵੀ ਕਦੇ ਵੀਰੇ ਨੂੰ ਓਹਦੇ ਨਾਨਕੇ ਲੈ ਆਈਓ ਤੇ ਸਾਨੂੰ ਹੁਣ ਸ਼ਗਨ ਨਹੀਂ ਇਜਾਜ਼ਤ ਦਵੋ।' ਮੈਂ ਭਰਜਾਈ ਨੂੰ ਮਖ਼ੌਲ ਕੀਤਾ। 'ਆਪਾਂ ਤਾਂ ਪਰਸ ਗਲ਼ ਵਿੱਚ ਪਾ ਗੱਡੀ ਵਿੱਚ ਬੈਠ ਜਾਣਾ ਤੇ ਲੈ ਕੇ ਕਦੋਂ ਜਾਣਾ, ਆਪਣੇ ਵੀਰ ਨੂੰ ਪੁੱਛੋ। ਰਹੀ ਗੱਲ ਸ਼ਗਨ ਦੀ, ਜੇ ਤੁਹਾਡੇ ਭੂਆ ਜੀ ਹੁੰਦੇ ਤਾਂ ਇਹ ਕੰਮ ਉਹਨਾਂ ਨੇ ਵੀ ਤਾਂ ਕਰਨਾ ਸੀ, ਰੋਕ ਲੈਂਦੇ ?' ਭਰਜਾਈ ਦੀ ਗੱਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਸ਼ਾਮ ਹੁੰਦਿਆਂ-ਹੁੰਦਿਆਂ ਅਸੀਂ ਵਾਪਸ ਆ ਗਏ।

'ਕਿੱਦਾਂ ਭਾਅ ਜੀ, ਥੱਕ ਗਏ ਹੋਵੋਂਗੇ, ਫਿਰ ਛਟਾਂਕ-ਛਟਾਂਕ ?', ਹਰਨੇਕ ਨੇ ਸ਼ਰਾਰਤੀ ਅੰਦਾਜ਼ ਵਿੱਚ ਪੁੱਛਿਆ। 'ਛੱਡ ਯਾਰ, ਗੱਲਾਂ-ਬਾਤਾਂ ਮਾਰਦੇ ਆਂ।' 'ਚਲੋ ਨਿਆਣਿਆਂ ਲਈ ਕੁਝ ਲੈ ਆਉਨੇ ਆਂ।' ਹਰਨੇਕ ਨੇ ਫਿਰ ਕਿਹਾ। ਹਰੋਲੀ ਦੇ ਬਾਜ਼ਾਰ ਵਿੱਚੋਂ ਅਸੀਂ ਬੱਚਿਆਂ ਦੇ ਖਾਣ ਲਈ ਕੁਝ ਹਲਕਾ-ਫੁਲਕਾ ਪਹਿਲਾਂ ਹੀ ਲੈ ਆਏ ਹੋਏ ਸੀ। ਅਸਲ ਵਿੱਚ ਨਿਆਣਿਆਂ ਲਈ ਕੁਝ ਲਿਆਉਣਾ ਤਾਂ ਹਰਨੇਕ ਦਾ ਘਰੋਂ ਪੈਰ ਬਾਹਰ ਕੱਢਣ ਦਾ ਬਹਾਨਾ ਹੀ ਸੀ। ਇਸ ਬਾਰੇ ਸ਼ਾਇਦ ਹਰਮੀਤ ਤੇ ਸੁੱਖਪ੍ਰੀਤ ਦੇ ਇਲਾਵਾ ਬਾਕੀ ਵੀ ਜਾਣਦੇ ਹੀ ਸੀ। ਘੰਟੇ ਕੁ ਬਾਅਦ ਘਰੇ ਆ ਕੇ ਖਾਣਾ ਖਾਧਾ ਤੇ ਸਾਰੇ ਵਿਹੜੇ ਵਿੱਚ ਹੀ ਵਾਣ ਦਿਆਂ ਮੰਜਿਆਂ ਅਤੇ ਕੁਰਸੀਆਂ ਉੱਪਰ ਬੈਠ ਗਏ। ਜਿਵੇਂ-ਜਿਵੇਂ ਰਾਤ ਢਲ ਰਹੀ ਸੀ, ਮੌਸਮ ਬਹੁਤ ਵਧੀਆ ਹੋਣ ਲੱਗ ਪਿਆ। ਗੱਲਾਂ-ਬਾਤਾਂ ਵਿੱਚ ਹੋਰ ਰਾਤ ਬੀਤਣ ਬਾਅਦ ਆਪੋ-ਆਪਣੇ ਮੰਜਿਆਂ ਵੱਲ ਹੋ ਗਏ।ਅਗਲੀ ਸਵੇਰ ਬੜੀ ਖਾਸ ਸਵੇਰ ਲੱਗ ਰਹੀ ਸੀ। ਮੈਨੂੰ ਲੱਗਦਾ ਨਹੀਂ ਸੀ ਕਿ ਬੱਚਿਆਂ ਦਾ ਜੀਅ ਲੱਗੇਗਾ, ਪਰ ਸਾਰੇ ਮਸਤ ਸਨ। ਹੁਣ ਵਾਪਸੀ ਲਈ ਤਿਆਰ ਹੋਣ ਲੱਗ ਪਏ। ਸਾਰੇ ਘੜੀ-ਮੁੜੀ ਇੱਕੋ ਗੱਲ ਕਹੀ ਜਾ ਰਹੇ ਸੀ ਇੱਕ-ਦੋ ਦਿਨ ਹੋਰ ਰੁਕ ਜਾਵੋ, ਪਰ ਅਸੀਂ ਅੱਗੇ ਹੋਰ ਇੱਕ-ਦੋ ਰਿਸ਼ਤੇਦਾਰੀਆਂ ਵਿੱਚ ਵੀ ਜਾਣਾ ਸੀ। ਚਲੀ ਆ ਰਹੀ ਰੀਤ ਮੁਤਾਬਕ ਅਸੀਂ ਆਪਣੇ ਭਤੀਜੇ-ਭਤੀਜੀਆਂ ਨੂੰ ਪਿਆਰ ਵਜੋਂ ਕੁਝ ਰੁਪਏ ਫੜਾਉਣ ਲੱਗੇ ਤੇ ਸਾਡੇ ਨਿਆਣਿਆਂ ਨੂੰ ਵੀ ਇਸ ਤਰ੍ਹਾਂ ਦਾ ਹੀ ਪਿਆਰ ਮਿਲ ਰਿਹਾ ਸੀ। ਗੱਡੀ ਨੇੜੇ ਆ ਕੇ ਮਾਮੀ ਜੀ ਮੇਰੀ ਘਰਵਾਲੀ ਨੂੰ ਕੁਝ ਪੈਸੇ ਫੜਾ ਰਹੇ ਸੀ, ਪਰ ਉਹ ਮਨ੍ਹਾਂ ਕਰੀ ਜਾ ਰਹੀ ਸੀ ਕਿ ਜਵਾਕਾਂ ਨੂੰ ਪਹਿਲਾਂ ਹੀ ਮਿਲ ਗਏ ਹਨ। ਹੁਣ ਉਹ ਪੈਸੇ ਨਹੀਂ ਲਵੇਗੀ, ਪਰ ਮਾਮੀ ਜੀ ਨੇ ਕਲਾਵੇ ਵਿੱਚ ਲੈ ਕੇ ਫੜਾ ਹੀ ਦਿੱਤੇ। ਮੈਂ ਫਤਿਹ ਬੁਲਾਉਣ ਉਹਨਾਂ ਵੱਲ ਵਧਿਆ ਤਾਂ ਮੇਰੀ ਜੇਬ ਵਿੱਚ ਸੌ ਰੁਪਏ ਦਾ ਨੋਟ ਰੱਖ ਦਿੱਤਾ, ਮੇਰੇ ਵੱਲੋਂ ਕੋਈ ਵਿਰੋਧਤਾ ਨਹੀਂ ਹੋਈ ਤੇ ਗੱਡੀ ਸਟਾਰਟ ਹੋ ਗਈ। ਦੁਬਾਰਾ ਆਉਣ ਦਾ ਵਾਅਦਾ ਕਰਕੇ ਤੁਰ ਪਏ।

'ਮਾਮਾ ਜੀ, ਅਸੀਂ ਬੱਚਿਆਂ ਤੇ ਮਾਮੀ ਜੀ ਨੇ ਵੀ ਪੈਸੇ ਫੜਨ ਤੋਂ ਮਨ੍ਹਾਂ ਕੀਤਾ ਸੀ। ਤੁਸੀਂ ਚੁੱਪ-ਚਾਪ ਰੱਖ ਲਏ!' ਅਰਸ਼ ਨੇ ਮੈਨੂੰ ਪੁੱਛਿਆ। ਮੈਂ ਕਿਹਾ, 'ਗੱਲ ਏਦਾਂ ਬੀ ਮੈਂ ਕਿਸੇ ਦਾ ਭਰਾ, ਪਤੀ, ਪਿਓ, ਮਾਮਾ ਤੇ ਹੋਰ ਵੀ ਬਹੁਤ ਕੁਝ ਆਂ। ਆਪਣੇ ਦਫਤਰ ਵਿੱਚ ਮੁਲਾਜ਼ਮ ਤੇ ਕਈਆਂ ਦਾ ਦੋਸਤ ਹਾਂ। ਇੱਥੇ ਮੈਂ ਨਾਨਕਿਆਂ ਦਾ ਕਾਕਾ ਹੀ ਹਾਂ, ਜਿਵੇਂ ਪਹਿਲਾਂ ਹੋਇਆ ਕਰਦਾ ਸੀ। ਉਹਨਾਂ ਦਾ ਪਿਆਰ ਹੁਣ ਵੀ ਹਰ ਰੂਪ ਵਿੱਚ ਸਵੀਕਾਰਨਯੋਗ ਹੈ। ਹੁਣ ਤੂੰ ਆਪਣੀ ਇਸ ਕਾਰ ਵਾਲੀ ਸੀਟ ਨੂੰ ਸੁਹਾਗਾ ਹੀ ਮੰਨ ਤੇ ਲੈ ਝੂਟੇ।' ਜੇਜੋਂ ਵਿੱਚੋਂ ਲੰਘਦਿਆਂ ਮੈਂ ਗੱਡੀ ਖੁੱਟਾਂ ਦੀ ਹੱਟੀ ਵੱਲ ਮੋੜ ਲਈ, ਜਿਹਨਾਂ ਦੇ ਪੇੜੇ ਸੱਚ-ਮੁੱਚ ਹੀ ਲਾਜਵਾਬ ਹੁੰਦੇ ਹਨ। ਯਾਦਾਂ ਦੀ ਕਿਤਾਬ ਵਿੱਚ ਕੁਝ ਨਵੇਂ ਪੰਨੇ ਹੋਰ ਸ਼ਾਮਲ ਹੋ ਗਏ ਸਨ।

**ਮੋਬਾ. 94176-35053**

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.


ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਰਹਿਮਤ ਮਸੀਹ ਮੱਟੂ ਦੀ ਜੀਵਨੀ

**(ਦਲਿਤ ਸਮਾਜ ਦੀਆਂ ਕਹਾਣੀਆਂ)**
**ਭਗਵੰਤ ਰਸੂਲਪੁਰੀ**
**ਸਫੇ : 237, ਮੁੱਲ : 500 ਰੁਪਏ**
**ਨਵਯੁਗ ਪਬਲੀਸ਼ਰਜ਼, ਨਵੀਂ ਦਿੱਲੀ**

# ਹੋਂਦ ਤੇ ਪਛਾਣ ਦੇ ਸੰਕਟ ਦਾ ਭਵਿੱਖੀ ਮਾਡਲ ਸਿਰਜਦੀਆਂ ਕਹਾਣੀਆਂ



ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਹਰਪ੍ਰੀਤ ਸਿੰਘ**

ਭਗਵੰਤ ਰਸੂਲਪੁਰੀ ਦਾ ਦਲਿਤ ਸਮਾਜ ਦੇ ਅੰਗਸੰਗ ਵਿਚਰਨ ਦਾ ਗਹਿਰ ਅਨੁਭਵ ਹੈ। ਉਹ ਦਲਿਤ ਸਮਾਜ ਦੀ ਨਬਜ਼ ਨੂੰ ਸਮਝਦਾ ਹੈ। ਹਥਲੇ ਕਹਾਣੀ ਸੰਗ੍ਰਹਿ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਿੱਚ ਉਸ ਦੀਆਂ ਦਲਿਤ ਸਰੋਕਾਰਾਂ ਨਾਲ਼ ਸੰਬੰਧਤ 13 ਕਹਾਣੀਆਂ ਸ਼ਾਮਲ ਹਨ। ਕਹਾਣੀਕਾਰ ਨੇ ਇਸ ਪੁਸਤਕ ਵਿੱਚ ਕਹਾਣੀਆਂ ਨੂੰ ਉਲਟੀ ਤਰਤੀਬ ਦਿੱਤੀ ਹੈ, ਸਭ ਤੋਂ ਪਹਿਲਾਂ ਰਚੀ ਕਹਾਣੀ ਸਭ ਤੋਂ ਅਖੀਰ ਵਿੱਚ ਤੇ ਸਭ ਤੋਂ ਬਾਅਦ ਵਿੱਚ ਲਿਖੀ ਕਹਾਣੀ ਪਹਿਲਾਂ ਪ੍ਰਕਾਸ਼ਤ ਕੀਤੀ ਗਈ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਰੰਗਾਂ ਦੀ ਸਾਂਝ' ਸਮਾਜ ਵਿਗਿਆਨ' ਕਲਾ ਦੀ ਭਾਸ਼ਾ ਰਾਹੀਂ ਤੇ ਕਲਾ ਦੇ ਸਮਾਜ ਵਿਗਿਆਨ ਦੇ ਨਜ਼ਰੀਏ ਤੋਂ ਬੁਣੀ ਗਈ ਹੈ। ਪੂਜਾ (ਪਤਨੀ) ਹਿੰਦੂ ਮਿੱਥ ਦੀ ਚਿੱਤਰਕਾਰ ਹੈ ਤੇ ਸਵਰਨ ਸਮਾਜ ਨਾਲ਼ ਸੰਬੰਧਤ ਹੈ ਅਤੇ ਨਰਿੰਦਰ ਨਾਗ (ਪਤੀ) ਦਲਿਤ ਸਰੋਕਾਰਾਂ ਨੂੰ ਕੈਨਵਸ 'ਤੇ ਉਤਾਰਨ ਵਾਲਾ ਚਿੱਤਰਕਾਰ ਹੈ। ਉਹ ਨਾਗ ਕਬੀਲੇ ਨਾਲ਼ ਸੰਬੰਧਤ ਹੈ। ਉਹ ਆਪਣੀ ਵਿਚਾਰਧਾਰਾ ਨੂੰ ਲੈ ਕੇ ਕੱਟੜ ਹੈ। ਪਤੀ-ਪਤਨੀ ਦੋਵਾਂ ਵਿੱਚ ਸਿਰਫ ਰੰਗਾਂ ਦੀ ਸਾਂਝ ਹੈ, ਪਰ ਮਨ ਦੀ ਸਾਂਝ ਫਿੱਕੀ ਹੈ। ਪੂਜਾ ਨੂੰ ਸਵਰਨ ਜਾਤੀ ਦੀ ਹੋਣ ਕਰਕੇ ਆਰਟ ਅਕਾਦਮੀ ਆਪਣਾ ਮੈਂਬਰ ਬਣਾ ਲੈਂਦੀ ਹੈ ਅਤੇ ਇਨਾਮਾਂ-ਸਨਮਾਨਾਂ ਨਾਲ਼ ਨਿਵਾਜ਼ ਕੇ ਉਸ ਦਾ ਦਿਮਾਗ ਸੱਤਵੇਂ ਅਸਮਾਨ 'ਤੇ ਲੈ ਜਾਂਦੀ ਹੈ। ਦੂਜੇ ਪਾਸੇ ਨਰਿੰਦਰ ਆਰਟ ਅਕਾਦਮੀ ਦੇ ਸੱਦਿਆਂ ਨੂੰ ਨਕਾਰਦਾ ਹੈ। ਉਹ ਸਮਝਦਾ ਹੈ ਕਿ ਇਹ ਅਕਾਦਮੀ ਵਾਲੇ ਮੁੱਖ ਧਾਰਾ ਦੇ ਲੋਕਾਂ ਨੂੰ ਮੇਰੀ ਦਲਿਤ ਆਰਟ ਵਾਲੀ ਵਿਚਾਰਧਾਰਾ ਹਜ਼ਮ ਨਹੀਂ ਆਉਣੀ। ਇਨਾਮ-ਸਨਮਾਨ, ਰੁਤਬੇ ਪੂਜਾ ਦੇ ਸਿਰ ਨੂੰ ਚੜ੍ਹ ਜਾਂਦੇ ਹਨ, ਉਹ ਆਪਣੇ ਪਤੀ, ਜਿਸ ਨੂੰ ਉਸ ਨੇ ਵਿਆਹ ਤੋਂ ਪਹਿਲਾਂ ਉਸਤਾਦ ਧਾਰਿਆ ਹੁੰਦਾ ਹੈ, ਹੁਣ ਉਸੇ ਦੀਆਂ ਪੇਂਟਿੰਗਾਂ ਵਿੱਚ ਨੁਕਸ ਕੱਢਣੇ ਸ਼ੁਰੂ ਕਰਦੀ ਹੈ। ਇੱਥੋਂ ਹੀ ਦੋਵਾਂ ਦੇ ਮਨ ਦੀ ਕੈਨਵਸ ਵਿੱਚ ਤਰੇੜਾਂ ਉੱਭਰ ਆਉਂਦੀਆਂ ਹਨ।

ਨਰਿੰਦਰ ਨਾਗ ਆਪਣੀ ਪੇਂਟਿੰਗ ਦੀ ਵਿਚਾਰਧਾਰਾ ਦੀ ਵਿਆਖਿਆ ਕਰਦਿਆ ਕਹਿੰਦਾ ਹੈ, 'ਪੂਜਾ ਮੇਰੀਆਂ ਪੇਂਟਿੰਗਜ਼ ਤੂੰ ਅਸਾਨੀ ਨਾਲ਼ ਸਮਝ ਨਹੀਂ ਸਕਦੀ, ਕਿਉਂਕਿ ਤੂੰ ਸ਼ਹਿਰ ਦੀ ਉੱਚ ਕਾਲਸ ਤੇ ਜਾਤ ਵਿੱਚ ਜਨਮੀ ਏਂ। ਆਹ ਪੇਂਟਿੰਗ ਵੇਖਦੀ ਪਈ ਏ .. ਇਹ ਜੋ ਰੇਹੜੀ ਵਿੱਚ ਬੈਠੇ ਲੋਕ ਨੇ, ਇਹ ਨੀਵੀਂ ਜਾਤ ਦੇ ਨੇ.. ਸੋ ਕਾਲਡ ਦਲਿਤ, ਜਿਨ੍ਹਾਂ ਦੇ ਤਨ 'ਤੇ ਕੋਈ ਕੱਪੜਾ ਨਹੀਂ, ਭੁੱਖੇ ਹੱਡੀਆਂ ਦਾ ਪਿੰਜਰ ਬਣੇ ਹੋਏ ਨੇ। ਬਾਹਾਂ ਉੱਪਰ ਚੁੱਕ ਕੇ ਪੁਕਾਰ ਰਹੇ ਨੇ ਤੇ ਇੱਕ ਪਿੰਜਰ ਰੇਹੜੀ ਨੂੰ ਫੜੀ ਉਨ੍ਹਾਂ ਨੂੰ ਰੌਸ਼ਨੀ ਵੱਲ ਲੈ ਕੇ ਜਾ ਰਿਹਾ ਏ। ਉਨ੍ਹਾਂ ਦੁਆਲੇ ਲਾਲ਼ ਕਲਰ ਏ.. ਇਹ ਬੰਦਾ ਜ਼ਰਾ ਤਕੜਾ ਤੇ ਹੌਸਲੇ ਵਾਲ਼ਾ ਏ..ਦੂਰ ਇੱਕ ਰੌਸ਼ਨੀ ਦੀ ਕਿਰਨ ਏ.. ਮੇਰੀ ਪੇਂਟਿੰਗ ਵਿੱਚ ਭਾਰਤੀ ਜਾਤੀ ਪ੍ਰਥਾ ਦੀ ਵੰਡ ਤੁਹਾਨੂੰ ਗਹਿਰੀ ਵੇਖਣ ਨੂੰ ਮਿਲੇਗੀ।' ਨਰਿੰਦਰ ਨਾਗ ਆਪਣੀ ਵਿਚਾਰਧਾਰਾ ਨੂੰ ਕੱਟੜਤਾ ਦੇ ਗੂੜ੍ਹੇ ਰੰਗਾਂ ਵਿੱਚ ਰੰਗ ਲੈਂਦਾ ਹੈ, ਪਰ ਆਪਣੀ ਗ੍ਰਹਿਸਤੀ ਨੂੰ ਨਿਭਾਉਣ ਦਾ ਰੰਗ ਉਸ ਕੋਲ ਨਹੀਂ ਹੁੰਦਾ।

ਪੂਜਾ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਨਰਿੰਦਰ ਦੇ ਮਨ ਦੀ ਸਪੇਸ ਨਾ ਮੱਲ ਸਕੀ। ਇਹ ਮਨ ਦੀ ਸਪੇਸ ਇੱਕ ਸਕਲਪਚਰ ਬਣਾਉਣ ਵਾਲੀ ਦਲਿਤ ਕਲਾਕਾਰ 'ਕਿਰਨ' ਮੱਲ ਬੈਠੀ, ਕਿਉਂਕਿ ਨਰਿੰਦਰ ਤੇ ਕਿਰਨ ਦੋਵੇਂ ਇਕੋ ਵਿਚਾਰਧਾਰਾ ਨਾਲ਼ ਸੰਬੰਧਤ ਸਨ। ਨਰਿੰਦਰ ਨਾਗ ਤੇ ਪੂਜਾ ਵਿਚਕਾਰ ਕਿਰਨ ਆ ਗਈ, ਦੋਵਾਂ ਵਿਚਕਾਰ ਅਲਹਿਦਗੀ ਦੇ ਰੰਗਾਂ ਦੀ ਲਕੀਰ ਖਿੱਚੀ ਗਈ। ਇਹ ਮਨੋਵਿਗਿਆਨਕ ਕਹਾਣੀ ਪਾਠਕਾਂ ਦੇ ਮਨ ਦੀ ਕੈਨਵਸ 'ਤੇ ਬੜਾ ਕੁਝ ਅਣਚਿਤਰਿਆ ਛੱਡਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਨੂੰ ਰੰਗਾਂ ਦੀ ਸ਼ੈਲੀ ਵਿੱਚ ਲਿਖਿਆ ਹੈ। ਰੰਗ ਹੀ ਭਾਸ਼ਾ ਹਨ। ਰੰਗ ਹੀ ਪ੍ਰਤੀਕ ਹਨ। ਰੰਗ ਹੀ ਮਨ ਦੇ ਭਾਵ ਹਨ। ਰੰਗ ਹੀ ਪਾਤਰਾਂ ਦੀ ਵਿਚਾਰਧਾਰਾ ਹਨ। ਰੰਗ ਹੀ ਕਥਾ ਦੀ ਦੁਬਿਧਾ ਨੂੰ ਬਿਆਨ ਕਰਦੇ ਹਨ। ਮਨ ਦੇ ਹਰ ਭਾਵ ਨੂੰ ਕਥਾਕਾਰ ਨੇ ਬੜੇ ਸੂਖਮ ਤਰੀਕੇ ਨਾਲ਼ ਚਿਤਰਿਆ ਹੈ। ਕਥਾਕਾਰ ਨੇ ਆਰਟ ਦੀਆਂ ਪ੍ਰਵਿਰਤੀਆਂ ਇਸ ਦੇ ਇਤਿਹਾਸ, ਦਲਿਤ ਇਤਿਹਾਸ ਅਤੇ ਹਿੰਦੂ ਮਿਥਿਹਾਸ ਦੇ ਹਵਾਲਿਆਂ ਨੂੰ ਬੜੇ ਸੁਹਜਮਈ ਢੰਗ ਨਾਲ ਪੇਸ਼ ਕੀਤਾ ਹੈ। ਇਹ ਕਹਾਣੀ ਭਗਵੰਤ ਰਸੂਲਪੁਰੀ ਦਾ ਹਾਸਲ ਹੈ।

ਦਲਿਤ ਭਾਈਚਾਰੇ ਵਿੱਚ ਧਰਮ ਦਾ ਸੰਕਲਪ ਬੜਾ ਗੁੰਝਲਦਾਰ ਹੈ। ਦਰਅਸਲ ਇਹ ਅਧਿਆਤਮ ਨਾਲੋਂ ਜ਼ਿਆਦਾ ਪਛਾਣ ਦਾ ਮਸਲਾ ਹੈ। ਘਰ ਦੇ ਜਿਸ ਜੀਅ ਨੂੰ ਜਿਸ ਧਰਮ ਜਾਂ ਡੇਰੇ ਵਿੱਚ ਇੱਜ਼ਤ ਦੇ ਦੋ ਬੋਲ ਮਿਲਦੇ ਹਨ, ਉਹ ਉਸ ਡੇਰੇ ਨੂੰ ਅਪਣਾ ਲੈਂਦੇ ਹਨ। 'ਠੇਡਾ' ਕਹਾਣੀ ਵਿੱਚ ਇਸੇ ਨੁਕਤੇ ਨੂੰ ਵਿਚਾਰਿਆ ਗਿਆ ਹੈ, ਸਾਰੇ ਜੀਅ ਤਾਂ ਵੱਖਰੇ-ਵੱਖਰੇ ਧਰਮ ਜਾਂ ਡੇਰੇ ਅਪਣਾ ਲੈਂਦੇ ਹਨ, ਪਰ ਪਿਤਾ ਬੱਚਿਆਂ ਦੇ ਮੂਲ ਤੋਂ ਟੁੱਟਣ ਨੂੰ ਲੈ ਕੇ ਝੂਰਦਾ ਹੈ। ਕਾਹਣੀਕਾਰ ਨੇ 'ਠੇਡੇ' ਨੂੰ ਪ੍ਰਤੀਕ ਵਜੋਂ ਵਰਤਿਆ ਹੈ। ਧਰਮ ਦੇ ਮਾਮਲੇ ਵਿੱਚ ਪਿਤਾ ਨੂੰ ਠੇਡੇ ਅਤੇ ਠਿੱਬੀਆਂ ਲੱਗਦੀਆਂ ਹਨ, ਕਿਉਂਕਿ ਉਸ ਦੇ ਬੱਚੇ ਆਪਣਾ ਮੂਲ ਧਰਮ ਵਿਸਾਰ ਦਿੰਦੇ ਹਨ। ਦੂਜੇ ਪਾਸੇ 'ਜੜ੍ਹਾਂ' ਕਹਾਣੀ ਦੇ ਨਾਇਕ ਗਿਆਨ ਚੰਦ ਦਾ ਸੰਕਟ ਧਰਮ ਨੂੰ ਲੈ ਕੇ ਕੁਝ ਵੱਖਰਾ ਹੈ। ਉਹ ਧਰਮ ਨੂੰ ਲੈ ਕੇ ਮਾਨਸਿਕ ਤੌਰ 'ਤੇ ਦੋਫਾੜ ਹੈ। ਉਹ ਅਭਿਆਸ ਬੁੱਧ ਧਰਮ ਦਾ ਕਰ ਰਿਹਾ ਹੈ, ਪਰ ਉਸ ਦੇ ਮਨ ਵਿੱਚ ਸ੍ਰੀ ਗੁਰੂ ਰਵਿਦਾਸ ਹਨ। ਇੰਗਲੈਂਡ ਦੀ ਨੌਕਰੀ ਤੋਂ ਰਿਟਾਇਰਮੈਂਟ ਲੈ ਕੇ ਪਤਨੀ ਸਮੇਤ ਇੱਥੇ ਪੰਜਾਬ ਦੇ ਆਪਣੇ ਪਿੰਡ ਬੁੱਧਧਾਮ ਬਣਾਉਣ ਦੀਆਂ ਤਿਆਰੀਆਂ ਕਰਦਾ ਹੈ ਤਾਂ ਉਸ ਦਾ ਭਾਈਚਾਰਾ ਵਿਰੋਧ ਕਰਦਾ ਹੈ। ਗਿਆਨ ਚੰਦ ਸਮਝਾਉਂਦਾ ਹੈ : 'ਦੇਖੋ ਬਾਬਾ ਜੀ, ਮੈਂ ਨਹੀਂ ਤੁਹਾਨੂੰ ਰੋਕਦਾ ਤੁਸੀਂ ਰਵਿਦਾਸ ਨੂੰ ਨਾ ਮੰਨੋ, ਆਪਣੇ ਲੋਕਾਂ ਨੂੰ ਹੁਣ ਮਹਾਤਮਾ ਬੁੱਧ ਦੀ ਬਹੁਤ ਲੋੜ ਆ, ਰਵਿਦਾਸ ਕੋਈ ਧਰਮ ਨਹੀਂ। ਤੁਹਾਨੂੰ ਪਤਾ ਹੈ ਨਾ ਡਾਕਟਰ ਅੰਬੇਦਕਰ ਨੇ ਬੁੱਧ ਧਰਮ ਅਪਣਾ ਲਿਆ ਸੀ, ਸਾਰੇ ਨੀਵੀਂ ਜਾਤ ਦੇ ਲੋਕਾਂ ਨੂੰ ਉਹ ਕਹਿੰਦੇ ਸਨ ਕਿ ਜੇ ਤੁਸੀਂ ਸਮਾਜਿਕ ਬਰਾਬਰੀ ਚਾਹੁੰਦੇ ਹੋ ਤਾਂ ਬੁੱਧ ਧਰਮ ਵਿੱਚ ਆ ਜਾਓ', ਪਰ ਲੋਕਾਈ ਦੇ ਮਨਮਸਤਕ ਵਿੱਚ ਗੁਰੂ ਰਵਿਦਾਸ ਤੋਂ ਬਿਨਾਂ ਹੋਰ ਕੋਈ ਨਹੀਂ ਵਸਦਾ। ਗਿਆਨ ਚੰਦ ਦੀ ਮਾਤਾ ਪਾਗਲ ਅਵਸਥਾ ਵਿੱਚ ਉਹ ਵੀ ਗੁਰੂ ਰਵਿਦਾਸ ਅਤੇ ਟੱਲਾਂ ਵਾਲੇ ਬਾਬਿਆਂ ਨੂੰ ਪੁਕਾਰਦੀ ਫਿਰਦੀ ਹੈ। ਹੋਸ਼ ਵਾਲੇ ਗਿਆਨ ਚੰਦ ਦੇ ਮਨ ਵਿੱਚ ਬੁੱਧ ਵਸਦਾ ਨਹੀਂ ਤੇ ਮਾਂ ਪਾਗਲ ਹੋਣ ਦੇ ਬਾਵਜੂਦ ਅਚੇਤ ਮਨ ਵਿੱਚ ਗੁਰੂ-ਗੁਰੂ ਕੂਕਦੀ ਫਿਰਦੀ ਹੈ। ਪੁੱਤ ਦੇ ਬੁੱਧ ਧਰਮ ਅਪਣਾਉਣ ਨੂੰ ਨਫਰਤ ਕਰਦੀ ਹੈ। ਕਥਾਕਾਰ ਦਾ ਇਸ਼ਾਰਾ ਹੈ ਕਿ ਧਰਮ ਦੀਆਂ ਜੜ੍ਹਾਂ ਸੁਚੇਤ ਮਨ ਵਿੱਚ ਨਹੀਂ, ਸਗੋਂ ਅਚੇਤ ਮਨ ਵਿੱਚ ਪਈਆਂ ਹੁੰਦੀਆਂ ਹਨ।

ਦੁਨੀਆ ਦਾ ਮੈਲਾ ਆਪਣੇ ਸਿਰ 'ਤੇ ਢੋਣ ਵਾਲੇ ਸ਼ਾਂਤੀ ਵਰਗੇ ਕਿਰਦਾਰ ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਕੁੰਭੀ ਨਰਕ ਹੰਢਾ ਰਹੇ ਹਨ। ਕਹਾਣੀ 'ਕੁੰਭੀ ਨਰਕ' ਦੀ ਸ਼ਾਂਤੀ ਦੀ ਕਥਾ ਬਿਆਨ ਕਰਦੇ ਹੋਏ ਕਥਾਕਾਰ ਨੇ ਲੋਕਾਂ ਦਾ 'ਕੋਠੀ ਝਾੜ' ਸਾਫ ਕਰਦਿਆਂ ਕਿਰਤੀਆਂ ਦਾ ਇਤਿਹਾਸ ਵੀ ਨਾਲੋ-ਨਾਲ਼ ਬਾਖ਼ੂਬੀ ਦਰਸਾਇਆ ਹੈ। ਸ਼ਾਂਤੀ ਨੇ ਆਪਣੀ ਹਯਾਤੀ ਵਿੱਚ ਲੋਕਾਂ ਦਾ ਮੈਲ਼ਾ ਸਿਰ 'ਤੇ ਢੋਣ ਤੋਂ ਲੈ ਕੇ ਮੈਲਾ ਪਾਣੀ ਨਾਲ਼ ਸਾਫ ਕਰਨ ਤੱਕ ਦਾ ਸਫਰ ਤਹਿ ਕੀਤਾ ਹੈ। ਸਮਾਂ ਬਦਲਣ ਨਾਲ਼ ਇਸ ਅਣਮਨੁੱਖੀ ਕੰਮ ਕਰਨ ਦਾ ਸਿਰਫ ਤਰੀਕਾ ਹੀ ਬਦਲਿਆ ਹੈ, ਪਰ ਇਹ ਕੰਮ ਸਿਰਫ ਇਸੇ ਹੀ ਭਾਈਚਾਰੇ ਦੇ ਹਿੱਸੇ ਆਇਆ ਹੈ। ਕਹਾਣੀਕਾਰ ਨੇ ਇੱਕ ਹੋਰ ਮਸਲਾ ਪੇਸ਼ ਕੀਤਾ ਹੈ ਕਿ ਦਲਿਤਾਂ ਅੰਦਰ ਵੀ ਉੱਚੇ-ਨੀਵੇਂ ਦਲਿਤ ਵਰਗ ਹਨ, ਜਿਵੇਂ ਆਦਿ ਧਰਮੀ ਭਾਈਚਾਰਾ ਬਾਲਮੀਕੀ ਭਾਈਚਾਰੇ ਨੂੰ ਆਪਣੇ ਤੋਂ ਨੀਵਾਂ ਗਿਣਦਾ ਹੈ।

ਕਥਾ ਅੰਦਰ ਦੂਜਾ ਨੁਕਤਾ ਬੜਾ ਅਹਿਮ ਹੈ ਕਿ ਦਲਿਤਾਂ ਅੰਦਰ ਇੱਕਾ-ਦੁਕਾ ਆਗੂ ਬਾਸ਼ਿੰਦਿਆਂ ਨੂੰ ਜਿਹੜੇ ਧਰਮ ਅੰਦਰ ਫਾਇਦਾ ਮਿਲਦਾ ਹੈ, ਉਹ ਬਹੁਗਿਣਤੀ ਲੋਕਾਂ ਨੂੰ ਓਧਰ ਜੋੜ ਦਿੰਦੇ ਹਨ। ਦਲਿਤ ਈਸਾਈ ਧੜਾ ਕਹਿੰਦਾ ਹੈ ਕਿ ਹੁਣ ਇਹ ਸਿਵੇ ਨਹੀਂ ਕਬਰਸਥਾਨ ਹੈ, ਇਸੇ ਹਉਮੈ ਵਿੱਚ ਉਹ ਸ਼ਾਂਤੀ ਦੀ ਮਿੱਟੀ ਰੋਲਣ ਦੇ ਤੁਲੇ ਹਨ, ਪਰ ਦੂਜਾ ਧੜਾ, ਜੋ ਭਗਵਾਨ ਵਾਲਮੀਕ ਦਾ ਪੈਰੋਕਾਰ ਹੈ, ਉਸ ਨੇ ਸਰਕਾਰੀ ਦਖਲਅੰਦਾਜ਼ੀ ਨਾਲ਼ ਸ਼ਾਂਤੀ ਦੀ ਮਿੱਟੀ ਕਿਊਂਟੀ। ਸ਼ਾਂਤੀ ਦੀ ਬਰਸੀ 'ਤੇ ਉਸ ਦਾ ਪੁੱਤਰ ਕੁਲਚੇ ਛੋਲਿਆਂ ਦਾ ਲੰਗਰ ਲਾਉਂਦਾ ਹੈ, ਕਿਉਂਕਿ ਜਿਉਂਦੇ ਜੀਅ ਸ਼ਾਂਤੀ ਨੂੰ ਇੱਕ ਲੰਗਰ ਤੋਂ ਧੱਕੇ ਮਾਰ ਕੇ ਕੱਢਿਆ ਗਿਆ ਸੀ। ਭੁੱਖ ਤੇ ਕਿਰਤ ਦਾ ਕਿੰਨਾ ਡਾਢਾ ਰਿਸ਼ਤਾ ਹੈ, ਕਥਾਕਾਰ ਨੇ ਬੜੇ ਸੁਚੱਜੇ ਢੰਗ ਨਾਲ਼ ਪੇਸ਼ ਕੀਤਾ ਹੈ।

'ਸੁੱਕੀਆਂ ਕੁੰਨਾਂ' ਸਿਰਫ ਚਮੜੇ ਦਾ ਕੰਮ ਕਰ ਰਹੇ ਦਲਿਤ ਭਾਈਚਾਰੇ ਦਾ ਹੀ ਦਰਦ ਨਹੀਂ, ਸਗੋਂ ਪੂਰੀ ਦੁਨੀਆ ਵਿੱਚ ਹੱਥੀਂ ਕੰਮ ਕਰਨ ਵਾਲਿਆਂ ਨੂੰ ਮਸ਼ੀਨ ਯੁੱਗ ਦੀ ਵੱਜ ਰਹੀ ਮਾਰ ਵੱਲ ਵੀ ਇਸ਼ਾਰਾ ਹੈ। ਕਹਾਣੀਕਾਰ ਚਮੜੇ ਦੇ ਕਾਰੋਬਾਰ ਦਾ ਇਤਿਹਾਸਕ ਪਿਛੋਕੜ ਦੱਸਣ ਦੇ ਨਾਲ਼-ਨਾਲ਼ ਅਖੌਤੀ ਉੱਚ ਜਾਤੀ ਵਪਾਰੀਆਂ ਉੱਤੇ ਵਿਅੰਗ ਵੀ ਕਰਦਾ ਹੈ, ਜਿਨ੍ਹਾਂ ਨੂੰ ਕਿਸੇ ਵੇਲੇ ਦਲਿਤਾਂ ਤੋਂ ਭਿੱਟ ਚੜ੍ਹਦੀ ਸੀ, ਹੁਣ ਚਮੜੇ ਦੇ ਵੱਡੇ ਕਾਰੋਬਾਰ ਖੁਦ ਚਲਾ ਰਹੇ ਹਨ।

'ਧੂੜ' ਕਹਾਣੀ ਪੜ੍ਹਦਿਆਂ ਦੋ ਝਾਉਲੇ ਪੈਂਦੇ ਹਨ। ਇੱਕ ਤਾਂ ਇਹ ਸ਼ਿਲਪਗਤ ਕਹਾਣੀ ਤਾਂ ਹੈ ਹੀ, ਦੂਜਾ ਇਹ ਨਾਟਕ ਜਾਂ ਲਘੂ ਫਿਲਮ ਦਾ ਸਕਰੀਨ ਪਲੇਅ ਜਾਪਦੀ ਹੈ। ਜੱਦੀ ਪੁਸ਼ਤੀ ਚਮੜੇ ਤੇ ਹੱਡਾਰੋੜੀ ਦੇ ਕਾਰੋਬਾਰ ਨਾਲ਼ ਜੁੜੇ ਮੇਲੂ ਨੂੰ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਆਪਣੇ ਪਿਤਾ ਪੁਰਖੀ ਧੰਦੇ 'ਤੇ ਮਾਣ ਹੈ, ਦੂਜੇ ਪਾਸੇ ਉਸ ਦਾ ਭਰਾ ਗੇਲੂ ਦਾ ਇਸ ਕਾਰੋਬਾਰ ਤੋਂ ਮੋਹ ਭੰਗ ਹੋ ਗਿਆ ਹੈ। ਉਹ ਸ਼ਹਿਰ ਵਿੱਚ ਰੰਗ ਦਾ ਕੰਮ ਕਰਦਾ ਹੈ। ਪੂਰਾ ਦੋਵਾਂ ਦਾ ਨਹੀਂ ਆ ਰਿਹਾ। ਦੂਜੇ ਪਾਸੇ ਇਨ੍ਹਾਂ ਦੀ ਹੀ ਬਰਾਦਰੀ ਦਾ ਸੁੱਚਾ ਆੜ੍ਹਤੀਆਂ, ਜੋ ਖੱਲਾਂ ਖਰੀਦਦਾ ਹੈ, ਭਾਵੇਂ ਉਹ ਲੱਖਾਂਪਤੀ ਹੈ, ਪਰ ਉਸ ਦੀ ਅਗਲੀ ਪੀੜ੍ਹੀ ਇਸ ਕਸਬ ਵੱਲ ਮੂੰਹ ਕਰਨ ਲਈ ਤਿਆਰ ਨਹੀਂ। ਕਾਹਣੀਕਾਰ ਇੱਕ ਹੋਰ ਨੁਕਤਾ ਉਭਾਰਦਾ ਹੈ ਕਿ ਦਲਿਤ ਬੰਦਾ ਭਾਵੇਂ ਆਪਣੇ ਕਸਬ ਦਾ ਮਾਹਰ ਹੋਣ ਦੇ ਨਾਲ਼-ਨਾਲ਼ ਚੰਗਾ ਕਲਾਕਾਰ ਵੀ ਕਿਉਂ ਨਾ ਹੋਵੇ, ਉਸ ਦੀ ਕਲਾ ਦੇ ਪ੍ਰਸੰਸਕ ਦਾਦ ਵੀ ਦੇਣਗੇ ਤੇ ਵਿਤਕਰਾ ਵੀ ਕਰਨਗੇ। ਜਿਵੇਂ ਗੇਲੂ ਦਾ ਪਿਤਾ ਅਲਗੋਜ਼ੇ ਵਾਦਕ ਭਗਤੂ ਰਾਮ ਇਹ ਦਰਦ ਹੰਢਾਉਂਦਾ ਹੈ :

'ਵੱਡੇ ਲੋਕ ਮੈਨੂੰ ਬਥੇਰਾ ਇਨਾਮ ਦਿੰਦੇ ਸੀਗੇ, ਪਰ ਉਹ ਅੰਦਰੋਂ ਨਫਰਤ ਵੀ ਬਾਹਲੀ ਕਰਦੇ ਸੀਗੇ। ਮੈਨੂੰ ਕਦੇ ਨੇੜੇ ਹੋ ਕੇ ਮਿਲਦੇ ਨ੍ਹੀਂ ਸੀਗੇ।'

ਜਦੋਂ ਗੁਜਰਾਂ ਦੀ ਕੱਟੀ ਦੇ ਕੈਂਟਰ ਵਾਲਾ ਟੱਕਰ ਮਾਰ ਜਾਂਦਾ ਹੈ ਤਾਂ ਕਹਾਣੀਕਾਰ ਨੇ ਇਸ ਕਹਾਣੀ ਜ਼ਰੀਏ ਇੱਕ ਹੋਰ ਸੂਖਮ ਨੁਕਤਾ ਉਭਾਰਿਆ ਹੈ। ਉਸ ਨੇ ਪਸ਼ੂਆਂ ਦਾ ਚੰਮ ਲਾਹੁਣ ਵਾਲੇ ਮੇਲੂ ਨੂੰ ਸੁਹਿਰਦ ਤੇ ਸੰਵੇਦਨਸ਼ੀਲ ਮਨੁੱਖ ਵਜੋਂ ਚਿਤਰਿਆ ਹੈ। ਜਦੋਂ ਮੇਲੂ ਕੱਟੀ ਨੂੰ ਹਸਪਤਾਲ ਦਾਖਲ ਕਰਵਾਉਂਦਾ ਹੈ ਤਾਂ ਹਸਪਤਾਲ ਦਾ ਹੈਲਪਰ ਕਹਿੰਦਾ ਹੈ ਕਿ ਇਹਦੀ ਖੱਲ੍ਹ ਲਾਹ ਕੇ ਪਰਾਂ ਮਾਰਦਾ ਤਾਂ ਮੇਲੂ ਦਾ ਕਹਿੰਦਾ ਹੈ :

'ਯਾਰ ਮੈਂ ਕੋਈ ਕਸਾਈ ਆਂ। ਜਿਉਂਦੇ ਪਸ਼ੂਆਂ ਨੂੰ ਮਾਰੀ ਜਾਵਾਂ। ਮੈਂ ਯਾਰ ਬੰਦਾ ਆਂ.. . ਮੇਰੇ ਅੰਦਰਲਾ ਬੰਦਾ ਅਜੇ ਮਰਿਆ ਨ੍ਹੀਂ ਹੈਗਾ। ਰੱਬ ਦਾ ਵਾਸਤਾ ਹੁਣ ਹੋਰ ਦੁਰਬਚਨ ਨਾ ਬੋਲੀਂ।' ਪਸ਼ੂਆਂ ਦੀਆਂ ਖੱਲਾਂ ਲਾਹੁਣ ਵਾਲੇ ਕਿਰਤੀ ਪ੍ਰਤੀ ਸਮਾਜ ਦਾ ਕੁਰੱਖਤ ਨਜ਼ਰੀਆ ਬਦਲਣ ਲਈ ਕਹਾਣੀਕਾਰ ਨੇ ਇਸ ਕਿਰਤੀ ਲਈ ਪੁਰਜ਼ੋਰ ਹਾਅ ਦਾ ਨਾਅਰਾ ਮਾਰਿਆ ਹੈ।

ਕਹਾਣੀਕਾਰ 'ਲੰਘ ਚੱਲੀ' ਕਹਾਣੀ ਵਿਚਲੀ ਦਲਿਤ ਬਜ਼ੁਰਗ ਔਰਤ ਦੀ ਮਨੋਦਸ਼ਾ ਨੂੰ ਮਨਬਚਨੀ ਸ਼ੈਲੀ ਰਾਹੀਂ ਘੜਦਾ ਹੈ। ਇਹ ਮਿਹਨਤੀ, ਸਿਰੜੀ ਤੇ ਧੜੱਲੇਦਾਰ ਔਰਤ ਆਪਣੀ ਲੰਘੀ ਜ਼ਿੰਦਗੀ ਦੀਆਂ ਕਠਿਨ ਪ੍ਰਸਥਿਤੀਆਂ, ਸੰਸੇ, ਅਮੁੱਕ ਦੁਸ਼ਵਾਰੀਆਂ ਨੂੰ ਆਪਣੀ ਜੀਵਨ ਕਥਾ ਰਾਹੀਂ ਬਿਆਨ ਕਰਦੀ ਹੈ। ਵਡੇਰੀ ਉਮਰ ਵਿੱਚ ਵੀ ਕਿਰਤ ਦਾ ਪੱਲਾ ਨਹੀਂ ਛੱਡਦੀ, ਸਗੋਂ ਧੀਆਂ-ਪੁੱਤਰਾਂ ਦੀਆਂ ਗਰਜਾਂ ਵੀ ਪੂਰੀਆਂ ਕਰਦੀ ਹੈ। ਇਹ ਆਤਮ ਸਨਮਾਨੀ ਕਿਰਦਾਰ ਕਹਾਣੀਕਾਰ ਦਾ ਹਾਸਲ ਹੈ। ਦੂਜੇ ਪਾਸੇ 'ਕਸੂਰਵਾਰ' ਕਹਾਣੀ ਦੀ ਮੁੱਖ ਕਿਰਦਾਰ ਔਰਤ ਆਪਣਾ ਜਿਸਮ ਵੇਚ ਕੇ ਘਰ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਬੁੱਢੇਵਾਰੇ ਉਹ ਆਪਣੀ ਮਨੋਬਚਨੀ ਰਾਹੀਂ ਆਪਣੇ ਕਿਰਦਾਰ ਦਾ ਸਵੈਵਿਸ਼ਲੇਸ਼ਣ ਕਰਦੀ ਹੈ ਕਿ 'ਪਤਾ ਨ੍ਹੀਂ ਇਹ ਪੇਟ ਦਾ, ਪੈਸੇ ਦਾ ਜਾਂ ਕੋਈ ਰੂਹ ਦਾ ਰੋਗ ਏ, ਜੋ ਮੈਨੂੰ ਚੁੰਬੜਿਆ ਹੋਇਆ ਹੈ।' ਭਾਵੇਂ ਉਹ ਇਹ ਫੈਸਲਾ ਨਹੀਂ ਕਰ ਸਕੀ ਕਿ ਉਹ ਅਜਿਹੀ ਕਿਉਂ ਹੈ, ਪਰ ਉਪਰੋਕਤ ਸਾਰੇ ਹੀ ਕਾਰਨ ਥੋੜ੍ਹੇ-ਥੋੜ੍ਹੇ ਕਰਕੇ ਉਸ ਦੇ ਕਿਰਦਾਰ ਵਿੱਚ ਸ਼ਾਮਲ ਹਨ।

ਕਥਾਕਾਰ ਆਪਣੇ ਕਿਰਦਾਰ ਰਹਿਮਤ ਮਸੀਹ ਦੇ ਦਸਤਾਵੇਜ਼ਾਂ ਦੇ ਕੁਝ ਪੰਨਿਆਂ ਅਤੇ ਉਸ ਦੇ ਅਤੀਤ ਦੀਆਂ ਯਾਦਾਂ ਨਾਲ਼ ਕਹਾਣੀ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਦੀ ਸ਼ਿਲਪ ਤਿਆਰ ਕਰਦਾ ਹੈ। ਰਹਿਮਤ ਮੱਟੂ ਮਸੀਹ ਵਾਲਮੀਕੀ ਸਮਾਜ ਦਾ ਬਾਸ਼ਿੰਦਾ, ਉਸ ਦੇ ਮਾਪੇ ਪਿਤਾ-ਪੁਰਖੀ ਸਾਫ-ਸਫਾਈ ਦਾ ਕੰਮ ਕਰਦੇ, ਬਚਪਨ ਲੋਕਾਂ ਦੇ ਵਿਆਹਾਂ ਦੀ ਜੂਠ ਦੇ ਸਹਾਰੇ ਬੀਤਦਾ, ਰਹਿਮਤ ਪੜ੍ਹ-ਲਿਖ ਕੇ ਡਰਾਇੰਗ ਮਾਸਟਰ ਬਣ ਗਿਆ। ਸਕੂਲ ਦਾ ਵਾਤਾਵਰਣ ਜਾਤੀ ਵਿਤਕਰਾ ਕਾਰਨ ਰਹਿਮਤ ਨਾਲ਼ ਲੜਾਈਆਂ, ਝਗੜੇ ਪੰਚਾਇਤਾਂ, ਥਾਣੇ। ਸਮਾਂ ਬਦਲਦਾ, ਰਹਿਮਤ ਦੇ ਭਾਈਚਾਰੇ ਦੀ ਹੈੱਡਮਾਸਟਰ ਆਉਣਾ, ਰਹਿਮਤ ਰਾਹੀਂ ਐੱਨ ਆਰ ਆਈ ਲੋਕਾਂ ਤੋਂ ਲਏ ਫੰਡਾਂ ਨਾਲ਼ ਸਕੂਲ ਭਲਾਈ ਦੇ ਕਾਰਜਾਂ ਵਿੱਚ ਵਾਧਾ, ਮੰਤਰੀਆਂ ਤੇ ਸਟੇਟ ਅਵਾਰਡ ਤੱਕ ਪਹੁੰਚ। ਬੱਚੇ ਚੰਗੀ ਜਗ੍ਹਾ ਸੈਟਲਡ, ਰਹਿਮਤ ਮਸੀਹ ਹੁਣ ਕਰੀਮੀ ਲੇਅਰ ਵਿੱਚ ਆ ਗਿਆ।

ਕਥਾਕਾਰ ਨੇ ਤਿੰਨ-ਚਾਰ ਪ੍ਰਸ਼ਨ ਉਭਾਰੇ ਹਨ, ਜਿਨ੍ਹਾਂ ਵਿੱਚ ਉਹ ਸਿੱਧ ਕਰਦਾ ਹੈ ਕਿ ਕਿਸੇ ਜਾਤ ਨੂੰ ਕੋਈ ਧਰਮ ਸ਼ਰਨ ਦੇ ਕੇ ਆਪਣੀ ਮੁੱਖ ਧਾਰਾ ਵਿੱਚ ਸ਼ਾਮਲ ਨਹੀਂ ਕਰ ਸਕਦਾ। ਰਹਿਮਤ ਦਾ ਪਿਤਾ ਜਦੋਂ ਈਸਾਈ ਬਣਿਆ ਤਾਂ ਥਾਣੇਦਾਰ ਕਹਿੰਦਾ ਹੈ, 'ਜੇ ਤੂੰ ਈਸਾਈ ਜਾਤੀ ਲਿਖਵਾ ਦਿੱਤੀ ਤਾਂ ਤੈਨੂੰ ਕੋਈ ਵੀ ਸਰਕਾਰੀ ਸਹੂਲਤ ਨਹੀਂ ਮਿਲਣੀ, ਨਾ ਹੀ ਤੇਰੇ ਨਿਆਣਿਆਂ ਨੂੰ ਕੋਈ ਲਾਭ ਮਿਲਣਾ। ਤੁਸੀਂ ਜਨਰਲ ਬਣ ਜਾਣਾ ਈਸਾਈ ਬਣ ਕੇ, ਪਰ ਲੋਕ ਤੁਹਾਨੂੰ ਉਹੀ ਕਹਿਣਗੇ, ਜੋ ਤੁਸੀਂ ਹੋ।' ਦੂਜਾ ਪ੍ਰਸ਼ਨ : ਰਹਿਮਤ ਦਾ ਪੁੱਤਰ ਪੰਡਤਾਂ ਦੀ ਕੁੜੀ ਨਾਲ਼ ਕੋਰਟ ਮੈਰਿਜ ਕਰਵਾ ਲੈਂਦਾ ਹੈ ਤਾਂ ਸਕੂਲ ਦਾ ਪੀਅਨ ਜਾਗਰ ਸਿੱਧੂ ਕਹਿੰਦਾ ਹੈ, 'ਦਰਸ਼ਨਾ ਵਿਆਹ ਕਰਵਾਉਣ ਨਾਲ਼ ਇੱਥੇ ਜਾਤਾਂ ਨਹੀਂ ਟੁੱਟਣੀਆਂ।' ਇਹ ਸਵਾਲ ਤੇ ਇਹਦੇ ਨਾਲ਼ ਮਿਲਦੇ-ਜੁਲਦੇ ਸਵਾਲ ਅੱਜ ਏ ਆਈ ਜ਼ਮਾਨੇ ਵਿੱਚ ਵੀ ਸਮਾਜ ਦੇ ਮੱਥੇ 'ਤੇ ਉਕਰੇ ਪਏ ਹਨ।


'ਆਦਿ ਡੰਕਾ' ਕਹਾਣੀ ਆਦਿ ਧਰਮੀ ਸੰਤ ਦੇ ਕਤਲ ਹੋਣ 'ਤੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਮਹਿਕਾਂ ਹੇਠ ਮਿੱਧਿਆ ਫੁੱਲ

**ਬਖ਼ਸ਼ਿੰਦਰ**
**ਸਫੇ-168, ਮੁੱਲ-299 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

# ਪੇਂਡੂ ਤੇ ਮਹਾਂਨਗਰੀ ਸੱਭਿਆਚਾਰਾਂ ਦਾ ਪ੍ਰਵਚਨ





**ਸਾਹਿਤ ਚਿੰਤਨ**

**ਜੁਗਿੰਦਰ ਸਿੰਘ ਸੰਧੂ**

ਮੈਂ ਤੇ ਬਖ਼ਸ਼ਿੰਦਰ, ਇਕ ਅਖ਼ਬਾਰੀ ਅਦਾਰੇ ਵਿਚ ਤਕਰੀਬਨ ਡੇਢ ਦਹਾਕਾ ਨਾਲੋ-ਨਾਲ ਬੈਠ ਕੇ ਕੰਮ ਕਰਦੇ ਰਹੇ ਹਾਂ ਤੇ ਮੈਂ ਉਸ ਨੂੰ ਕਾਗ਼ਜ਼-ਕਲਮ ਨਾਲ ਜੂਝਦਿਆਂ ਹੀ ਨਹੀਂ ਦੇਖਦਾ ਰਿਹਾ, ਸਗੋਂ ਲੰਬਾ ਸਮਾਂ ਉਸ ਦੀ ਸ਼ਖ਼ਸੀਅਤ ਵਿਚ ਉਤਰਾਅ-ਚੜ੍ਹਾਅ ਆਉਣ ਦਾ ਵੀ ਮੌਕੇ ਦਾ ਗਵਾਹ ਰਿਹਾ ਹਾਂ। ਇਸ ਸੰਬੰਧ ਵਿਚ ਇਕ ਦਿਸ਼ਟਾਂਤ ਦੇਣਾ ਬਹੁਤ ਜ਼ਰੂਰੀ ਹੈ ਕਿ ਇਕ ਵਾਰ ਮੈਂ ਉਸ ਨੂੰ ਪੰਜਾਬ ਵਿਚ ਉਨ੍ਹੀਂ ਦਿਨੀਂ ਆਏ ਹੋਏ ਹੜ੍ਹਾਂ ਦੇ ਸੰਬੰਧ ਵਿਚ ਇਕ ਨਾਟਕ ਲਿਖਣ ਦੀ ਫ਼ਰਮਾਇਸ਼ ਕਰ ਦਿੱਤੀ। ਉਸ ਨੇ ਇਕ ਘੰਟੇ ਮਗਰੋਂ ਮੈਨੂੰ ਕਿਹਾ ਕਿ ਮੈਂ ਡਿਊਟੀ ਖ਼ਤਮ ਕਰ ਕੇ ਜਾਣ ਤੋਂ ਪਹਿਲਾਂ ਉਸ ਨੂੰ ਮਿਲ ਕੇ ਜਾਵਾਂ, ਕਿਉਂਕਿ ਉਹ ਮੈਨੂੰ ਲਿਖੇ ਜਾਣ ਵਾਲੇ ਨਾਟਕ ਦੀ ਕਹਾਣੀ ਸੁਣਾਉਣੀ ਚਾਹੁੰਦਾ ਹੈ।

ਉਸ ਨੇ ਜਿਹੜੀ ਕਹਾਣੀ ਸੁਣਾਈ, ਮੈਨੂੰ ਬਹੁਤ ਜ਼ਿਆਦਾ ਪਸੰਦ ਆਈ ਤੇ ਉਸ ਨੇ ਉਸ ਦੇ ਆਧਾਰ 'ਤੇ ਤਕਰੀਬਨ ਡੇਢ ਘੰਟੇ ਦਾ ਨਾਟਕ ਵੀ ਲਿਖ ਦਿੱਤਾ, ਜੋ ਮੈਨੂੰ ਕਹਾਣੀ ਨਾਲੋਂ ਵੀ ਵੱਧ ਪਸੰਦ ਆਇਆ ਸੀ।

ਹੁਣ ਉਸ ਗੱਲ ਤੋਂ ਤਕਰੀਬਨ ਅੱਧੀ ਸਦੀ ਮਗਰੋਂ ਉਸ ਨੇ ਮੈਨੂੰ ਆਪਣੇ ਲਿਖੇ ਨਾਵਲ 'ਮਹਿਕਾਂ ਹੇਠ ਮਿੱਧਿਆ ਫੁੱਲ' ਦਾ ਇਕ ਪੀ ਡੀ ਐੱਫ ਉਤਾਰਾ ਭੇਜ ਕੇ, ਉਸ ਬਾਰੇ ਆਪਣਾ ਲਿਖਤੀ ਪ੍ਰਤੀਕਰਮ ਭੇਜਣ ਲਈ ਕਿਹਾ ਹੈ। ਇਹ ਲੇਖ, ਉਸ ਦੇ ਨਾਵਲ ਬਾਰੇ ਮੇਰਾ ਪ੍ਰਤੀਕਰਮ ਹੀ ਹੈ। ਇਸ ਨਾਵਲ ਦਾ ਪਹਿਲਾ ਅੱਧ, 'ਖੁੰਢਿਆਂ ਦਾ ਚੱਕ' ਨਾਂਅ ਦੇ ਇਕ ਪਿੰਡ ਵਿਚ ਵਾਪਰਦਾ ਹੈ। ਉਸ ਨੂੰ ਪੜ੍ਹਨ ਦੌਰਾਨ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਨਾਵਲ ਪੁਰਾਣੇ ਪੇਂਡੂ ਸੱਭਿਆਚਾਰ ਦੀ ਤਸਵੀਰ ਹੈ। ਦੂਜੇ ਅੱਧ ਵਿਚ ਇਸ ਨਾਵਲ ਦਾ ਨਾਇਕ, ਜੋ ਪੰਜਾਬੀ ਗਾਇਕ ਵਜੋਂ ਨਾਮਣਾ ਖੱਟ ਕੇ, ਇਕ ਪੰਜਾਬੀ ਫ਼ਿਲਮ ਅਦਾਕਾਰ ਦੇ ਰੂਪ ਵਿਚ ਮੁੰਬਈ ਵਰਗੇ ਮਹਾਂਨਗਰ ਵਿਚ ਰਹਿਣ ਚਲਿਆ ਜਾਂਦਾ ਹੈ। ਇਸ ਤੋਂ ਮਗਰੋਂ ਇਸ ਨਾਵਲ ਦੀਆਂ ਘਟਨਾਵਾਂ ਲਈ ਇਹ ਮਹਾਂਨਗਰ ਹੀ ਮੰਚ ਬਣ ਜਾਂਦਾ ਹੈ।

ਬਖ਼ਸ਼ਿੰਦਰ ਨੇ ਇਹ ਨਾਵਲ 1983 ਵਿਚ ਲਿਖਣਾ ਸ਼ੁਰੂ ਕਰਕੇ ਛੱਡ ਦਿੱਤਾ ਸੀ ਤੇ ਫਿਰ ਪੂਰਾ ਕਰਕੇ 2025 ਵਿਚ ਛਪਵਾਇਆ ਹੈ। ਭਾਵੇਂ ਇਹ ਨਾਵਲ ਪੂਰਾ ਕਰਨ ਵਿਚ ਤਕਰੀਬਨ ਅੱਧੀ ਸਦੀ ਲੱਗ ਗਈ ਹੈ, ਪਰ ਮੈਨੂੰ ਇਹ ਨਾਵਲ ਪੜ੍ਹਦਿਆਂ ਕਿਤੇ ਵੀ ਕੋਈ ਮਾਨਸਿਕ ਹੁਝਕਾ ਨਹੀਂ ਲੱਗਿਆ। ਇਸ ਨਾਵਲ ਦੀ ਕਹਾਣੀ ਬੜੇ ਸਹਿਜ ਨਾਲ ਆਪਣੇ ਵਾਪਰਨ ਦਾ ਸਥਾਨ, ਇਕ ਪਿੰਡ ਤੋਂ ਇਕ ਮਹਾਂਨਗਰ ਬਣਾ ਲੈਂਦੀ ਹੈ। ਕਹਾਣੀ ਵੱਲੋਂ ਆਪਣਾ ਮੰਚ ਬਦਲਣ ਨਾਲ ਪਾਠਕ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਖ਼ਾਸ ਕਿਸਮ ਦੀਆਂ ਲਕੀਰਾਂ ਦੇ ਫ਼ਕੀਰ ਬਣੇ ਹੋਏ ਅਖੌਤੀ ਆਲੋਚਕ ਇਹ ਨਾਵਲ ਪੜ੍ਹਦਿਆਂ ਆਪਣੇ ਕੱਟੜ ਸਿਧਾਂਤਾਂ ਨੂੰ ਲਾਂਭੇ ਰੱਖ ਜਾਣਗੇ ਤੇ ਇਸ ਛੋਟੇ ਜਿਹੇ ਨਾਵਲ ਦੀ ਕਹਾਣੀ ਨਾਲ ਵਹਿੰਦੇ ਚਲੇ ਜਾਣਗੇ, ਮੈਨੂੰ ਤਾਂ ਇੰਝ ਹੀ ਲੱਗਦਾ ਹੈ। ਆਲੋਚਕ ਹੋਣਾ ਹੋਰ ਗੱਲ ਮੰਨ ਵੀ ਲਈਏ, ਪੜ੍ਹਦੇ ਤਾਂ ਉਹ ਵੀ ਪਾਠਕਾਂ ਵਾਂਗ ਹੀ ਹਨ ਤੇ ਕੋਈ ਨਾਵਲ, ਆਲੋਚਕ ਦੇ ਮਨ ਉੱਤੇ ਵੀ ਓਸੇ ਤਰ੍ਹਾਂ ਦਾ ਅਸਰ ਪਾਉਂਦਾ ਹੈ, ਜਿਸ ਤਰ੍ਹਾਂ ਦਾ ਪਾਠਕ ਦੇ ਮਨ ਉੱਤੇ ਪਾਉਂਦਾ ਹੈ। ਵੱਡੀ ਗੱਲ ਹੈ ਕਿ ਜੇ ਲੇਖਕ ਇਸ ਕਿਤਾਬ ਦੀ ਆਦਿਕਾ ਵਿਚ, ਇਹ ਨਾਵਲ ਅੱਧੀ ਸਦੀ ਵਿਚ ਪੂਰਾ ਕੀਤੇ ਜਾਣ ਦਾ ਭੇਤ ਨਾ ਖੋਲ੍ਹਦਾ ਤਾਂ ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਲੱਗਣਾ ਸੀ। ਇਹੋ ਇਸ ਨਾਵਲ ਦੇ ਲੇਖਕ ਦਾ ਕਮਾਲ ਹੈ। ਇਹ ਨਾਵਲ ਪਿੰਡ 'ਲੰਡੇ ਕੇ ਚੱਕ' ਦੀ ਇਕ ਸਵੇਰ ਦੇ ਇਸ ਜ਼ਿਕਰ ਨਾਲ ਸ਼ੁਰੂ ਹੁੰਦਾ ਹੈ, "ਉਹ ਦਿਨ, ਓਦਾਂ ਤਾਂ ਬਾਕੀ ਦਿਨਾਂ ਵਰਗਾ ਹੀ ਸੀ। ਉਸ ਦਿਨ ਪੰਛੀ ਪਹਿਲਾਂ ਵਾਂਗ ਹੀ ਚਹਿਚਹਾਏ ਸਨ, ਹਾਲੀਆਂ ਨੇ ਪਹਿਲਾਂ ਵਾਂਗ ਹੀ ਹਰਨਾਲੀਆਂ ਕੱਢੀਆਂ ਸਨ, ਬਲਦਾਂ ਦੇ ਗਲ਼ਾਂ ਵਿਚ ਖੜਕਦੀਆਂ ਟੱਲੀਆਂ ਦੇ ਸੰਗੀਤ ਦੀ ਤਰਜ਼ ਵੀ ਉਹੀ ਵਰ੍ਹਿਆਂ ਪੁਰਾਣੀ ਸੀ। ਪਹਿਲਾਂ ਵਾਂਗ ਹੀ ਉਸ ਦਿਨ, ਚਾਟੀਆਂ ਵਿਚ ਮਧਾਣੀਆਂ ਪਈਆਂ ਤੇ ਉਸੇ ਤਰ੍ਹਾਂ ਹੀ ਗੁਰੂ-ਘਰ ਦੇ ਭਾਈ ਨੇ ਸਪੀਕਰ ਵਿਚ 'ਸ਼ਬਦ ਬੋਲਣੇ' ਸ਼ੁਰੂ ਕੀਤੇ ਸਨ।"

ਨਾਵਲ ਦਾ ਅੰਤ, ਮਹਾਂਨਗਰ ਮੁੰਬਈ ਦੀ ਇਕ ਸ਼ਾਮ ਨਾਲ ਹੁੰਦਾ ਹੈ। ਇਸ ਸ਼ਾਮ ਦਾ ਜ਼ਿਕਰ ਨਾਵਲਕਾਰ ਨੇ ਇਸ ਤਰ੍ਹਾਂ ਕੀਤਾ ਹੋਇਆ ਹੈ, "ਸੂਰਜ ਸਮੁੰਦਰ ਵਿਚ ਡੁੱਬਣ ਲਈ ਤੇ ਰਮੀ ਕਪੂਰ ਸੂਰਜ ਨੂੰ ਮਿਲਣ ਲਈ ਉਤਾਵਲੇ ਹੋ ਗਏ ਲੱਗਦੇ ਸਨ। 'ਗਾਂਧੀਗ੍ਰਾਮ ਰੋਡ' ਦਾ ਸਮੁੰਦਰ ਨੇੜਲਾ ਹਿੱਸਾ ਨੀਵਾਂ ਹੋਣ ਦੀ ਵਜ੍ਹਾ ਨਾਲ ਰਮੀ ਦਾ ਬੁੱਤ ਵੀ ਨੀਵੇਂ ਤੋਂ ਨੀਵਾਂ ਹੋਈ ਜਾ ਰਿਹਾ। ਹੁਣ ਡੁੱਬਦੇ ਸੂਰਜ ਦੇ ਸਾਹਮਣੇ ਉਸ ਦੇ ਸਿਰ ਦਾ ਝਾਉਲਾ ਜਿਹਾ ਹੀ ਦਿਸਦਾ ਸੀ, ਜੋ ਹੌਲੀ-ਹੌਲੀ ਸੂਰਜ ਤੋਂ ਵੀ ਹੇਠਾਂ ਹੋ ਜਾਣ ਨਾਲ ਨਜ਼ਰ ਆਉਣੋਂ ਹਟ ਗਿਆ ਸੀ।"

ਇਸ ਨਾਵਲ ਦੀ ਸ਼ੁਰੂਆਤ ਅਤੇ ਅੰਤ ਲਿਖਣ ਵਿਚਾਲੇ ਅੱਧੀ ਸਦੀ ਵੀ ਵਿਛੀ ਹੋਈ ਹੈ, ਲੇਖਕ ਨੇ ਇਹ ਦੋਵੇਂ ਘਟਨਾਵਾਂ ਲਿਖਦਿਆਂ ਇਹ ਅੱਧੀ ਸਦੀ ਦਾ ਫ਼ਾਸਲਾ ਮਿਟਾਉਂਦਿਆਂ ਜੋ ਕੀਤਾ ਹੈ, ਉਸੇ ਨੂੰ 'ਕਮਾਲ' ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਰਮਨ ਕਪੂਰ ਨਾਮੀ ਨੌਜੁਆਨ ਦੀ ਕਹਾਣੀ, 'ਖੁੰਡਿਆਂ ਦੇ ਚੱਕ' ਨਾਮੀ ਪਿੰਡ ਵਿਚ ਲਾਲਾ ਸ਼੍ਰਿਸ਼ਟਪਾਲ ਅਤੇ ਗੁਰਾਂਦਿੱਤੀ ਦੇ ਘਰ ਪੋਤਰੇ ਵਜੋਂ ਜਨਮ ਲੈਣ ਤੋਂ ਲੈ ਕੇ, ਫ਼ਿਲਮ ਨਗਰੀ ਦੇ ਸਮੁੰਦਰ ਵਿਚ ਡੁੱਬਦੇ ਸੂਰਜ ਨਾਲ ਛਿਪ ਜਾਣ ਤੱਕ ਚਿੱਤਰਿਆ ਹੈ। ਰਮਨ ਨੂੰ ਇਸ ਨਾਵਲ ਵਿਚ ਕਈ ਪੜਾਵਾਂ ਵਿਚੀਂ ਗੁਜ਼ਰਦਾ ਦਿਖਾਇਆ ਗਿਆ ਹੈ। ਉਸ ਦੀ ਮਾਂ, ਉਸ ਨੂੰ ਜਨਮ ਦਿੰਦਿਆਂ ਹੀ ਗੁਜ਼ਰ ਗਈ। ਫਿਰ ਦਾਦੇ-ਦਾਦੀ ਨੇ ਉਸ ਨੂੰ ਪਾਲਿਆ-ਪੋਸਿਆ, ਪੜ੍ਹਾਇਆ-ਲਿਖਾਇਆ ਤੇ ਵਿਦੇਸ਼ ਵਿਚ ਰਹਿੰਦੇ ਉਸ ਦੇ ਬਾਪ ਦੀ ਘਾਟ ਵੀ ਕਦੇ ਮਹਿਸੂਸ ਨਹੀਂ ਹੋਣ ਦਿੱਤੀ।

ਰਮਨ ਜੁਆਨੀ ਦੀਆਂ ਦਹਿਲੀਜ਼ਾਂ ਤੱਕ ਪਹੁੰਚਦਿਆਂ ਹੀ, ਲੋਕਾਂ ਦਾ ਮਨ-ਭਾਉਂਦਾ ਗਾਇਕ ਬਣ ਜਾਂਦਾ ਹੈ। ਸਕੂਲ ਵਿਚ ਪੜ੍ਹਦਿਆਂ ਰਮਨ, ਉਸ ਦੇ ਨਾਲ ਹੀ ਪੜ੍ਹਦੀ ਉਸ ਦੀ ਹਾਨਣ ਰਾਜੀ ਦੇ ਸੰਪਰਕ ਵਿਚ ਆ ਜਾਂਦਾ ਹੈ। ਪਹਿਲਾਂ ਤਾਂ ਰਾਜੀ ਰਮਨ ਨੂੰ ਪੜ੍ਹਾਈ-ਲਿਖਾਈ ਵਿਚ ਹੀ ਸਹਾਈ ਹੁੰਦੀ ਤੇ ਮਗਰੋਂ ਉਹ, ਗੀਤ-ਸੰਗੀਤ ਵਿਚ ਵੀ ਉਸ ਦੀ ਜੋੜੀਦਾਰ ਬਣਾ ਦਿੱਤੀ ਜਾਂਦੀ ਹੈ। ਉਹ ਦੋਵੇਂ ਜਣੇ ਗੀਤ ਗਾਉਣ ਦੇ ਮੁਕਾਬਲੇ ਜਿੱਤਦੇ ਹੋਰ ਵੀ ਹਰਮਨ-ਪਿਆਰੇ ਹੀ ਨਹੀਂ ਹੋ ਜਾਂਦੇ ਹਨ, ਸਗੋਂ ਉਨ੍ਹਾਂ ਦੀਆਂ ਮੁਲਾਕਾਤਾਂ ਵੀ ਵਧ ਜਾਂਦੀਆਂ ਹਨ।

ਉਨ੍ਹਾਂ ਦੀਆਂ ਮੇਲ-ਮੁਲਾਕਾਤਾਂ ਦੀ ਵਜ੍ਹਾ ਅਕਸਰ ਸੰਗੀਤ ਹੀ ਰਿਹਾ। ਉਹ ਦੋਵੇਂ ਇਕ-ਦੂਜੇ ਦੇ ਪਿੰਡੇ ਦਾ ਨਿੱਘ ਵੀ ਪਸੰਦ ਕਰਨ ਲੱਗ ਪਏ। ਰਾਜੀ ਦੇ ਮਾਪਿਆਂ ਨੇ ਅਚਾਨਕ ਹੀ ਰਾਜੀ ਦਾ ਵਿਆਹ ਕਿਸੇ ਮੁੰਡੇ ਨਾਲ ਕਰਕੇ ਉਸ ਨੂੰ ਪਿੰਡੋਂ ਇਸ ਤਰ੍ਹਾਂ ਵਿਦਾ ਕਰ ਦਿੱਤਾ ਕਿ ਉਹ ਫਿਰ ਕਦੇ ਵੀ 'ਖੁੰਡਿਆਂ ਦੇ ਚੱਕ' ਦੇ ਵਸੀਵੇਂ ਤੱਕ ਵੀ ਨਾ ਆ ਸਕੀ। ਰਾਜੀ ਦੇ ਵਿਛੋੜੇ ਦਾ ਦੁੱਖ ਭੁਲਾਉਣ ਲਈ ਰਮਨ ਆਪਣੇ ਪ੍ਰੋਫੈਸਰ ਨੂਰ ਨਾਲ ਖੁੱਲ੍ਹ ਜਾਂਦਾ ਹੈ। ਨੂਰ ਆਪਣੇ ਦੋਸਤ ਸਰਦਾਰ ਨਰਿੰਦਰ ਸਿੰਘ ਨਾਲ ਰਲ ਕੇ ਰਮਨ ਦੀ ਦਿਲਜੋਈ ਕਰਦਾ ਹੈ ਤੇ ਉਹ ਦੋਵੇਂ ਜਣੇ ਉਸ ਦੀ ਗਾਇਨ-ਕਲਾ ਉਤਸ਼ਾਹੁੰਦੇ ਹਨ।

ਗਾਇਕ ਵਜੋਂ ਰਮਨ ਦੀ ਸ਼ੁਹਰਤ, ਉਸ ਨੂੰ ਮਹਿਕ ਮਲਿਕ, ਮਿਸਿਜ਼ ਘੁੰਮਣ ਨਾਲ ਮਿਲਾਉਂਦੀ ਹੈ। ਫਿਰ ਮੁੰਬਈ ਵਿਚ ਮਿਸਿਜ਼ ਚੋਪੜਾ ਅਤੇ ਪ੍ਰਵੀਨ ਚੋਪੜਾ ਉਸ ਦੀ ਜ਼ਿੰਦਗੀ ਵਿਚ ਆਉਂਦੀਆਂ ਹਨ। ਹੌਲੀ-ਹੌਲੀ ਜ਼ਿੰਦਗੀ ਉਸ ਨਾਲ ਇਸ ਤਰ੍ਹਾਂ ਖੇਡਦੀ ਹੈ ਕਿ ਉਹ ਵੀ ਮਹਿਕਾਂ ਦੀ ਖੇਡ ਦਾ ਇਕ ਖਿਡਾਉਣਾ ਬਣ ਕੇ ਹੀ ਨਹੀਂ ਰਹਿ ਜਾਂਦਾ, ਸਗੋਂ ਮਹਿਕਾਂ ਦੇ ਸਾਗਰ ਵਿਚ ਗ਼ਰਕ ਹੀ ਹੋ ਜਾਂਦਾ ਹੈ।

ਇਸ ਨਾਵਲ ਵਿਚ ਲੇਖਕ ਨੇ ਕਲਾ ਦੀ ਉਪਾਸ਼ਨਾ ਦੇ ਓਹਲੇ ਵਿਚ ਸਿਆਸਤ ਖੇਡਣ ਤੇ ਨਿੱਜੀ ਹਿੱਤ ਸਾਧਣ ਦੇ ਕੋਹਜਾਂ ਵੱਲ ਵੀ ਗੁੱਝੇ ਇਸ਼ਾਰੇ ਕੀਤੇ ਹਨ। ਤਿੱਖੀ ਨਜ਼ਰ ਵਾਲੇ ਪਾਠਕ, ਇਸ ਨਾਵਲ ਵਿੱਚੋਂ ਇਕ ਤੋਂ ਵੱਧ ਸੰਕੇਤ ਨਿਕਲਦੇ ਮਹਿਸੂਸ ਕਰ ਸਕਣਗੇ।

**ਸੰਪਰਕ : 94174-02327**

## ਬੀਬਾ ਬਲਵੰਤ ਸ਼ਖਸੀਅਤ ਤੇ ਕਾਵਿ-ਚਿੰਤਨ

**ਸੰਪਾਦਕ-ਪ੍ਰੋ. ( ਡਾ.) ਪਰਮਜੀਤ ਸਿੰਘ ਢੀਂਗਰਾ**
**ਪੰਨੇ-400, ਮੁੱਲ-625 ਰੁਪਏ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**





ਬੀਬਾ ਬਲਵੰਤ ਪੰਜਾਬੀ ਸਾਹਿਤ ਦਾ ਜ਼ਿਕਰਯੋਗ ਹਸਤਾਖਰ ਹੈ। ਬੀਬਾ ਬਲਵੰਤ ਦੀ ਪਛਾਣ ਦੇ ਕਈ ਪਹਿਲੂ ਹਨ। ਉਹ ਇੱਕੋ ਸਮੇਂ ਸ਼ਾਇਰ ਵੀ ਹੈ, ਕਲਾਕਾਰ ਵੀ, ਫ਼ੋਟੋਗ੍ਰਾਫਰ ਵੀ, ਅਦਾਕਾਰ ਵੀ ਅਤੇ ਨਿਰਦੇਸ਼ਕ ਵੀ। ਉਸ ਦੀ ਸ਼ਾਇਰੀ ਦਾ ਕੇਂਦਰੀ ਕੋਡ ਮੁਹੱਬਤ ਦੀ ਚਿਹਨਕਾਰੀ ਹੈ। ਮੁਹੱਬਤ ਤੇ ਬਿਰਹਾ ਨੂੰ ਬਿਆਨ ਕਰਦਾ ਉਹ ਕਿਸੇ ਜੀਵੰਤ ਅਹਿਸਾਸ ਨੂੰ ਜਿਉਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ।ਇਹ ਪੁਸਤਕ ਦੀ ਸੰਪਾਦਨਾਂ ਦੋ ਭਾਗਾਂ ਵਿੱਚ ਹੋਈ ਹੈ। ਪਹਿਲਾ ਭਾਗ ਬੀਬਾ ਬਲਵੰਤ ਦੀ ਸ਼ਖਸੀਅਤ ਨਾਲ ਸੰਬੰਧਤ ਹੈ। ਇਸ ਭਾਗ ਵਿੱਚ 21 ਨਾਮਵਰ ਵਿਅਕਤੀਆਂ ਵੱਲੋਂ ਬੀਬਾ ਬਲਵੰਤ ਦੀ ਸ਼ਖਸੀਅਤ ਦੇ ਵਿਸ਼ਾਲ ਕੈਨਵਸ ਨੂੰ ਵਿਭਿੰਨ ਰੰਗਾਂ ਦੀ ਚਿਤਮਣੀ ਨਾਲ ਉਘਾੜਨ ਦਾ ਯਤਨ ਕੀਤਾ ਗਿਆ ਹੈ। ਇਸ ਭਾਗ ਵਿੱਚ ਮੋਹਨਜੀਤ ਅਤੇ ਡਾ. ਰਵਿੰਦਰ ਵੱਲੋਂ ਬੀਬਾ ਬਲਵੰਤ ਬਾਰੇ ਲਿਖੇ ਰੇਖਾ ਚਿੱਤਰ ਨੂੰ ਪੁਸਤਕ ਦੇ ਆਰੰਭ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਮੁਖਤਾਰ ਗਿੱਲ ਅਤੇ ਜਗਤਾਰ ਗਿੱਲ ਵੱਲੋਂ ਬੀਬਾ ਬਲਵੰਤ ਨਾਲ ਕੀਤੀ ਮੁਲਾਕਾਤ ਨੂੰ ਵੀ ਇਸ ਭਾਗ ਵਿੱਚ ਸ਼ਾਮਲ ਕੀਤਾ ਗਿਆ ਹੈ। 19 ਹੋਰ ਨਾਮਵਰ ਸਾਹਿਤਕਾਰਾਂ ਅਤੇ ਵਿਦਵਾਨਾਂ ਵੱਲੋਂ ਬੀਬਾ ਬਲਵੰਤ ਦੀ ਕਲਾਕਾਰੀ, ਹੁਨਰੀ ਖ਼ਾਸੇ ਅਤੇ ਉਸ ਦੇ ਸੁਭਾਅ ਦੀ ਤਾਸੀਰ ਨੂੰ ਵਿਸ਼ੇਸ਼ ਸ਼ਬਦ ਕਲਾ ਨਾਲ ਉਘਾੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਕੁਲਦੀਪ ਸਿੰਘ ਬੀਬਾ ਬਲਵੰਤ ਨੂੰ ਦੁਖ਼ਦੀ ਰੂਹ ਆਖਦਾ ਹੈ। ਚੰਨੀ ਤਾਕੁਲੀਆ ਆਪਣੀਆਂ-ਆਪਣੀਆਂ ਯਾਦਾਂ ਦੇ ਝਰੋਖੇ 'ਚੋਂ ਬੀਬਾ ਬਲਵੰਤ ਨੂੰ ਵੱਖਰੇ ਸਟਾਈਲ 'ਚ ਦਾਰਸ਼ਨਿਕ ਮਿਜ਼ਾਜ ਦਾ ਬੰਦਾ ਸਵੀਕਾਰ ਕਰਦਾ ਹੈ। ਪ੍ਰੇਮ ਸਿੰਘ ਬੀਬਾ ਬਲਵੰਤ ਨੂੰ ਅਜਿਹਾ ਕਲਾਕਾਰ ਤੇ ਕਵੀ ਮੰਨਦਾ ਹੈ, ਜੋ ਆਪਣੀ ਅਦਾਕਾਰੀ 'ਚ ਸਹਿਜ ਸੁਭਾਵਿਕਤਾ/ਭਾਵਾਂ ਦੇ ਪ੍ਰਗਟਾਅ ਵਿੱਚ ਗਹਿਰਾਈ ਅਤੇ ਨਾਟਕੀ ਕੁਸ਼ਲਤਾ ਕਾਰਨ ਸਭ ਨੂੰ ਪ੍ਰਭਾਵਿਤ ਕਰਦਾ ਹੈ। ਬਲਵਿੰਦਰ ਬੀਬਾ ਬਲਵੰਤ ਨੂੰ ਅਜਿਹੀ ਸ਼ਖਸੀਅਤ ਸਵੀਕਾਰ ਕਰਦਾ ਹੈ, ਜੋ ਹਮੇਸ਼ਾ ਹੀ ਪ੍ਰੇਰਨਾਦਾਇਕ ਅਤੇ ਅਗਾਂਹਵਧੂ ਵਿਚਾਰਾਂ ਦੀ ਧਾਰਨੀ ਹੈ। ਮਲਕੀਤ ਸਿੰਘ ਬੀਬਾ ਬਲਵੰਤ ਨੂੰ ਰੰਗਾਂ ਨਾਲ ਗੱਲਾਂ ਕਰਨ ਵਾਲਾ ਕਹਿੰਦਾ ਹੈ। ਅੰਬਰੀਸ਼ ਬੀਬਾ ਬਲਵੰਤ ਦੇ ਸੁਭਾਅ ਬਾਰੇ ਲਿਖਦਾ ਹੈ ਕਿ ਉਸ ਦੀਆਂ ਪਸੰਦਗੀਆਂ ਤੇ ਨਾ-ਪਸੰਦਗੀਆਂ ਸਖ਼ਤ ਤੇ ਕਰੜੀਆਂ ਹਨ। ਕਿਰਪਾਲ ਕਜ਼ਾਕ ਬੀਬਾ ਬਲਵੰਤ ਨੂੰ ਕੈਨਵਸ 'ਤੇ ਖਿੱਲਰੇ ਰੰਗਾਂ ਦੀ ਇਬਾਰਤ ਸਵੀਕਾਰ ਕਰਦਾ ਹੈ। ਸਰਬਜੀਤ ਸਿੰਘ ਸੰਧੂ ਬੀਬਾ ਬਲਵੰਤ ਦੇ ਜੀਵਨ ਨੂੰ ਆਈਸਬਰਗ ਤੋਂ ਸਮੁੰਦਰ ਤੱਕ ਦਾ ਤੈਅ ਕੀਤਾ ਸਫ਼ਰ ਮੰਨਦਾ ਹੈ। ਹਰਭਜਨ ਸਿੰਘ ਬਾਜਵਾ ਬੀਬਾ ਬਲਵੰਤ ਨੂੰ ਬਹੁਤ ਰੰਗਾਂ ਦਾ ਮਾਲਕ ਕਹਿੰਦਾ ਹੈ। ਜਿਸ ਦਾ ਪਤਾ ਨਹੀਂ ਹੁੰਦਾ ਕਿ ਉਹ ਕਦੋਂ ਕਿਹੜੇ ਰੰਗ ਵਿੱਚ ਹੋਵੇਗਾ। ਜਸਵੀਰ ਭੁੱਲਰ ਬੀਬਾ ਬਲਵੰਤ ਨੂੰ ਕਬੂਤਰ ਆਖਦਾ ਹੈ, ਜੋ ਦੁਨੀਆ ਦੇ ਕੋਨੇ-ਕੋਨੇ ਵਿੱਚ ਜਾ ਕੇ ਗੁਟਕ ਰਿਹਾ ਹੈ। ਜਤਿੰਦਰ ਔਲਖ ਬੀਬਾ ਬਲਵੰਤ ਨੂੰ ਸੂਖਮ ਕਲਾਵਾਂ ਦੇ ਪੱਤਣਾਂ 'ਤੇ ਭਰਿਆ ਮੇਲ ਕਹਿੰਦਾ ਹੈ। ਨੀਰੂ ਅਸੀਮ ਬੀਬਾ ਬਲਵੰਤ ਨੂੰ ਰਾਖਵੀਂ ਕਸਵੱਟੀ ਕਹਿੰਦਾ ਹੈ, ਜਿਸ ਨੂੰ ਕੈਦ ਮੁਕਤ ਰਹਿਣ ਦਾ ਵਲ ਆਉਂਦਾ ਹੈ। ਪ੍ਰਮਿੰਦਰਜੀਤ ਉਸ ਨੂੰ ਮੁਹੱਬਤ ਦਾ ਢਹਿੰਦਾ, ਉਸਰਦਾ ਤਾਜ ਮਹਿਲ ਕਹਿੰਦਾ ਹੈ। ਮੁਖਤਾਰ ਗਿੱਲ ਬੀਬਾ ਬਲਵੰਤ ਨੂੰ ਵੈਰੀ ਨਾਗ ਦਾ ਮੁਹੱਬਤੀ ਚਸ਼ਮਾ ਸਵੀਕਾਰ ਕਰਦਾ ਹੈ, ਜਿਸ ਦੇ ਚਿਹਰੇ 'ਤੇ ਮੁਹੱਬਤ ਤੇ ਅਪਣੱਤ ਨਾਲ ਲਬਰੇਜ ਮੁਸਕਾਨ ਤੈਰਦੀ ਰਹਿੰਦੀ ਹੈ।

ਪੁਸਤਕ ਦੇ ਦੂਸਰੇ ਭਾਗ ਵਿੱਚ ਲੱਗਭੱਗ 26 ਵਿਦਵਾਨਾਂ ਵੱਲੋਂ ਬੀਬਾ ਬਲਵੰਤ ਦੇ ਸਮੁੱਚੇ ਸਾਹਿਤ ਦੀ ਸਮੀਖਿਆ ਕੀਤੀ ਗਈ ਹੈ। ਜਿਸ ਵਿੱਚ ਕਾਵਿ ਭਾਸ਼ਾਈ ਪੈਰਾਡਾਇਮ, ਮੁਹੱਬਤੀ ਪ੍ਰਵਚਨ ਕਾਵਿ-ਵਿਧੀ, ਕਾਵਿ-ਸੰਵੇਦਨਾ, ਵਿਸ਼ੇਗਤ ਅਧਿਐਨ, ਸਵੈ ਨਾਲ ਸੰਵਾਦ, ਬੀਬਾ ਬਲਵੰਤ ਦੀ ਕਾਲਪਨਿਕ ਅਤੇ ਗਿਆਨ ਦ੍ਰਿਸ਼ਟੀ, ਕਾਵਿ ਜੁਗਤਾਂ, ਅਨੇਕਾਂ ਪੱਖਾਂ ਨੂੰ ਇਸ ਸਮੀਖਿਆ ਦਾ ਆਧਾਰ ਬਣਾਇਆ ਗਿਆ ਹੈ। ਡਾ. ਹਰਿਭਜਨ ਸਿੰਘ ਨੇ ਆਪਣੀ ਸਮੀਖਿਆ ਦੌਰਾਨ ਬੀਬਾ ਬਲਵੰਤ ਦੀ ਸ਼ਾਇਰੀ ਦੇ ਨਕਸ਼ਾਂ ਤੇ ਪਸਾਰਾਂ ਨੂੰ ਬੜੀ ਡੂੰਘਾਈ ਨਾਲ ਪਛਾਨਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਖੋਜ ਪੇਪਰ ਨੂੰ ਉਹਨਾਂ ਨੇ ਪੰਜ ਹਿੱਸਿਆਂ ਵਿੱਚ ਪੇਸ਼ ਕੀਤਾ ਹੈ। ਡਾ. ਪਰਮਜੀਤ ਸਿੰਘ ਢੀਂਗਰਾ ਨੇ ਬੀਬਾ ਬਲਵੰਤ ਦੀ ਪੁਸਤਕ 'ਆਨੰਦ ਭਇਆ' ਦੇ ਭਾਸ਼ਾਈ ਪੈਰਾਡਾਇਮਾਂ ਨੂੰ ਆਪਣੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਹੈ। ਡਾ. ਗੋਪਾਲ ਸਿੰਘ ਬੁੱਟਰ ਨੇ ਬੀਬਾ ਬਲਵੰਤ ਦੀ ਗ਼ਜ਼ਲੀਆ ਸ਼ਾਇਰੀ ਨੂੰ ਆਪਣੇ ਪੇਪਰ ਦਾ ਆਧਾਰ ਬਣਾਇਆ ਹੈ। ਡਾ. ਇਕਬਾਲ ਸਿੰਘ ਗੋਦਾਰਾ ਬੀਬਾ ਬਲਵੰਤ ਦੀ ਸ਼ਾਇਰੀ ਨੂੰ ਮੁਹੱਬਤ ਦਾ ਪ੍ਰਵਚਨ ਮੰਨਦਾ ਹੈ। ਡਾ. ਗੁਰਬੀਰ ਸਿੰਘ ਬਰਾੜ ਬੀਬਾ ਬਲਵੰਤ ਦੀ ਕਾਵਿ ਸੰਵੇਦਨਾ ਨੂੰ ਆਪਣੇ ਵਿਸ਼ਲੇਸ਼ਣ ਦਾ ਆਧਾਰ ਬਣਾਉਂਦਾ ਹੈ। ਡਾ. ਰਵਿੰਦਰ ਬੀਬਾ ਬਲਵੰਤ ਦੀ ਇੱਕੋ ਪੁਸਤਕ 'ਅਨੰਦ ਭਇਆ' ਨੂੰ ਮਨੁੱਖ ਦੇ ਆਪਣੇ ਆਪ ਕੋਲ ਪਰਤਣ ਦਾ ਸਫ਼ਰ ਸਵੀਕਾਰ ਕਰਦਾ ਹੈ। ਡਾ. ਵਨੀਤਾ ਨੇ ਆਪਣੇ ਪੇਪਰ ਵਿੱਚ ਬੀਬਾ ਬਲਵੰਤ ਦੀ ਬਿੰਬਕਾਰੀ ਅਤੇ ਕਾਵਿ-ਵਿਧੀ ਬਾਰੇ ਗੱਲਬਾਤ ਕੀਤੀ ਹੈ। ਡਾ. ਨਵਰੂਪ ਬੀਬਾ ਬਲਵੰਤ ਨੂੰ ਵਹਿੰਦਾ ਦਰਿਆ ਮੰਨਦੇ ਹਨ। ਡਾ. ਤੇਜਵੰਤ ਸਿੰਘ ਮਾਨ ਬੀਬਾ ਬਲਵੰਤ ਦੀ ਪੁਸਤਕ 'ਫੁੱਲਾਂ ਦੇ ਰੰਗ ਕਾਲੇ' ਬਾਰੇ ਆਪਣਾ ਪੇਪਰ ਲਿਖਿਆ ਹੈ, ਜਿਸ ਵਿੱਚ ਉਹ ਇਸ ਪੁਸਤਕ ਨੂੰ ਕਾਲੇ ਰੰਗ ਦੀ ਕੈਨਵਸ ਉੱਤੇ ਰੰਗੀਲੇ ਫੁੱਲਾਂ ਦਾ ਤਸੱਵਰ ਸਵੀਕਾਰ ਕਰਦੇ ਹਨ। ਸੁਲੱਖਣ ਸਰਹੱਦੀ ਬੀਬਾ ਬਲਵੰਤ ਨੂੰ ਰਮਤਾ ਸੁਖਨਵਰ ਕਹਿੰਦਾ ਹੈ। ਖਾਲਿਦ ਹੁਸੈਨ ਬੀਬਾ ਬਲਵੰਤ ਦੇ ਕਾਵਿ-ਸੰਗ੍ਰਹਿ 'ਅੱਥਰੂ ਗੁਲਾਬ ਹੋਏ' ਨੂੰ ਸੱਚੇ-ਸੁੱਚੇ ਮਾਸੂਮ ਜਜ਼ਬਿਆਂ ਦੀ ਸ਼ਾਇਰੀ ਕਹਿੰਦਾ ਹੈ। ਡਾ. ਸਰਘੀ, ਗੁਰਪ੍ਰੀਤ ਆਨੰਦੀ, ਡਾ. ਰੁਪਿੰਦਰ, ਪ੍ਰੋ. ਦਵਿੰਦਰਪ੍ਰੀਤ ਕੌਰ, ਡਾ. ਪਰਮਜੀਤ ਸਿੰਘ ਸੰਧੂ, ਡਾ. ਚਾਨਣ ਸਿੰਘ ਨਿਰਮਲ, ਮਲਵਿੰਦਰ ਨੇ ਬੀਬਾ ਬਲਵੰਤ ਦੀ ਸ਼ਾਇਰੀ ਬਾਰੇ ਆਪਣੇ-ਆਪਣੇ ਅਨੁਭਵਾਂ ਨੂੰ ਪੇਸ਼ ਕੀਤਾ ਹੈ। ਪੁਸਤਕ ਇੱਕ ਪ੍ਰੌੜ੍ਹ ਲੇਖਕ ਬਾਰੇ ਨਾ ਕੀਤੀ ਗਈ ਖੋਜ ਦੀ ਖੜੋਤ ਨੂੰ ਜ਼ਰੂਰ ਤੋੜੇਗੀ।

**- ਰਾਮਪਾਲ ਸ਼ਾਹਪੁਰੀ (ਡਾ.)**
ਮੋਬਾ. 99148-86310

# ਪੁਸਤਕ ਰੀਵਿਊ

## ਪੰਜਾਬੀ ਮਿੰਨੀ ਕਹਾਣੀ ਦਾ ਇਤਿਹਾਸ

**(1970 ਤੋਂ 2025 ਤੱਕ)**
**ਡਾ. ਹਰਪ੍ਰੀਤ ਸਿੰਘ ਰਾਣਾ**
**ਪੰਨੇ-232, ਮੁੱਲ-475 ਰੁਪਏ**
**ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ**





ਭਾਵੇਂ ਮਿੰਨੀ ਕਹਾਣੀ ਦਾ ਇਤਿਹਾਸ ਲਿਖਣ ਲਈ ਪਹਿਲਾਂ ਵੀ ਬਹੁਤ ਸਾਰਾ ਖੋਜ ਕਾਰਜ ਹੋਇਆ ਹੈ, ਪਰ ਉਹ ਕਾਰਜ ਇਸ ਵਿਧਾ ਦੇ ਵੱਖ-ਵੱਖ ਵਿਕਾਸ ਪੜਾਵਾਂ ਦਾ ਇਤਿਹਾਸ ਹੀ ਸਾਬਤ ਹੁੰਦਾ ਹੈ। ਡਾ. ਹਰਪ੍ਰੀਤ ਸਿੰਘ ਰਾਣਾ ਵੱਲੋਂ ਇਸ ਵਿਧਾ ਦੇ ਮੁੱਢਲੇ ਪੜਾਅ ਤੋਂ ਲੈ ਕੇ ਵਰਤਮਾਨ ਦੌਰ ਤੱਕ ਦੀਆਂ ਗੁਣਾਤਮਕ ਤੇ ਗਿਣਾਤਮਕ ਪ੍ਰਾਪਤੀਆਂ ਨੂੰ ਇਕ ਜਿਲਦ ਵਿੱਚ ਸੰਭਾਲ ਕੇ ਦਸਤਾਵੇਜ਼ੀ ਮਹੱਤਤਾ ਵਾਲਾ ਕਾਰਜ ਕੀਤਾ ਹੈ। ਉਹ ਪੰਜਾਬ ਦੀ ਕਿਸੇ ਯੂਨੀਵਰਸਿਟੀ ਵੱਲੋਂ ਮਿੰਨੀ ਕਹਾਣੀ 'ਤੇ ਖੋਜ ਕਾਰਜ ਕਰਕੇ ਡਾਕਟਰੇਟ ਦੀ ਉਪਾਧੀ ਹਾਸਲ ਕਰਨ ਵਾਲਾ ਪਹਿਲਾ ਖੋਜਾਰਥੀ ਹੈ, ਇਸ ਲਈ ਉਸ ਵੱਲੋਂ ਲਿਖੀ ਇਸ ਇਤਿਹਾਸ ਪੁਸਤਕ ਦੀ ਅਕਾਦਮਿਕ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਪੁਸਤਕ ਦੇ ਪਹਿਲੇ ਅਧਿਆਇ 'ਪੰਜਾਬੀ ਮਿੰਨੀ ਕਹਾਣੀ : ਪਿਛੋਕੜ, ਨਿਕਾਸ ਤੇ ਨਾਮਕਰਨ' ਰਾਹੀਂ ਉਹ ਪੰਜਾਬੀ ਗਲਪ ਦੀ ਸਮੁੱਚੀ ਇਤਿਹਾਸਕ ਵਿਕਾਸ ਪ੍ਰਕ੍ਰਿਆ 'ਤੇ ਨਜ਼ਰ ਮਾਰਦਿਆਂ ਇਸ ਨਤੀਜੇ 'ਤੇ ਪੁੱਜਦਾ ਹੈ ਕਿ ਜੀਵਨ ਦੇ ਮਸ਼ੀਨੀਕਰਨ ਤੇ ਪਦਾਰਥਵਾਦੀ ਕਦਰਾਂ-ਕੀਮਤਾਂ ਨੇ ਆਧੁਨਿਕ ਮਨੁੱਖ ਦੇ ਰੁਝੇਵੇਂ ਬਹੁਤ ਵਧਾ ਦਿੱਤੇ ਹਨ, ਇਸ ਲਈ ਘੱਟ ਸਮੇਂ ਵਿੱਚ ਪਾਠਕਾਂ ਦੀ ਸੁਹਜ ਸੰਤੁਸ਼ਟੀ ਕਰਾਉਣ ਦੀ ਲੋੜ ਨੇ ਹੀ ਗਲਪ ਦੇ ਇਸ ਨਵੇਂ ਰੂਪ ਨੂੰ ਵਿਕਸਿਤ ਕੀਤਾ ਹੈ।

ਪੰਜਾਬੀ ਮਿੰਨੀ ਕਹਾਣੀ ਦੇ ਇਤਿਹਾਸ ਵਿੱਚ ਦਿਲਚਸਪੀ ਰੱਖਣ ਵਾਲੇ ਇਸ ਵਿਧਾ ਦੇ ਹਿਤੈਸ਼ੀਆਂ ਤੇ ਆਲੋਚਕਾਂ ਵਿਚਕਾਰ ਇਹ ਆਮ ਸਹਿਮਤੀ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਬਣ ਚੁੱਕੀ ਹੈ ਕਿ ਮਿੰਨੀ ਕਹਾਣੀ ਨੂੰ ਸੁਚੇਤ ਰੂਪ ਵਿਚ ਇਕ ਵਿਧਾ ਵਜੋਂ ਸਵੀਕਾਰਨ ਦਾ ਅਰੰਭ ਕਾਲ ਸਾਢੇ ਪੰਜ ਦਹਾਕਿਆਂ ਤੋਂ ਵੱਧ ਪੁਰਾਣਾ ਨਹੀਂ ਹੈ। ਭਾਵੇਂ ਇਸ ਵਿਧਾ ਦੇ ਬੀਜ ਅੰਸ਼ ਪਹਿਲਾਂ ਵੀ ਵੇਖਣ ਨੂੰ ਮਿਲਦੇ ਰਹੇ ਹਨ, ਪਰ ਇਸ ਵਿਧਾ ਦੇ ਗਲਪੀ ਰੂਪਕਾਰ ਵਜੋਂ ਵੱਖਰੇ ਤੇ ਵਿਸ਼ੇਸ਼ ਤੱਤਾਂ ਦੀ ਨਿਸ਼ਾਨਦੇਹੀ ਕਰਨ ਦੇ ਯਤਨਾਂ ਦਾ ਅਰੰਭ ਸੰਨ 1970 ਦੇ ਨੇੜ-ਤੇੜ ਹੀ ਮੰਨਿਆ ਜਾਂਦਾ ਹੈ, ਇਸੇ ਲਈ ਡਾ. ਰਾਣਾ ਨੇ ਵੀ ਇਸ ਵਿਧਾ ਦੀਆਂ ਇਤਿਹਾਸਕ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨ ਦਾ ਕਾਰਜ ਸਰਵਸੰਮਤੀ ਨਾਲ ਨਿਰਧਾਰਤ ਹੋਏ ਇਸ ਕਾਲਖੰਡ ਤੋਂ ਹੀ ਕੀਤਾ ਹੈ।


ਡਾ. ਰਾਣਾ ਨੇ ਮਿੰਨੀ ਕਹਾਣੀ ਦੀ ਵਿਕਾਸ ਪ੍ਰੀਕ੍ਰਿਆ ਨੂੰ ਛੇ ਸੁਤੰਤਰ ਪੜਾਵਾਂ ਵਿਚ ਵੰਡ ਕੇ ਇਸ ਦਾ ਇਤਿਹਾਸ ਲਿਖਿਆ ਹੈ। 1971 ਤੋਂ ਲੈ ਕੇ 1980 ਤੱਕ ਦੇ ਮੁੱਢਲੇ ਪੜਾਅ ਬਾਰੇ ਉਸ ਵੱਲੋਂ ਤਿਆਰ ਕੀਤੀ ਪ੍ਰਗਤੀ ਰਿਪੋਰਟ ਅਨੁਸਾਰ ਸਤਵੰਤ ਕੈਂਥ ਨੇ ਸੰਨ 1972 ਵਿਚ ਆਪਣਾ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਛਪਵਾਉਣ ਦੀ ਪਹਿਲ-ਕਦਮੀ ਕੀਤੀ ਹੈ।ਇਸ ਪੜਾਅ ਵਿਚ ਭਾਵੇਂ ਦਲੀਪ ਸਿੰਘ ਭੁਪਾਲ ਦਾ ਮਿੰਨੀ ਕਹਾਣੀ ਸੰਗ੍ਰਹਿ 'ਗ੍ਰਹਿਣੇ ਸੂਰਜ' ਵੀ ਛਪਿਆ ਹੈ, ਪਰ ਭੁਪਿੰਦਰ ਸਿੰਘ ਪੀ ਸੀ ਐੱਸ ਦੇ ਮਿੰਨੀ ਕਹਾਣੀ ਸੰਗ੍ਰਹਿ 'ਸੌ ਪੱਤ ਮੱਛਲੀ ਦੇ' ਤੇ ਦਰਸ਼ਨ ਮਿੱਤਵਾ ਦੇ ਮਿੰਨੀ ਕਹਾਣੀ ਸੰਗ੍ਰਹਿ 'ਸੰਵਿਧਾਨ ਰੋਂਦਾ ਹੈ' ਆਪਣੇ ਸਮੇਂ ਦੀ ਸਮਾਜਿਕ ਚੇਤਨਾ ਤੇ ਅਨੁਭਵਾਂ ਨੂੰ ਅਭਿਵਿਅਕਤੀ ਵਿੱਚ ਤਬਦੀਲ ਕਰਨ ਦੀ ਸਮਰੱਥਾ ਹਾਸਿਲ ਕਰਕੇ ਆਧੁਨਿਕ ਮਿੰਨੀ ਕਹਾਣੀ ਦੀ ਨੀਂਹ ਰੱਖਣ ਵਿਚ ਵਿਸ਼ੇਸ਼ ਤੌਰ 'ਤੇ ਸਫ਼ਲ ਰਹੇ ਹਨ। ਇਸ ਪੜਾਅ ਵਿੱਚ ਸੰਪਾਦਿਤ ਹੋਈਆਂ ਮਿੰਨੀ ਕਹਾਣੀ ਦੀਆਂ ਪੁਸਤਕਾਂ ਤੇ ਮੈਗਜ਼ੀਨਾਂ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।

ਇਸ ਤਰ੍ਹਾਂ ਇਹ ਪੁਸਤਕ 1981 ਤੋਂ 1990 ਤੱਕ ਮਿੰਨੀ ਕਹਾਣੀ ਦੇ ਪਹਿਲੇ ਵਿਕਾਸ ਪੜਾਅ, 1991 ਤੋਂ ਸੰਨ 2000 ਤੱਕ ਦੇ ਦੂਜੇ ਪੜਾਅ, 2001 ਤੋਂ 2010 ਤੱਕ ਦੇ ਤੀਜੇ ਪੜਾਅ, 2011 ਤੋਂ 2020 ਤੱਕ ਦੇ ਚੌਥੇ ਪੜਾਅ ਤੇ ਸੰਨ 2021 ਤੋਂ 2025 ਤੱਕ ਦੇ ਪੰਜਵੇਂ ਪੜਾਅ ਦੌਰਾਨ ਇਸ ਨਿੱਕ ਅਕਾਰੀ ਗਲਪੀ ਵਿਧਾ ਦੀਆਂ ਗੁਣਾਤਮਕ ਤੇ ਗਿਣਾਤਮਕ ਪ੍ਰਾਪਤੀਆਂ ਨੂੰ ਵੀ ਇਸ ਦੀ ਇਤਿਹਾਸਕ ਪ੍ਰੀਕ੍ਰਿਆ ਦਾ ਹਿੱਸਾ ਬਣਾਉਂਦੀ ਹੈ । ਮਿੰਨੀ ਕਹਾਣੀ ਦਾ ਇਤਿਹਾਸ ਲਿਖਣ ਲਈ ਡਾ. ਰਾਣਾ ਦੀ ਮਿਹਨਤ, ਸਮਰਪਿਤ ਭਾਵਨਾ ਤੇ ਲਗਨ ਪ੍ਰਸੰਸਾ ਦੀ ਹੱਕਦਾਰ ਹੈ।

**— ਨਿਰੰਜਣ ਬੋਹਾ**

## ਜ਼ਿੰਦਗੀ ਦੇ ਹਨੇਰੇ ਦੀਆਂ ਰੌਸ਼ਨ ਬੱਤੀਆਂ

**(ਵਾਰਤਕ)**
**ਦਵਿੰਦਰ ਦੀਦਾਰ**
**ਕੁੱਲ ਪੰਨੇ-146, ਕੀਮਤ-295 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**





ਦਵਿੰਦਰ ਦੀਦਾਰ ਪੰਜਾਬੀ ਸਾਹਿਤ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਹੁਣ ਤੱਕ 09 ਪੁਸਤਕਾਂ ਭੇਟ ਕੀਤੀਆਂ ਹਨ। ਤਿੰਨ ਪੁਸਤਕਾਂ 'ਤੇ ਸੰਪਾਦਨ ਕਾਰਜ ਵੀ ਕੀਤਾ ਹੈ। ਲੋਕਗੀਤ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਉਸ ਨੇ ਆਪਣੇ ਯਾਰਾਂ-ਬੇਲੀਆਂ ਅਤੇ ਸਨੇਹੀਆਂ ਦੇ ਨਾਂਅ ਸਮਰਪਿਤ ਕੀਤੀ ਹੈ, ਜਿਨ੍ਹਾਂ ਨੇ ਉਸ ਦੀ ਲੇਖਣੀ ਨੂੰ ਆਪਣੇ ਵਿਚਾਰਾਂ ਦੀ ਕਰੇਨ ਨਾਲ ਫਿਰ ਤੋਂ ਪਹੇ 'ਤੇ ਪਾਇਆ। ਪੁਸਤਕ ਦੇ ਆਰੰਭ ਵਿੱਚ ਉਸ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਤੋਂ ਬਾਅਦ ਪ੍ਰੇਮ ਗੋਰਖੀ, ਡਾ. ਰਵਿੰਦਰ, ਅਤੈ ਸਿੰਘ, ਮੁਖਤਿਆਰ ਸਿੰਘ ਤੇ ਡਾ. ਅਨੂਪ ਸਿੰਘ ਨੇ ਉਸ ਦੀ ਲੇਖਣੀ ਬਾਰੇ ਆਪਣੇ ਵਿਚਾਰ ਦਿੱਤੇ ਹਨ। ਤੀਜੇ ਸੰਸਕਰਨ ਨੂੰ ਲੋਕ ਅਰਪਣ ਕਰਦਿਆਂ ਲੇਖ ਵਿੱਚ ਵਰਿਆਮ ਸਿੰਘ ਸੰਧੂ, ਪ੍ਰੋ. ਊਧਮ ਸਿੰਘ ਸ਼ਾਹੀ, ਮੋਹਨ ਕਾਹਲੋਂ, ਗੁਰਭਜਨ ਗਿੱਲ, ਜਸਵੀਰ ਭੁੱਲਰ, ਪ੍ਰੇਮ ਗੋਰਖੀ, ਕੇ.ਐੱਲ. ਗਰਗ, ਅਜੀਤ ਸਿੰਘ ਚੰਦਨ, ਡਾ. ਗੁਰਮੀਤ ਸਿੰਘ, ਡਾ. ਬਲਵਿੰਦਰ ਸਿੰਘ, ਪ੍ਰਿੰ. ਅਵਤਾਰ ਸਿੰਘ ਸਿੱਧੂ, ਡਾ. ਰਵਿੰਦਰ, ਅਤੈ ਸਿੰਘ, ਗੁਰਪ੍ਰੀਤ ਸਿੰਘ ਤੂਰ, ਸਤਿੰਦਰ ਸਿੰਘ ਨੰਦਾ, ਓਮ ਪ੍ਰਕਾਸ਼ ਗਾਸੋ, ਡਾ. ਅਨੂਪ ਸਿੰਘ, ਡਾ. ਨਰੇਸ਼ ਕੁਮਾਰ, ਡਾ. ਬਲਜੀਤ ਸਿੰਘ, ਡਾ. ਸੈਮੂਅਲ ਗਿੱਲ, ਡਾ. ਸਰਘੀ, ਤਲਵਿੰਦਰ ਸਿੰਘ ਵਰਗੇ ਹੋਰ ਵੀ ਕਈ ਲੇਖਕਾਂ ਨੇ ਦਵਿੰਦਰ ਦੀਦਾਰ ਬਾਰੇ, ਉਸ ਦੀਆਂ ਲਿਖਤਾਂ ਬਾਰੇ ਆਪਣੇ ਵਿਚਾਰ ਦਿੱਤੇ ਹਨ। ਪੁਸਤਕ ਵਿੱਚ ਕੁੱਲ 16 ਲੇਖ ਹਨ, ਜਿਨ੍ਹਾਂ ਵਿੱਚ ਹਰ ਇੱਕ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਬਹੁਤ ਹੀ ਸਾਦਾ ਤੇ ਸਰਲ ਭਾਸ਼ਾ ਵਿੱਚ ਪੇਸ਼ ਕੀਤਾ ਹੈ। ਉਸ ਦੇ ਕਹਾਣੀਨੁਮਾ ਲੇਖਾਂ ਵਿੱਚ ਰੌਚਕਤਾ ਹੈ ਤੇ ਪ੍ਰਭਾਵ ਦੀ ਏਕਤਾ ਵੀ ਬਣੀ ਰਹਿੰਦੀ ਹੈ। ਉਹ ਲੇਖਾਂ ਵਿੱਚ ਆਪਣੇ ਵਿਰਸੇ, ਸੱਭਿਆਚਾਰ, ਆਪਣੀ ਰਹਿਣੀ-ਬਹਿਣੀ ਤੇ ਰਿਸ਼ਤਿਆਂ ਵਿੱਚ ਆਈ ਕੁੜੱਤਣ ਤੇ ਤਿੜਕਣ ਪ੍ਰਤੀ ਚਿੰਤਿਤ ਨਜ਼ਰ ਆਉਂਦਾ ਹੈ। ਉਹ ਇਸ ਚਿੰਤਾ ਨੂੰ ਪਾਠਕ ਦੀ ਚਿੰਤਾ ਬਣਾਉਣ ਵਿੱਚ ਕਾਮਯਾਬ ਹੁੰਦਾ ਹੈ। ਆਪਣੀ ਜ਼ਿੰਦਗੀ ਦੇ ਤਜਰਬਿਆਂ ਵਿੱਚੋਂ ਉਹ ਬਹੁਤ ਹੀ ਰੌਚਕ ਉਦਾਹਰਣਾਂ ਰਾਹੀਂ ਆਪਣੀ ਗੱਲ ਨੂੰ ਬਾਖ਼ੂਬੀ ਪਾਠਕਾਂ ਤੱਕ ਪਹੁੰਚਾਉਂਦਾ ਹੈ। ਉਸ ਦੇ ਲੇਖਾਂ ਵਿੱਚ ਉਤਸੁਕਤਾ ਬਣੀ ਰਹਿੰਦੀ ਹੈ, ਅੱਗੋਂ ਕੀ ਹੋਇਆ, ਦੀ ਉਤਸੁਕਤਾ ਪਾਠਕਾਂ ਨੂੰ ਅੱਗੇ ਪੜ੍ਹਨ ਲਈ ਪ੍ਰੇਰਿਤ ਕਰਦੀ ਹੈ। ਮੈਂ ਤਾਂ ਕਹਾਂਗੀ ਉਤਸੁਕਤਾ-ਪੂਰਵਕ ਆਰੰਭ ਦੇ ਕੇ, ਉਦਾਹਰਣਾਂ ਦੀ ਪੁੱਠ ਚਾੜ੍ਹ ਕੇ, ਉਪਦੇਸ਼ਾਤਮਕ ਅੰਤ ਨਾਲ ਪਾਠਕਾਂ ਦੀ ਸੋਚ ਨੂੰ ਹਲੂਣ ਕੇ ਰੱਖ ਕਰ ਦਿੰਦਾ ਹੈ। ਪੁਸਤਕ ਇੱਕੋ ਬੈਠਕ ਵਿੱਚ ਪੜ੍ਹੀ ਜਾਣ ਵਾਲੀ ਹੈ। ਉਹ ਮਨੁੱਖੀ ਕਦਰਾਂ-ਕੀਮਤਾਂ, ਗੀਤੀ-ਰਿਵਾਜਾਂ, ਮਨੋ-ਵਿਸ਼ਵਾਸਾਂ, ਮਨੁੱਖ ਦੇ ਬਦਲਦੇ ਹੋਏ ਸੁਭਾਵਾਂ ਬਾਰੇ ਦੱਸਦਿਆਂ ਬਜ਼ੁਰਗਾਂ ਵੱਲ ਧਿਆਨ ਨਾ ਦੇਣ ਦੀ ਗੱਲ ਵੀ ਕਰਦਾ ਹੈ। ਉਸ ਦੀ ਲਿਖਣ ਸ਼ੈਲੀ ਕਰਕੇ ਪਾਠਕਾਂ ਦਾ ਘੇਰਾ ਦਿਨ-ਬ-ਦਿਨ ਵਿਸ਼ਾਲ ਹੁੰਦਾ ਜਾਂਦਾ ਹੈ। ਉਹ ਕਹਾਣੀ ਤੋਂ ਵਾਰਤਕ ਵੱਲ ਮੁੜਦਾ ਹੋਇਆ ਆਪਣੇ ਜ਼ਿੰਦਗੀ ਦੇ ਅਨੁਭਵਾਂ ਰਾਹੀਂ, ਆਪਣੇ ਦਾਰਸ਼ਨਿਕ ਵਿਚਾਰਾਂ ਰਾਹੀਂ ਸਮਾਜ ਵਿੱਚ ਸੁਧਾਰ ਲਿਆਉਣ ਦਾ ਚਾਹਵਾਨ ਹੈ। ਇਹ ਲੇਖ ਸੁਧਾਰਵਾਦੀ ਲੇਖ ਵੀ ਕਹੇ ਜਾ ਸਕਦੇ ਹਨ। ਸੋ ਸਾਰੇ ਹੀ ਲੇਖ ਪੜ੍ਹਨਯੋਗ ਹਨ, ਜੋ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੰਦੇ ਹਨ। ਹਰ ਲੇਖਕ ਨੂੰ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹਿੰਦੀ ਹੈ, ਦਵਿੰਦਰ ਦੀਦਾਰ ਨੂੰ ਵੀ ਰਹੇਗੀ। ਦਵਿੰਦਰ ਦੀਦਾਰ ਦੀ ਇਸ ਪੁਸਤਕ ਦੇ ਤੀਜੇ ਸੰਸਕਰਨ ਲਈ ਬਹੁਤ-ਬਹੁਤ ਮੁਬਾਰਕਾਂ।

**— ਡਾ. ਭੁਪਿੰਦਰ ਕੌਰ**

# ਹਰਿਆਣਾ ਸਾਹਿਤ ਤੇ ਸੰਸਕ੍ਰਿਤੀ ਅਕਾਦਮੀ ਪੰਚਕੂਲਾ ਵੱਲੋਂ 65 ਸਾਹਿਤਕਾਰਾਂ ਦਾ ਸਨਮਾਨ

**ਚੰਡੀਗੜ੍ਹ** : ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕਾਦਮੀ ਪੰਚਕੂਲਾ ਵੱਲੋਂ ਅੱਜ ਪੰਚਕੂਲਾ ਵਿਖੇ ਸਾਹਿਤਕ ਪੁਰਸਕਾਰ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੇ 65 ਪੰਜਾਬੀ, ਹਿੰਦੀ ਅਤੇ ਹਰਿਆਣਵੀ ਸਾਹਿਤਕਾਰਾਂ ਨੂੰ



ਸਰਟੀਫਿਕੇਟ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ ਨੇ ਕਿਹਾ ਕਿ ਵਿਦਵਾਨਾਂ ਕੋਲੋਂ ਸਮਾਜ ਨੂੰ ਬਹੁਤ ਜ਼ਿਆਦਾ ਸਿੱਖਣ ਨੂੰ ਮਿਲਦਾ ਹੈ, ਇਸ ਲਈ ਸਰਕਾਰਾਂ ਦਾ ਵੀ ਫਰਜ਼ ਬਣਦਾ ਹੈ ਕਿ ਸਾਹਿਤਕਾਰਾਂ ਨੂੰ ਸਮੇਂ-ਸਮੇਂ 'ਤੇ ਅਜਿਹੇ ਸਨਮਾਨ ਮਿਲਦੇ ਰਹਿਣ। ਇਸ ਮੌਕੇ ਉਨ੍ਹਾਂ ਨੇ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 65 ਲੇਖਕਾਂ ਨੂੰ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪੁਸਤਕ ਪੁਰਸਕਾਰਾਂ ਅਤੇ ਕਹਾਣੀ ਮੁਕਾਬਲਾ ਪੁਰਸਕਾਰਾਂ ਵਿਚ ਦਰਸ਼ਨ ਸਿੰਘ ਕੁਰੂਕਸ਼ੇਤਰ, ਡਾ. ਇੰਦੂ ਗੁਪਤਾ ਫਰੀਦਾਬਾਦ, ਚਰਨ ਪੁਆਧੀ ਕੈਥਲ, ਦਵਿੰਦਰ ਮੋਹਨ ਅੰਬਾਲਾ ਸ਼ਹਿਰ, ਡਾ. ਕੁਲਵਿੰਦਰ ਸ਼ਿੰਘ ਕੁਰੂਕਸ਼ੇਤਰ, ਨਿਰਮਲ ਸਿੰਘ ਨੌਕਵਾਲ ਪਿੰਜੌਰ, ਸੰਤੋਖ ਸਿੰਘ ਅੰਬਾਲਵੀ ਅੰਬਾਲਾ ਸ਼ਹਿਰ, ਜਸਬੀਰ ਸਿੰਘ ਸਾਹਨੀ, ਰੁਪਿੰਦਰ ਕੌਰ ਕੈਥਲ, ਤ੍ਰਿਲੋਚਨ ਮੀਰ ਕੈਥਲ, ਰਘੁਬੀਰ ਸਿੰਘ ਬਾਜਵਾ ਸਿਰਸਾ, ਕਰਮਜੀਤ ਦਿਓਣ ਐਲਨਾਬਾਦ, ਡਾ. ਬਲਵਾਨ ਔਜਲਾ ਅੰਬਾਲਾ ਕੈਂਟ, ਡਾ. ਸੁਰਿੰਦਰ ਸਿੰਘ ਕੈਥਲ, ਗੁਰਪ੍ਰੀਤ ਕੌਰ ਸੈਣੀ ਹਿਸਾਰ, ਗੁਰਪ੍ਰੀਤ ਕੌਰ ਅੰਬਾਲਾ ਸ਼ਹਿਰ, ਡਾ. ਸੋਨੀਆ ਅੰਬਾਲਾ ਕੈਂਟ, ਮੀਨਾ ਨਵੀਨ ਅੰਬਾਲਾ ਕੈਂਟ, ਅਨੁਪਿੰਦਰ ਸਿੰਘ ਅਨੂਪ ਪਾਣੀਪਤ, ਡਾ. ਸਰਵਜੀਤ ਕੌਰ ਕੁਰੂਕਸ਼ੇਤਰ, ਨੀਰ ਗੁਰੂਗ੍ਰਾਮ, ਬਲਵਿੰਦਰ ਕੌਰ ਖੁਰਾਣਾ ਗੁਰੂਗ੍ਰਾਮ, ਅਨਿਲ ਕੁਮਾਰ ਕੈਥਲ, ਡਾ. ਕੁਲਵਿੰਦਰ ਸਿੰਘ ਫਤਿਆਬਾਦ, ਡਾ. ਇੰਦੂ ਗੁਪਤਾ ਫਰੀਦਾਬਾਦ, ਦਰਸ਼ਨ ਸਿੰਘ ਕੁਰੂਕਸ਼ੇਤਰ, ਵੀਰ ਸਿੰਘ ਥਿੰਦ ਸਿਰਸਾ, ਗੁਰਿੰਦਰ ਸਿੰਘ ਕੁਰੂਕਸ਼ੇਤਰ, ਵਿਨੋਦ ਪੰਕਜ ਪੰਚਕੂਲਾ, ਪਵਿੰਦਰ ਕੁਮਾਰ ਰਾਣੀਆਂ, ਊਸ਼ਾ ਰਾਣੀ ਪੰਚਕੂਲਾ, ਡਾ. ਪ੍ਰਗਟ ਸਿੰਘ ਜਠੌਲ ਝੱਜਰ, ਅਨਿਲ ਕੁਮਾਰ ਕੈਥਲ, ਜਤਿੰਦਰ ਮੋਹਨ ਸਿਰਸਾ, ਪੰਕਜ ਸ਼ਰਮਾ ਅੰਬਾਲਾ ਸ਼ਹਿਰ, ਲਾਜਪਤ ਰਾਏ ਗਰਗ ਪੰਚਕੂਲਾ ਨੂੰ ਸਨਮਾਨਿਤ ਕੀਤਾ ਗਿਆ।

# 'ਚੱਲ ਚੱਲੀਏ ਬਰਨਾਲੇ' ਅਤੇ 'ਸੁੰਨੇ ਰਾਹਾਂ ਦੀ ਪੈੜ' ਲੋਕ ਅਰਪਣ



**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਡਾ. ਰਵੀ ਸ਼ੇਰਗਿੱਲ ਦੁਆਰਾ ਸੰਪਾਦਿਤ ਬਰਨਾਲਾ ਇਲਾਕੇ ਦੇ ਲੇਖਕਾਂ ਦੀਆਂ ਕਹਾਣੀਆਂ ਦੀ ਪੁਸਤਕ 'ਚੱਲ ਚੱਲੀਏ ਬਰਨਾਲੇ' ਰਾਮ ਸਰੂਪ ਸ਼ਰਮਾ ਦੇ ਕਾਵਿ ਕਥਨ ਰਮਜ਼ਾਂ ਅਤੇ ਤੇਜਿੰਦਰ ਚੰਡਿਹੋਕ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਸੁੰਨੇ ਰਾਹਾਂ ਦੀ ਪੈੜ' ਦਾ ਲੋਕ ਅਰਪਣ ਕੀਤਾ ਗਿਆ। ਰਾਮ ਸਰੂਪ ਸ਼ਰਮਾ ਦੇ ਕਾਵਿ ਕਥਨ ਰਮਜ਼ਾਂ ਬਾਰੇ ਵਿਚਾਰ ਪੇਸ਼ ਕਰਦਿਆਂ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਵਿਦਵਾਨਾਂ ਦੇ ਵਾਰਤਕ ਵਿੱਚ ਲਿਖੇ ਕਥਨਾਂ ਨੂੰ ਆਧਾਰ ਬਣਾ ਕੇ ਕਾਵਿ ਰੂਪ ਵਿੱਚ ਪੇਸ਼ ਕਰਨਾ ਆਪਣੇ-ਆਪ ਵਿੱਚ ਵਿਲੱਖਣ ਅਤੇ ਪਹਿਲ-ਕਦਮੀ ਹੈ ।ਵਾਰਤਕ ਨੂੰ ਯਾਦ ਰੱਖਣਾ ਔਖਾ ਹੈ ਜਦੋਂ ਕਿ ਉਸੇ ਗੱਲ ਨੂੰ ਕਾਵਿ ਰੂਪ ਵਿਚ ਲੰਮੇ ਸਮੇਂ ਤੱਕ ਯਾਦ ਰੱਖਿਆ ਜਾ ਸਕਦਾ ਹੈ।ਡਾ. ਰਵੀ ਸ਼ੇਰਗਿੱਲ ਦੁਆਰਾ ਸੰਪਾਦਿਤ ਪੁਸਤਕ 'ਚੱਲ ਬਰਨਾਲੇ ਚੱਲੀਏ' ਬਾਰੇ ਵਿਚਾਰ ਪੇਸ਼ ਕਰਦਿਆਂ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਬਰਨਾਲਾ ਇਲਾਕੇ ਦੀ ਕਹਾਣੀ ਕਲਾ ਨੂੰ ਇਕੱਠਿਆਂ ਕਰਕੇ ਡਾ. ਰਵੀ ਸ਼ੇਰਗਿੱਲ ਨੇ ਤਸੱਲੀਬਖਸ਼ ਕੰਮ ਕੀਤਾ ਹੈ। ਅਜਿਹਾ ਕਾਰਜ ਹਰ ਜ਼ਿਲ੍ਹੇ ਦੀਆਂ ਸਾਹਿਤ ਸਭਾਵਾਂ ਵੱਲੋਂ ਕਰਨਾ ਚਾਹੀਦਾ ਹੈ ਤਾਂ ਕਿ ਉਸ ਇਲਾਕੇ ਦੇ ਲੇਖਕਾਂ ਦੀਆਂ ਲਿਖਤਾਂ ਨੂੰ ਇੱਕ ਜਿਲਦ ਵਿੱਚ ਸਾਂਭਿਆ ਜਾਵੇ ।ਕਹਾਣੀ ਸੰਗ੍ਰਹਿ 'ਸੁੰਨੇ ਰਾਹਾਂ ਦੀ ਪੈੜ' ਬਾਰੇ ਵਿਚਾਰ ਪੇਸ਼ ਕਰਦਿਆਂ ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ ਇਹ ਕਹਾਣੀ ਸੰਗ੍ਰਹਿ ਇਕੱਲਤਾ ਦਾ ਸੰਤਾਪ ਭੋਗਦੇ ਪਾਤਰਾਂ ਦੇ ਜੀਵਨ ਦਾ ਵਿਖਿਆਨ ਹੈ। ਇਕੱਲਤਾ ਹੰਢਾਉਂਦਿਆਂ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਅੰਦਰ ਜੀਵਨ ਨੂੰ ਜਲਦੀ-ਜਲਦੀ ਜਿਊਣ ਦੀ ਕਾਹਲ ਨਜ਼ਰ ਆ ਰਹੀ ਹੈ । ਇਹਨਾਂ ਤੋਂ ਇਲਾਵਾ ਕਹਾਣੀਕਾਰ ਪਰਮਜੀਤ ਮਾਨ, ਤੇਜਾ ਸਿੰਘ ਤਿਲਕ, ਕਹਾਣੀਕਾਰ ਪਵਨ ਪਰਿੰਦਾ, ਨਾਵਲਕਾਰ ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਜਗਤਾਰ ਜਜ਼ੀਰਾ, ਹਾਕਮ ਸਿੰਘ ਰੂੜੇਕੇ ਅਤੇ ਹਰਭਜਨ ਸਿੰਘ ਭੋਤਨਾ ਨੇ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਉਪਰੰਤ ਹੋਏ ਕਵੀ ਦਰਬਾਰ ਵਿੱਚ ਇਕਬਾਲ ਕੌਰ ਉਦਾਸੀ, ਰਜਨੀਸ਼ ਕੌਰ, ਬਬਲੀ, ਬੀਰਪਾਲ ਕੌਰ ਹੰਢਿਆਇਆ, ਜਤਿੰਦਰ ਸਿੰਘ ਉਪਲੀ, ਪ੍ਰਿੰ. ਕੌਰ ਸਿੰਘ ਧਨੌਲਾ, ਰਾਜਿੰਦਰ ਸ਼ੌਂਕੀ, ਅਜਮੇਰ ਸਿੰਘ ਅਕਲੀਆ, ਸਿੰਦਰ ਧੌਲਾ, ਸੁਖਦੇਵ ਸਿੰਘ ਔਲਖ, ਰਾਮ ਸਿੰਘ ਬੀਹਲਾ, ਕਰਮਜੀਤ ਜੱਗੀ ਭੋਤਨਾ, ਅਰਮਾਨ ਭੋਤਨਾ, ਕੁਲਵੰਤ ਸਿੰਘ ਧਿੰਗੜ, ਸਰੂਪ ਚੰਦ ਹਰੀਗੜ੍ਹ, ਰਘਵੀਰ ਸਿੰਘ ਗਿੱਲ ਕੱਟੂ, ਐੱਸ ਪੀ ਕਾਲੇ ਕੇ, ਰੂਪ ਸਿੰਘ ਧੌਲਾ, ਡਾ. ਉਜਾਗਰ ਸਿੰਘ ਮਾਨ, ਬਲਦੇਵ ਸਿੰਘ ਭੋਤਨਾ, ਜਗਸੀਰ ਸਿੰਘ ਮੂਲੋਵਾਲ, ਸੁਖਵਿੰਦਰ ਸਿੰਘ ਮੂਲੋਵਾਲ, ਗੁਰਤੇਜ ਸਿੰਘ ਮੱਖਣ, ਚਰਨੀ ਬੇਦਿਲ, ਜਗਰਾਜ ਚੰਦ ਰਾਏਸਰ, ਹਰਬੰਸ ਸਿੰਘ ਅਤੇ ਗੁਰਜੀਤ ਸਿੰਘ ਖੁੱਡੀ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ।

# ਦਲੀਪ ਸਿੰਘ ਉੱਪਲ ਦਾ ਦਿਹਾਂਤ

**ਪਟਿਆਲਾ**-ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰਬੰਧ ਅਤੇ ਵਿੱਤ ਅਫ਼ਸਰ ਦਲੀਪ ਸਿੰਘ ਉੱਪਲ ਅੱਜ ਸਵੇਰੇ ਆਪਣੇ ਗ੍ਰਹਿ ਵਿਖੇ ਅਕਾਲ ਚਲਾਣਾ ਕਰ ਗਏ।ਉਨ੍ਹਾਂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਕਰਦਿਆਂ ਡਾ. ਦਰਸ਼ਨ ਸਿੰਘ ਆਸ਼ਟ ਨੇ ਕਿਹਾ ਕਿ ਉਹ ਪਿਛਲੇ ਕੁਝ ਸਮੇਂ ਤੋਂ ਵੱਡੀ ਉਮਰ ਨਾਲ ਸੰਬੰਧਤ ਸਮੱਸਿਆਵਾਂ ਨਾਲ ਜੂਝ ਰਹੇ ਸਨ। ਇਕ ਅਤਿ ਸਧਾਰਨ ਕਿਸਾਨ ਪਰਵਾਰ ਵਿਚ ਪੈਦਾ ਹੋਏ ਉੱਪਲ ਨੇ ਬੜੀ ਮਿਹਨਤ ਅਤੇ ਸੰਘਰਸ਼ ਨਾਲ ਜੀਵਨ ਵਿਚ ਸਫਲਤਾ ਪ੍ਰਾਪਤ ਕੀਤੀ। ਉਹ ਇੱਕ ਉੱਘੇ ਲੇਖਕ ਅਤੇ ਅਨੁਵਾਦਕ ਵੀ ਸਨ। ਉਨ੍ਹਾਂ ਦੀ ਸਵੈ ਜੀਵਨੀ 'ਹਿੰਮਤ ਦੇ ਹਾਸਲ' ਜ਼ਿੰਦਗੀ ਦੇ ਸਖ਼ਤ ਸੰਘਰਸ਼ ਦੀ ਗਾਥਾ ਬਿਆਨ ਕਰਦੀ ਹੈ ਅਤੇ ਸਕਾਰਾਤਮਕ ਪਹੁੰਚ ਬਾਰੇ ਸਾਰਥਿਕ ਸੰਦੇਸ਼ ਦਿੰਦੀ ਹੈ। 'ਪ੍ਰੇਰਨਾ ਦਾ ਪਰਚਮ', 'ਸੰਵੇਦਨਾ ਦੇ ਰੰਗ', 'ਦੋ ਤੇਰੀਆਂ ਦੋ ਮੇਰੀਆਂ' ਮੌਲਿਕ ਪੁਸਤਕਾਂ ਤੋਂ ਇਲਾਵਾ ਉਹਨਾਂ ਨੇ ਬੜੇ ਮਹੱਤਵਪੂਰਨ ਅਨੁਵਾਦ ਕੀਤੇ, ਜਿਹਨਾਂ ਵਿਚ ਅਰਸਤੂ ਕ੍ਰਿਤ 'ਦੀ ਪਾਲਿਟਿਕਸ' ਦਾ ਪੰਜਾਬੀ ਅਨੁਵਾਦ 'ਰਾਜਨੀਤੀ' ਅਤੇ 'ਗਦਰ ਲਹਿਰ' ਪੁਸਤਕ ਦਾ ਅੰਗ੍ਰੇਜ਼ੀ ਤੋਂ ਪੰਜਾਬੀ ਅਨੁਵਾਦ ਸ਼ਾਮਲ ਹਨ। ਉਨ੍ਹਾਂ ਦਾ ਬੇਟਾ ਡਾ. ਅਲੰਕਾਰ ਸਿੰਘ ਤੇ ਬੇਟੀ ਡਾ. ਨਿਵੇਦਿਤਾ ਉੱਘੇ ਸੰਗੀਤ-ਸ਼ਾਸਤਰੀ ਅਤੇ ਗੁਰਬਾਣੀ ਸੰਗੀਤਕਾਰ ਹਨ। ਉਨ੍ਹਾਂ ਦੇ ਦਾਮਾਦ ਡਾ. ਭੀਮ ਇੰਦਰ ਸਿੰਘ ਪੰਜਾਬੀ ਸਾਹਿਤਕ ਹਲਕਿਆਂ ਵਿਚ ਜਾਣਿਆ-ਪਛਾਣਿਆ ਨਾਂਅ ਹਨ।

## ਅੱਜ 'ਮਿੱਟੀ ਦੀ ਬਾਤ' ਉੱਪਰ ਗੋਸ਼ਟੀ

ਸੰਗਰੂਰ-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ 5 ਜੁਲਾਈ ਦਿਨ ਐਤਵਾਰ ਨੂੰ ਸਵੇਰੇ ਸਹੀ 10:00 ਵਜੇ ਡਾ. ਹਰਨੇਕ ਸਿੰਘ ਕਲੇਰ ਦੇ ਕਾਵਿ-ਸੰਗ੍ਰਹਿ 'ਮਿੱਟੀ ਦੀ ਬਾਤ' ਉੱਪਰ ਗੋਸ਼ਟੀ ਕਰਵਾਈ ਜਾਵੇਗੀ। ਪੁਸਤਕ ਸੰਬੰਧੀ ਪਰਚਾ ਪ੍ਰਿੰ. ਨਵਤੇਜ ਗੜ੍ਹਦੀਵਾਲਾ ਪੜ੍ਹਨਗੇ।

# 'ਹਰਫ਼ਾਂ ਦੇ ਹਾਣੀ' ਲੋਕ ਅਰਪਣ



**ਟਰਾਂਟੋ** : ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ ਦੀ ਮੀਟਿੰਗ ਨਾਮਵਰ ਸ਼ਾਇਰ ਡਾਕਟਰ ਬਸ਼ੀਰ ਬਦਰ ਅਤੇ ਉੱਘੇ ਸਮਾਜ ਸੇਵੀ ਸਵਰਨ ਸਿੰਘ ਭੰਗੂ ਹੁਰਾਂ ਨੂੰ ਸਮਰਪਿਤ ਰਹੀ।ਭਾਰਤ ਤੋਂ ਪੁੱਜੇ ਉੱਘੇ ਸ਼ਾਇਰ ਜਨਾਬ ਸੁਰਿੰਦਰ ਮਕਸੂਦਪੁਰੀ ਹੁਰਾਂ ਨੇ ਇਸ ਮੌਕੇ ਅਪਨੀ ਸੰਪਾਦਿਤ ਕਾਵਿ-ਪੁਸਤਕ 'ਹਰਫ਼ਾਂ ਦੇ ਹਾਣੀ' ਲੋਕ ਅਰਪਨ ਕੀਤੀ। ਸੁਰਿੰਦਰ ਮਕਸੂਦਪੁਰੀ ਹੁਰਾਂ ਵਲੋਂ ਸੰਪਾਦਤ ਇਸ ਪੁਸਤਕ 'ਚ ਭਾਈ ਵੀਰ ਸਿੰਘ ਤੋਂ ਲੈ ਕੇ ਹੁਣ ਤੀਕ ਦੇ ਨੱਬੇ ਚੋਣਵੇਂ ਸ਼ਾਇਰਾਂ ਦਾ ਕਲਾਮ ਸ਼ਾਮਿਲ ਹੈ। ਮਕਸੂਦਪੁਰੀ ਹੁਰਾਂ ਦਾ ਇਹ ਸੰਗ੍ਰਹਿ ਆਧੁਨਿਕ ਅਤੇ ਉੱਤਰ ਆਧੁਨਿਕ ਕਵਿਤਾ ਦੇ ਸੁਭਾਅ, ਝੁਕਾਅ, ਨਕਸ਼-ਨੁਹਾਰ ਅਤੇ ਰੰਗਾਂ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਸ ਮੌਕੇ ਉਹਨਾਂ ਨੇ ਅਪਣੀਆਂ ਕੁਝ ਚੋਣਵੀਆਂ ਕਵਿਤਾਵਾਂ ਦਾ ਪਾਠ ਵੀ ਕੀਤਾ ਜਿਹਨਾਂ ਵਿੱਚੋਂ ਪੰਜਾਬ 'ਚ ਪੰਜਾਬੀ ਭਾਸ਼ਾ, ਜ਼ੁਬਾਨ ਅਤੇ ਸਭਿਆਚਾਰ ਪ੍ਰਤੀ ਉਦਾਸੀ ਦਾ ਪ੍ਰਗਟਾਅ ਮਹਿਸੂਸ ਕੀਤਾ ਜਾ ਸਕਦਾ ਸੀ। ਇਸਦੇ ਨਾਲ ਨਾਲ ਉਹਨਾਂ ਕੁਝ ਕਵਿਤਾਵਾਂ ਪ੍ਰਵਾਸੀ ਵਿਦਿਆਰਥੀਆਂ ਦੀ ਮਨੋਬਿਰਤੀ ਬਾਰੇ ਵੀ ਪੇਸ਼ ਕੀਤੀਆਂ।ਡਾਕਟਰ ਨਾਹਰ ਸਿੰਘ ਹੁਰਾਂ ਨੇ ਇਸ ਮੌਕੇ ਸਵਰਨ ਭੰਗੂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਮਾਗਮ ਦਾ ਅਗਲਾ ਭਾਗ ਹਾਲ ਹੀ ਵਿੱਚ ਵਿਛੋੜਾ ਦੇ ਗਏ ਉੱਘੇ ਸ਼ਾਇਰ ਜਨਾਬ ਬਸ਼ੀਰ ਬਦਰ ਹੁਰਾਂ ਨੂੰ ਸਮਰਪਿਤ ਸੀ। ਇਸ ਵਿੱਚ ਉੱਘੇ ਸ਼ਾਇਰ ਤੇ ਚਿੰਤਕ ਪਿਆਰਾ ਸਿੰਘ ਕੁੱਦੋਵਾਲ ਜੀ ਨੇ ਅਪਣਾ ਪਰਚਾ 'ਡਾਕਟਰ ਬਸ਼ੀਰ ਬਦਰ -ਜੀਵਨ ਤੇ ਸ਼ਾਇਰੀ' ਪੇਸ਼ ਕੀਤਾ।ਇਸ ਮੌਕੇ ਉਂਕਾਰਪ੍ਰੀਤ ਵਲੋਂ ਬਸ਼ੀਰ ਬਦਰ ਬਾਰੇ ਅਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹਨਾਂ ਦੀ ਸ਼ਾਇਰੀ 'ਚ ਮੁਹੱਬਤ ਕੇਂਦਰੀ ਰੂਹ ਵਾਂਗ ਹੈ।ਉਪਕਾਰ ਸਿੰਘ ਹੁਰਾਂ ਦੇ ਨਾਲ ਨਾਲ ਇਸ ਕਵੀ ਦਰਬਾਰ 'ਚ ਪਰਮਜੀਤ ਢਿੱਲੋਂ, ਸ਼ਿੰਗਾਰਾ ਸਮਰਾ, ਮਲਵਿੰਦਰ, ਉਂਕਾਰਪ੍ਰੀਤ, ਭੁਪਿੰਦਰ ਦੁਲੇ, ਡਾਕਟਰ ਜਸਵਿੰਦਰ ਅਤੇ ਕੁਲਜੀਤ ਮਾਨ ਨੇ ਅਪਣਾ ਕਲਾਮ ਅਤੇ ਵਿਚਾਰ ਪੇਸ਼ ਕੀਤੇ।ਇਸ ਮਿਲਣੀ ਦੇ ਸਾਰੇ ਸੈਸ਼ਨਾਂ ਦੀ ਸੰਚਾਲਨਾ ਭੁਪਿੰਦਰ ਦੁਲੇ ਹੁਰਾਂ ਵਲੋਂ ਬਾਖੂਬੀ ਨਿਭਾਈ ਗਈ।

# ਡਾ. ਆਤਮਜੀਤ ਦੇ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦਾ ਨਾਟ-ਪਾਠ ਸੁਣਦਿਆਂ

**ਲੁਧਿਆਣਾ** : ਪਿਛਲੇ ਦਿਨੀਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਡਾ. ਆਤਮਜੀਤ ਦੇ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦੇ ਨਾਟ-ਪਾਠ ਦਾ ਆਯੋਜਨ ਕੀਤਾ ਗਿਆ। ਨਾਟਕਕਾਰ ਹੋਣ ਦੇ ਨਾਲ-ਨਾਲ ਪਰਪੱਕ ਨਿਰਦੇਸ਼ਕ ਅਤੇ ਅਦਾਕਾਰ ਹੋਣ ਕਰਕੇ ਡਾ. ਆਤਮਜੀਤ ਆਪਣੇ ਨਾਟ-ਪਾਠ ਦੌਰਾਨ ਰੰਗਮੰਚੀ ਮਹੌਲ ਸਿਰਜ ਕੇ ਰੱਖਦੇ ਹਨ। ਉਹ ਪਹਿਲਾਂ ਰਿਹਰਸਲਾਂ ਵੀ ਕਰਦੇ ਹਨ ਅਤੇ ਪਾਠ ਵਾਲੇ ਸਥਾਨ ਦੀ ਵਿਉਂਤ ਵੀ ਬੁਣਦੇ ਹਨ। ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਸੰਘਰਸ਼ ਦੀ ਬਾਤ ਪਾਉਂਦੇ ਇਸ ਨਾਟਕ ਦਾ ਪਾਠ ਸ਼ੁਰੂ ਹੁੰਦਿਆਂ ਹੀ ਦੀਵਾਨ ਸਿੰਘ ਦੀ ਜ਼ਿੰਦਗੀ ਨਾਲ ਜੁੜੇ ਪਾਤਰ ਮੁਖਾਤਬ ਹੋਣੇ ਸ਼ੁਰੂ ਹੋਏ। ਡਾ. ਆਤਮਜੀਤ ਦੇ ਸੰਵਾਦ ਵਿੱਚੋਂ ਨਾਟਕ ਦੇ ਕਿਰਦਾਰ ਅਤੇ ਦ੍ਰਿਸ਼ ਉੱਭਰਦੇ ਹਨ, ਜਿਨ੍ਹਾਂ ਨੂੰ ਪਿੱਠਵਰਤੀ ਸੰਗੀਤ ਹੋਰ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ।

ਡਾ. ਆਤਮਜੀਤ ਦੀ ਪਾਠ-ਅਦਾਕਾਰੀ ਦਾ ਕਮਾਲ ਸੀ ਕਿ ਇੰਦਰ ਕੌਰ ਦੇ ਬੋਲਾਂ ਨੇ ਆਪਣੇ ਪਤੀ ਦੀਵਾਨ ਸਿੰਘ ਨੂੰ ਜੰਜ਼ੀਰਿਆਂ ਦੇ ਸਿਰਤਾਜ, ਅੰਬਰ ਦੀ ਪਰਵਾਜ਼, ਇਨਸਾਨੀਅਤ ਦੀ ਅਵਾਜ਼ ਅਤੇ ਕਿਸ਼ਤੀਆਂ ਵਿਚਲੇ ਜਹਾਜ਼ ਵਜੋਂ ਸਰੋਤਿਆਂ ਦੇ ਮੂਹਰੇ ਲਿਆ ਖੜ੍ਹਾ ਕੀਤਾ। ਨਾਟ-ਪਾਠ ਸਿਖਰ 'ਤੇ ਪਹੁੰਚਦਿਆਂ ਜਦੋਂ ਇੰਦਰ ਕੌਰ ਨੇ ਕਿਹਾ ਕਿ 'ਮੈਨੂੰ ਮਾਣ ਏ ਮੇਰਾ ਬੰਦਾ ਕਿਸ਼ਤੀ ਨਹੀਂ ਸੀ, ਕਿਸ਼ਤੀਆਂ ਵਿੱਚ ਜਹਾਜ਼ ਸੀ।' ਸਰੋਤਿਆਂ ਦਾ ਦਿਲੋ ਦਿਮਾਗ ਵੀ ਇਹੋ ਮਹਿਸੂਸ ਕਰ ਰਿਹਾ ਸੀ ਕਿ 'ਕਿਸ਼ਤੀਆਂ ਵਿੱਚ ਜਹਾਜ਼ ਸੀ-ਦੀਵਾਨ ਸਿੰਘ'। ਇਹ ਨਾਟਕ ਡਾ. ਦੀਵਾਨ ਸਿੰਘ ਦੇ ਸਿਰ ਉਤਲੀ ਪੱਗ ਅਤੇ ਪੱਗ ਹੇਠ ਵਸਦੇ ਜੱਗ, ਰੱਬ ਤੇ ਅੱਗ ਦੀ ਗਾਥਾ ਹੈ, ਜੋ ਉਹਨਾਂ ਦੇ ਜੀਵਨ ਦੇ ਕਈ ਪਹਿਲੂਆਂ ਦੇ ਨਾਲ-ਨਾਲ ਇਤਿਹਾਸ ਦੇ ਕੁਝ ਅਣਪੜੇ ਵਰਕੇ ਵੀ ਸਾਡੇ ਮੂਹਰੇ ਰੱਖਦਾ ਹੈ।

# ਸਾਹਿਤ ਮਨੁੱਖੀ ਜਜ਼ਬਾਤਾਂ ਅਤੇ ਤਜਰਬਿਆਂ ਦਾ ਸ਼ੀਸ਼ਾ ਹੈ



**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ ਕੋਸੋ ਹਾਲ ਵਿੱਚ ਡਾ. ਦਯਾ ਸਿੰਘ, ਸੁਰਿੰਦਰ ਗੀਤ ਅਤੇ ਲਖਵਿੰਦਰ ਸਿੰਘ ਸਿੱਧੂ ਦੀ ਪ੍ਰਧਾਨਗੀ ਵਿੱਚ ਹੋਈ । ਇਹ ਇਕੱਤਰਤਾ ਇਕ ਪ੍ਰਭਾਵਸ਼ਾਲੀ ਸਾਹਿਤਕ ਮਿਲਣੀ ਹੋ ਨਿੱਬੜੀ । ਇਸ ਮੌਕੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪੰਜਾਬ ਤੋਂ ਪੁੱਜੇ ਡਾ. ਦਯਾ ਸਿੰਘ ਨੂੰ ਜੀ ਆਇਆਂ ਕਿਹਾ ।ਉਪਰੰਤ ਡਾ. ਦਯਾ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਸਾਹਿਤ ਮਨੁੱਖੀ ਜਜ਼ਬਾਤਾਂ ਅਤੇ ਤਜਰਬਿਆਂ ਦਾ ਸ਼ੀਸ਼ਾ ਹੈ । ਸਾਹਿਤ ਮਨੁੱਖੀ ਸੋਚ ਨੂੰ ਵਿਸ਼ਾਲ ਕਰਦਾ ਹੈ, ਇਕ ਦਾਇਰੇ 'ਚੋਂ ਕੱਢ ਕੇ ਬ੍ਰਹਿਮੰਡੀ ਸੋਚ ਵੱਲ ਲੈ ਜਾਂਦਾ ਹੈ । ਚੰਗਾ ਸਾਹਿਤ ਮਨੁੱਖ ਨੂੰ ਸੱਚ, ਇਮਾਨਦਾਰੀ ਅਤੇ ਇਨਸਾਨੀਅਤ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦੇ ਕੇ ਪਾਠਕਾਂ ਦੇ ਅਵਚੇਤਨ ਮਨ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਪੱਕਾ ਕਰਦਾ ਹੈ। ਪੰਜਾਬੀ ਸਾਹਿਤ ਸਭਾ ਵੱਲੋਂ ਡਾ. ਦਯਾ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ ।ਸਭਾ ਦੇ ਸਰਗਰਮ ਮੈਂਬਰ ਲਖਵਿੰਦਰ ਸਿੰਘ ਸਿੱਧੂ ਦਾ ਪਲੇਠਾ ਕਾਵਿ ਸੰਗ੍ਰਹਿ 'ਸਿਸਕਤੇ ਅਲਫ਼ਾਜ਼' ਲੋਕ ਅਰਪਣ ਕੀਤਾ ਗਿਆ। ਸੁਰਿੰਦਰ ਗੀਤ ਤੇ ਲਖਵਿੰਦਰ ਸਿੱਧੂ ਨੇ 'ਸਿਸਕਤੇ ਅਲਫਾਜ਼' 'ਚੋਂ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਤੋਂ ਇਲਾਵਾ ਸੁਰਿੰਦਰ ਢਿੱਲੋਂ, ਮਨਮੋਹਨ ਸਿੰਘ ਬਾਠ, ਮਨਜੀਤ ਬਰਾੜ, ਸੁਰਿੰਦਰ ਗੀਤ, ਅਲਬੇਲਾ ਬਰਾੜ, ਦਰਸ਼ਨ ਸਿੰਘ ਪਟਿਆਲਾ, ਜਸਬੀਰ ਸਿੰਘ ਤੂਰ, ਜਸਵੀਰ ਸਿੰਘ ਸਹੋਤਾ, ਸੁਖਮਿੰਦਰ ਗਿੱਲ, ਸੋਹਣ ਸਿੰਘ ਭੁੱਚੋ, ਇਕਬਾਲ ਕੌਰ ਭੁੱਲਰ, ਗੁਰਰਾਜ ਸਿੰਘ ਵਿਰਕ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ।ਮੰਚ ਸੰਚਾਲਨ ਦਾ ਕਾਰਜ ਸਾਹਿਤ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸੁਚੱਜੇ ਢੰਗ ਨਾਲ ਨਿਭਾਇਆ ।

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਥਾਪਨਾ ਦਿਵਸ 'ਤੇ ਜਸ਼ਨ



**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਅਤੇ ਸਮੂਹ ਮੈਂਬਰਾਂ ਵਲੋਂ ਪੰਜਾਬੀ ਭਵਨ ਦੇ 60ਵੇਂ ਨੀਂਹ ਪੱਥਰ ਦਿਵਸ 'ਤੇ ਅਕਾਡਮੀ ਦੇ ਸਮੂਹ ਮੈਂਬਰਾਂ ਨੂੰ ਵਧਾਈ ਦਿੱਤੀ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਮੂਹ ਲੇਖਕਾਂ ਨੂੰ ਪੰਜਾਬੀ ਭਵਨ ਦੇ ਨੀਂਹ ਪੱਥਰ 'ਤੇ ਵਧਾਈ ਦਿੰਦਿਆਂ ਦੱਸਿਆ ਕਿ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਸੰਨ 2 ਜੁਲਾਈ, 1966 ਨੂੰ ਪੰਜਾਬੀ ਭਵਨ, ਲੁਧਿਆਣਾ ਦਾ ਨੀਂਹ ਪੱਥਰ ਰੱਖਿਆ ਸੀ ਜਿਸ ਨਾਲ ਸਾਡੇ ਪੁਰਖਿਆਂ ਦਾ ਲਿਆ ਸੁਫ਼ਨਾ ਸਾਕਾਰ ਹੋਇਆ ਕਿ ਲੇਖਕਾਂ ਦਾ ਆਪਣਾ ਘਰ ਹੋਵੇ ਜਿਥੇ ਸਾਹਿਤਕ ਸਰਗਮੀਆਂ ਹੁੰਦੀਆਂ ਰਹਿਣ।ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਅੱਜ ਦੇ ਦਿਨ ਪੰਜਾਬੀ ਭਵਨ ਦੀ ਉਸਾਰੀ ਸ਼ੁਰੂ ਹੋਣ ਨਾਲ ਲੇਖਕਾਂ ਨੂੰ ਆਪਣਾ ਘਰ ਮਿਲ ਗਿਆ ਸੀ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਮੁੱਚੇ ਲੇਖਕ ਵਰਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਇਤਿਹਾਸ ਵਿਚ ਅੱਜ ਦਾ ਦਿਨ ਬਹੁਤ ਮਹੱਤਵਪੂਰਨ ਹੈ। ਅੱਜ ਪੰਜਾਬੀ ਭਵਨ ਵਿਚ ਅਕਾਡਮੀ ਦੀ ਰੈਫ਼ਰੈਂਸ ਲਾਇਬ੍ਰੇਰੀ, ਬਲਰਾਜ ਸਾਹਨੀ ਖੁੱਲ੍ਹਾ ਰੰਗਮੰਚ, ਸੈਮੀਨਾਰ ਹਾਲ, ਡਾ. ਮਹਿੰਦਰ ਸਿੰਘ ਰੰਧਾਵਾ ਹਾਲ, ਡਾ. ਪਰਮਿੰਦਰ ਸਿੰਘ ਹਾਲ ਤੋਂ ਇਲਾਵਾ ਸਾਈਂ ਮੀਆਂ ਮੀਰ ਬੁੱਕ ਬਾਜ਼ਾਰ, ਭਾਸ਼ਾ ਵਿਭਾਗ, ਪੰਜਾਬ ਦਾ ਜ਼ਿਲ੍ਹਾ ਭਾਸ਼ਾ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ ਦਾ ਖੇਤਰੀ ਦਫ਼ਤਰ ਹਨ। ਪੰਜਾਬੀ ਭਵਨ ਵਿਚ ਲੇਖਕਾਂ ਅਤੇ ਪਾਠਕਾਂ ਤੋਂ ਇਲਾਵਾ ਸੈਂਕੜੇ ਲੋਕ ਰੋਜ਼ਾਨਾ ਆਉਂਦੇ ਹਨ। ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਹਿਤ ਇਸ ਦਾ ਇਤਿਹਾਸਕ ਯੋਗਦਾਨ ਹੈ।

ਅੱਜ ਇਸ ਇਤਿਹਾਸਕ ਦਿਨ 'ਤੇ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸਾਬਕਾ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਪ੍ਰਬੰਧਕੀ ਬੋਰਡ ਮੈਂਬਰ ਜਨਮੇਜਾ ਸਿੰਘ ਜੌਹਲ, ਦਫ਼ਤਰ ਇੰਚਾਰਜ ਸੁਰਿੰਦਰ ਦੀਪ ਕੌਰ, ਸਹਾਇਕ ਲਾਇਬ੍ਰੇਰੀ ਮੀਤ ਅਨਮੋਲ, ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ, ਅਸ਼ਵਨੀ ਜੇਤਲੀ, ਸੁਖਦੀਪ ਇਕੱਤਰ ਹੋਏ ਅਤੇ ਇਸ ਦਿਨ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਸਮੂਹ ਲੇਖਕਾਂ ਨੂੰ ਵਧਾਈ ਦੇਣ ਵਾਲਿਆਂ ਵਿਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਸ੍ਰੀ ਜਸਪਾਲ ਮਾਨਖੇੜਾ, ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਡਾ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਰਜਿੰਦਰ ਸਿੰਘ ਰਾਜਨ, ਮੱਖਣ ਮਾਨ, ਰੋਜ਼ੀ ਸਿੰਘ, ਦੀਪ ਜਗਦੀਪ ਸਿੰਘ ਸ਼ਾਮਲ ਹਨ।

# ਪਾਠਕਾਂ ਦੇ ਝਰੋਖੇ 'ਚੋਂ

## ਮਸਨੂਈ ਬੁੱਧੀ ਦੀ ਸੀਮਾ

21 ਜੂਨ ਦੇ ਨਵਾਂ ਜ਼ਮਾਨਾ ਵਿਚ ਡਾ. ਜਸਬੀਰ ਸਿੰਘ ਔਲਖ ਨੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਜੰਗੀ ਹਥਿਆਰਾਂ ਦੇ ਚੱਲ ਰਹੇ ਵਿਉਪਾਰ ਦੀ ਸਾਰਥਿਕ ਚਰਚਾ ਕੀਤੀ ਹੈ। ਇਹ ਸਿਤਮ ਜ਼ਰੀਫੀ ਹੀ ਹੈ ਕਿ ਦੁਨੀਆ ਦੇ ਵੱਡੇ ਦੇਸ਼ਾਂ ਦੇ ਹਾਕਮ ਹਰ ਵੇਲੇ ਛੋਟੇ ਦੇਸ਼ਾਂ ਨਾਲ ਦੁਸ਼ਮਣੀ ਕੱਢਣ ਲਈ ਹਥਿਆਰਾਂ ਦਾ ਵਪਾਰ ਕਰਕੇ ਆਪਣੇ ਚਾਅ ਪੂਰੇ ਕਰ ਰਹੇ ਹਨ ।ਕੋਈ ਦੇਸ਼ ਕਿਸੇ ਦੂਸਰੇ ਦੇਸ਼ ਦਾ ਇਸ ਤਰ੍ਹਾਂ ਜਾਨੀ ਨੁਕਸਾਨ ਕਰਨ ਦਾ ਸੋਚੇ ।ਇਹ ਸੋਚ ਆਪਣੇ ਆਪ ਵਿਚ ਮਾਨਵਤਾ ਵਿਰੋਧੀ ਹੈ । ਲੇਖ 'ਆਰਥਿਕ ਸੰਕਟ' ਵਿਚ ਸਰਦਾਰਾ ਸਿੰਘ ਮਾਜਿਲ ਨੇ ਦੇਸ਼ਾਂ ਦੀ ਆਰਥਿਕਤਾ ਦਾ ਤੁਲਨਾਤਮਿਕ ਬਿਊਰਾ ਪੇਸ਼ ਕੀਤਾ ਹੈ ।ਜੰਗ, ਚੋਣਾਂ ਜਾਂ ਦੇਸ਼ਾਂ ਦਾ ਸੰਕਟ ਆਰਥਿਕਤਾ ਨੂੰ ਕਮਜ਼ੋਰ ਕਰਦਾ ਹੈ। ਹਰਵਿੰਦਰ ਭੰਡਾਲ ਨੇ ਮਸਨੂਈ ਬੁੱਧੀ ਦੀ ਸੀਮਾ ਦਾ ਖੋਜਮਈ ਜ਼ਿਕਰ ਕੀਤਾ ਹੈ ।ਮਸ਼ੀਨ ਕੋਈ ਵੀ ਹੋਵੇ, ਮਨੁੱਖ ਦੇ ਦਿਮਾਗ ਤੋਂ ਅੱਗੇ ਨਹੀਂ ਜਾ ਸਕਦੀ ।ਕੰਪਿਊਟਰ ਵੀ ਮਨੁੱਖ ਦਾ ਹੀ ਤਿਆਰ ਕੀਤਾ ਹੈ। ਹਰੇਕ ਕਿਸਮ ਦਾ ਡਾਟਾ ਵੀ ਮਨੁੱਖ ਨੇ ਇਸ ਵਿਚ ਪਾਇਆ ਹੈ। ਕਹਾਣੀਕਾਰ ਅਤਰਜੀਤ ਨੇ ਦਾਰਸ਼ਨਿਕ ਪੱਧਰ 'ਤੇ ਪਦਾਰਥਵਾਦ ਅਤੇ ਵਿਚਾਰਵਾਦ ਦਾ ਗਹਿਰਾ ਵਿਸ਼ਲੇਸ਼ਣ ਕੀਤਾ ਹੈ । ਲੇਖ ਦੀ ਸ਼ਬਦਾਵਲੀ ਆਮ ਬੰਦੇ ਦੀ ਸਮਝ ਤੋਂ ਉੱਪਰ ਹੈ। ਵਿਦਵਤਾ ਭਰਪੂਰ ਵਿਚਾਰ ਹਨ ਲੇਖਕ ਦੇ। 'ਦ੍ਰਿਸ਼ਟੀਕੋਣ' ਦੇ ਕਾਲਮਨਵੀਸ ਨੇ ਭਾਰਤੀ ਲੋਕਾਂ ਨੂੰ ਰਾਜਨੀਤੀ ਨੂੰ ਸਵੱਛ ਕਰਨ ਲਈ ਜ਼ੋਰ ਦਿੱਤਾ ਹੈ । ਸੁਰਜੀਤ ਸੁਮਨ ਦੇ ਕਾਲਮ ਵਿਚ ਗੱਲ ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਦੀ ਹੈ। ਸਾਹਿਤਕਾਰ ਰਣਜੀਤ ਆਜ਼ਾਦ ਕਾਂਝਲਾ ਦੀਆਂ ਗਜ਼ਲਾਂ ਪੜ੍ਹ ਕੇ ਮਨ ਖੁਸ਼ ਹੋਇਆ ।ਰਣਜੀਤ ਆਜ਼ਾਦ ਬਹੁਪੱਖੀ ਲੇਖਕ ਹੈ। ਮਿੰਨੀ ਕਹਾਣੀ ਵਿਚ ਵੀ ਉਹ ਉਸਤਾਦ ਹੈ ਤੇ ਮਿਡਲ ਲਿਖਤਾਂ ਵਿੱਚ ਵੀ ਉਹ ਸਾਹਿਤ ਵਿਚ ਲੰਮੇ ਸਮੇਂ ਤੋਂ ਜੂਝ ਰਿਹਾ ਹੈ । ਕਿਤਾਬਾਂ ਵਿਚ ਕੁਲਦੀਪ ਸਿੰਘ ਬੇਦੀ ਦਾ ਨਵਾਂ ਨਾਵਲ 'ਪਰਜੀਵੀ' ਦਾ ਜ਼ਿਕਰ ਪੜ੍ਹਿਆ । ਇਸ ਕਿਸਮ ਦੀ ਸੋਚ ਨੂੰ ਸਹਿਯੋਗ ਦੇ ਰੂਪ ਵਿਚ ਲਿਆ ਜਾਵੇ ਤਾਂ ਚੰਗਾ ਹੈ। ਸਮਾਜ ਵਿਚ ਪਰਜੀਵੀ ਤਾਂ ਸਾਰੇ ਹਨ। ਅਜੀਤ ਖੰਨਾ ਨੇ ਰਿਸ਼ਤਿਆਂ ਵਿਚ ਪੈ ਰਹੇ ਫਿੱਕ ਦੀ ਗੱਲ ਦਿਲਚਸਪ ਸ਼ੈਲੀ ਵਿਚ ਕੀਤੀ ਹੈ ।

28 ਜੂਨ ਦੇ 'ਐਤਵਾਰਤਾ' ਵਿਚ ਜਗਰੂਪ ਦਾ ਲੇਖ 'ਮਾਰਕਸ ਸਾਹਿਤ ਦੀਆਂ ਵਿਸ਼ੇਸ਼ਤਾਵਾਂ' ਦਾ ਜ਼ਿਕਰ ਹੈ।ਮਾਰਕਸਵਾਦ ਵਧੇਰੇ ਕਰਕੇ ਆਰਥਿਕ ਮਸਲਿਆਂ 'ਤੇ ਹੈ, ਸਮਾਜ ਦੀ ਕਾਣੀ ਵੰਡ 'ਤੇ ਕੇਂਦਰਤ ਹੈ।ਪੂੰਜੀਵਾਦੀ ਨਿਜ਼ਾਮ ਵਿਚ ਰੁਲਦੇ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਜ਼ੋਰ ਨਾਲ ਕਰਦਾ ਹੈ। ਭੁਪਿੰਦਰ ਸਿੰਘ ਮਾਨ ਦਾ ਯਾਤਰਾ ਪ੍ਰਸੰਗ ਭਾਵੇਂ ਲੰਮੀ ਕਿਸ਼ਤ ਹੈ, ਪਰ ਦਿਲਚਸਪ ਹੈ।ਲੇਖਕ ਯਾਤਰਾ ਦੇ ਨਿੱਕੇ-ਨਿੱਕੇ ਪਲਾਂ ਦੀ ਖੁੱਲ੍ਹ ਕੇ ਚਰਚਾ ਕਰਦਾ ਹੈ। ਨਿੰਦਰ ਘੁਗਿਆਣਵੀ ਨੇ ਨਜ਼ਦੀਕੀ ਦੇ ਸਦੀਵੀ ਵਿਛੋੜੇ ਦਾ ਦਰਦ ਪੇਸ਼ ਕੀਤਾ ਹੈ। ਸੁਰਜੀਤ ਸੁਮਨ ਨੇ ਅਵੱਲੇ ਰੋਗ ਦੀ ਗਾਥਾ ਪੇਸ਼ ਕੀਤੀ ਹੈ।'ਦ੍ਰਿਸ਼ਟੀਕੋਣ' ਨੇ ਪੂੰਜੀਵਾਦੀ ਨਿਜ਼ਾਮ ਦੇ ਆਗੂਆਂ ਦੀ ਠੱਗਾਂ ਨਾਲ ਗੰਢ-ਤਰੁੱਪ ਦਾ ਜ਼ਿਕਰ ਕੀਤਾ ਹੈ।ਸਾਚੀ ਸਾਖੀ ਦੀ ਗੱਲ ਡਾ. ਪਰਮਜੀਤ ਢੀਂਗਰਾ ਨੇ ਕੀਤੀ ਹੈ।ਇਸੇ ਪੰਨੇ 'ਤੇ ਨਰਿੰਦਰ ਸਿੰਘ ਕਪੂਰ ਦੀ ਕਿਤਾਬ ਬਾਰੇ ਡਾ. ਸੰਦੀਪ ਰਾਣਾ ਨੇ ਚੰਗੀ ਜਾਣਕਾਰੀ ਦਿੱਤੀ ਹੈ। ਸਰਗਰਮੀਆਂ ਵਿਚ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਕਹਾਣੀ ਬਾਰੇ ਗੋਸ਼ਟੀ ਵਿਚ ਜਸਵੰਤ ਸਿੰਘ ਜ਼ਫਰ ਦੇ ਵਿਚਾਰ ਪੜ੍ਹ ਕੇ ਬਹੁਤ ਖੁਸ਼ੀ ਹੋਈ।

**— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਨਾਵਲ ਦੀ ਸੁੰਗੜ ਰਹੀ ਕਹਾਣੀ

28 ਜੂਨ ਦਾ 'ਐਤਵਾਰਤਾ' ਚੰਗਾ ਲੱਗਾ। ਸਾਰੇ ਲੇਖ ਪੜ੍ਹਨਯੋਗ ਹਨ। ਮਾਰਕਸਵਾਦੀ ਸਾਹਿਤ ਦਾ ਵੱਡਾ ਹਿੱਸਾ..., ਜਗਰੂਪ, ਨਾਵਲ ਦੀ ਸੁੰਗੜ ਰਹੀ ਕਹਾਣੀ-ਸੁਕੀਰਤ, ਸੂਰ ਸੈਣੀਆਂ ਨੇ ਵਸਾਇਆ ਸੀ ਸੂਰਾਪੁਰ-ਵਿਜੈ ਬੰਬੇਲੀ, ਭਾਰਤੀ ਭਾਸ਼ਾਵਾਂ ਤੇ ਪੰਜਾਬੀ-dr sukhwinder singh ਸੰਘਾ, ਹੈਵਲਾਕ ਟਾਪੂ-ਭੁਪਿੰਦਰ ਸਿੰਘ ਮਾਨ ਵਧੀਆ ਲੱਗੇ । ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ ਨੇ ਪਾਕਿਸਤਾਨ ਦਾ ਪ੍ਰਸਿੱਧ ਸੰਗੀਤਕਾਰ ਬਾਬਾ ਜੀ ਏ ਚਿਸ਼ਤੀ ਬਾਰੇ ਵਧੀਆ ਜਾਣਕਾਰੀ ਦਿੱਤੀ ਹੈ। ਪ੍ਰਿੰਸੀਪਲ ਸਾਹਿਬ ਨੇ ਚਿਸ਼ਤੀ ਸਾਹਿਬ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਇਕ ਪਿੰਡ ਵਿਚ ਲਿਖਿਆ ਹੋਇਆ ਹੈ। ਗੁਲਾਮ ਅਹਿਮਦ ਚਿਸ਼ਤੀ ਦਾ ਜਨਮ ਪਿੰਡ ਗੁਣਾਚੌਰ ਨੇੜੇ ਬੰਗਾ ਜ਼ਿਲ੍ਹਾ ਜਲੰਧਰ (ਅੱਜਕੱਲ੍ਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਹੋਇਆ ਸੀ। ਉਹ ਪਾਕਿਸਤਾਨ ਦੇ ਹੀ ਨਹੀਂ, ਭਾਰਤ ਦੇ ਵੀ ਸੰਗੀਤਕਾਰ ਸਨ। ਉਨ੍ਹਾ ਦਾ ਨਾਂਅ ਭਾਰਤ-ਪਾਕਿਸਤਾਨ ਦੇ ਮੋਢੀ ਸੰਗੀਤਕਾਰਾਂ ਵਿੱਚ ਆਉਂਦਾ ਹੈ। 1947 ਤੋਂ ਪਹਿਲਾਂ ਗੁਣਾਚੌਰ ਪਿੰਡ ਵਿੱਚ ਬਹੁ-ਗਿਣਤੀ ਮੁਸਲਿਮ ਭਾਈਚਾਰੇ ਦੀ ਸੀ । ਜਦੋਂ ਉਹਨਾਂ ਪਿੰਡ ਛੱਡਿਆ, ਉਹ ਬਚ ਗਏ ਸਨ, ਕਿਉਂਕਿ ਬਹੁਤੇ ਲੋਕ ਉਹਨਾਂ ਦੀ ਮਦਦ 'ਤੇ ਸਨ। ਕੁਝ ਵਾਪਸ ਆ ਗਏ ਸਾਮਾਨ ਲੈਣ । ਉਹ ਮਾਰੇ ਗਏ ਸਨ।

**- ਅਜਮੇਰ ਸਿੱਧੂ**

## ਪੰਜਾਬ ਦੀਆਂ ਚੋਣਾਂ

ਜਨਾਬ ਜਤਿੰਦਰ ਪਨੂੰ ਹਰ ਹਫਤੇ 'ਐਤਵਾਰਤਾ' 'ਚ ਕਿਸੇ ਨਾ ਕਿਸੇ ਚਲੰਤ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਆਰਥਿਕ ਵਿਸ਼ੇ 'ਤੇ ਤੱਥਾਂ ਅਧਾਰਤ ਲੇਖ ਲਿਖਦੇ ਹਨ, ਜੋ ਕਿ ਆਮ ਲੋਕਾਂ ਲਈ ਬਹੁਤ ਹੀ ਜਾਣਕਾਰੀ ਭਰਪੂਰ ਹੁੰਦਾ ਹੈ। ਇਸ ਵਾਰ 14 ਜੂਨ ਦੇ ਅੰਕ ਵਿਚ ਪਨੂੰ ਜੀ ਨੇ ਯੂ. ਪੀ. ਤੇ ਪੰਜਾਬ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਦੇ ਸੰਬੰਧ ਵਿਚ ਉੱਡ ਰਹੀਆਂ ਅਫਵਾਹਾਂ ਬਾਰੇ ਬਾਖੂਬੀ ਚਰਚਾ ਕੀਤੀ ਹੈ ਕਿ ਚੋਣਾਂ ਮਿੱਥੇ ਸਮੇਂ 'ਤੇ ਹੋਣਗੀਆਂ ਜਾਂ ਨਵੰਬਰ ਦੇ ਨੇੜੇ-ਤੇੜੇ ਹੋਣ ਦੀਆਂ ਸੰਭਾਵਨਾਵਾਂ ਹਨ! ਬੀ ਜੇ ਪੀ ਬਹੁਤ ਸ਼ਾਤਰ ਪਾਰਟੀ ਹੈ, ਜੋ ਨਾਗਪੁਰ ਤੋਂ ਆਰ ਐੱਸ ਐੱਸ ਦੇ ਹੈੱਡਕੁਆਰਟਰ ਤੋਂ ਦਿੱਤੀਆਂ ਹਦਾਇਤਾਂ ਮੁਤਾਬਕ ਕੰਮ ਕਰਦੀ ਹੈ, ਤੇ ਇਸ ਦੀ ਖਾਸੀਅਤ ਹੈ ਕਿ ਜੋ ਇਸ ਨੇ ਕਰਨਾ ਹੁੰਦਾ ਹੈ, ਉਹ ਕਿਸੇ ਨੂੰ ਪਤਾ ਨਈਂ ਹੁੰਦਾ! ਚੋਣਾਂ ਜਿੱਤਣ ਲਈ ਚੋਣਾਂ ਤੋਂ ਐਨ ਕੁਝ ਚਿਰ ਪਹਿਲਾਂ ਇਹੋ ਜਿਹਾ ਦਾਅ ਖੇਡਦੀ ਹੈ। ਬਾਕੀ ਪਾਰਟੀਆਂ ਸੋਚਦੀਆਂ ਹੀ ਰਹਿ ਜਾਂਦੀਆਂ ਹਨ । ਇਕ ਮਹੀਨਾ ਪਹਿਲਾਂ ਜੇ ਬੀ ਜੇ ਪੀ ਨੇ ਹਰੇਕ ਔਰਤ ਦੇ ਖਾਤੇ ਵਿਚ ਤਿੰਨ-ਤਿੰਨ ਹਜ਼ਾਰ ਹਰ ਮਹੀਨੇ ਦੇਣ ਦਾ ਐਲਾਨ ਕਰ ਦਿੱਤਾ ਤਾਂ ਬਾਜ਼ੀ ਪਲਟ ਸਕਦੀ ਹੈ। ਬਾਕੀ ਰਾਜਾਂ ਵਿਚ ਚੋਣਾਂ ਜਿੱਤਣ ਲਈ ਇਹ ਹੱਥਕੰਡਾ ਸਫਲਤਾ-ਪੂਰਵਕ ਅਜ਼ਮਾ ਚੁੱਕੀ ਹੈ।

**— ਬੀ.ਡੀ. ਭਗਤ, ਮਜੀਠਾ ਰੋਡ ਬਾਈਪਾਸ ਅੰਮ੍ਰਿਤਸਰ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ : ਜਗਰੂਪ, ਕਿਸ਼ਤ-6

ਨੋਇਡਾ ਦਾ ਮਜ਼ਦੂਰ ਅੰਦੋਲਨ- ਭੁੱਖ ਦੇ ਖਿਲਾਫ਼ ਖਿੱਚੀ ਲਕੀਰ-2


'ਜਲਦੂਤ' : (ਫੋਕਸ) ਡਾ. ਅਨੁਰਾਗ ਸ਼ਰਮਾ

ਸੁਰਿੰਦਰ ਗੀਤ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----


## Gangrene: Punjabi Dalit Short Stories




ਅੰਗੇਰਜ਼ੀ ਵਿੱਚ ਪ੍ਰਸਿੱਧ ਪਬਲੀਕੇਸ਼ਨ 'ਪੈਂਗੂਇਨ' ਨੇ ਪੰਜਾਬੀ ਦੀਆਂ ਪ੍ਰਤੀਨਿੱਧ ਦਲਿਤ ਜੀਵਨ ਦੀਆਂ 12 ਕਹਾਣੀਆਂ ਨੂੰ ਅਕਸ਼ੈ ਕੁਮਾਰ ਤੇ ਨਵਦੀਪ ਸਿੰਘ ਕੋਲੋਂ ਅਨੁਵਾਦ ਕਰਵਾ ਕੇ 'ਗੈਂਗਰੀਨ' Gangrene ਟਾਇਟਲ ਹੇਠ ਪ੍ਰਕਾਸ਼ਤ ਕੀਤਾ ਹੈ। ਕਿਸੇ ਅੰਗਰੇਜ਼ੀ ਦੇ ਵੱਡੇ ਪਬਲੀਕੇਸ਼ਨ ਹਾਊਸ ਵੱਲੋਂ ਪੰਜਾਬੀ ਵਿੱਚ ਲਿਖੀ ਜਾ ਰਹੀ ਦਲਿਤ ਕਹਾਣੀ ਨੂੰ ਗੰਭੀਰਤਾ ਨਾਲ ਲੈਣਾ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਪੰਜਾਬੀ ਵਿੱਚ ਲਿਖੀ ਜਾ ਰਹੀ ਦਲਿਤ ਕਹਾਣੀ ਪੰਜਾਬ ਦੇ ਦਲਿਤ ਜੀਵਨ ਨੂੰ ਪ੍ਰਮਾਣਿਕ ਰੂਪ ਵਿੱਚ ਪੇਸ਼ ਕਰਨ ਦੇ ਸਮਰੱਥ ਹੋ ਚੁੱਕੀ ਹੈ। ਕਿਤਾਬ ਦੀ ਦਿੱਖ, ਮਿਆਰ ਤੇ ਪੇਸ਼ਕਾਰੀ ਆਪਣੇ ਆਪ ਵਿੱਚ ਕਮਾਲ ਦੀ ਹੈ। ਅਨੁਵਾਦਕਾਂ ਵੱਲੋਂ ਲਿਖੀ 'ਗੈਂਗਰੀਨ' ਦੀ 31 ਪੰਨਿਆਂ ਵਿੱਚ ਫੈਲੀ ਭੂਮਿਕਾ 'ਚ ਪਹਿਲੀ, ਦੂਜੀ, ਤੀਜੀ ਅਤੇ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵੱਲੋਂ ਲਿਖੀ ਦਲਿਤ ਜੀਵਨ ਦੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪੰਜਾਬ ਦੇ ਦਲਿਤ ਜੀਵਨ ਨੂੰ ਪੰਜਾਬ ਤੋਂ ਬਾਹਰ ਬੈਠੇ ਪਾਠਕ ਇਨ੍ਹਾਂ ਕਹਾਣੀਆਂ ਰਾਹੀਂ ਸਮਝ ਸਕਦੇ ਹਨ। ਕਿਤਾਬ ਵਿੱਚ ਇਹ 12 ਕਹਾਣੀਆਂ ਨੂੰ ਅਨੁਵਾਦ ਕੀਤਾ ਗਿਆ ਹੈ। Bathloo Chamiar ਬੱਠਲੂ ਚਮਿਆਰ (Attarjit), Gangrene ਮਾਸਖੋਰੇ (Attarjit), Aatu Khoji ਆਤੂ ਖੋਜੀ (Gurmeet Karyalvi), Doomsday ਆਵਾਜਾਰ (Sarup Sialvi), Cobbler's Son ਮੋਚੀ ਦਾ ਪੁੱਤ (Mohan Lal Phillauria), Iron Boned ਲੋਹ ਹੱਡਾ (Makhan Maan), Cancer ਹਾਰ ਜਿੱਤ (Nachhatar), Roots ਜੜ੍ਹਾਂ (Bhagwant Rasulpuri), Cactus ਕਡਿਆਲੀ ਥੋਰ (Harnek Singh Kaler), Cry of the Sky ਅੰਬਰ ਦੀ ਹੂਕ (Bhura Singh Kaler), My Story, Everybody's Story ਹੱਡ ਬੀਤੀ ਜੱਗ ਬੀਤੀ (Prem Gorkhi), Gaurjan ਗੌਰਜਾ (Ajmer Singh Sidhu) ਇਸ ਪੁਸਤਕ ਵਿੱਚ ਅਨੁਵਾਦ ਹੋਈਆਂ ਕਹਾਣੀਆਂ ਸਮੇਂ ਸਮੇਂ ਪੰਜਾਬੀ ਵਿੱਚ ਚਰਚਾ ਵਿਚ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁਝ ਕਹਾਣੀਆਂ ਹਿੰਦੀ ਤੇ ਅਗਾਂਹ ਭਾਰਤ ਦੀਆਂ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਚੁੱਕੀਆਂ ਹਨ। 'ਗੈਂਗਰੀਨ' ਦੇ ਛਪਦਿਆਂ ਸਾਰ ਹੀ 'ਦ ਪ੍ਰਿੰਟ' ਦੀ ਤੇਜ਼ ਤਰਾਰ ਪੱਤਰਕਾਰ ਸਾਕਸ਼ੀ ਮਹਿਰਾ ਨੇ ਇਸ ਕਿਤਾਬ ਨੂੰ ਅਧਾਰ ਬਣਾ ਕੇ ਇਕ ਦ ਪ੍ਰਿੰਟ ਵਿੱਚ ਸਟੋਰੀ ਵੀ ਪ੍ਰਕਾਸ਼ਤ ਕੀਤੀ ਸੀ। ਇਸ ਕਿਤਾਬ ਨੂੰ ਅੰਗਰੇਜ਼ੀ ਦੇ ਪਾਠਕਾਂ ਵੱਲੋਂ ਵੱਡੀ ਪੱਧਰ ਉੱਤੇ ਹੁੰਗਾਰਾ ਮਿਲ ਰਿਹਾ ਹੈ। ਅਕਸ਼ੈ ਕੁਮਾਰ ਅਤੇ ਨਵਦੀਪ ਸਿੰਘ ਦਾ ਇਹ ਯਤਨ ਬੜਾ ਸਾਰਥਕ ਹੈ। ਕਿਤਾਬ ਦਾ ਮੁੱਲ 499 ਰੁਪਏ (ਪਾਠਕਾਂ ਨੂੰ ਐਮਾਜੋਨ 'ਤੇ 319 ਰੁਪਏ ਵਿੱਚ ਮਿਲ ਜਾਂਦੀ ਹੈ) ਤੇ ਪੰਨੇ 191 ਹਨ। ਚਾਹਵਾਨ ਐਮਾਜੋਨ ਤੋਂ ਕਿਤਾਬ ਮੰਗਵਾ ਸਕਦੇ ਹਨ।

Gangrene (Punjabi Dalit Short Stories) Translated by Akshaya Kumar-Navdeep Singh, Published by Penguin Random House India Pvt. Ltd.

## ਮੀਰਜ਼ਾਦਾ: ਸਾਹਿਤ ਚਿੰਤਨ ਤੇ ਸਿਰਜਣਾ




ਕੁਲਦੀਪ ਸਿੰਘ ਬੇਦੀ ਦੀ ਸੰਪਾਦਨਾ ਹੇਠ ਛਪਦੇ 'ਮੀਰਜ਼ਾਦਾ' ਨੇ ਆਪਣੇ ਨਵੇਂ ਅੰਕ ਜੁਲਾਈ-ਸਤੰਬਰ, 2026 ਦੀ ਸੰਪਾਦਕੀ ਵਿੱਚ ਸਾਹਿਤਕ ਪਰਚਿਆਂ ਦਾ ਖੁੰਬਾਂ ਵਾਂਗ ਉੱਗਣਾ' 'ਚ ਖਰੀਆਂ ਖਰੀਆਂ ਗੱਲਾਂ ਕੀਤੀਆਂ ਹਨ। ਇਹ ਸੱਚਾਈ ਤੇ ਤ੍ਰਾਸਦੀ ਹੈ ਪੰਜਾਬੀ ਵਿੱਚ ਨਿਕਲ ਰਹੇ ਸਾਹਿਤਕ ਪਰਚਿਆਂ ਦੀ। ਪਰਚੇ ਵਿੱਚ ਹਰੀ ਕਾਦਿਆਨੀ, ਮੋਨੋਜੀਤ, ਸ਼ਰਵਣ ਕੁਮਾਰ ਉਰਮਲੀਆ, ਪਰਮਜੀਤ ਢੀਂਗਰਾ, ਸੁਰਜੀਤ ਸਿੰਘ ਕਾਲੇਕੇ, ਅਤੁੱਲ ਚਤੁਰਵੇਦੀ, ਨੂਰ ਸੰਤੋਖਪੁਰੀ, ਰਵਿੰਦਰ ਰੁਪਾਲ, ਜਗਜੀਤ ਸਿੰਘ ਲੋਹਟਬੱਦੀ, ਸਰਵਣ ਸਿੰਘ ਦੇ ਵਿਅੰਗ ਪੜ੍ਹਨਯੋਗ ਹਨ। ਸੁਸ਼ਮਾ ਮੁਨੀਂਦਰ ਦੀ ਹਿੰਦੀ ਕਹਾਣੀ 'ਬਿੱਲਾ ਨੰਬਰ ਪੰਦਰਾਂ' ਦਾ ਅਨੁਵਾਦ ਮਾਰਕੇ ਦਾ ਹੈ। 'ਸਮਕਾਲੀ ਪਰਚੇ-ਮੇਰੀ ਦ੍ਰਿਸ਼ਟੀ 'ਚ' ਕੁਲਦੀਪ ਸਿੰਘ ਬੇਦੀ ਪਰਚਿਆਂ ਦੀਆਂ ਚੰਗੀਆਂ ਰਚਨਾਵਾਂ ਦਾ ਸਾਰਥਕ ਵਿਸ਼ਲੇਸ਼ਣ ਕਰਦਾ ਹੈ। ਸੰਪਾਦਕ ਨੂੰ ਪਰਚੇ ਦੀ ਦਿੱਖ ਤਿਆਰ ਕਰਨੀ ਆਉਂਦੀ ਹੈ। 'ਮੀਰਜ਼ਾਦਾ ਪੜ੍ਹਨ ਲਈ ਸੰਪਾਦਕ ਨਾਲ ਸੰਪਰਕ (98760-95392) ਕੀਤਾ ਜਾ ਸਕਦਾ ਹੈ।

## ਅੱਖਰ : ਜੁਲਾਈ-ਸਤੰਬਰ, 2026




ਅੱਖਰ ਦੇ ਹੱਥਲੇ ਅੰਕ ਦੀ ਸੰਪਾਦਕੀ 'ਪੰਜਾਬੀ ਸਾਹਿਤਕ ਜਗਤ ਦੀ ਇਰਾਨ ਜੰਗ ਬਾਰੇ ਰਾਏ' ਉੱਤੇ ਡਾ. ਕਰਨੈਲ ਸ਼ੇਰਗਿੱਲ ਨੇ ਲਿਖੀ ਹੈ। ਅੰਕ ਵਿੱਚ ਹਰਕੀਰਤ ਕੌਰ ਚਹਿਲ (ਢੇਰੀਆਂ), ਨਿਰੰਜਣ ਬੋਹਾ (ਆਪਣਾ ਹੀ ਪਰਛਾਵਾਂ), ਦੀਪ ਦਵਿੰਦਰ (ਵੇਲਾ ਕੁਵੇਲਾ), ਡਾ. ਕਰਨੈਲ ਸ਼ੇਰਗਿੱਲ (ਬੇਘਰੇ), ਮੀਨੂ ਨਵੀਨ (ਓਟ ਕਿ ਜੋਕ), ਲੂਸ਼ੁਨ (ਪਾਗਲ ਦੀ ਡਾਇਰੀ, ਅਨੁ. ਬਲਬੀਰ ਮਾਧੋਪੁਰੀ) ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਲੇਖਾਂ ਵਿੱਚ ਅਲਵਿਦਾ ਤੋਂ ਬਾਅਦ (ਜਗਤਾਰਜੀਤ), ਸਾਰੇ ਸੱਚ ਦੱਸਣ ਲਈ ਨਹੀਂ ਹੁੰਦੇ-ਡਾ. ਦਵਿੰਦਰ ਕੌਰ (ਹਰਜੀਤ ਅਟਵਾਲ) ਤੇ ਮੁਹੱਬਤ ਦੀ ਖ਼ੁਸ਼ਬੂ (ਡਾ. ਸੁਖਦਰਸ਼ਨ ਸਿੰਘ ਚਹਿਲ) ਪੜ੍ਹਨ ਵਾਲੇ ਹਨ। ਇਕ ਅੰਕ ਵਿੱਚ ਜਸਪਾਲ ਘਈ, ਅੰਮ੍ਰਿਤਪਾਲ ਸਿੰਘ ਸ਼ੈਦਾ, ਦਲਵੀਰ ਕੌਰ, ਦਰਸ਼ਨ ਬੁਲੰਦਵੀ, ਵਰਿੰਦਰ ਪਰਿਹਾਰ, ਬੌਬੀ ਗੁਰਪਰਵੀਨ, ਤਰਲੋਚਨ ਸਿੰਘ ਲੋਚਨ, ਹਰਬੰਸ ਸਿੰਘ ਮਾਨਕਪੁਰੀ, ਕੰਵਲਜੀਤ ਭੁੱਲਰ, ਸੁਖਦੇਵ ਔਲਖ, ਕੁਲਵਿੰਦਰ ਵਿਰਕ, ਅਮਰਜੀਤ ਟਾਂਡਾ, ਗੁਰਵਿੰਦਰ ਅਮਨ ਤੇ ਪ੍ਰਕਾਸ਼ ਸੋਹਲ ਦੀ ਸ਼ਾਇਰੀ ਛਪੀ ਹੈ। ਅੱਖਰ ਡਾ. ਵਿਕਰਮਜੀਤ ਨੂੰ (98152-65620) 'ਤੇ ਫੋਨ ਕਰਕੇ ਮੰਗਵਾ ਸਕਦੇ ਹੋ।

## ਸ਼ਬਦ : ਤ੍ਰਿੰਜਣ ਅਪ੍ਰੈਲ-ਜੂਨ, 2026




ਸ਼ਬਦ ਤ੍ਰਿੰਜਣ ਵਿਅੰਗ ਲਿਖਤਾਂ ਦਾ ਪਰਚਾ ਹੈ। ਇਸ ਵਿੱਚ ਬਹੁਤ ਸਾਰੇ ਲੇਖਕਾਂ ਦੀਆਂ ਵਿਅੰਗ ਲਿਖਤਾਂ ਲੇਖਾਂ, ਕਹਾਣੀਆਂ, ਕਵਿਤਾ ਤੇ ਕਾਵਿ ਵਿਅੰਗ ਤੇ ਹੋਰ ਸਮੱਗਰੀ ਰਾਹੀ ਪਾਠਕ ਪੜ੍ਹ ਸਕਦੇ ਹਨ। ਸੰਪਾਦਕੀ ਵਿੱਚ ਮਹਿਗਾਈ ਉੱਤੇ ਤਕੜਾ ਵਿਅੰਗ ਕੀਤਾ ਹੈ। ਮੰਗਤ ਕੁਲਜਿੰਦ (ਟੋਆ ਪਲਾਜ਼ਾ ਹੈ ਨਾ), ਸੁਰਿੰਦਰ ਸਿੰਘ ਓਬਰਾਏ (ਮੈਨੂੰ ਕੁੱਤੇ ਨੇ ਵੱਢਿਆ), ਸਿਆਣਾ ਗਿੱਦੜ, ਉੱਸਲਵੱਟੇ ਲੈਂਦੀ ਜੁਬਾਨ (ਤ੍ਰਿਲੋਕ ਸਿੰਘ ਢਿੱਲੋਂ), ਬਿਪਨ ਗੋਇਲ (ਨੇਤਾ ਦਾ ਡਰ), ਮੰਗਤਾ ਦਿਵਸ ਕਦੋਂ ਸ਼ੁਰੂ ਹੋਇਆ (ਤਰਸੇਮ ਭੰਗੂ), ਚਿੱਟੇ ਦਾ ਕਾਲਾ ਧੰਦਾ (ਪਰਦੀਪ ਮੌਜੀ) ਅਤੇ ਹੋਰ ਲਿਖਤਾਂ ਚੰਗਾ ਪ੍ਰਭਾਵ ਪਾਉਂਦੀਆਂ ਹਨ। ਪਰਚੇ ਵਿੱਚ ਕੁਝ ਪੁਸਤਕਾਂ ਨਾਲ ਜਾਣ ਪਛਾਣ ਵੀ ਕਰਵਾਈ ਗਈ ਹੈ। ਵਿਅੰਗ ਲਿਖਤਾਂ ਪਾਠਕ ਦਿਲਚਸਪੀ ਨਾਲ ਪੜ੍ਹ ਲੈਂਦੇ ਹਨ ਕਿਉਂਕਿ ਇਸ ਵਿੱਚ ਕਥਾ ਰਸ ਦੇ ਨਾਲ ਨਾਲ ਸੇਧ ਤੇ ਸਮਕਾਲੀ ਵਰਤਾਰੇ ਨੂੰ ਸਮਝਣ ਦੀ ਸੋਝੀ ਵੀ ਮਿਲਦੀ ਹੈ। ਪਰਚੇ ਨੂੰ ਮੰਗਵਾਉਣ ਲਈ ਮੰਗਤ ਰਾਏ ਮਿੱਤਲ (94177-53892) ਉੱਤੇ ਸੰਪਰਕ ਕਰ ਸਕਦੇ ਹਨ।

## ਸੁਰਖ਼ ਲੀਹ : ਮਈ-ਜੂਨ, 2026




ਸੁਰਖ਼ ਲੀਹ ਦੀਆਂ ਲਿਖਤਾਂ ਦੀ ਮੁੱਖ ਸੁਰ ਨਾਬਰੀ ਵਾਲੀ ਤੇ ਤਿੱਖੀ ਹੁੰਦੀ ਹੈ। ਇਹ ਲਿਖਤਾਂ ਸੱਤਾ ਪ੍ਰਾਪਤ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਦਾ ਆਪਣੇ ਤਰਕ ਨਾਲ ਪੜਚੋਲ ਕਰਦੀਆਂ ਹਨ। ਰਸੋਈ ਗੈਸ ਸੰਕਟ,ਵਿਦੇਸ਼ੀ ਮੁਦਰਾ ਭੰਡਾਰ ਦਾ ਸੰਕਟ,ਮਜ਼ਦੂਰ ਸੰਘਰਸ਼ ਤੇ ਵਿਸ਼ੇਸ਼ ਸਮੱਗਰੀ, ਇਰਾਨ ਤੇ ਅਮਰੀਕਾ ਹਮਲੇ, ਉੜੀਸਾ ਰੇਲ ਲਿੰਕ ਖਿਲਾਫ਼ ਆਦਿਵਾਸੀ ਭੇੜ, ਸਪੋਰਟਕਿੰਗ ਫੈਕਟਰੀ ਜੀਦਾ ਕਾਮਿਆਂ ਦਾ ਜੇਤੂ ਸੰਘਰਸ਼ ਆਦਿ ਲਿਖਤਾਂ ਤੋਂ ਇਲਾਵਾ ਇਨਕਲਾਬੀ ਲਹਿਰਾਂ ਦੀਆਂ ਸਰਗਰਮੀਆਂ ਦਾ ਜ਼ਿਕਰ ਹੈ। ਸੁਰਖ਼ ਲੀਹ ਦੇ ਸੰਪਾਦਕ ਪਾਵੇਲ ਹਨ। ਸੰਪਾਦਕੀ ਅਮਲਾ ਆਪਣਾ ਸੰਪਰਕ ਨੰਬਰ ਦੇਣ ਤੋਂ ਗੁਰੇਜ ਕਰਦਾ ਹੈ।



ਕੁਲਵਿੰਦਰ ਵਿਰਕ ਸੂਖਮ ਬਿਰਤੀ ਦਾ ਕਵੀ ਹੈ। 'ਘਰ' ਅਤੇ 'ਪਿੰਡ' ਉਸ ਦੀ ਕਵਿਤਾ ਦੇ ਕੇਂਦਰੀ ਮੈਟਾਫ਼ਰ ਹਨ। ਇਹ ਦੋਵੇਂ ਮੈਟਾਫ਼ਰ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਰਹਿਤਲ ਦੇ ਧੁਰੇ ਹਨ। ਪੰਜਾਬ ਦੀ ਨੌਜਵਾਨ ਤੇ ਪੜ੍ਹੀ-ਲਿਖੀ ਪੀੜ੍ਹੀ ਪੰਜਾਬ ਦੇ ਹਾਲਾਤ ਅਤੇ ਪ੍ਰਸਥਿਤੀਆਂ ਅੱਗੇ ਬੇਵੱਸ ਹੋ ਕੇ ਪਰਵਾਸ ਕਰ ਰਹੀ ਹੈ, ਜਿਸ ਕਰਕੇ 'ਘਰ' ਅਤੇ 'ਪਿੰਡ' ਅਹਿਸਾਸਾਂ ਤੋਂ ਸੱਖਣੇ ਹੋ ਰਹੇ ਹਨ। ਘਰਾਂ 'ਚੋਂ ਪਰਵਾਸ ਕਰ ਚੁੱਕੀ ਇਸ ਪੀੜ੍ਹੀ ਦੇ ਘਰਾਂ ਨੂੰ ਵਾਪਸ ਪਰਤਣ ਦੀ ਵੀ ਕੋਈ ਆਸ ਨਹੀਂ, ਜਿਸ ਕਰਕੇ ਪੰਜਾਬ ਦਾ ਚਿਰਾਂ ਪੁਰਾਣਾ ਮੁੱਲ-ਵਿਧਾਨ ਤਿੜਕ ਰਿਹਾ ਹੈ। ਇਸ ਦਰਦ ਨੂੰ ਕੁਲਵਿੰਦਰ ਵਿਰਕ ਬੜੀ ਸੂਖ਼ਮਤਾ ਨਾਲ ਮਹਿਸੂਸ ਕਰਦਾ ਹੈ। ਉਸ ਦੀ ਕਵਿਤਾ ਦਾ ਦਾਇਰਾ ਮੁਹੱਬਤ ਦੇ ਸੂਖ਼ਮ ਅਹਿਸਾਸਾਂ ਤੋਂ ਲੈ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਫ਼ਿਕਰਾਂ ਤੱਕ ਫੈਲਿਆ ਹੋਇਆ ਹੈ। ਉਸ ਦੀ ਕਵਿਤਾ ਵਿੱਚ ਮਰ ਰਹੀਆਂ ਜ਼ਮੀਰਾਂ ਅਤੇ ਖੰਡਿਤ ਹੋ ਰਹੀ ਚੇਤਨਾ ਦਾ ਵੀ ਫ਼ਿਕਰ ਹੈ। ਘਰਾਂ 'ਚ ਉੱਸਰ ਰਹੀਆਂ ਅਣਦਿਸਦੀਆਂ ਕੰਧਾਂ ਦਾ ਦਰਦ ਹੈ।ਮੈਂ ਕੁਲਵਿੰਦਰ ਦੀ ਕਵਿਤਾ ਨੂੰ ਲਗਾਤਾਰ ਵਿਗਸਦੀ ਹੋਈ ਦੇਖਿਆ ਹੈ। ਉਸ ਦੀਆਂ ਕੁਝ ਨਵੀਆਂ ਤੇ ਖ਼ੂਬਸੂਰਤ ਨਜ਼ਮਾਂ 'ਨਵਾਂ ਜ਼ਮਾਨਾ' ਦੇ ਪਾਠਕਾਂ ਦੀ ਨਜ਼ਰ। **-ਮਨਜੀਤ ਪੁਰੀ**

# ਕੁਲਵਿੰਦਰ ਵਿਰਕ ਦੀਆਂ ਨਵੀਂਆਂ ਨਜ਼ਮਾਂ

## ਮੇਰਾ ਯੁੱਗ

ਮੇਰਾ ਯੁੱਗ
ਸਵਾਲ-ਹੀਣ ਹੁੰਦਾ ਜਾ ਰਿਹੈ
ਸੰਵਾਦ-ਹੀਣ ਹੁੰਦਾ ਜਾ ਰਿਹੈ...
ਭੁੱਲ ਗਏ ਹਾਂ
ਸਿਸਟਮ ਨੂੰ ਸਵਾਲ ਕਰਨੇ
ਵਿੱਸਰ ਗਏ ਨੇ
ਤਰਕ-ਵਿਤਰਕ
ਨਹੀਂ ਰਚਾਉਂਦੇ
ਸੰਵਾਦ ਅੱਜਕੱਲ੍ਹ...
ਸਵਾਲ-ਹੀਣ
ਸੰਵਾਦ-ਹੀਣ ਯੁੱਗ
ਵਕਤ ਦੇ ਵਰਕਿਆਂ ਤੋਂ
ਛੇਤੀ ਮਿਟ ਜਾਇਆ ਕਰਦੇ ...

## ਉਦਾਸ ਫ਼ਿਰਨੀ

ਮੇਰੇ ਪਿੰਡ ਦੀ ਜੂਹ
ਅੱਜ ਵੀ ਉਥੇ ਹੀ ਹੈ
ਜਿੱਥੋਂ ਤੁਰੇ ਸਾਂ ਕਦੇ
ਅੱਖਾਂ ਵਿੱਚ ਪਰਦੇਸ ਦੇ
ਸੁਪਨੇ ਸੰਭਾਲ ਕੇ...
ਹਰ ਆਥਣ ਵੇਲੇ
ਮੁੜਦੇ ਇੱਜੜ ਦੀ
ਉੱਡਦੀ ਧੂੜ ਵਿੱਚ
ਮੇਰੇ ਪਿੰਡ ਦੀ ਫ਼ਿਰਨੀ
ਕਿਸੇ ਦੇ ਪਰਤ ਆਉਣ ਦਾ
ਭੁਲੇਖਾ ਪਾਲਦੀ ਹੈ...
ਮੇਰੇ ਪਿੰਡ ਦੀ ਜੂਹ ਉੱਤੇ
ਪੈਰਾਂ ਦੇ ਨਿਸ਼ਾਨ
ਹੁਣ ਫ਼ਿੱਕੇ ਹੋ ਗਏ ...
ਉਦਾਸ ਹੋ ਗਈ ਫ਼ਿਰਨੀ
ਸਾਡੇ ਨਾਵਾਂ ਨੂੰ ਵੀ ਸ਼ਾਇਦ
ਹੁਣ ਬਹੁਤੀ ਦੇਰ
ਸੰਭਾਲ ਨਹੀਂ ਸਕੇਗੀ...
ਫੇਰ ਵੀ ਇੱਕ ਆਸ
ਬਚੀ ਹੈ ਕਿਧਰੇ
ਕਿ ਮੇਰੇ ਪਿੰਡ ਦੀ ਫ਼ਿਰਨੀ
ਅਲਵਿਦਾ ਕਹਿ ਗਏ
ਬਸ਼ਿੰਦਿਆਂ, ਰੁੱਖਾਂ ਤੇ ਪਰਿੰਦਿਆਂ ਦੇ
ਮੁੜ ਆਉਣ ਦੀ ਉਡੀਕ
ਕਦੇ-ਕਦੇ
ਜ਼ਰੂਰ ਕਰਦੀ ਹੋਵੇਗੀ...

## ਪੈੜਾਂ ਦੇ ਨਿਸ਼ਾਨ

ਜ਼ਿਹਨ ਦੇ ਧਰਾਤਲ 'ਤੇ ਉੱਕਰੇ
ਤੇਰੀਆਂ ਪੈੜਾਂ ਦੇ ਨਿਸ਼ਾਨ
ਅੱਜ ਵੀ ਤਾਜ਼ਾ...
ਸੁਗੰਧੀਆਂ ਭਰੇ,
ਸੁਖ਼ਦ ਅਹਿਸਾਸ ਦਿੰਦੇ...
ਮਨ ਦੇ ਪਾਣੀ
ਸ਼ਾਂਤ...ਨਿਰਮਲ ਹੋ ਜਾਂਦੇ...
ਤੇਰੀਆਂ ਪੈੜਾਂ ਦੇ ਨਿਸ਼ਾਨ ਤੱਕ
ਵਜਦ ਵਿੱਚ ਆ ਜਾਂਦਾ
ਮੇਰਾ ਵਜੂਦ...
ਤੂਫ਼ਾਨ ਆਉਂਦੇ
ਉੱਥਲ-ਪੁੱਥਲ ਹੁੰਦੀ
ਰੇਤ ਉੱਡ-ਉੱਡ
ਨੈਣਾਂ ਦੀ ਰੜਕ ਬਣਦੀ
ਨਹੀਂ ਬਦਲਦੇ ਐਪਰ
ਜ਼ਿਹਨ ਦੇ ਧਰਾਤਲ 'ਤੇ ਉੱਕਰੇ
ਤੇਰੀਆਂ ਪੈੜਾਂ ਦੇ ਪੱਕੇ ਨਿਸ਼ਾਨ...

## ਸਮਾਨਤਾ

ਕੁਝ ਖ਼ਤ ਵੀ
ਬੰਦਿਆਂ ਵਰਗੇ ਹੁੰਦੇ-
ਕਦੇ-ਕਦੇ ਆਉਂਦੇ
ਹੌਲ਼ੀ-ਹੌਲ਼ੀ ਖੁੱਲ੍ਹਦੇ
ਸੁੱਖ-ਦੁੱਖ ਕਰਦੇ
ਅਲਾਮਤਾਂ,
ਨਿਆਮਤਾਂ ਦੀ ਖ਼ਬਰ ਦਿੰਦੇ...
ਕੁਝ ਖ਼ਤ ਸੱਚੀਂ ਬੰਦਿਆਂ ਵਰਗੇ ਹੁੰਦੇ-
ਬੰਦਿਆਂ ਵਾਂਗ
ਹਰ ਖ਼ਤ ਦੀ ਆਪਣੀ ਤਾਸੀਰ
ਪੜ੍ਹਦਿਆਂ-ਪੜ੍ਹਦਿਆਂ
ਅੱਖਰ-ਅੱਖਰ ਹੋ ਜਾਂਦੇ
ਕਈ ਵਾਰ ਸਾਰੇ ਦੇ ਸਾਰੇ ਅੱਖਰ
ਪੱਥਰ ਹੋ ਜਾਂਦੇ...
ਕੁਝ ਬੰਦੇ ਵੀ ਖ਼ਤਾਂ ਵਰਗੇ ਹੁੰਦੇ-
ਖਾਲੀ-ਖਾਲੀ ਹੁੰਦੇ
ਕਈ ਵਾਰ ਭਰੇ-ਭਰਾਏ
ਬੇਰੰਗ ਹੀ ਮੁੜ ਜਾਂਦੇ...
ਕੁਝ ਬੰਦੇ ਸੱਚੀਂ ਖ਼ਤਾਂ ਵਰਗੇ ਈ ਹੁੰਦੇ...
ਬੜਾ ਕੁਝ ਕਹਿੰਦੇ
ਗੱਲਾਂ ਕਰਦੇ-ਕਰਦੇ ਫਿੱਸ ਪੈਂਦੇ
ਕਦੇ ਦੂਰ-ਦੂਰ ਲੱਗਦੇ
ਕਦੇ ਨੇੜੇ ਹੋ-ਹੋ ਬਹਿੰਦੇ...
ਕਦੇ ਨਵੇਂ
ਕਦੇ ਪੁਰਾਣੇ ਲੱਗਦੇ
ਕਦੇ ਅੱਲ੍ਹੜ
ਤੇ ਕਦੇ ਸਿਆਣੇ ਲੱਗਦੇ...
ਕਦੇ-ਕਦੇ
ਇੱਕ ਸਤਰੇ ਖ਼ਤ ਵਾਂਗ
ਇਕੋ ਵਾਕ ਵਿੱਚ
ਸਭ ਕੁਝ ਕਹਿ ਜਾਂਦੇ...
ਬੰਦਿਆਂ ਤੇ ਖ਼ਤਾਂ 'ਚ
ਕਿੰਨੀ ਸਮਾਨਤਾ !
ਨਾ ਖ਼ਤ ਡਿਲੀਟ ਹੁੰਦੇ
ਤੇ ਨਾ ਚੇਤਿਆਂ 'ਚੋਂ
ਕੁਝ ਬੰਦੇ ਹੀ ਮਿਟਦੇ...
ਕੁਝ ਖ਼ਤ ਬੰਦਿਆਂ ਵਰਗੇ
ਤੇ ਕੁਝ ਬੰਦੇ ਸੱਚਮੁੱਚ ਹੀ
ਖ਼ਤਾਂ ਵਰਗੇ ਲੱਗਦੇ....

## ਦੂਰ ਹੋ ਰਹੀ ਨਜ਼ਮ

ਕਿਸ਼ਤਾਂ, ਟੋਟਿਆਂ 'ਚ ਵੀ
ਜਦੋਂ ਪੜ੍ਹਨਾ ਘੱਟ ਹੋ ਜਾਵੇ
ਥੋਕ ਦੇ ਕੰਬਲਾਂ ਵਾਂਗ
ਲਿਖਣਾ ਵਧ ਜਾਵੇ
ਸੁਚੱਜੀ ਸਿਰਜਣਾ ਦੀ ਆਸ
ਫਿਰ ਕੀਕਣ ਕਰੀਏ...?
ਨਜ਼ਮ ਤੁਰ ਜਾਂਦੀ ਹੈ
ਖੇਤਾਂ, ਪਿੰਡਾਂ, ਨਗਰਾਂ ਤੋਂ ਦੂਰ
ਬਨਾਉਟੀ ਜਿਹੇ ਲਫ਼ਜ਼
ਰਹਿ ਜਾਂਦੇ ਹਨ
ਖੀਸਿਆਂ ਅੰਦਰ...
ਸਿਉਣੀ ਮੁਸ਼ਕਲ ਹੋ ਜਾਂਦੀ
ਹਰਫ਼ਾਂ ਦੀ ਕੁੜਤੀ
ਔਖਾ ਹੋ ਜਾਂਦੈ
ਸੱਧਰਾਂ ਨੂੰ ਸ਼ਬਦਾਂ 'ਚ ਪਿਰੋਣਾ...
ਉਂਞ ਨਜ਼ਮ ਤਾਂ ਅੱਜਕੱਲ੍ਹ
ਏ.ਆਈ.ਵੀ ਸਿਰਜ ਲੈਂਦੈ...

## ਮੈਂ ਤੇ ਮੇਰਾ ਪਿੰਡ-1

ਨਾ ਕਿਸੇ ਮਹਾਂਨਗਰ ਵੱਲ
ਨਾ ਕਿਸੇ ਸੁਪਨੇ ਦੇ ਸਿਰਨਾਵੇਂ 'ਤੇ
ਬਸ
ਆਪਣੇ ਹੀ ਕਦਮਾਂ ਤੋਂ ਭੱਜਦੇ
ਆਪਣੀ ਹੀ ਛਾਂ ਨਾਲ ਲੜਦੇ
ਮੈਂ
ਅਤੇ ਮੇਰਾ ਪਿੰਡ
ਸੰਘਰਸ਼ ਕਰ ਰਹੇ ਹਾਂ...
ਪਿੰਡਿਆਂ 'ਤੇ ਬਹੁਤ ਕੁਝ ਜਰ ਰਹੇ ਹਾਂ
ਆਪੋ-ਆਪਣੀ ਹੋਂਦ ਬਚਾਉਣ ਲਈ
ਲੜ ਰਹੇ ਹਾਂ
ਮੈਂ ਤੇ ਮੇਰਾ ਪਿੰਡ
ਅੱਜਕੱਲ੍ਹ ਇਹੋ ਕੁਝ ਤਾਂ ਕਰ ਰਹੇ ਹਾਂ...
ਜਿੱਥੇ
ਹਰ ਗਲੀ ਇੱਕ ਸਵਾਲ ਹੈ
ਹਰ ਮੂੰਹ ਵਿੱਚ ਚੁੱਪ ਦਾ ਤਾਲਾ ਹੈ
ਤੇ ਹਰ ਨੌਜਵਾਨ
ਆਪਣੀ ਉਮਰ ਤੋਂ ਪਹਿਲਾਂ
ਥੱਕ ਗਿਆ ਲੱਗਦਾ ਹੈ...
ਖੇਤ
ਹਾਲੇ ਵੀ ਉਡੀਕਦੇ ਨੇ
ਹੱਥਾਂ ਦੀ ਗਰਮੀ
ਪਰ ਹੱਥ
ਮਜਬੂਰੀਆਂ ਦੀ ਮਿੱਟੀ 'ਚ
ਜਕੜੇ ਪਏ ਨੇ...
ਮੈਂ ਪੁੱਛਦਾ ਹਾਂ ਪਿੰਡ ਨੂੰ-
ਕੀ ਅਸੀਂ ਹਾਰ ਰਹੇ ਹਾਂ
ਜਾਂ
ਹੌਲੀ-ਹੌਲੀ
ਮਿਟਾਏ ਜਾ ਰਹੇ ਹਾਂ ?
ਪਿੰਡ
ਚੁੱਪ ਰਹਿੰਦਾ ਹੈ
ਜਿਵੇਂ ਉਸ ਕੋਲ ਵੀ
ਹੁਣ ਕੋਈ ਜਵਾਬ ਨਹੀਂ...
ਫਿਰ ਵੀ
ਸਾਹਾਂ ਦੇ ਚੁੱਲ੍ਹੇ ਵਿੱਚ
ਇੱਕ ਚਿੰਗਾਰੀ ਬਚੀ ਹੈ
ਮੈਂ ਅਤੇ ਮੇਰਾ ਪਿੰਡ
ਅੱਜਕੱਲ੍ਹ
ਉਸੇ ਚਿੰਗਾਰੀ ਨੂੰ
ਹੱਥਾਂ ਨਾਲ
ਹਵਾ ਦੇ ਰਹੇ ਹਾਂ
ਮੈਂ ਅਤੇ ਮੇਰਾ ਪਿੰਡ
ਆਪਣੇ ਹੋਣ ਨੂੰ
ਅਰਥ ਦੇਣ ਦੀ ਜ਼ਿਦ 'ਚ
ਹਾਲੇ ਵੀ ਖੜ੍ਹੇ ਹਾਂ

## ਮੈਂ ਤੇ ਮੇਰਾ ਪਿੰਡ -2

ਰਿਸ਼ਤਿਆਂ,
ਤੇ ਜ਼ਿੰਮੇਵਾਰੀਆਂ ਦੇ ਜੂਲੇ ਹੇਠੋਂ
ਸਿਰ ਕੱਢ
ਕੁਝ ਚਿਰ ਲਈ
ਹੱਥ ਪੱਲਾ ਝਾੜ
ਮੈਂ ਘਰੋਂ ਬਾਹਰ ਨਿੱਕਲ ਆਉਂਦਾ ਹਾਂ...
ਘਰ-ਘਰ ਦੀਆਂ ਉਲਝਣਾਂ
ਕੁਲਝਣਾ
ਸਿਆਸਤਾਂ
ਨਸ਼ਿਆਂ ਤੇ ਅਲਾਮਤਾਂ 'ਚ ਘਿਰਿਆ ਪਿੰਡ
ਖ਼ੁਦ 'ਚੋਂ ਮਨਫ਼ੀ ਹੋ
ਆਖ਼ਰ ਕਿੱਧਰ ਨਿਕਲ ਤੁਰੇ...?

**ਸੰਪਰਕ :** 78146-54133

# ਸੰਕਟ 'ਚ ਕਿਉਂ ਮੇਰਾ ਭਾਸ਼ਾ ਵਿਭਾਗ !

ਦੁਖਦਾ ਪੰਨਾ-7

**ਨਿੰਦਰ ਘੁਗਿਆਣਵੀ**

ਪਟਿਆਲੇ ਸ਼ੇਰਾਂ ਵਾਲੇ ਗੇਟ ਲਾਗੇ ਭਾਸ਼ਾ ਵਿਭਾਗ ਪੰਜਾਬ ਸਰਕਾਰ ਦੇ ਦਫ਼ਤਰ ਵਿੱਚ ਮੈਂ ਲਗਪਗ ਤਿੰਨ ਸਾਲ ਦਾ ਸਮਾਂ ਬਤੌਰ 'ਮਾਲੀ ਕਮ ਵਾਟਰ ਕੈਰੀਅਰ' ਵਜੋਂ ਡੇਲੀ ਵੇਜਿਜ (ਡੀਸੀ) ਰੇਟ 'ਤੇ ਕੁਝ ਸਮਾਂ ਐਡਹਾਕ (89 ਦਿਨਾਂ) ਵਜੋਂ ਬਿਤਾਇਆ। ਇਹ ਸਮਾਂ ਬੜਾ ਸੁਨਿਹਰੀ ਸੀ ਤੇ ਭਾਸ਼ਾ ਵਿਭਾਗ ਉਤੇ ਉਦੋਂ ਦਿਨਾਂ ਦਾ ਪਹਿਰਾ ਸੀ। ਅਫਸਰ ਤੇ ਮੁਲਾਜ਼ਮ ਚੰਗੀ ਭਾਵਨਾ ਵਾਲੇ ਸਨ ਤੇ ਕੰਮ ਵੀ ਬੜਾ ਕਰਦੇ ਸਨ।ਅਜੀਤ ਸਿੰਘ ਕੱਕੜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸਨ।ਇਕ ਦਿਨ ਉਹ ਆਖਣ ਲੱਗੇ ਕਿ ਤੇਰੀ ਤਨਖਾਹ ਬਹੁਤ ਥੋੜੀ ਏ, ਬਾਹਰ ਕਿਰਾਏ ਉਤੇ ਰਹੇਂਗਾ ਤੇ ਮਹਿੰਗਾ ਪਏਗਾ, ਦਫਤਰ ਵਿਚ ਰਹਿ ਲਿਆ ਕਰ। ਉਨ੍ਹਾਂ ਵੱਲੋਂ ਕੀਤੇ ਆਦੇਸ਼ ਅਨੁਸਾਰ ਮੈਂ ਦਫਤਰ ਵਿਚ ਹੀ ਸੌਂ ਜਾਂਦਾ, ਚੌਕੀਦਾਰ ਸੁਰਜੀਤ ਸਿੰਘ ਖਾਲਸਾ ਦੇ ਕਮਰੇ ਦੇ ਨਾਲ ਵਾਲੇ ਪਾਸੇ ਦੋ ਕਮਰੇ ਖਾਲੀ ਸਨ, ਇਕ ਵਿਚ ਮੈਂ ਟਿਕ ਗਿਆ ਸੀ। ਪਹਿਲਾ ਸਾਲ ਤਾਂ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਦੇ ਘਰ ਰਹਿ ਕੇ ਲੰਘਾ ਲਿਆ ਸੀ। ਦਫਤਰ ਰਹਿੰਦਿਆਂ ਰੋਟੀ ਰੇਹੜੀ ਤੋਂ ਤੇ ਚਾਹ ਖਾਲਸਾ ਜੀ ਪਾਸੋਂ ਮਿਲ ਜਾਂਦੀ।ਦਿਨ ਰਿੜ੍ਹ ਰਹੇ ਸਨ।ਸਵੇਰੇ ਸਾਝਰੇ ਉਠਦਾ ਤੇ ਵੱਡੀ ਪਾਈਪ ਲਾ ਕੇ ਦਫਤਰਾਂ ਦੇ ਕੂਲਰ ਭਰਦਾ।ਏਸੀ ਉਦੋਂ ਸਿਰਫ ਡਾਇਰੈਕਟਰ ਦੇ ਕਮਰੇ ਵਿੱਚ ਹੀ ਲੱਗਾ ਸੀ ਬਾਕੀ ਸਭ ਕੂਲਰਾਂ ਵਾਲੇ ਕਮਰੇ ਹੀ ਸਨ।ਦਫਤਰ ਲੱਗਣ ਤੋਂ ਪਹਿਲਾਂ ਪਹਿਲਾਂ ਕੂਲਰ ਨੱਕੋ ਨੱਕ ਭਰ ਕੇ ਵਿਹਲਾ ਹੋ ਜਾਂਦਾ।ਦੁਪਹਿਰ ਵੇਲੇ ਰੰਬੀ ਖੁਰਪੇ ਦੀ ਵਾਰੀ ਹੁੰਦੀ ਤੇ ਮਾਲੀਆਂ ਨਾਲ ਮਿਲ ਕੇ ਫੁੱਲ ਬੂਟੇ ਗੁਡਦਾ। ਉਨਾਂ ਸੰਘਰਸ਼ਸ਼ੀਲ ਦਿਨਾਂ ਵਿਚ ਉਥੇ ਹੀ ਖੋਜ ਅਫਸਰ ਤਾਇਨਾਤ ਧਰਮ ਕੰਮੇਆਣਾ, ਡਾ ਭਗਵੰਤ ਮੰਗਵਾਲ, ਮੌਦਗਿਲ ਛੋਟੂ ਰਾਮ, ਪਰਦੇਸੀ ਜੀ, ਪ੍ਰਵੀਨ ਵਰਮਾ, ਤੇਜੀ ਗਿੱਲ ਤੇ ਜੀਵਨ ਸ਼ਰਮਾ ਵਰਗੇ ਮਿਹਰਬਾਨ ਚਾਹ ਪਾਣੀ ਪੀਣ ਲਈ ਹੱਥ 'ਤੱਤਾ' ਕਰ ਦਿੰਦੇ। ਫੁੱਲਾਂ ਨਾਲ ਫੁੱਲਾਂ ਵਰਗੀਆਂ ਗੱਲਾਂ ਕਰਦਿਆਂ ਮਨ ਵਿਚ ਆਉਣਾ ਕਿ ਕੋਈ ਨਾ ਨਿੰਦਰਾ, ਦੜ ਵੱਟ ਜ਼ਮਾਨਾ ਕੱਟ-ਇਕ ਦਿਨ ਅਜਿਹਾ ਆਊਗਾ ਕਿ ਇਹੀ ਭਾਸ਼ਾ ਵਿਭਾਗ ਤੈਨੂੰ ਸ਼੍ਰੋਮਣੀ ਲੇਖਕ ਮੰਨ ਕੇ ਮਾਨਤਾ ਦੇਊਗਾ, ਭਜਾਈ ਚੱਲ ਘੋੜਾ ਕਦੀ ਤਾਂ ਪਿੰਡ ਆਊਗਾ ਨਿੰਦਰਾ-! ਏਥੇ ਰਹਿੰਦਿਆਂ ਹੀ ਮੈਂ ਆਪਣੇ ਉਸਤਾਦ ਲਾਲ ਚੰਦ ਯਮਲਾ ਜੱਟ ਜੀ ਬਾਰੇ ਕਿਤਾਬ ਲਿਖਣੀ ਸ਼ੁਰੂ ਕੀਤੀ।ਕੱਕੜ ਜੀ ਦੇ ਵਿਰੋਧੀ ਮਦਨ ਲਾਲ ਹਸੀਜਾ ਡਾਇਰੈਕਟਰ ਬਣ ਗਏ ਤੇ ਮੈਨੂੰ ਉਥੋਂ ਹਟਾ ਦਿੱਤਾ ਗਿਆ। ਦਫਤਰੋਂ ਆਉਣ ਲਗਿਆਂ ਮੈਂ ਹਸੀਜਾ ਜੀ ਨੂੰ ਆਖਿਆ ਸੀ ਕਿ ਸਰ, ਮੈਂ ਆਵਾਂਗਾ ਜ਼ਰੂਰ ਪਰ ਕਿਸੇ ਹੋਰ ਰੂਪ ਵਿਚ ਆਵਾਂਗਾ।

ਰਛਪਾਲ ਸਿੰਘ ਗਿੱਲ ਐਡੀਸ਼ਨਲ ਡਾਇਰੈਕਟਰ ਸਨ, ਕੰਮੇਆਣਾ ਜੀ ਉਨਾਂ ਦੀ ਅਗਵਾਈ ਹੇਠ 'ਪੰਜਾਬ ਕੋਸ਼' ਦੇ ਜਿਲਦਾਂ ਵਿਚ ਸੰਪਾਦਨ ਕਰ ਰਹੇ ਸਨ। ਯਮਲਾ ਜੀ ਤੇ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਬਾਰੇ ਐਂਟਰੀਆਂ (ਇੰਦਰਾਜ) ਲਿਖਵਾਉਣ ਲਈ ਮੇਰੀ ਚੋਣ ਕੀਤੀ ਗਈ, ਤਾਂ ਹੁਲਾਰਾ ਜਿਹਾ ਆਇਆ। ਕੋਸ਼ ਵਿਚ ਸੱਜ ਧੱਜ ਨਾਲ ਦੋਵੇਂ ਐਂਟਰੀਆਂ ਛਪੀਆਂ।ਖੈਰ, ਜਦ ਵਾਪਸ ਵਿਭਾਗ 'ਚ ਪਰਤਿਆ, ਤਾਂ ਇਸੇ ਭਾਸ਼ਾ ਵਿਭਾਗ ਦੇ ਸਟੇਟ ਸਲਾਹਕਾਰ ਬੋਰਡ (ਐਸ ਏ ਬੀ) ਦਾ ਮੈਂਬਰ ਬਣ ਕੇ ਪਰਤਿਆ। ਫਿਰ ਸਮਾਂ ਆਇਆ ਤੇ ਇਸੇ ਵਿਭਾਗ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਬਾਰੇ ਕਿਤਾਬ ਲਿਖਵਾਈ ਤੇ ਵਿਭਾਗ ਦੇ ਰਾਜ ਪੱਧਰੀ ਸਮਾਗਮ ਵਿਚ ਰਿਲੀਜ ਕਰਵਾਈ।ਮੇਰੀਆਂ ਦੋ ਵਾਰਤਕ ਕਿਤਾਬਾਂ ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਭਾਈ ਵੀਰ ਸਿੰਘ ਪੁਰਸਕਾਰਾਂ ਨਾਲ ਨਿਵਾਜਿਆ।ਲਗਾਤਾਰ ਆਪਣੇ ਸਮਾਗਮਾਂ ਵਿੱਚ ਮਹਿਮਾਨ ਬਣਾਉਣ ਲੱਗਿਆ ਭਾਸ਼ਾ ਵਿਭਾਗ।ਫਿਰ ਜ਼ਿਲ੍ਹਾ ਭਾਸ਼ਾ ਕਮੇਟੀ ਦਾ ਮੈਂਬਰ ਵੀ ਬਣਿਆ।ਵੀਹ ਸੌ ਵੀਹ ਵਿੱਚ 'ਗਿਆਨ ਸਾਹਿਤ ਸ਼੍ਰੋਮਣੀ ਸਾਹਿਤਕਾਰ' ਵਜੋਂ 'ਸ਼੍ਰੋਮਣੀ ਪੁਰਸਕਾਰ' ਲਈ ਚੋਣ ਹੋਈ। ਸੁਰਿੰਦਰ ਕੌਰ ਬਾਰੇ ਕਿਤਾਬ ਦਾ ਸੋਧਿਆ ਹੋਇਆ ਰੂਪ ਤਿਆਰ ਕੀਤਾ।'ਜਨ ਸਾਹਿਤ' ਤੇ 'ਪੰਜਾਬੀ ਦੁਨੀਆਂ' ਰਸਾਲਿਆਂ ਦੇ ਵਿਸ਼ੇਸ਼ ਅੰਕਾਂ ਲਈ ਲਿਖਤਾਂ ਲਿਖਵਾਈ ਗਿਆ ਭਾਸ਼ਾ ਵਿਭਾਗ। ਗਿ: ਲਾਲ ਸਿੰਘ, ਅੰਮ੍ਰਿਤਾ ਪ੍ਰੀਤਮ, ਦੀਪਕ ਜੈਤੋਈ, ਗੁਰਦੇਵ ਸਿੰਘ ਮਾਨ, ਕੁਲਦੀਪ ਮਾਣਕ, ਕਸੇਲ ਜੀ ਵਰਗੀਆਂ ਮਹਾਨ ਹਸਤੀਆਂ ਬਾਰੇ ਨਿਬੰਧ ਲਿਖਵਾਏ। ਸੂਚੀਆਂ ਬਹੁਤ ਲੰਮੇਰੀਆਂ ਨੇ।

ਜਦ ਵੀ ਪਟਿਆਲੇ ਜਾਵਾਂ, ਦਫਤਰ ਗੇੜਾ ਕੱਢਣਾ ਤੇ ਸਭ ਨੂੰ ਮਿਲਣਾ ਗਿਲਣਾ ਕਦੀ ਨਹੀਂ ਵਿਸਾਰਿਆ।

**ਮੁੱਕਦੀ ਗੱਲ :** ਅਜਕਲ ਭਾਸ਼ਾ ਵਿਭਾਗ ਸੰਕਟ ਵਿਚ ਹੈ।ਮੈਨੂੰ ਲਗਦਾ ਹੈ ਕਿ ਜਿਵੇਂ ਮੇਰਾ ਆਪਣਾ ਹੀ ਕੋਈ ਸੰਕਟ ਵਿਚ ਹੋਵੇ! ਇਹ ਸੰਕਟ ਕਿਸ ਨੇ ਪੈਦਾ ਕੀਤਾ ਹੈ? ਹਾਲੇ ਭੰਬਲਭੂਸਾ ਬਣਿਆ ਹੋਇਆ ਹੈ।ਪਰ ਇਹ ਗੱਲ ਲਿਖਣ ਵਿਚ ਕੋਈ ਸੰਕੋਚ ਨਹੀ ਹੈ ਕਿ ਵਿਭਾਗ ਦਾ ਮੌਜੂਦਾ ਡਾਇਰੈਕਟਰ ਖੁਦ ਲਿਖਾਰੀ ਹੋਣ ਕਰਕੇ ਮੇਰੇ ਵਰਗੇ 'ਮਾਲੀ ਕਮ ਵਾਟਰ ਕੈਰੀਅਰ' ਨੂੰ ਹਾਲੇ ਵੀ ਲਿਖਾਰੀ ਨਹੀਂ ਮੰਨਦਾ। ਉਹ ਨਾ ਮੰਨੇ, ਓਸ ਵਿਭਾਗ ਦੇ ਫੁੱਲ ਪੱਤੀਆਂ, ਘਾਹ ਦੇ ਲਾਅਨ, ਕੂਲਰਾਂ ਵਾਲੇ ਕਮਰੇ ਤਾਂ ਮੈਨੂੰ 'ਲਿਖਾਰੀ' ਮੰਨਦੇ ਨੇ, ਇਹੋ ਹੀ ਬੜੀ ਮਾਨਤਾ ਹੈ।ਐ ਬੰਦਿਆ, ਕਲਾਮਕਾਰਾ--- ਇਹ ਅਹੁਦੇ ਪਦਵੀਆਂ ਚਿਰ ਸਦੀਵੀ ਨਹੀਂ ਹੁੰਦੇ ਨੇ, ਚਿਰ ਸਦੀਵੀ ਰਹਿੰਦੀ ਹੈ ਕਲਮ ਦੀ ਦਾਤ, ਜੋ ਕੁਦਰਤ ਤੇ ਕਾਦਰ ਨੇ ਬਖਸ਼ੀ ਹੁੰਦੀ ਹੈ। ਕਿਰਪਾ ਕਰਕੇ ਕਲਮਕਾਰ ਹੀ ਬਣਿਆ ਰਹਿ, ਇਸੇ ਵਿਚ ਤੇਰੀ ਭਲਾਈ ਹੈ।

ਤੇ ਹਾਂ--- ਭਾਸ਼ਾ ਵਿਭਾਗ ਦਾ ਭੋਗ ਕੋਈ ਨਹੀਂ ਪਾ ਸਕਦਾ। ਇਹ ਹਊਆ ਖੜਾ ਕੀਤਾ ਹੈ, ਸਭ ਨੂੰ ਪਤਾ ਹੈ ਕਿ ਕਿਸਨੇ ਕੀਤਾ ਹੈ। ਅੱਜ ਏਨਾ ਹੀ, ਬਾਕੀ ਫੇਰ!

**ਸੰਪਰਕ :** 94174-21700

ਸਫ਼ਾ 3 ਦੀ ਬਾਕੀ

## ਹੋਂਦ ਤੇ ਪਛਾਣ ਦੇ ਸੰਕਟ ਦਾ ਭਵਿੱਖੀ ਮਾਡਲ ਸਿਰਜਦੀਆਂ ਕਹਾਣੀਆਂ ...

ਆਦਿ ਧਰਮੀ ਨੌਜਵਾਨਾਂ ਵੱਲੋਂ ਉਭਰੀ ਹਿੰਸਾ ਨੂੰ ਆਧਾਰ ਬਣਾ ਕੇ ਪੇਸ਼ ਦ੍ਰਿਸ਼ਮਾਨ ਹੁੰਦੀ ਹੈ। ਬੱਸ ਅੱਡੇ ਵਿੱਚ ਬੈਠਾ ਮੋਚੀ ਫਕੀਰ ਚੰਦ ਇਸ ਸਭ ਵਰਤਾਰੇ ਨੂੰ ਦੇਖਦਾ ਹੈ ਤੇ ਆਪਣੇ ਫਿਕਰ, ਤੌਖਲੇ ਆਪਣੇ ਮਿੱਤਰ ਜੋਗਿੰਦਰ ਪਾਲ ਨਾਲ ਸਾਂਝੇ ਕਰਦਾ ਹੈ। ਵਰਤਮਾਨ ਅਤੇ ਅਤੀਤ ਵਿੱਚ ਚਲਦੀ ਇਹ ਕਹਾਣੀ ਆਦਿ ਧਰਮ ਦੇ ਭਵਿੱਖ ਉੱਤੇ ਵੀ ਚਰਚਾ ਕਰਦੀ ਹੈ। ਇਹ ਕਹਾਣੀ ਆਦਿ ਧਰਮੀ ਲਹਿਰ ਦੇ ਅਖਬਾਰ 'ਆਦਿ ਡੰਕਾ' ਨੂੰ ਚਿੰਨ੍ਹ ਬਣਾ ਕੇ ਇਸ ਲਹਿਰ ਦਾ ਇਤਿਹਾਸ, ਇਸ ਦੇ ਉਤਾਰ-ਚੜ੍ਹਾਅ ਆਦਿ ਨੂੰ ਬਰੀਕੀ ਨਾਲ਼ ਬਿਆਨ ਕਰਦੀ ਹੈ।

'ਫੈਸਲਾ' ਕਹਾਣੀ ਜਾਬਰ ਤੇ ਨਾਬਰ ਦੇ ਘੋਲ ਦੀ ਹੈ। ਭੇਡਾਂ, ਬੱਕਰੀਆਂ ਚਾਰਨ ਵਾਲਿਆਂ ਦਾ ਸਰਦਾਰ ਲੇਲਾ ਚੁੱਕ ਕੇ ਲੈ ਜਾਂਦੇ ਹਨ। ਖੋਰਾ-ਖੋਜ ਲੱਭਿਆ ਜਾਂਦਾ ਹੈ । ਸਰਦਾਰ ਦੋਸ਼ੀ ਪਾਏ ਜਾਂਦੇ ਹਨ, ਪਰ ਮੰਨਦੇ ਨਹੀਂ। ਦੂਜੇ ਪਾਸੇ ਭੇਡਾਂ, ਬੱਕਰੀਆਂ ਵਾਲਿਆਂ ਵੱਲ ਸਾਰੀ ਪੰਚਾਇਤ ਹੁੰਦੀ ਹੈ। ਇਨ੍ਹਾਂ ਦਾ ਮੁੰਡਾ ਮਾਘੀ ਵੱਡਿਆਂ ਸਰਦਾਰਾਂ ਦੀ ਟੈਂਅ ਨਹੀਂ ਮੰਨਦਾ। ਉਹ ਮਾਮਲਾ ਪੰਚਾਇਤ ਵਿੱਚ ਲੈ ਕੇ ਜਾਂਦਾ ਹੈ।ਪੰਚਾਇਤ ਦਾ ਫੈਸਲਾ ਆਪਣੇ ਹੱਕ ਵਿੱਚ ਆਉਣ 'ਤੇ ਆਪਣੇ ਆਪ ਨੂੰ ਜੇਤੂ ਮਹਿਸੂਸ ਕਰਦਾ ਹੈ। ਦੂਜੇ ਪਾਸੇ ਕਹਾਣੀ 'ਗੜ੍ਹੀ ਪਿੰਡ ਦੀ ਕਹਾਣੀ' ਵਿੱਚ ਜਦੋਂ ਦਲਿਤ ਹੱਥ ਸਰਪੰਚੀ ਆਉਂਦੀ ਹੈ ਤਾਂ ਸਾਬਕਾ ਸਰਪੰਚ ਸਰਦਾਰ ਹਕੂਮਤ ਨਾਲ਼ ਮਿਲ ਕੇ ਦਲਿਤ ਸਰਪੰਚ ਦਾ ਜਿਊਣਾ ਦੁੱਭਰ ਕਰ ਦਿੰਦਾ ਹੈ। ਜਿਵੇਂ 'ਫੈਸਲਾ' ਕਹਾਣੀ ਦਾ ਨਾਇਕ ਮਾਘੀ ਵੱਡਿਆਂ ਦੀ ਟੈਂਅ ਨਾ ਮੰਨ ਕੇ ਹੱਕਾਂ ਲਈ ਸੰਘਰਸ਼ ਦੀ ਇੱਕ ਆਸ ਸਿਰਜਦਾ ਹੈ, ਓਵੇਂ 'ਗੜ੍ਹੀ ਪਿੰਡ ਦੀ ਕਹਾਣੀ' ਦਾ ਮੁੱਖ ਪਾਤਰ ਗੁਲਜਾਰੀ ਸਰਪੰਚ ਹੁੰਦੇ ਹੋਏ ਵੀ ਕੋਈ ਆਸ ਨਹੀਂ ਪੈਦਾ ਕਰ ਸਕਿਆ।

ਜਿੱਥੇ ਦਲਿਤ ਭਾਈਚਾਰਾ ਦਾ ਵੱਡਿਆਂ ਨਾਲ਼ ਟਕਰਾਅ ਹੁੰਦਾ ਹੈ, ਉੱਥੇ ਇਨ੍ਹਾਂ ਦਾ ਆਪਸੀ ਟਕਰਾਅ ਵੀ ਘੱਟ ਨਹੀਂ। 'ਆਪਣੇ ਲਹੂ ਦੀ ਚਿੰਤਾ' ਕਹਾਣੀ ਵਿੱਚ ਸਿਰਫ ਵੀਹ ਰੁਪਏ ਦਾ ਝਗੜਾ ਖੂਨੀ ਟਕਰਾਅ ਬਣ ਜਾਂਦਾ ਹੈ। ਗੱਲ ਸਿਰਫ ਵੀਹ ਰੁਪਏ ਦੀ ਨਹੀਂ, ਬਲਕਿ ਦਲਿਤਾਂ ਵਿੱਚ ਵੀ ਉਪਜਾਤੀਵਾਦ ਹੈ। ਉੱਚ ਦਲਿਤ ਦੇ ਨੀਵਾਂ ਦਲਿਤ ਵੀਹ ਰੁਪਏ ਕਿਉਂ ਮੁਰਕਿਆ। ਏਨੀ ਵੱਡੀ ਲੜਾਈ ਹੋਣ ਦਾ ਮੁੱਖ ਕਾਰਨ ਸਿਰਫ ਵੀਹ ਰੁਪਏ ਨਹੀਂ, ਸਗੋਂ ਮਾਨਸਿਕ ਰੂਪ ਵਿੱਚ ਸਦੀਆਂ ਤੋਂ ਦੱਬਿਆ ਪਿਆ ਰੋਹ ਹੈ। ਕਥਾਕਾਰ ਕਿਰਦਾਰਾਂ ਦੇ ਛੋਟੇ-ਛੋਟੇ ਵੇਰਵਿਆਂ ਰਾਹੀਂ ਉਨ੍ਹਾਂ ਦੀ ਮਾਨਸਿਕ ਹਾਲਤ ਨੂੰ ਦ੍ਰਿਸ਼ਮਾਨ ਕਰਦਾ ਹੈ।

ਭਗਵੰਤ ਰਸੂਲਪੁਰੀ ਦੀਆਂ ਬਹੁਤ ਸਾਰੀਆਂ ਦਲਿਤ ਕਹਾਣੀਆਂ ਵਿੱਚ ਧਰਮ ਉਪ ਵਿਸ਼ੇ ਦੇ ਰੂਪ ਵਿੱਚ ਵਾਰ-ਵਾਰ ਝਲਕਦਾ ਹੈ। ਸਾਰੇ ਦਲਿਤ ਸਮਾਜ ਦਾ ਕੋਈ ਸਾਂਝਾ ਧਰਮ ਨਹੀਂ। ਬਹੁਤ ਸਾਰੇ ਕਿਰਤੀ ਲੋਕ ਵੱਡਿਆਂ ਦੇ ਪ੍ਰਭਾਵ ਅਧੀਨ ਆਪਣਾ ਵਿਰਾਸਤੀ ਧਰਮ ਤਿਆਗ ਕੇ ਨਵੇਂ ਧਰਮ ਵਿੱਚ ਦਾਖਲ ਹੋ ਜਾਂਦੇ ਹਨ। ਸਮਾਜ ਦੇ ਕਿਸੇ ਵੀ ਭਾਈਚਾਰੇ ਦੇ ਲੋਕਾਂ ਨੂੰ ਆਪਣੀਆਂ ਜੜ੍ਹਾਂ ਤੋਂ ਟੁੱਟਣਾ ਬੜਾ ਮੁਸ਼ਕਲ ਹੁੰਦਾ ਹੈ, ਜਿਵੇਂ 'ਧੂੜ' ਕਹਾਣੀ ਦੇ ਕਿਰਦਾਰ ਮੇਲੂ ਸੁਚੇਤ ਰੂਪ ਵਿੱਚ ਭਾਵੇਂ ਗੁਰੂ ਰਵਿਦਾਸ ਦਾ ਪੈਰੋਕਾਰ ਹੈ, ਪਰ ਅਚੇਤ ਰੂਪ ਵਿੱਚ ਮੁਸੀਬਤ ਵੇਲੇ ਉਸ ਦੇ ਮੂੰਹੋਂ 'ਅੱਛਾ ਵਾ ...ਭਲਾ ਕਰੀਂ' ਹੀ ਨਿਕਲਦਾ ਹੈ। ਇਹੀ ਹਾਲਤ 'ਠੇਡਾ' ਦਾ ਪਾਤਰ ਚਾਨਣ ਰਾਮ ਦੀ ਹੈ। ਉਹ ਵੀ ਜੜ੍ਹੋਂ ਟੁੱਟੇ ਆਪਣੇ ਬੱਚਿਆਂ ਬਾਰੇ ਚਿੰਤਿਤ ਹੈ।

ਕਹਾਣੀਕਾਰ ਕੋਲ ਦ੍ਰਿਸ਼ਕਾਰੀ ਦੀ ਸ਼ਿਲਪ ਬੜੀ ਸਸ਼ਕਤ ਹੈ। ਉਸ ਕੋਲ ਮੁਹਾਵਰੇਦਾਰ ਸ਼ੈਲੀ ਹੈ, ਜੋ ਕਥਾ ਰਸ ਨੂੰ ਸੰਘਣਾ ਕਰਦੀ ਹੈ।ਇਨ੍ਹਾਂ ਸਾਰੀਆਂ ਕਹਾਣੀਆਂ ਵਿੱਚ ਕਹਾਣੀਕਾਰ ਦੀ ਕੋਸ਼ਿਸ਼ ਇਹੀ ਰਹੀ ਕਿ ਹਰ ਕਹਾਣੀ ਦੀ ਸ਼ਿਲਪ ਵੱਖਰੀ ਹੋਵੇ। ਕਥਾਕਾਰੀ ਦੀ ਪਹਿਲੀ ਕਹਾਣੀ ਤੋਂ ਮੌਜੂਦਾ ਸਮੇਂ ਦੀ ਕਹਾਣੀ ਰਾਹੀਂ ਅਸੀਂ ਉਸ ਦੀ ਕਹਾਣੀ ਕਲਾ ਦਾ ਨਿਰੰਤਰ ਵਿਕਾਸ ਵੇਖਦੇ ਹਾਂ। ਉਹ ਦਲਿਤ ਸਮਾਜ ਦੇ ਦੁਖਾਂਤ ਬਾਰੇ ਹੋਕਾ ਨਹੀਂ ਦਿੰਦਾ ਅਤੇ ਨਾ ਹੀ ਉਪਭਾਵੁਕਤਾ ਦਾ ਸਹਾਰਾ ਲੈਂਦਾ ਹੈ। ਉਸ ਦੀਆਂ ਕਹਾਣੀਆਂ ਦੀਆਂ ਸਥਿਤੀਆਂ ਬੜੀ ਸਹਿਜਤਾ ਨਾਲ਼ ਪਾਠਕਾਂ ਦੇ ਜ਼ਿਹਨ ਤੱਕ ਪਹੁੰਚ ਜਾਂਦੀਆਂ ਹਨ।

**ਸੰਪਰਕ** 97806-18505

ਸਫ਼ਾ 1 ਦੀ ਬਾਕੀ

## ਭੁੱਖ ਦੇ ਖਿਲਾਫ਼ ਖਿੱਚੀ ਲਕੀਰ ...

ਗ੍ਰਿਫ਼ਤਾਰੀਆਂ ਅਤੇ ਅਪਰਾਧਿਕ ਮਾਮਲੇ ਦਰਜ ਕੀਤੇ ਗਏ। ਉਦਯੋਗਿਕ ਖੇਤਰਾਂ ਵਿੱਚ ਰੂਟ ਮਾਰਚ ਕੱਢੇ ਗਏ ਅਤੇ ਵੱਖ-ਵੱਖ ਥਾਵਾਂ 'ਤੇ ਪੁਲਸ ਤਾਇਨਾਤ ਕੀਤੀ ਗਈ। ਅੰਦੋਲਨ ਵਿੱਚ ਸ਼ਾਮਲ ਲੋਕਾਂ ਦੀ ਪਛਾਣ ਕਰਨ ਲਈ ਸੀ ਸੀ ਟੀ ਵੀ ਅਤੇ ਹੋਰ ਇਲੈਕਟ੍ਰਾਨਿਕ ਨਿਗਰਾਨੀ ਪ੍ਰਣਾਲੀਆਂ ਦਾ ਸਹਾਰਾ ਲਿਆ ਗਿਆ।

ਸਾਡੀ ਟੀਮ ਨੇ ਉਦਯੋਗਿਕ ਖੇਤਰਾਂ ਵਿੱਚ ਪੁਲਸ ਦੀ ਭਾਰੀ ਤਾਇਨਾਤੀ ਅਤੇ ਵੱਡੇ ਪੱਧਰ 'ਤੇ ਬੈਰੀਕੇਡਿੰਗ (ਨਾਕੇਬੰਦੀ) ਦੇਖੀ। ਅਸੀਂ ਫੇਜ਼-2 ਵਿੱਚ ਮਜ਼ਦੂਰਾਂ ਦੀਆਂ ਰਿਹਾਇਸ਼ੀ ਕਾਲੋਨੀਆਂ ਦੇ ਨੇੜੇ ਛੋਟੇ-ਛੋਟੇ ਗਰੁੱਪਾਂ ਵਿੱਚ ਇਕੱਠੇ ਹੋਏ ਮਜ਼ਦੂਰਾਂ ਨੂੰ ਵੀ ਮਿਲੇ। ਉਨ੍ਹਾਂ ਮੁਤਾਬਕ ਕੁਝ ਫ਼ੈਕਟਰੀਆਂ ਦੇ ਬਾਹਰ ਮਾਮੂਲੀ ਤਕਰਾਰ ਜ਼ਰੂਰ ਹੋਈ ਸੀ, ਪਰ ਪੁਲਸ ਨੇ ਪਲਾਂ ਵਿੱਚ ਹੀ ਸਭ ਨੂੰ ਖਦੇੜ ਦਿੱਤਾ। ਸਵੇਰੇ ਹੁੰਦਿਆਂ ਹੀ ਪੁਲਸ ਦੇ ਫਲੈਗ ਮਾਰਚ ਸ਼ੁਰੂ ਹੋ ਗਏ ਸਨ।

14 ਅਪ੍ਰੈਲ ਦੀ ਦੁਪਹਿਰ ਹੁੰਦੇ-ਹੁੰਦੇ ਅੰਦੋਲਨ ਪਿੱਛੇ 'ਬਾਹਰੀ ਤਾਕਤਾਂ' ਦਾ ਹੱਥ ਹੋਣ ਦਾ ਦਾਅਵਾ ਪੁਲਸ ਦੇ ਸਰਕਾਰੀ ਬਿਆਨਾਂ ਦਾ ਹਿੱਸਾ ਬਣ ਗਿਆ। ਇੱਕ ਪ੍ਰੈੱਸ ਬਿਆਨ ਵਿੱਚ ਗੌਤਮ ਬੁੱਧ ਨਗਰ ਦੀ ਪੁਲਸ ਕਮਿਸ਼ਨਰ ਲਕਸ਼ਮੀ ਸਿੰਘ ਨੇ ਦਾਅਵਾ ਕੀਤਾ ਕਿ ਪਿਛਲੇ ਦੋ ਦਿਨਾਂ ਦੌਰਾਨ ਕਈ ਵ੍ਹਟਸਐਪ ਗਰੁੱਪ ਬਣਾਏ ਗਏ ਸਨ ਅਤੇ ਕਿਊ ਆਰ (QR) ਕੋਡਾਂ ਰਾਹੀਂ ਮਜ਼ਦੂਰਾਂ ਨੂੰ ਉਨ੍ਹਾਂ ਵਿੱਚ ਜੋੜਿਆ ਜਾ ਰਿਹਾ ਸੀ। ਉਨ੍ਹਾਂ ਦੇ ਅਨੁਸਾਰ, ਇਹ ਗੱਲ ਕਿਸੇ ਸੰਗਠਿਤ ਅਤੇ ਸੁਚੱਜੇ ਢੰਗ ਨਾਲ ਚਲਾਏ ਜਾ ਰਹੇ ਗਰੋਹ ਦੀ ਸੰਭਾਵਿਤ ਮੌਜੂਦਗੀ ਵੱਲ ਇਸ਼ਾਰਾ ਕਰਦੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਹਿੰਸਾ ਭੜਕਾਉਣ ਵਾਲੇ ਮੁੱਖ ਚਿਹਰਿਆਂ ਨੂੰ ਪਛਾਣ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਬਾਕੀਆਂ ਦੀ ਭਾਲ ਜਾਰੀ ਹੈ। ਇਸ ਤੋਂ ਵੀ ਵੱਧ ਮਹੱਤਵਪੂਰਨ ਗੱਲ ਜਿਹੜੀ ਉਨ੍ਹਾਂ ਨੇ ਕਹੀ, ਉਹ ਇਹ ਸੀ ਕਿ ਜਾਂਚ ਅਧਿਕਾਰੀ ਹਿਰਾਸਤ ਵਿੱਚ ਲਏ ਗਏ ਲੋਕਾਂ ਦੇ ਫੰਡਾਂ ਦੇ ਸਰੋਤਾਂ ਦੀ ਜਾਂਚ ਕਰਨਗੇ ਅਤੇ ਜੇਕਰ ਇਹ ਪਾਇਆ ਗਿਆ ਕਿ ਉਨ੍ਹਾਂ ਨੂੰ ਸਹਾਇਤਾ ਸੂਬੇ ਤੋਂ ਬਾਹਰ ਜਾਂ ਇੱਥੋਂ ਤੱਕ ਕਿ ਦੇਸ਼ ਤੋਂ ਬਾਹਰੋਂ ਮਿਲੀ ਹੈ, ਤਾਂ ਉਸ ਅਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਪ੍ਰਸ਼ਾਸਨ ਦਾ ਬਿਰਤਾਂਤ ਭੜਕਾਊ ਅਤੇ ਬਾਹਰੀ ਤੱਤਾਂ ਵਾਲੀ ਪਹਿਲਾਂ ਦੀ ਭਾਸ਼ਾ ਤੋਂ ਕਿਤੇ ਅੱਗੇ ਵਧ ਗਿਆ, ਜਿਸ ਦੇ ਨਤੀਜੇ ਵਜੋਂ ਅੰਦੋਲਨ ਨੂੰ ਹੁਣ ਸੰਗਠਿਤ ਨੈੱਟਵਰਕਾਂ, ਡਿਜੀਟਲ ਲਾਮਬੰਦੀ ਅਤੇ ਸੰਭਾਵਿਤ ਵਿਦੇਸ਼ੀ ਸਹਿਯੋਗ ਨਾਲ ਚੱਲ ਰਹੀ ਸਾਜ਼ਿਸ਼ ਨਾਲ ਜੋੜ ਕੇ ਦੇਖਿਆ ਜਾਣ ਲੱਗਾ। ਇਸ ਰੁਖ਼ ਨਾਲ ਅੰਦੋਲਨ ਨੂੰ ਤਨਖ਼ਾਹਾਂ ਦੀਆਂ ਮੰਗਾਂ ਅਤੇ ਕੰਮ ਵਾਲੀ ਥਾਂ ਦੇ ਦੁੱਖ-ਦਰਦ ਨਾਲੋਂ ਵੱਖ ਕਰਕੇ ਸੁਰੱਖਿਆ-ਸੰਬੰਧੀ ਮਸਲੇ ਵਜੋਂ ਪੇਸ਼ ਕਰਨਾ ਆਸਾਨ ਹੋ ਗਿਆ।

**ਗ੍ਰਿਫ਼ਤਾਰੀਆਂ, ਐੱਫ.ਆਈ.ਆਰ. ਅਤੇ ਲਾਪਤਾ ਲੋਕਾਂ ਦੀ ਭਾਲ ਵਿੱਚ ਭਟਕਦੇ ਪਰਵਾਰ**

14 ਅਪ੍ਰੈਲ ਦੀ ਦੁਪਹਿਰ ਨੂੰ ਜਾਰੀ ਇਸੇ ਬਿਆਨ ਵਿੱਚ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪ੍ਰਦਰਸ਼ਨਾਂ ਦੇ ਸੰਬੰਧ ਵਿੱਚ 300 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਸੱਤ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। '300' ਦਾ ਇਹ ਅੰਕੜਾ ਆਉਣ ਵਾਲੇ ਦਿਨਾਂ ਵਿੱਚ ਵੀ ਵਾਰ-ਵਾਰ ਦੁਹਰਾਇਆ ਜਾਂਦਾ ਰਿਹਾ।

ਹਾਲਾਂਕਿ, ਸਾਡੀ ਪੜਤਾਲ ਅਨੁਸਾਰ ਅਸਲੀਅਤ ਕੁਝ ਹੋਰ ਸੀ। ਜਿੱਥੇ ਸਰਕਾਰੀ ਤੌਰ 'ਤੇ ਲੱਗਭੱਗ 300 ਮਜ਼ਦੂਰਾਂ ਨੂੰ ਹਿਰਾਸਤ ਵਿੱਚ ਲੈਣ ਦੀ ਗੱਲ ਕਬੂਲੀ ਗਈ ਸੀ, ਉੱਥੇ ਹੀ ਔਰਤਾਂ ਸਮੇਤ ਸੈਂਕੜੇ ਹੋਰ ਲੋਕਾਂ ਨੂੰ ਬਿਨਾਂ ਕਿਸੇ ਸਰਕਾਰੀ ਰਿਕਾਰਡ ਦੇ ਵੱਖ-ਵੱਖ ਥਾਵਾਂ ਤੋਂ ਚੁੱਕ ਕੇ ਹਿਰਾਸਤ ਵਿੱਚ ਲਿਆ ਗਿਆ ਸੀ। ਲਾਪਤਾ ਲੋਕਾਂ ਦੇ ਪਰਵਾਰ 14 ਅਪ੍ਰੈਲ ਅਤੇ ਉਸ ਤੋਂ ਬਾਅਦ ਦੇ ਦਿਨਾਂ ਵਿੱਚ ਫ਼ੈਕਟਰੀਆਂ, ਫੇਜ਼ 2 ਦੇ ਪੁਲਸ ਥਾਣੇ, ਸੂਰਜਪੁਰ ਦੀ ਜ਼ਿਲ੍ਹਾ ਅਦਾਲਤ ਅਤੇ ਕਾਸਨਾ ਦੀ ਲੁਕਸਰ ਜੇਲ੍ਹ ਵਿੱਚ ਹਰ ਪਾਸੇ ਆਪਣੇ ਜੀਆਂ ਨੂੰ ਲੱਭਣ ਲਈ ਭਟਕਦੇ ਰਹੇ।

ਪਰਵਾਰਕ ਮੈਂਬਰਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੂੰ ਵਾਰ-ਵਾਰ ਫੈਕਟਰੀਆਂ ਦੇ ਗੇਟਾਂ ਤੋਂ ਨਿਰਾਸ਼ ਮੋੜ ਦਿੱਤਾ ਜਾਂਦਾ ਸੀ ਅਤੇ ਫੇਜ਼-2 ਥਾਣੇ ਜਾਣ ਲਈ ਕਿਹਾ ਜਾਂਦਾ ਸੀ। ਉੱਥੇ ਪੁਲਸ ਉਨ੍ਹਾਂ ਨੂੰ ਡਰਾ-ਧਮਕਾ ਕੇ ਭਜਾ ਦਿੰਦੀ, ਗ੍ਰਿਫ਼ਤਾਰ ਕਰਨ ਦੀਆਂ ਧਮਕੀਆਂ ਦਿੰਦੀ ਅਤੇ ਉਨ੍ਹਾਂ ਨੂੰ ਸੂਰਜਪੁਰ ਅਦਾਲਤ, ਲੁਕਸਰ ਜੇਲ੍ਹ ਜਾਂ ਹੋਰ ਥਾਵਾਂ ਵੱਲ ਭੇਜ ਦਿੰਦੀ ਸੀ। ਕਈ ਪਰਵਾਰ ਆਪਣੇ ਰਿਸ਼ਤੇਦਾਰਾਂ ਬਾਰੇ ਕੋਈ ਵੀ ਜਾਣਕਾਰੀ ਹਾਸਲ ਕੀਤੇ ਬਿਨਾਂ, 30-30 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੈਅ ਕਰਦੇ, ਇਨ੍ਹਾਂ ਥਾਵਾਂ ਦੇ ਚੱਕਰ ਕੱਟਦੇ ਰਹੇ।

ਪਰਵਾਰਾਂ ਨਾਲ ਗੱਲ ਕਰਨ 'ਤੇ ਪਤਾ ਲੱਗਾ ਕਿ ਅੰਦੋਲਨ ਤੋਂ ਤੁਰੰਤ ਬਾਅਦ ਕੀਤੀ ਗਈ ਕਾਰਵਾਈ ਵਿੱਚ ਚੁੱਕੇ ਗਏ ਲੋਕਾਂ ਵਿੱਚ ਸਿਰਫ਼ ਫੈਕਟਰੀ ਮਜ਼ਦੂਰ ਹੀ ਨਹੀਂ ਸਨ, ਸਗੋਂ ਅਜਿਹੇ ਲੋਕ ਵੀ ਸ਼ਾਮਲ ਸਨ, ਜਿਨ੍ਹਾਂ ਨੇ ਨਾ ਤਾਂ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਸੀ ਅਤੇ ਨਾ ਹੀ ਉਨ੍ਹਾਂ ਦਾ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਸੀ। ਕੁਝ ਨਾਬਾਲਗ, ਜਿਨ੍ਹਾਂ ਦੀ ਉਮਰ ਮਹਿਜ਼ 15 ਸਾਲ ਦੇ ਆਸ-ਪਾਸ ਸੀ, ਨੂੰ ਅੰਦੋਲਨ ਵਾਲੀ ਥਾਂ ਤੋਂ ਨਹੀਂ, ਸਗੋਂ ਨੇੜਲੇ ਪਾਰਕ ਵਿੱਚੋਂ ਚੁੱਕਿਆ ਗਿਆ ਸੀ। ਫੇਜ਼-2 ਤੋਂ ਇੱਕ ਈ-ਰਿਕਸ਼ਾ ਚਾਲਕ ਅਤੇ ਇੱਕ ਅੰਡੇ ਵੇਚਣ ਵਾਲੇ ਨੂੰ ਵੀ ਹਿਰਾਸਤ ਵਿੱਚ ਲਏ ਜਾਣ ਦੀ ਗੱਲ ਸਾਹਮਣੇ ਆਈ। ਇੱਕ ਹੋਰ ਵਿਦਿਆਰਥੀ ਨੂੰ ਉਸ ਵੇਲੇ ਚੁੱਕ ਲਿਆ ਗਿਆ, ਜਦੋਂ ਉਹ ਆਪਣੇ ਪਿਤਾ, ਜਿਹੜੇ ਕਿਸੇ ਫੈਕਟਰੀ ਵਿੱਚ ਡਰਾਈਵਰ ਵਜੋਂ ਕੰਮ ਕਰਦੇ ਸਨ, ਲਈ ਖਾਣਾ ਲੈ ਕੇ ਆਇਆ ਸੀ। ਇੱਕ ਵਿਅਕਤੀ ਆਪਣੀ ਪਤਨੀ ਨੂੰ ਲੱਭਣ ਲਈ ਦਰ-ਦਰ ਭਟਕ ਰਿਹਾ ਸੀ, ਜਿਹੜੀ, ਪਤੀ ਦੇ ਕਹਿਣ ਮੁਤਾਬਕ ਘਰ ਵਿੱਚ ਰੱਖੇ ਵਿਆਹ ਦੇ ਕਾਰਜ ਲਈ ਬਾਜ਼ਾਰ ਤੋਂ ਖ਼ਰੀਦਦਾਰੀ ਕਰਨ ਲਈ ਬਾਹਰ ਨਿਕਲੀ ਸੀ।

ਫੇਜ਼ 2 ਪੁਲਸ ਥਾਣੇ ਦੇ ਬਾਹਰ, ਅਤੇ ਬਾਅਦ ਵਿੱਚ ਅਦਾਲਤ ਤੇ ਜੇਲ੍ਹ ਦੇ ਬਾਹਰਲੇ ਦ੍ਰਿਸ਼ ਹਫੜਾ-ਦਫੜੀ, ਪਰੇਸ਼ਾਨੀ ਅਤੇ ਲਗਾਤਾਰ ਵਧ ਰਹੇ ਖ਼ੌਫ਼ ਨਾਲ ਭਰੇ ਹੋਏ ਸਨ। ਪੀੜਤ ਪਰਵਾਰ ਇੱਕ ਥਾਂ ਤੋਂ ਦੂਜੀ ਥਾਂ ਭਟਕਦੇ ਹੋਏ ਅਧਿਕਾਰੀਆਂ ਤੋਂ ਆਪਣੇ ਜੀਆਂ ਦੇ ਨਾਂਅ ਪੁੱਛ ਰਹੇ ਸਨ, ਤਲਾਸ਼ ਕਰ ਰਹੇ ਸਨ, ਛੋਟੀ ਤੋਂ ਛੋਟੀ ਜਾਣਕਾਰੀ ਲਈ ਘੰਟਿਆਂਬੱਧੀ ਉਡੀਕ ਕਰ ਰਹੇ ਸਨ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਕੀ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੱਚਮੁੱਚ ਹਿਰਾਸਤ ਵਿੱਚ ਲਿਆ ਗਿਆ ਹੈ, ਉਨ੍ਹਾਂ ਨੂੰ ਕਿੱਥੇ ਲਿਜਾਇਆ ਗਿਆ ਹੈ ਅਤੇ ਉਨ੍ਹਾਂ 'ਤੇ ਕਿਹੜੀਆਂ ਧਾਰਾਵਾਂ ਲਗਾਈਆਂ ਗਈਆਂ ਹਨ। ਇਨ੍ਹਾਂ ਬਿਆਨਾਂ ਵਿੱਚ ਜੋ ਗੱਲ ਵਾਰ-ਵਾਰ ਸਾਹਮਣੇ ਆਈ, ਉਹ ਸੀ 'ਕੁਝ ਵੀ ਪਤਾ ਨਾ ਹੋਣ' ਦੀ ਤਕਲੀਫ਼ : ਮਾਪੇ ਬੱਚਿਆਂ ਨੂੰ ਲੱਭ ਰਹੇ ਸਨ, ਪਤੀ ਆਪਣੀਆਂ ਪਤਨੀਆਂ ਨੂੰ, ਭੈਣ-ਭਰਾ ਇੱਕ-ਦੂਜੇ ਨੂੰ। ਉਹ ਅਜਿਹੇ ਪ੍ਰਸ਼ਾਸਨਿਕ ਦਫ਼ਤਰਾਂ ਦੇ ਚੱਕਰ ਕੱਟ ਰਹੇ ਸਨ, ਜਿੱਥੋਂ ਨਾ ਤਾਂ ਕੋਈ ਸਪੱਸ਼ਟ ਜਾਣਕਾਰੀ ਮਿਲ ਰਹੀ ਸੀ ਅਤੇ ਨਾ ਹੀ ਕਿਸੇ ਕਿਸਮ ਦਾ ਤਸੱਲੀਬਖ਼ਸ਼ ਜਵਾਬ, ਸਗੋਂ ਉਹ ਦੁਤਕਾਰੇ ਜਾ ਰਹੇ ਸਨ । ਇਸ ਸਖ਼ਤ ਕਾਰਵਾਈ ਦਾ ਜਬਰ ਸਿਰਫ਼ ਫੜੇ ਗਏ ਲੋਕਾਂ ਤੱਕ ਹੀ ਸੀਮਤ ਨਹੀਂ ਸੀ; ਬਲਕਿ ਇਹ ਚੌਤਰਫ਼ਾ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਿਹਾ ਸੀ। ਉਸ ਸ਼ਾਮ ਸਾਨੂੰ ਕਈ ਮਜ਼ਦੂਰ ਆਪਣਾ ਸਾਮਾਨ ਮੋਢਿਆਂ 'ਤੇ ਲੱਦੀ ਸ਼ਹਿਰ ਛੱਡ ਕੇ ਜਾਂਦੇ ਹੋਏ ਵੀ ਦਿਸੇ।

**ਦੇਰ ਆਏ, ਪਰ ਦਰੁਸਤ ਨਾ ਆਏ: ਕੁਝ ਰਾਹਤ, ਕੁਝ ਵਾਅਦੇ ਅਤੇ ਨਿਯੰਤਰਣ ਦਾ ਜਾਲ**

13 ਅਪ੍ਰੈਲ ਦੇ ਵੱਡੇ ਮਜ਼ਦੂਰ ਅੰਦੋਲਨ ਨੂੰ ਇੱਕ ਸਾਜ਼ਿਸ਼ ਵਜੋਂ ਪੇਸ਼ ਕਰਨ ਦੀ ਕਾਹਲੀ ਵਿੱਚ ਇਹ ਗੱਲ ਅਕਸਰ ਭੁਲਾ ਦਿੱਤੀ ਜਾਂਦੀ ਹੈ ਕਿ ਇਸ ਤੋਂ ਪਹਿਲਾਂ ਫੈਕਟਰੀ ਮਜ਼ਦੂਰਾਂ ਨੇ ਦੋ-ਤਿੰਨ ਦਿਨ ਤੱਕ ਸ਼ਾਂਤੀਪੂਰਵਕ ਪ੍ਰਦਰਸ਼ਨ ਕੀਤੇ ਸਨ, ਜਿਨ੍ਹਾਂ ਨੂੰ ਪ੍ਰਸ਼ਾਸਨ ਨੇ ਨਾਕਾਮ ਕਰਨ ਦੀ ਕੋਸ਼ਿਸ਼ ਕੀਤੀ ਸੀ। 11 ਅਪ੍ਰੈਲ ਨੂੰ ਪੁਲਸ ਨੇ ਨੋਇਡਾ ਦੇ ਬੋਟੈਨਿਕਲ ਗਾਰਡਨ ਮੈਟਰੋ ਸਟੇਸ਼ਨ ਤੋਂ ਮਜ਼ਦੂਰ ਜਥੇਬੰਦੀ 'ਮਜ਼ਦੂਰ ਬਿਗੁਲ ਦਸਤਾ' ਨਾਲ ਜੁੜੇ ਚਾਰ ਕਾਰਕੁਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਨ੍ਹਾਂ ਵਿੱਚ ਰੁਪੇਸ਼ ਰਾਏ, ਆਕ੍ਰਿਤੀ, ਸ੍ਰਿਸ਼ਟੀ ਅਤੇ ਮਨੀਸ਼ਾ ਸ਼ਾਮਲ ਸਨ। ਇਹ ਜਥੇਬੰਦੀ ਮਜ਼ਦੂਰਾਂ ਨਾਲ ਜੁੜੇ ਮੁੱਦਿਆਂ 'ਤੇ ਕੇਂਦਰਿਤ 'ਮਜ਼ਦੂਰ ਬਿਗੁਲ' ਨਾਮਕ ਇੱਕ ਮਾਸਿਕ ਪੱਤਰਿਕਾ ਪ੍ਰਕਾਸ਼ਿਤ ਕਰਦੀ ਸੀ, ਜਿਸ ਦਾ ਮਕਸਦ ਮਜ਼ਦੂਰਾਂ ਨੂੰ ਆਪਣੇ ਨਾਲ ਜੁੜੇ ਮੁੱਦਿਆਂ ਨੂੰ ਸਮਝਣ ਲਈ ਹੋਰ ਸਮਰੱਥ ਬਣਾਉਣਾ ਸੀ।

ਚਸ਼ਮਦੀਦਾਂ ਨੇ ਦੱਸਿਆ ਕਿ ਪੁਰਸ਼ ਪੁਲਸ ਮੁਲਾਜ਼ਮਾਂ ਨੇ (ਜਿਨ੍ਹਾਂ 'ਚੋਂ ਕੁਝ ਸਾਦੇ ਕੱਪੜਿਆਂ ਵਿੱਚ ਸਨ), ਗ੍ਰਿਫ਼ਤਾਰੀ ਦਾ ਕੋਈ ਕਾਰਨ ਦੱਸੇ ਬਿਨਾਂ ਅਤੇ ਮਹਿਲਾ ਪੁਲਸ ਕਰਮਚਾਰੀਆਂ ਦੀ ਮੌਜੂਦਗੀ ਤੋਂ ਬਿਨਾਂ ਹੀ, ਇਨ੍ਹਾਂ ਕਾਰਕੁਨਾਂ ਨੂੰ ਧੱਕੇ ਨਾਲ ਇੱਕ ਗੱਡੀ ਵਿੱਚ ਸੁੱਟ ਲਿਆ। ਸ਼ੁਰੂ ਵਿੱਚ ਪੁਲਸ ਇਸ ਹਿਰਾਸਤ ਬਾਰੇ ਕਿਸੇ ਵੀ ਅਧਿਕਾਰਤ ਜਾਣਕਾਰੀ ਹੋਣ ਤੋਂ ਇਨਕਾਰ ਕਰਦੀ ਰਹੀ, ਪਰ ਗ੍ਰਿਫ਼ਤਾਰੀ ਤੋਂ ਬਾਅਦ ਦੇ ਦਿਨਾਂ ਵਿੱਚ, ਉਨ੍ਹਾਂ ਨੇ ਇਨ੍ਹਾਂ ਕਾਰਕੁਨਾਂ ਨੂੰ ਨੋਇਡਾ ਪ੍ਰਦਰਸ਼ਨ ਦੇ ਮਾਸਟਰਮਾਈਂਡ (ਮੁੱਖ ਸਾਜ਼ਿਸ਼ਕਰਤਾ) ਕਰਾਰ ਦੇ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਕੁਨ ਇੱਕ ਸੁਚੱਜੇ ਢੰਗ ਨਾਲ ਚਲਾਏ ਜਾ ਰਹੇ ਸਿੰਡੀਕੇਟ (ਗਰੋਹ) ਦਾ ਹਿੱਸਾ ਸਨ। ਪੁਲਸ ਨੇ ਦੋਸ਼ ਲਗਾਇਆ ਕਿ ਇਸ ਸਮੂਹ ਨੇ ਮਜ਼ਦੂਰਾਂ ਨੂੰ ਭੜਕਾਉਣ ਅਤੇ ਹਿੰਸਾ ਦੀ ਯੋਜਨਾ ਬਣਾਉਣ ਲਈ 9-10 ਅਪ੍ਰੈਲ ਨੂੰ ਵਟਸਐਪ ਗਰੁੱਪ ਬਣਾਏ ਸਨ।

ਹਿਰਾਸਤ ਵਿੱਚ ਲਏ ਗਏ ਇਨ੍ਹਾਂ ਕਾਰਕੁਨਾਂ ਖ਼ਿਲਾਫ਼ ਅਪਰਾਧਿਕ ਸਾਜ਼ਿਸ਼ ਰਚਣ, ਸਰਕਾਰੀ ਅਧਿਕਾਰੀਆਂ ਦੇ ਕੰਮ ਵਿੱਚ ਰੁਕਾਵਟ ਪਾਉਣ ਅਤੇ ਹਿੰਸਾ ਭੜਕਾਉਣ ਨਾਲ ਸੰਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ। ਇੱਕ ਮਹੀਨੇ ਬਾਅਦ, ਇਨ੍ਹਾਂ ਵਿੱਚੋਂ ਇੱਕ ਉੱਤੇ ਰਾਸ਼ਟਰੀ ਸੁਰੱਖਿਆ ਕਾਨੂੰਨ (NSA), 1980 ਤਹਿਤ ਵੀ ਮਾਮਲਾ ਦਰਜ ਕਰ ਦਿੱਤਾ ਗਿਆ। ਚਾਰਾਂ ਨੂੰ 15 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। 12 ਅਪ੍ਰੈਲ ਨੂੰ ਪ੍ਰਤੀਕ ਕੁਮਾਰ ਅਤੇ ਮੁਹੰਮਦ ਤਨਵੀਰ ਅਲੀ ਨਾਂਅ ਦੇ ਦੋ ਵਕੀਲ, ਜਦੋਂ ਇਨ੍ਹਾਂ ਕਾਰਕੁਨਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਲਈ ਕਾਨੂੰਨੀ ਰਾਹਤ ਹਾਸਲ ਕਰਨ ਦੇ ਉਦੇਸ਼ ਨਾਲ ਸੂਰਜਪੁਰ ਅਦਾਲਤ ਪਹੁੰਚੇ, ਤਾਂ ਉਨ੍ਹਾਂ ਅਨੁਸਾਰ, ਪੁਲਸ ਕਰਮਚਾਰੀਆਂ ਨੇ ਅਦਾਲਤ ਪਰਿਸਰ ਵਿੱਚ ਹੀ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ, ਉਨ੍ਹਾਂ ਨੂੰ ਅਪਮਾਨਿਤ ਕੀਤਾ ਅਤੇ ਧਮਕੀਆਂ ਦਿੱਤੀਆਂ। ਇਸ ਤੋਂ ਬਾਅਦ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਦੋਵਾਂ ਵਕੀਲਾਂ ਨੂੰ ਦੇਰ ਰਾਤ ਇੱਕ ਅਣਦੱਸੀ ਥਾਂ ਤੋਂ ਰਿਹਾਅ ਕਰ ਦਿੱਤਾ ਗਿਆ।

ਪੁਲਸ ਕਮਿਸ਼ਨਰ ਲਕਸ਼ਮੀ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਇਸ ਕਥਿਤ ਸਾਜ਼ਿਸ਼ ਵਿੱਚ ਪਾਕਿਸਤਾਨ ਦਾ ਹੱਥ ਹੋਣ ਦੇ ਸਬੂਤ ਹਨ ਅਤੇ ਇਸ ਵਿੱਚ 'ਅਰਬਨ ਨਕਸਲ' (ਸ਼ਹਿਰੀ ਨਕਸਲੀਆਂ) ਦੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। 18 ਅਪ੍ਰੈਲ ਨੂੰ, ਉੱਤਰ ਪ੍ਰਦੇਸ਼ ਦੀ ਸਪੈਸ਼ਲ ਟਾਸਕ ਫੋਰਸ (STF) ਵੱਲੋਂ ਤਾਮਿਲਨਾਡੂ ਦੇ ਤਿਰੂਚਿਰਾਪੱਲੀ ਰੇਲਵੇ ਸਟੇਸ਼ਨ ਤੋਂ ਇਸ ਮਜ਼ਦੂਰ ਪ੍ਰਦਰਸ਼ਨ ਦੇ ਇੱਕ ਹੋਰ ਕਥਿਤ ਮਾਸਟਰਮਾਈਂਡ ਆਦਿੱਤਿਆ ਆਨੰਦ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਅਨੁਸਾਰ, ਆਨੰਦ ਨੇ ਰੁਪੇਸ਼ ਰਾਏ ਅਤੇ ਮਨੀਸ਼ਾ ਨਾਲ ਮਿਲ ਕੇ ਕਥਿਤ ਤੌਰ 'ਤੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਅਤੇ ਭੜਕਾਇਆ ਸੀ। ਮਜ਼ਦੂਰ ਪ੍ਰਦਰਸ਼ਨ ਨਾਲ ਕਥਿਤ ਸੰਬੰਧ ਹੋਣ ਦੇ ਦੋਸ਼ਾਂ ਤਹਿਤ ਦਿੱਲੀ ਅਤੇ ਲਖਨਊ ਤੋਂ ਕੁਝ ਹੋਰ ਕਾਰਕੁਨਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

**ਸਰਕਾਰੀ ਪ੍ਰਤੀਕਿਰਿਆ : ਮੀਟਿੰਗਾਂ, ਭਰੋਸੇ ਅਤੇ ਤਨਖ਼ਾਹਾਂ ਵਿੱਚ ਸੋਧ**

11 ਅਪ੍ਰੈਲ ਰਾਤ ਦੀਆਂ ਗ੍ਰਿਫ਼ਤਾਰੀਆਂ ਤੋਂ ਬਾਅਦ ਐਤਵਾਰ, 12 ਅਪ੍ਰੈਲ ਨੂੰ ਨੋਇਡਾ ਪ੍ਰਸ਼ਾਸਨ ਨੇ ਮਜ਼ਦੂਰਾਂ ਦੀਆਂ ਮੰਗਾਂ ਦੀ ਸਮੀਖਿਆ ਕਰਨ ਲਈ ਇੱਕ ਹੰਗਾਮੀ ਮੀਟਿੰਗ ਸੱਦੀ। ਮੀਡੀਆ ਰਿਪੋਰਟਾਂ ਮੁਤਾਬਕ, ਜ਼ਿਲ੍ਹਾ ਮੈਜਿਸਟ੍ਰੇਟ (DM) ਮੇਧਾ ਰੂਪਮ ਨੇ ਰਾਜ ਦੇ ਪ੍ਰਮੁੱਖ ਸਕੱਤਰ (ਲੇਬਰ), ਲੇਬਰ ਕਮਿਸ਼ਨਰ, ਨੋਇਡਾ ਅਥਾਰਟੀ ਦੇ ਸੀ ਈ ਓ ਕ੍ਰਿਸ਼ਨਾ ਕਰੁਣੇਸ਼, ਪੁਲਸ ਕਮਿਸ਼ਨਰ ਲਕਸ਼ਮੀ ਸਿੰਘ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਐਕਸ (X - ਪਹਿਲਾਂ ਟਵਿੱਟਰ) 'ਤੇ ਪੋਸਟ ਕੀਤੇ ਗਏ ਇੱਕ ਅਧਿਕਾਰਕ ਬਿਆਨ ਵਿੱਚ, ਜ਼ਿਲ੍ਹਾ ਮੈਜਿਸਟ੍ਰੇਟ ਨੇ ਉਸੇ ਦਿਨ (ਐਤਵਾਰ) ਕਿਹਾ ਕਿ ਮੀਟਿੰਗ ਵਿੱਚ 'ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ', ਓਵਰਟਾਈਮ ਲਈ ਦੁੱਗਣਾ ਭੁਗਤਾਨ, ਬੋਨਸ, ਹਫ਼ਤਾਵਾਰੀ ਛੁੱਟੀਆਂ ਅਤੇ ਕੰਮ ਵਾਲੀ ਥਾਂ 'ਤੇ ਸੁਰੱਖਿਆ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ ਗਈ। ਉਨ੍ਹਾਂ ਨੇ ਮਜ਼ਦੂਰਾਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਕੰਮ 'ਤੇ ਵਾਪਸ ਪਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਹਨ।

ਇਨ੍ਹਾਂ ਭਰੋਸਿਆਂ ਨੇ ਮਜ਼ਦੂਰਾਂ ਦੇ ਗੁੱਸੇ ਨੂੰ ਸ਼ਾਂਤ ਨਹੀਂ ਕੀਤਾ, ਸਗੋਂ ਇਸ ਨੂੰ ਹੋਰ ਤਿੱਖਾ ਕਰ ਦਿੱਤਾ। 13 ਅਪ੍ਰੈਲ ਨੂੰ ਮਜ਼ਦੂਰਾਂ ਨੇ ਕੰਮ ਦਾ ਬਾਈਕਾਟ (ਵਾਕਆਊਟ) ਇਹ ਕਹਿੰਦੇ ਹੋਏ ਕਰ ਦਿੱਤਾ ਕਿ ਓਵਰਟਾਈਮ ਦਾ ਭੁਗਤਾਨ ਅਤੇ ਭਲਾਈ ਦੇ ਵਾਅਦੇ ਸਿਰਫ਼ ਇੱਕ ਪੈਚਵਰਕ (ਉਪਰਲੀਆਂ ਮੁਰੰਮਤਾਂ) ਹਨ। ਉਨ੍ਹਾਂ ਨੂੰ ਜਿਸ ਚੀਜ਼ ਦੀ ਅਸਲ ਲੋੜ ਸੀ, ਉਹ ਸੀ ਬੁਨਿਆਦੀ ਤਨਖ਼ਾਹ (ਬੇਸਿਕ ਵੇਜ) ਵਿੱਚ ਵਾਧਾ। 14 ਅਪ੍ਰੈਲ ਨੂੰ, ਉੱਤਰ ਪ੍ਰਦੇਸ਼ ਸਰਕਾਰ ਨੇ ਨੋਇਡਾ-ਗਾਜ਼ੀਆਬਾਦ ਖੇਤਰ ਵਿੱਚ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਵਿੱਚ 21 ਫੀਸਦੀ ਆਰਜ਼ੀ ਸੋਧ ਦਾ ਐਲਾਨ ਕਰ ਦਿੱਤਾ।

ਇਹ ਸੋਧੀਆਂ ਹੋਈਆਂ ਮਾਸਿਕ ਉਜਰਤਾਂ-ਗੈਰ-ਕੁਸ਼ਲ ਲਈ 13,690 ਰੁਪਏ, ਅਰਧ-ਕੁਸ਼ਲ ਲਈ 15,059 ਰੁਪਏ ਅਤੇ ਕੁਸ਼ਲ ਲਈ 16,868 ਰੁਪਏ-1 ਅਪ੍ਰੈਲ, 2026 ਤੋਂ ਲਾਗੂ ਹੋਣੀਆਂ ਤੈਅ ਹੋਈਆਂ।

ਪ੍ਰਤੱਖ ਤੌਰ 'ਤੇ ਪ੍ਰਦਰਸ਼ਨਾਂ ਨੂੰ ਲੈ ਕੇ ਸਰਕਾਰੀ ਪ੍ਰਸ਼ਾਸਨ ਨੇ ਇੱਕ ਸੋਚੀ-ਸਮਝੀ ਦੋਹਰੀ ਚਾਲ ਚੱਲੀ। ਇੱਕ ਪਾਸੇ ਤਾਂ ਉਨ੍ਹਾਂ ਨੇ ਕੁਝ ਸੀਮਤ ਰਿਆਇਤਾਂ ਦੇ ਕੇ ਇਹ ਪ੍ਰਭਾਵ ਦਿੱਤਾ ਕਿ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਨੂੰ ਵਾਜਿਬ ਮੰਨਿਆ ਜਾ ਰਿਹਾ ਹੈ, ਅਤੇ ਇਸੇ ਕਰਕੇ 14 ਅਪ੍ਰੈਲ ਨੂੰ ਘੱਟੋ-ਘੱਟ ਤਨਖ਼ਾਹ ਵਿੱਚ 21 ਫੀਸਦੀ ਵਾਧੇ ਦੀ ਸਰਕਾਰੀ ਚਿੱਠੀ ਜਾਰੀ ਹੋਈ-ਹਾਲਾਂਕਿ ਇਹ ਵਾਧਾ ਅਜੇ ਵੀ ਮਜ਼ਦੂਰਾਂ ਦੀ ਮੰਗ ਤੋਂ ਕਾਫ਼ੀ ਘੱਟ ਸੀ ਅਤੇ ਕੰਮਕਾਜੀ ਹਾਲਤਾਂ ਦੀ ਸਮੀਖਿਆ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਇਸ ਦੇ ਨਾਲ ਹੀ, ਸਰਕਾਰ ਨੇ ਸੰਬੰਧਤ ਪੱਖਾਂ ਨਾਲ ਗੱਲਬਾਤ ਦਾ ਰਾਹ ਖੋਲ੍ਹਣ ਅਤੇ 'ਉਦਯੋਗਿਕ ਤਾਲਮੇਲ ਤੇ ਅਮਨ-ਕਾਨੂੰਨ' ਦੇ ਨਾਂਅ ਹੇਠ ਨਿਯੰਤਰਣ ਰੱਖਣ ਲਈ ਇੱਕ ਉੱਚ-ਪੱਧਰੀ ਕਮੇਟੀ ਦਾ ਐਲਾਨ ਕਰ ਦਿੱਤਾ।

ਫਿਰ ਵੀ ਇਨ੍ਹਾਂ ਕਦਮਾਂ ਦਾ ਅਸਲ ਮੰਤਵ ਸਿਰਫ਼ ਪ੍ਰਦਰਸ਼ਨਕਾਰੀ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨਾ ਨਹੀਂ ਸੀ। ਇਨ੍ਹਾਂ ਕਦਮਾਂ ਦੇ ਨਾਲ-ਨਾਲ ਅੰਦੋਲਨ ਦੇ ਅਰਥ ਨੂੰ ਹੀ ਬਦਲਣ ਦੀ ਇੱਕ ਕੋਸ਼ਿਸ਼ ਵੀ ਚੱਲ ਰਹੀ ਸੀ, ਜਿਸ ਦਾ ਇੱਕੋ-ਇੱਕ ਮਕਸਦ ਬੇਹੱਦ ਘੱਟ ਤਨਖ਼ਾਹਾਂ, ਮਾੜੇ ਕੰਮਕਾਜੀ ਹਾਲਤਾਂ ਅਤੇ ਕੰਮ ਵਾਲੀ ਥਾਂ ਉੱਤੇ ਹੋਣ ਵਾਲੇ ਸ਼ੋਸ਼ਣ ਤੋਂ ਉਪਜੇ ਇਸ ਸਮੂਹਿਕ ਵਿਰੋਧ ਨੂੰ ਇੱਕ ਸਾਜ਼ਿਸ਼, ਅਵਿਵਸਥਾ ਅਤੇ ਸਰਕਾਰ ਅਤੇ ਦੇਸ਼ ਲਈ ਖ਼ਤਰੇ ਦੇ ਰੂਪ ਵਿੱਚ ਦਰਸਾਇਆ ਜਾਵੇ। ਮੁੱਖ ਮੰਤਰੀ ਆਦਿੱਤਿਆਨਾਥ ਦੇ ਜਨਤਕ ਬਿਆਨਾਂ ਵਿੱਚ ਇਹ ਦੋਹਰੀ ਰਣਨੀਤੀ ਖ਼ਾਸ ਤੌਰ 'ਤੇ ਸਾਫ਼ ਨਜ਼ਰ ਆਈ। ਆਪਣੀ ਸਰਕਾਰ ਨੂੰ 'ਮਜ਼ਦੂਰਾਂ ਦੇ ਨਾਲ ਖੜ੍ਹੀ' ਦੱਸਦੇ ਹੋਏ, 'ਹਰ ਮਜ਼ਦੂਰ ਦੀ ਸੁਰੱਖਿਆ' ਅਤੇ 'ਉਚਿਤ ਮਿਹਨਤਾਨੇ' ਦਾ ਭਰੋਸਾ ਦੇਣ ਦੇ ਨਾਲ-ਨਾਲ ਉਹ ਇਹ ਵੀ ਕਹਿ ਰਹੇ ਸਨ ਕਿ ਸਾਜ਼ਿਸ਼ਾਂ ਰਾਹੀਂ ਵਿਕਾਸ ਅਤੇ ਅਮਨ ਦੇ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਵੇਲੇ ਉਹ ਮਜ਼ਦੂਰਾਂ ਦੇ ਫ਼ਾਇਦੇ ਦੀਆਂ ਗੱਲਾਂ ਕਰ ਰਹੇ ਸਨ, ਉਸੇ ਵੇਲੇ ਉਹ ਇਸ ਪ੍ਰਦਰਸ਼ਨ ਨੂੰ 'ਸ਼ਹਿਰੀ ਨਕਸਲੀਆਂ' ਅਤੇ ਭਾਰਤ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰਨ ਵਰਗੀਆਂ ਬਾਹਰੀ ਤਾਕਤਾਂ, ਸਣੇ ਪਾਕਿਸਤਾਨੀ ਤੱਤਾਂ ਨਾਲ ਜੋੜ ਰਹੇ ਸਨ। ਇਸ ਦੋਹਰੀ ਚਾਲ ਦਾ ਸਿਆਸੀ ਫ਼ਾਇਦਾ ਇਹ ਹੋਇਆ ਕਿ ਮਜ਼ਦੂਰਾਂ ਨੂੰ ਜ਼ੁਬਾਨੀ ਤੌਰ 'ਤੇ ਤਾਂ ਭਲਾਈ ਦਾ ਭਰੋਸਾ ਮਿਲ ਗਿਆ, ਪਰ ਉਨ੍ਹਾਂ ਦੇ ਅੰਦੋਲਨ ਨੂੰ ਨਜਾਇਜ਼ ਠਹਿਰਾ ਕੇ ਇਸ ਤਰ੍ਹਾਂ ਪੇਸ਼ ਕੀਤਾ ਗਿਆ, ਜਿਵੇਂ ਇਸ ਦੇ ਪਿੱਛੇ ਕੋਈ ਲੁਕਵੇਂ ਲੋਕ ਕੰਮ ਕਰ ਰਹੇ ਹੋਣ। ਦੂਜੇ ਸ਼ਬਦਾਂ ਵਿੱਚ ਸਰਕਾਰ ਦਾ ਮਕਸਦ ਸਿਰਫ਼ ਨਾਰਾਜ਼ ਮਜ਼ਦੂਰਾਂ ਨੂੰ ਮਨਾਉਣਾ ਨਹੀਂ ਸੀ, ਸਗੋਂ ਪੂਰੀ ਕਹਾਣੀ ਨੂੰ ਅਜਿਹਾ ਮੋੜ ਦੇਣਾ ਸੀ ਜਿਸ ਵਿੱਚ ਸਰਕਾਰ ਹਮੇਸ਼ਾ ਮਜ਼ਦੂਰਾਂ ਦੀ ਰਾਖੀ ਕਰਨ ਵਾਲੀ ਦਿਖੇ ਅਤੇ ਮਜ਼ਦੂਰਾਂ ਦਾ ਇਕੱਠੇ ਹੋ ਕੇ ਆਵਾਜ਼ ਚੁੱਕਣਾ ਇੱਕ ਸ਼ੱਕੀ ਅਤੇ ਕਾਨੂੰਨ ਵਿਰੋਧੀ ਕੰਮ ਬਣ ਜਾਵੇ।

ਉੱਤਰ ਪ੍ਰਦੇਸ਼ ਦੇ ਕਿਰਤ ਮੰਤਰੀ ਅਨਿਲ ਰਾਜਭਰ ਨੇ ਇਸ ਬਿਰਤਾਂਤ ਨੂੰ ਹੋਰ ਮਜ਼ਬੂਤ ਕੀਤਾ। ਉਸ ਨੇ ਹਿੰਸਾ ਨੂੰ ਵਿਕਾਸ ਅਤੇ 'ਕਾਨੂੰਨ-ਵਿਵਸਥਾ' ਨੂੰ ਭੰਗ ਕਰਨ ਲਈ ਰਚੀ ਗਈ ਇੱਕ 'ਸੁਚੱਜੀ ਯੋਜਨਾਬੱਧ ਸਾਜ਼ਿਸ਼' ਕਰਾਰ ਦਿੱਤਾ। ਉਸ ਕਿਹਾ ਕਿ ਜਾਂਚ ਏਜੰਸੀਆਂ ਇਸ ਵਿੱਚ ਸੰਭਾਵਿਤ ਪਾਕਿਸਤਾਨੀ ਕੜੀ ਦੀ ਜਾਂਚ ਕਰ ਰਹੀਆਂ ਹਨ। ਉਸ ਨੇ ਮੇਰਠ ਅਤੇ ਨੋਇਡਾ ਵਿੱਚ ਹਾਲ ਹੀ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁਝ ਕਥਿਤ ਅੱਤਵਾਦੀਆਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਦੇ ਪਾਕਿਸਤਾਨੀ ਹੈਂਡਲਰਾਂ ਨਾਲ ਸੰਬੰਧ ਹੋਣ ਦੇ ਦਾਅਵੇ ਕੀਤੇ ਗਏ ਸਨ।

ਇਸ ਤਰ੍ਹਾਂ ਅੰਦੋਲਨ ਨੂੰ ਉਦਯੋਗਿਕ ਮਸਲਿਆਂ ਦੀ ਹੱਦ ਤੋਂ ਬਾਹਰ ਕੱਢ ਕੇ ਅਸਥਿਰਤਾ, ਰਾਸ਼ਟਰ-ਵਿਰੋਧੀ ਖ਼ਤਰੇ ਅਤੇ ਤੋੜ-ਫੋੜ ਦੇ ਇੱਕ ਵੱਡੇ ਬਿਰਤਾਂਤ ਨਾਲ ਜੋੜ ਦਿੱਤਾ ਗਿਆ। ਉਸ ਦਾ ਇਹ ਕਹਿਣਾ ਕਿ ਇਹ ਪ੍ਰਦਰਸ਼ਨ ਜਾਣ-ਬੁੱਝ ਕੇ ਸੂਬਾਈ ਲੀਡਰਸ਼ਿਪ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਾਉਣ ਲਈ ਕੀਤੇ ਗਏ ਹੋ ਸਕਦੇ ਹਨ, ਇਸ ਗੱਲ ਵੱਲ ਸੰਕੇਤ ਕਰਦਾ ਸੀ ਕਿ ਸਰਕਾਰ ਇਸ ਘਟਨਾ ਨੂੰ ਸਿਰਫ਼ ਮਜ਼ਦੂਰਾਂ ਦੇ ਗੁੱਸੇ ਦੇ ਵਿਸਫੋਟ ਵਜੋਂ ਨਹੀਂ, ਸਗੋਂ ਇੱਕ ਅਜਿਹੀ ਸਿਆਸੀ ਘਟਨਾ ਵਜੋਂ ਪੇਸ਼ ਕਰ ਰਹੀ ਸੀ, ਜੋ ਸਿੱਧੇ ਤੌਰ 'ਤੇ ਮੌਜੂਦਾ ਹਕੂਮਤ ਦੇ ਵਕਾਰ, ਅਥਾਰਟੀ (ਤਾਕਤ) ਅਤੇ ਵਿਕਾਸਵਾਦੀ ਅਕਸ ਨੂੰ ਪ੍ਰਭਾਵਿਤ ਕਰਦੀ ਸੀ।

ਮੁੱਖ ਮੰਤਰੀ ਆਦਿੱਤਿਆਨਾਥ ਨੇ ਇਸੇ ਗੱਲ ਨੂੰ ਹੋਰ ਅੱਗੇ ਵਧਾਉਂਦਿਆਂ ਚੇਤਾਵਨੀ ਦਿੱਤੀ ਕਿ ਇਹ ਪ੍ਰਦਰਸ਼ਨ ਨਕਸਲਵਾਦ ਨੂੰ ਮੁੜ ਸੁਰਜੀਤ ਕਰਨ ਦੀ ਕਿਸੇ ਕੋਸ਼ਿਸ਼ ਦਾ ਹਿੱਸਾ ਹੋ ਸਕਦੇ ਹਨ, ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਮਾਓਵਾਦੀ ਬਗ਼ਾਵਤ ਹੁਣ ਲੱਗਭੱਗ ਖ਼ਤਮ ਹੋਣ ਦੇ ਕਿਨਾਰੇ ਹੈ। ਇੱਕ ਉੱਚ-ਪੱਧਰੀ ਸਮੀਖਿਆ ਬੈਠਕ ਦੀ ਪ੍ਰਧਾਨਗੀ ਕਰਨ ਤੋਂ ਬਾਅਦ, ਉਨ੍ਹਾਂ ਕਿਹਾ ਕਿ ਕੁਝ ਪ੍ਰਦਰਸ਼ਨਾਂ ਵਿੱਚ ਗੁੰਮਰਾਹਕੁੰਨ ਅਤੇ ਵਿਘਨਕਾਰੀ ਅੰਸ਼ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੱਲਬਾਤ ਵਿੱਚ ਸਿਰਫ਼ 'ਅਸਲ ਮਜ਼ਦੂਰਾਂ' ਨੂੰ ਹੀ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਬਾਹਰੀ ਲੋਕ ਅਕਸਰ ਮਜ਼ਦੂਰ ਆਗੂਆਂ ਦਾ ਰੂਪ ਧਾਰ ਕੇ ਅਜਿਹੇ ਅੰਦੋਲਨਾਂ ਵਿੱਚ ਘੁਸਪੈਠ ਕਰ ਲੈਂਦੇ ਹਨ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਉਦਯੋਗਿਕ ਖੇਤਰਾਂ ਵਿੱਚ ਖ਼ੁਫ਼ੀਆ ਤੰਤਰ (ਇੰਟੈਲੀਜੈਂਸ ਨੈੱਟਵਰਕ) ਨੂੰ ਮਜ਼ਬੂਤ ਕਰਨ, ਸਖ਼ਤ ਨਿਗਰਾਨੀ ਰੱਖਣ ਅਤੇ ਅਰਾਜਕਤਾ (ਬਦਅਮਨੀ) ਫੈਲਾਉਣ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ। ਜੇਕਰ ਇਨ੍ਹਾਂ ਘਟਨਾਵਾਂ ਅਤੇ ਕਦਮਾਂ ਨੂੰ ਜੋੜ ਕੇ ਦੇਖਿਆ ਜਾਵੇ, ਤਾਂ ਇਹ ਸਾਫ਼ ਹੁੰਦਾ ਹੈ ਕਿ ਸਰਕਾਰ ਦਾ ਮਕਸਦ ਤੁਰੰਤ ਪੈਦਾ ਹੋਈ ਸਥਿਤੀ ਨੂੰ ਸ਼ਾਂਤ ਕਰਨ ਤੋਂ ਇਲਾਵਾ ਕੁਝ ਹੋਰ ਵੀ ਸੀ। ਇਸ ਨੇ ਇੱਕੋ ਸਮੇਂ ਮਜ਼ਦੂਰਾਂ ਨੂੰ ਸੀਮਤ ਰਾਹਤ ਵੀ ਦਿੱਤੀ ਅਤੇ ਨਾਲ ਹੀ ਉਨ੍ਹਾਂ ਮਜ਼ਦੂਰਾਂ ਨੂੰ ਅਨੁਸ਼ਾਸਨ ਦੇ ਘੇਰੇ ਵਿੱਚ ਰੱਖਣ ਦੀ ਕੋਸ਼ਿਸ਼ ਵੀ ਕੀਤੀ ਜਿਹੜੇ ਕਾਨੂੰਨੀ ਤੇ ਵਾਜਬ ਤੌਰ 'ਤੇ ਹੋਰ ਮਜ਼ਦੂਰਾਂ ਦੀ ਆਵਾਜ਼ ਬਣ ਸਕਦੇ ਸਨ। ਇਸ ਤਰ੍ਹਾਂ ਮਜ਼ਦੂਰਾਂ ਦੇ ਪ੍ਰਦਰਸ਼ਨ ਨੂੰ ਨਿਗਰਾਨੀ, ਸੁਰੱਖਿਆ ਅਤੇ ਸਿਆਸੀ ਨਿਯੰਤਰਣ ਦੇ ਇੱਕ ਵੱਡੇ ਢਾਂਚੇ ਵਿੱਚ ਸਮੇਟ ਦਿੱਤਾ ਗਿਆ।

(ਬਾਕੀ ਆਉਂਦੇ ਐਤਵਾਰਤਾ 'ਚ)

### ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

# ਮਾਰਕਸ : ਦਾਰਸ਼ਨਿਕ, ਅਰਥ ਸ਼ਾਸਤਰੀ ਅਤੇ ਇਤਿਹਾਸਕਾਰ

ਕਿਸ਼ਤ-5

**ਜਗਰੂਪ**

1) ਮਾਰਕਸਵਾਦੀ ਸਿੱਖਿਆ, ਉਸ ਦੇ ਪਦਾਰਥਵਾਦੀ ਦਰਸ਼ਨ ਵਾਂਗ ਸਰਬ-ਵਿਆਪੀ ਅਤੇ ਸਰਬ-ਸ਼ਕਤੀਮਾਨ ਹੈ। ਉਸ ਦੀਆਂ ਖੋਜਾਂ ਅਤੇ ਕਾਢਾਂ ਅਦੁੱਤੀ ਹਨ। ਹਰ ਨਵੀਂ ਖੋਜ, ਨਵੀਂ ਕਾਢ ਦਾ ਵਿਖਿਆਨ ਬਣਦੀ ਹੈ। ਕਿਸੇ ਇਕ ਖੋਜ ਨਾਲ ਹੀ ਕੋਈ ਮਨੁੱਖ ਮਹਾਨ ਹੋ ਜਾਂਦਾ ਹੈ।ਮਨੁੱਖ ਜਾਤੀ ਦੇ ਭਲੇ ਲਈ ਮਾਰਕਸ ਦੀ ਖੋਜੀ ਦੇਣ ਕਿਤੇ ਵਡੇਰੀ ਹੈ।

ਉਸ ਨੂੰ ਕਬਰ ਵਿਚ ਪਾਉਣ ਸਮੇਂ, ਕਬਰ ਸਿਰਾਹਣੇ ਖੜੇ ਹੋ ਕੇ, ਉਸ ਦੇ ਸਿਧਾਂਤਕ ਅਤੇ ਸਭ ਤੋਂ ਵਧੇਰੇ ਜਾਣੂੰ, ਨੇੜਲੇ ਮਿੱਤਰ ਫਰੈਡਰਿਕ ਏਂਗਲਜ਼ ਨੇ ਜੋ ਕਿਹਾ, ਉਹ ਅਮਿੱਟ, ਅਦੁੱਤੀ ਅਤੇ ਅਰਥ-ਭਰਪੂਰ ਸੀ।

ਉਸ ਨੇ ਕਿਹਾ ; ਜਿਵੇਂ ਅਕਸਰ ਕਿਹਾ ਜਾਂਦਾ ਹੈ:

'ਉਹ ਇਕ ਦਾਰਸ਼ਨਿਕ ਹੈ, ਇਕ ਅਰਥ ਸ਼ਾਸਤਰੀ ਹੈ, ਇੱਕ ਇਤਿਹਾਸਕਾਰ ਹੈ...... ਨਹੀਂ.. ਉਹ ਇੱਕ ਵਿਗਿਆਨੀ (scientist) ਹੈ....ਨਹੀਂ, ਨਹੀਂ... ਇਹ ਤੇ ਉਸ ਸਭ ਕੁਝ ਦਾ ਅੱਧ ਵੀ ਨਹੀਂ, ਉਹ ਇੱਕ ਇਨਕਲਾਬ-ਵਿਗਿਆਨੀ (revolutionist) ਹੈ।'

* ਧਿਆਨ ਵਿੱਚ ਰਹੇ ਬਹੁਤ ਸਾਰੇ ਬੁੱਧੀਮਾਨ; ਇਨਕਲਾਬੀ (revolutionary) ਅਤੇ ਇਨਕਲਾਬ-ਵਿਗਿਆਨੀ (revolutionist ) ਸ਼ਬਦਾਂ ਨੂੰ ਇੱਕ ਸਮਾਨ ਕਰ ਦਿੰਦੇ ਹਨ, ਜੋ ਵੱਡੇ ਵਿਗਾੜਾਂ ਨੂੰ ਜਨਮ ਦਿੰਦਾ ਹੈ।

* ਉਸ ਨੇ ਦਰਸ਼ਨ ਵਿਚ ਇਨਕਲਾਬ ਕੀਤਾ।ਉਸ ਦਾ ਦਰਸ਼ਨ ਪਦਾਰਥਵਾਦ ਹੈ।

* ਮੁੱਲ ਦੇ ਕਿਰਤ ਸਿਧਾਂਤ ਨਾਲ, ਰਾਜਸੀ ਆਰਥਿਕਤਾ ਨੂੰ ਵਿਗਿਆਨ ਬਣਾ ਦਿੱਤਾ।

* ਵਾਧੂ-ਮੁੱਲ ਦੇ ਘਟਦੇ ਰੁਝਾਨ ਨਾਲ ਸਰਮਾਏ ਦਾ ਸਵੈ ਖਾਤਮਾ ਅਤੇ ਬਦਲ ਵਿਚ ਇਕ ਉਚੇਰੇ ਸਮਾਜਿਕ-ਪ੍ਰਬੰਧ ਦੇ ਉਭਰਨ ਦੀ ਅਟੱਲਤਾ ਦਰਸਾ ਦਿੱਤੀ।

* 'ਉਜਰਤੀ ਕਿਰਤ' ਦੇ ਜਿਣਸ ਉਤਪਾਦਨ ਦੇ ਖਾਤਮੇ ਦੇ ਵਿਗਿਆਨਕ ਨਾਹਰੇ ਨਾਲ, ਵਿਗਿਆਨਕ-ਸਮਾਜਵਾਦ ਅਤੇ ਵਿਕਸਤ ਰੂਪ ਵਿਚ ਸਾਂਝੀਵਾਲ-ਸਮਾਜ ਦੇ ਦਰਸ਼ਨ ਨਾਲ, ਵਿਗਿਆਨਕ-ਸਾਂਝੀਵਾਲਤਾ ਦੇ ਸਿਧਾਂਤ ਦਾ ਪਿਤਾਮਾ ਬਣ ਗਿਆ।

ਆਓ ਪਿੱਛਲਖੁਰੀ ਦੇ ਢਾਉ ਪੱਖ 'ਤੇ ਕਾਬੂ ਪਾਉਣ ਲਈ ਇਸ ਨੂੰ ਵਿਸਥਾਰ ਵਿਚ ਦੇਖੀਏ, ਪਰਖੀਏ ਤਾਂ ਕਿ 'ਲੁਕਮੇ, ਗੈਰ-ਮਾਰਕਸਵਾਦੀਆਂ' ਦੀਆਂ ਕੁਚਾਲਾਂ ਪੁਛਾੜ ਸਕੀਏ ਮਾਰਕਸ ਨੇ ਹੀਗਲ ਦੇ 'ਦਾਰਸ਼ਨਿਕ-ਵਿਚਾਰਵਾਦ' ਅਤੇ ਫਿਉਰਬਾਖ ਦੇ 'ਅਧਿਆਤਮਵਾਦੀ-ਪਦਾਰਥਵਾਦ' ਦੀਆਂ ਕਮੀਆਂ ਨੂੰ ਦੂਰ ਕਰਦਿਆਂ, ਨਵਾਂ ਦਰਸ਼ਨ

'ਪਦਾਰਥਵਾਦ-ਦਵੰਦਵਾਦੀ' ਖੋਜਿਆ, ਬਿਆਨਿਆ, ਜਿਸ ਨਾਲ ਮਨੁੱਖ ਜਾਤੀ ਅੱਗੇ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਦਾ ਰਾਹ ਖੁੱਲ੍ਹ ਗਿਆ। ਉਸ ਨੇ ਇਕੋ ਬੁਨਿਆਦੀ ਝਟਕੇ ਨਾਲ ਮਹਾਨ ਦਾਰਸ਼ਨਿਕ ਹੀਗਲ ਦੇ 'ਦਾਰਸ਼ਨਿਕ-ਵਿਚਾਰਵਾਦ' ਨੂੰ ਪਦਾਰਥਵਾਦੀ ਦਰਸ਼ਨ ਵਿਚ ਪਲਟ ਦਿੱਤਾ ਅਤੇ ਬਾਕੀ (ਉਸ ਦੀ ਮਹਾਨ ਦੇਣ) ; ਵਿਰੋਧਵਿਕਾਸ ਨੂੰ ਸਮੁੱਚੇ ਰੂਪ ਵਿਚ ਅਪਣਾ ਲਿਆ ਅਤੇ ਪਦਾਰਥਵਾਦ ਨਾਲ ਸੁਮੇਲਿਆ ਤੇ ਅਮੀਰ ਕੀਤਾ।

ਮਾਰਕਸ ਨੇ ਹੀਗਲ ਦੇ ਅਤੇ ਆਪਣੇ ਦਵੰਦਵਾਦੀ ਢੰਗ ਬਾਰੇ ਲਿਖਿਆ :

'ਮੇਰਾ ਵਿਰੋਧਵਿਕਾਸੀ ਢੰਗ ਹੀਗਲਵਾਦੀ ਢੰਗ ਤੋਂ ਇਹੋ ਨਹੀਂ ਕਿ ਵੱਖਰਾ ਹੈ, ਸਗੋਂ ਠੀਕ ਇਹਦਾ ਉਲਟ ਹੈ। ਹੀਗਲ ਲਈ, ਮਨੁੱਖੀ ਦਿਮਾਗ ਦਾ ਜੀਵਨ-ਅਮਲ ਅਰਥਾਤ ਚਿੰਤਨ ਦਾ ਅਮਲ, ਜੀਹਨੂੰ 'ਵਿਚਾਰ' ਦੇ ਨਾਂਅ ਨਾਲ ਉਹਨੇ ਇਕ ਸੁਤੰਤਰ ਕਰਤਾ ਤੱਕ ਬਣਾ ਸੁੱਟਿਆ ਹੈ, ਉਹ ( the idea) ਅਸਲ ਸੰਸਾਰ ਨੂੰ ਘੜਨ ਵਾਲਾ

(demiurgos) ਹੈ ਅਤੇ ਅਸਲ ਸੰਸਾਰ 'ਵਿਚਾਰ' ਦਾ ਬਾਹਰਲਾ ਵਰਤਾਰੇ ਸੰਬੰਧੀ ਰੂਪ ਹੀ ਹੈ। ਇਸ ਤੋਂ ਉਲਟ, ਮੇਰੇ ਲਈ ਵਿਚਾਰ (ideal) ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਕਿ ਪਦਾਰਥਕ ਜਗਤ ਮਨੁੱਖੀ ਮਨ ਵਿੱਚ ਪ੍ਰਤਿਬਿੰਬਤ ਹੁੰਦਾ ਹੈ ਅਤੇ ਚਿੰਤਨ ਦੇ ਰੂਪਾਂ ਵਿੱਚ ਬਦਲ ਜਾਂਦਾ ਹੈ।'

ਇੰਜ; ਹੀਗਲ 'ਵਿਚਾਰ' (the idea) ਤੋਂ ਪਦਾਰਥ (ਸੰਸਾਰ) ਦੀ ਰਚਨਾ ਨਾਲ ਅਰੰਭ ਕਰਦਾ ਸੀ ।ਉਸ ਅਨੁਸਾਰ, 'ਅਦਰਸ਼ (the Ideal) ਦੀ ਹੋਂਦ ਪਹਿਲਾਂ ਮੌਜੂਦ ਹੈ, ਉਸ ਨੇ ਪਦਾਰਥ, ਗਤੀ, ਪੁਲਾੜ, ਸਮਾਂ ਆਦਿ ਨੂੰ ਸਿਰਜਿਆ ਹੈ।'

ਇੰਜ ਉਹ (ਹੀਗਲ) ਵਿਚਾਰ ਨੂੰ ਰਹੱਸ ਬਣਾ ਦਿੰਦਾ ਹੈ, ਜਿਸ (ਰਹੱਸ) ਨੂੰ ਜਾਣਿਆ ਨਹੀਂ ਜਾ ਸਕਦਾ। ਉਸ ਨੂੰ ਬਦਲਿਆ ਨਹੀਂ ਜਾ ਸਕਦਾ।

ਇਸ ਦੇ ਉਲਟ; ਮਾਰਕਸ, ਪਦਾਰਥ (ਪਦਾਰਥਕ-ਹਰਕਤ ਦੀ ਉਪਜ) ਤੋਂ ਵਿਚਾਰ ਦੇ ਅਰੰਭ ਵੱਲ ਵਧਦਾ ਹੈ। ਪਦਾਰਥਕ-ਹਰਕਤ ਨੂੰ ਜਾਣਿਆ ਜਾ ਸਕਦਾ ਹੈ, ਅਤੇ ਇਸ ਨੂੰ ਬਦਲਿਆ ਜਾ ਸਕਦਾ ਹੈ।

* ਪਦਾਰਥ ਦੀ ਸਦੀਵੀ-ਹੋਂਦ ਦੇ ਸਬੂਤ 'ਪੁਲਾੜ' ਅਤੇ 'ਸਮਾਂ' ਹਨ। ਕੋਈ ਵਸਤ ਵਰਤਾਰਾ ਪੁਲਾੜ ਤੇ ਸਮੇਂ ਤੋਂ ਬਾਹਰੀ ਨਹੀਂ ਹੁੰਦਾ।ਪਦਾਰਥਕ ਹਰਕਤ

(ਗਤੀ) ਦਵੰਦਵਾਦੀ ਹੈ।

ਇਸ ਤਰ੍ਹਾਂ ਕਾਰਲ ਮਾਰਕਸ ਨੇ 'ਦਾਰਸ਼ਨਿਕ-ਇਨਕਲਾਬ', ਪਦਾਰਥਵਾਦ ਦਾ ਮੁੱਢ ਬੰਨ੍ਹਿਆ। 'ਸੂਝ ਦੀ ਸਿਖਰ' ਨੂੰ ਦਰਸ਼ਨ ਸੱਦਿਆ ਜਾਂਦਾ ਹੈ। ਮਾਰਕਸ ਨੇ 'ਸੂਝ ਦੀ ਸਿਖਰ', ਪਦਾਰਥਵਾਦੀ ਦਰਸ਼ਨ ਨੂੰ, ਪੁਰਾਣੇ ਪਦਾਰਥਵਾਦ ਨਾਲੋਂ ਨਿਖੇੜ ਕੇ ਪਦਾਰਥਵਾਦ ਦਾ ਦਵੰਦਵਾਦ ਨਾਲ ਸੁਮੇਲ ਕਰਦਿਆਂ ਨਵਾਂ ਆਧਾਰ ਹੀ ਨਹੀਂ ਦਿੱਤਾ, ਸਗੋਂ ਬੁਲੰਦੀਆਂ ਉਤੇ ਪਹੁੰਚਣ ਦਾ ਰਾਹ ਖੋਹਲ ਦਿੱਤਾ।

ਇਸ ਦਾ ਦਾਇਰਾ ਅੱਗੇ ਵਧਾਉਂਦਿਆਂ, ਸਮਾਜਕ ਖੇਤਰ 'ਤੇ ਲਾਗੂ ਕਰਦਿਆਂ, ਉਸ ਨੇ ਫਿਉਰਬਾਖ ਬਾਰੇ ਥੀਸਿਸ (3/11) ਵਿਚ ਲਿਖਿਆ ;

'ਇਹ ਪਦਾਰਥਵਾਦੀ ਮੱਤ ਕਿ ਮਨੁੱਖ ਪਰਿਸਥਿਤੀਆਂ ਅਤੇ ਪਾਲਣ ਪੋਸ਼ਣ ਦੀ ਉਪਜ ਹਨ ਅਤੇ ਇਹ ਕਿ ਇਸੇ ਲਈ, ਬਦਲੇ ਹੋਏ ਮਨੁੱਖ ਹੋਰਨਾਂ ਪਰਿਸਥਿਤੀਆਂ ਅਤੇ ਬਦਲੇ ਹੋਏ ਪਾਲਣ ਪੋਸ਼ਣ ਦੀ ਉਪਜ ਹਨ, ਇਹ ਭੁੱਲਦਾ ਹੈ ਕਿ ਇਹ ਮਨੁੱਖ ਹੀ ਹਨ ਜਿਹੜੇ ਪਰਿਸਥਿਤੀਆਂ ਨੂੰ ਬਦਲਦੇ ਹਨ, ਅਤੇ ਇਹ ਕਿ ਸਿੱਖਿਅਕ ਲਾਜ਼ਮੀ ਤੌਰ 'ਤੇ ਖੁਦ ਵੀ ਸਿੱਖਿਅਤ ਹੋਵੇ।...

ਬਦਲਦੀਆਂ ਪਰਿਸਥਿਤੀਆਂ ਅਤੇ ਮਨੁੱਖੀ ਸਰਗਰਮੀ ਦੇ ਇੱਕੋ ਵੇਲੇ ਵਾਪਰਨ ਨੂੰ ਸਿਰਫ ਇਨਕਲਾਬਕਾਰੀ ਅਮਲ ਵਜੋਂ ਹੀ ਕਲਪਿਆ ਤੇ ਤਰਕ ਪੂਰਨ ਢੰਗ ਨਾਲ ਸਮਝਿਆ ਜਾ ਸਕਦਾ ਹੈ।'

ਅਤੇ ਥੀਸਿਸ (11) ਵਿਚ ਦਰਜ ਕੀਤਾ, ਜੋ ਭਵਿੱਖੀ ਸਰਗਰਮੀ ਲਈ ਰਾਹ ਦਸੇਰਾ ਹੋ ਗਿਆ;

* 'ਦਾਰਸ਼ਨਿਕਾਂ ਨੇ ਵੱਖ-ਵੱਖ ਢੰਗਾਂ ਨਾਲ ਦੁਨੀਆ ਦੀ ਕੇਵਲ ਵਿਆਖਿਆ ਕੀਤੀ ਹੈ, ਪਰ ਅਸਲ ਨੁਕਤਾ ਇਸ ਨੂੰ ਤਬਦੀਲ ਕਰਨਾ ਹੈ।'

ਇਹੀ ਨੁਕਤਾ ਸੀ ਜੋ ਜਰਮਨ ਦਰਸ਼ਨ-ਸ਼ਾਸਤਰ ਨਾਲੋਂ, 'ਚੇਤਨ-ਵਿਰੋਧਵਿਕਾਸ' ਨੂੰ ਵਖਰਾਉਂਦਾ ਹੈ, ਜਿਸ ਨੂੰ ਲੈਨਿਨ ਕਹਿੰਦਾ ਹੈ;

* 'ਵਿਰੋਧਵਿਕਾਸ ਬੀਤੇ ਦਾ ਹੀ ਨਹੀਂ, ਸਗੋਂ ਭਵਿੱਖ ਦਾ ਵੀ'। ਚੇਤਨ-ਵਿਰੋਧਵਿਕਾਸ ਨੂੰ ਉਹ 'ਜੀਵਤ ਰਾਹ-ਦਸੇਰਾ' (Living guide to action) ਸੱਦਦਾ ਹੈ।

* 'ਚੇਤਨ-ਵਿਰੋਧਵਿਕਾਸ' ਦੀ ਸਮਝਦਾਰੀ ਬਗੈਰ ਭਵਿੱਖ ਦੇ ਸਮਾਜਕ ਬਦਲਾਓ ਦਾ ਇਨਕਲਾਬੀ-

ਪ੍ਰੋਗਰਾਮ ਬਣਾਉਣਾ ਅਸੰਭਵ ਹੈ, ਜਦ ਕਿ ਇਸ ਸਮਝਦਾਰੀ ਨਾਲ ਅਸੰਭਵ, ਸੰਭਵ ਵਿਚ ਹੀ ਨਹੀਂ, ਸਗੋਂ ਇਨਕਲਾਬੀ ਸੰਭਾਵਨਾ ਵਿਚ ਬਦਲ ਗਿਆ। ਚੇਤਨ-ਵਿਰੋਧਵਿਕਾਸੀ ਬਦਲਾਓ ਦੌਰ ਵਿਚ ਵੀਹ ਵਰ੍ਹਿਆਂ ਦਾ ਕੰਮ ਇਕੋ ਦਿਨ ਵਿਚ ਨਿੱਬੜ ਜਾਂਦਾ ਹੈ। ਮਾਰਕਸ ਨੇ ਇਕ ਖ਼ਤ

(9/4/1863) ਵਿਚ ਏਂਗਲਜ਼ ਨੂੰ ਲਿਖਿਆ : '.. That in developments of such magnitude twenty years are no more than a day—though later on days may come again comprising twenty years .'

2) ਮਾਰਕਸ ਨੇ ਆਪਣੀ ਇਸ ਦਾਰਸ਼ਨਿਕ ਲੱਭਣ ਨੂੰ ਸਮਾਜ 'ਤੇ ਢੁਕਾਇਆ ਤਾਂ ਇਤਿਹਾਸ ਨੂੰ ਪਦਾਰਥਵਾਦੀ ਵਿਖਿਆਨ ਮਿਲਿਆ, ਜਿਸ ਨੂੰ ਅਕਸਰ ਹੀ 'ਇਤਿਹਾਸਕ ਪਦਾਰਥਵਾਦ' ਕਰਕੇ ਪੜ੍ਹਿਆ, ਵਿਚਾਰਿਆ ਜਾਂਦਾ ਹੈ।


'ਪਦਾਰਥਵਾਦ-ਵਿਰੋਧਵਿਕਾਸੀ', ਹਰ ਵਸਤ-ਵਰਤਾਰੇ ਨੂੰ 'ਉਲਟਾ ਦੀ ਏਕਤਾ ਅਤੇ ਸੰਘਰਸ਼' ਦੇ ਨੇਮ ਰਾਹੀਂ ਪੜਚੋਲਦਾ ਹੈ।

ਜਦੋਂ ਕਿ 'ਦਾਰਸ਼ਨਿਕ-ਵਿਚਾਰਵਾਦ' (ਹੀਗਲਵਾਦ)

ਵਸਤ-ਵਰਤਾਰੇ ਨੂੰ 'ਅਦਰਸ਼ਵਾਦ' (Idealism) ਦੇ ਰਹੱਸ ਹੇਠ, ਆਸਥਾ ਧਾਰਨੀ (ਆਸਤਕ) ਬਣਾ ਦਿੰਦਾ ਹੈ, ਨਾਲ ਹੀ ਪੜਚੋਲ ਤੋਂ ਮੁਕਤ ਕਰਦਿਆਂ, ਬਦਲਾਓ ਰਹਿਤ ਬਣਾ ਦਿੰਦਾ ਹੈ। ਆਸਥਾ ਦੀ ਪੜਚੋਲ ਕੀ ਅਤੇ ਕਿਵੇਂ ਹੋਵੇ ? ਇਹ ਸੰਭਵ ਹੀ ਨਹੀਂ ।ਇਹੀ, ਹੀਗਲ ਦੇ ਦਾਰਸ਼ਨਿਕ ਵਿਚਾਰਵਾਦ ਦਾ ਵਿਰੋਧਾਭਾਸ ਸੀ, ਜਿਸ ਨੇ ਹੀਗਲਵਾਦੀਆਂ ਵਿੱਚੋਂ ਨੌਜਵਾਨ ਹੀਗਲਵਾਦੀਆਂ ਨੂੰ ਭਿੰਨ ਕਰ ਦਿੱਤਾ ਸੀ। ਉਹ ਆਸਥਾ ਦੀ ਥਾਂ ਨਾਸਤਕਤਾ ਤੱਕ ਚਲੇ ਗਏ, ਧੜਾਧੜ ਫਿਉਰਬਾਖਵਾਦੀ ਬਨਣ ਲੱਗੇ।

ਫਿਉਰਬਾਖ ਦਾ 'ਅਧਿਆਤਮਵਾਦ' ਜੋ

'ਦਾਰਸ਼ਨਿਕ ਵਿਚਾਰਵਾਦ' ਦੀ ਆਸਥਾ ਦਾ ਸਿੱਧਾ ਵਿਰੋਧੀ, 'ਨਾਸਤਕਵਾਦ' ਹੈ। ਜੋ 'ਚੱਕਰੀ ਗੇੜ' ਦੀ ਸਰਗਰਮੀ (ਗਤੀ) ਦਾ ਧਾਰਨੀ ਹੈ। ਉਹ ਚੱਕਰ ਦਾ ਉਲੰਘਣ ਨਹੀਂ ਕਰਦਾ, ਸਭ ਚੱਕਰੀ ਗੇੜ ਹੈ; ਕੋਈ ਛੋਟਾ ਅਤੇ ਕੋਈ ਵੱਡਾ, ਬਸ ਚੱਕਰ ਹੈ। ਇਸ (ਚੱਕਰ) ਵਿਚ ਵੀ ਬਦਲਾਓ ਦੀ ਗੁੰਜਾਇਸ਼ ਨਹੀਂ ਹੈ। ਚੱਕਰ ਦੁਹਰਾਓ ਹੈ ! ਇੰਜ ਇਹ ਦੋਵੇਂ ਦਰਸ਼ਨ ਸੰਸਾਰ ਦੀ ਵੱਖ-ਵੱਖ ਤਰ੍ਹਾਂ ਕੇਵਲ ਵਿਆਖਿਆ ਕਰਦੇ ਹਨ। ਜਦੋਂ ਕਿ ਮਾਰਕਸ ਦਾ ਦਰਸ਼ਨ (ਪਦਾਰਥਵਾਦ) ਬਦਲਾਓ ਉਤੇ ਕੇਂਦਰਤ ਕਰਦਾ ਹੈ।



ਜਿਵੇਂ ਮਨੁੱਖੀ ਗਿਆਨ, ਪ੍ਰਕਿਰਤੀ ਦੀ ਸੁਤੰਤਰ ਹਰਕਤ ਦਾ ਪ੍ਰਤੀਬੰਬ ਹੈ, ਉਵੇਂ ਮਨੁੱਖ ਦਾ ਸਮਾਜਕ-ਗਿਆਨ (ਉਹਦੇ ਵੱਖ-ਵੱਖ ਵਿਚਾਰ, ਦਾਰਸ਼ਨਿਕ, ਧਾਰਮਕ, ਰਾਜਸੀ ਆਦਿ) ਆਰਥਕ-ਸੰਬੰਧਾਂ (ਪੈਦਾਵਾਰ, ਵੰਡ, ਵਟਾਂਦਰੇ) ਦਾ ਪ੍ਰਤੀਬੰਬਣ, ਸਮਾਜਕ-ਸੰਬੰਧ ਹੈ। ਆਰਥਕ-ਸੰਬੰਧ ਹੀ ਸਮਾਜਕ ਸੰਬੰਧਾਂ ਦਾ ਰੂਪ ਧਾਰਦੇ ਹਨ।

* ਆਰਥਕ-ਸੰਬੰਧ ਆਧਾਰ ਹੈ, ਜਿਸ ਦੇ ਉਪਰ ਸਮਾਜਕ ਸੰਬੰਧ (ਵੱਖ-ਵੱਖ ਵਿਚਾਰ; ਦਾਰਸ਼ਨਿਕ, ਧਾਰਮਕ, ਰਾਜਸੀ ਆਦਿ) ਦਾ ਉਸਾਰ ਹੈ।

* ਆਧਾਰ ਬਦਲਣ ਨਾਲ ਉਸਾਰ ਬਦਲ ਜਾਂਦਾ ਹੈ। ਉਸਾਰ, ਆਧਾਰ ਨੂੰ ਬਦਲਦਾ ਨਹੀਂ, ਕੇਵਲ ਪ੍ਰਭਾਵਤ (ਮੱਠਾ, ਤੇਜ਼) ਕਰਦਾ ਹੈ।ਉਸਾਰ ਬਣਿਆ ਰਹਿਣ ਲਈ ਸਰਗਰਮੀ ਕਰਦਾ ਹੈ।

* ਮਾਰਕਸ ਨੇ ਕੁਦਰਤ ਦੇ ਬੋਧ ਨੂੰ, ਸਮਾਜ ਦੇ ਬੋਧ ਨਾਲ ਸੁਮੇਲਿਆ ਤਾਂ 'ਰਹੱਸਵਾਦ ਅਤੇ ਅਧਿਆਤਮਵਾਦ' ਅੱਗੇ ਖੜੀਆਂ ਚੁਣੌਤੀਆਂ ਨੂੰ, ਹੱਲ ਕਰਨ ਦਾ ਰਾਹ ਮਿਲ ਗਿਆ।

* ਮਾਰਕਸ ਨੇ ਰਾਜਸੀ-ਆਰਥਕਤਾ ਦੀਆਂ ਇਕਾਈਆਂ (ਕਿਰਤ, ਜਿਣਸ, ਮੁੱਲ ਆਦਿ) ਉਤੇ ਦਵੰਦਵਾਦ ਨੂੰ ਢੁਕਾਇਆ ਤਾਂ ਹੱਲ ਮਿਲ ਗਏ।

* ਮਨੁੱਖੀ ਕਿਰਤ ਦਾ ਦਵੰਦਵਾਦ ; ਇਹ ਦੋਹਰੇ ਗੁਣ ਵਾਲੀ (ਠੋਸ ਕਿਰਤ ਤੇ ਅਮੂਰਤ ਕਿਰਤ) ਹੈ।

* 'ਅਮੂਰਤ ਕਿਰਤ' ਕਿਰਤ-ਸ਼ਕਤੀ ਹੈ, ਜਿਸ ਦੀ ਖਪਤ ਸਮੇਂ ਵਿਚ ਹੁੰਦੀ ਹੈ।

* ਕਿਰਤ-ਸ਼ਕਤੀ ਖੁਦ ਇਕ 'ਜਿਣਸ' ਹੈ।ਇਕੋ ਇਕ (ਇਕਹਿਰੀ) ਜਿਣਸ, 'ਮਾਂ-ਜਿਣਸ' ਹੈ।

* 'ਕਿਰਤ ਸ਼ਕਤੀ' ਮੁੱਲ ਸਿਰਜਦੀ ਹੈ ਅਤੇ ਇਹ ਆਪਣੇ ਮੁੱਲ ਤੋਂ ਵਧੇਰੇ ਮੁੱਲ ਸਿਰਜਦੀ ਹੈ।ਇਸ ਦਾ ਆਪਣਾ ਮੁੱਲ; 'ਉਜਰਤ' ਹੈ।

* ਉਜਰਤੀ-ਕਿਰਤ ਦੀ ਉਪਜ 'ਜਿਣਸ' ਹੈ।

ਜਿਣਸ ਦਾ 'ਮੁੱਲ' ਵੀ ਦੋਹਰੇ ਗੁਣ (ਵਰਤੋਂ ਮੁੱਲ ਅਤੇ ਵਟਾਂਦਰਾ ਮੁੱਲ) ਵਾਲਾ ਹੈ ।

* ਠੋਸ ਕਿਰਤ, 'ਵਰਤੋਂ ਮੁੱਲ' (ਠੋਸ ਉਤਪਾਦ)

ਸਿਰਜਦੀ ਹੈ ਅਤੇ ਅਮੂਰਤ-ਕਿਰਤ, ਜਿਣਸ ਵਿਚ 'ਮੁੱਲ' ਜੋੜਦੀ ਹੈ।

* ਠੋਸ ਕਿਰਤ ਦੇ ਰੂਪ ; ਮਨੁੱਖੀ ਸਰੀਰ, ਸੰਦ, ਔਜ਼ਾਰ, ਮਸ਼ੀਨ, ਕੰਪਿਊਟਰ, ਰੋਬੋਟ ਅਤੇ ਬਨੌਟੀ ਬੌਧਕ ਜੰਤਰ (AI devices. ) ਹਨ।

* 'ਅਮੂਰਤ ਕਿਰਤ' ਕਿਰਤੀ ਦੀ ਸ਼ਕਤੀ ਦੀ ਖਪਤ ਹੈ, ਜੋ ਥਕੇਵਾਂ ਬਣਦੀ ਹੈ।ਕਿੰਨੀ ਖ਼ੁਰਾਕ ਤੇ ਅਰਾਮ ਨਾਲ ਇਹ ਮੁੜ ਸਿਰਜਿਤ ਹੋਵੇਗੀ ? ਉਹੀ ਇਸ ਦਾ ਵਟਾਂਦਰਾ ਮੁੱਲ (ਉਜਰਤ) ਹੈ।

ਮਾਰਕਸ ਨੇ ਐਡਮ ਸਮਿਥ ਅਤੇ ਰਿਕਾਰਡੋ ਦੀ ਰਾਜਸੀ ਆਰਥਕਤਾ ਨੂੰ ਦੇਣ ਦਾ ਮੁੱਲ ਪਾਇਆ, ਕਿਰਤ ਦੇ ਮੁੱਲ ਸਿਧਾਂਤ ਨੂੰ ਅੱਗੇ ਵਧਾਇਆ, ਵਿਗਿਆਨਕ ਬਣਾਇਆ।

ਫਰਾਂਸੀਸੀ ਦਾਰਸ਼ਨਿਕ ਤੇ ਅਰਥ-ਵੇਤਾ ਪਰੂਦੋਂ ਨਾਲ (ਮਾਰਕਸ ਦੀਆਂ) ਲੰਮੀਆਂ ਬਹਿਸਾਂ 'ਚੋਂ ਵਿਗਸਦਾ ਗਿਆਨ ਰੰਗ ਲਿਆਇਆ, ਸੱਚ ਨਿੱਖਰਿਆ। ਪਰੂਦੋਂ ਦੇ 'ਮਿੱਥਤ ਮੁੱਲ' ਦੀ ਗੈਰ-ਵਿਗਿਆਨਕ ਧਾਰਨਾ ਦੀ ਥਾਂ ਮਾਰਕਸ ਦੀ ਖੋਜ : 'ਮੁੱਲ ਦਾ ਕਿਰਤ ਸਿਧਾਂਤ' ਵਿਗਿਆਨਕ ਗਿਆਨ ਬਣ ਗਿਆ, ਜਿਸ ਨਾਲ ਮੁੱਲ ਦਾ ਦੋਹਰਾ ਖਾਸਾ ; 'ਵਰਤੋਂ ਮੁੱਲ' ਅਤੇ 'ਮੁੱਲ'

(ਜਿਸ ਨੂੰ 'ਵਟਾਂਦਰਾ ਮੁੱਲ' ਵੀ ਸੱਦਿਆ ਜਾਂਦਾ ਹੈ, ਕਿਉਂਕਿ ਇਹ ਵਟਾਂਦਰੇ ਵਕਤ ਹੀ ਪ੍ਰਗਟ ਹੁੰਦਾ ਹੈ)

ਵਿਚਲਾ ਵਖਰੇਵਾਂ ਸਪੱਸ਼ਟ ਹੋ ਸਕਿਆ।

* ਤਰਕ ਦੇ ਵਿਗਿਆਨ ਨੇ ਰੰਗ ਵਖਾਇਆ : ਕਿਰਤ ਦਾ ਦੋਹਰਾ ਖਾਸਾ; ('ਠੋਸ ਕਿਰਤ ਅਤੇ ਅਮੂਰਤ ਕਿਰਤ') ਦਾ, 'ਮੁੱਲ ਦਾ ਦੋਹਰਾ ਖਾਸਾ';

('ਵਰਤੋਂ ਮੁੱਲ' ਤੇ 'ਮੁੱਲ') ਨਾਲ ਸੰਬੰਧ ਸਥਾਪਤ ਹੋ ਗਿਆ। 'ਠੋਸ ਕਿਰਤ' ਵਰਤੋਂ ਮੁੱਲ ਸਿਰਜਦੀ ਹੈ ਅਤੇ ਅਮੂਰਤ ਕਿਰਤ (ਕਿਰਤ ਸ਼ਕਤੀ) ਦੀ ਖਪਤ ਬਰਾਬਰ ਮੁੱਲ ਜਮ੍ਹਾਂ ਕਰਦੀ ਹੈ।

***ਸੰਪਰਕ : 94174-09216***

# ਫਲਸਤੀਨੀ ਬਚਪਨ 'ਤੇ ਇਜ਼ਰਾਈਲੀ ਜ਼ੁਲਮ

**ਡਾ. ਜਸਬੀਰ ਸਿੰਘ ਔਲਖ**

7 ਅਕਤੂਬਰ 2023 ਨੂੰ ਹਮਾਸ ਵੱਲੋਂ ਹਮਲਾ ਕਰਕੇ ਬਹੁਤ ਸਾਰੇ ਇਜ਼ਰਾਈਲੀ ਸ਼ਹਿਰੀਆਂ ਨੂੰ ਨਾ ਸਿਰਫ਼ ਮਾਰ ਦਿੱਤਾ ਗਿਆ ਸੀ, ਬਲਕਿ ਅਨੇਕਾਂ ਨੂੰ ਅਗਵਾ ਕਰ ਲਿਆ ਗਿਆ ਸੀ। ਉਸ ਸਮੇਂ ਬੈਂਜਾਮਿਨ ਨੇਤਨਯਾਹੂ ਇਜ਼ਰਾਈਲ ਵਿੱਚ ਬਹੁਤ ਵੱਡੇ ਸਿਆਸੀ ਸੰਕਟ ਵਿੱਚ ਫ਼ਸਿਆ ਹੋਇਆ ਸੀ। ਮੁਲਕ ਦੀ ਸੁਪਰੀਮ ਕੋਰਟ ਨਾਲ ਉਸ ਦੇ ਸਿੰਗ ਫਸੇ ਹੋਏ ਸਨ, ਭ੍ਰਿਸ਼ਟਾਚਾਰ ਦੇ ਪੁਖਤਾ ਸਬੂਤਾਂ ਨਾਲ ਮੁਕੱਦਮਾ ਸ਼ੁਰੂ ਹੋਣ ਲੱਗਿਆ ਸੀ ਅਤੇ ਇਜ਼ਰਾਈਲੀ ਜਨਤਾ ਉਸ ਦੇ ਖਿਲਾਫ਼ ਸੜਕਾਂ 'ਤੇ ਉੱਤਰ ਚੁੱਕੀ ਸੀ। ਹਮਾਸ ਦਾ ਹਮਲਾ ਨੇਤਨਯਾਹੂ ਅਤੇ ਉਸ ਦੀ ਜੁੰਡਲੀ ਲਈ ਸੰਜੀਵਨੀ ਬੂਟੀ ਬਣ ਕੇ ਆਇਆ, ਜਿਵੇਂ ਫਰਵਰੀ 2019 ਦੇ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਜਵਾਨਾਂ ਦੀਆਂ ਫੋਟੋਆਂ ਸਟੇਜਾਂ 'ਤੇ ਸ਼ਿੰਗਾਰ ਕੇ ਬੈਂਜਾਮਿਨ ਨੇਤਨਯਾਹੂ ਦਾ ਜੁੰਡੀ ਦਾ ਯਾਰ ਨਰਿੰਦਰ ਮੋਦੀ ਉਸ ਸਾਲ ਵੋਟਾਂ ਦੀ ਫ਼ਸਲ ਵੱਢਣ ਤੁਰ ਪਿਆ ਸੀ। ਹਮਾਸ ਦੇ ਹਮਲੇ ਦੀ ਆੜ ਹੇਠ ਨੇਤਨਯਾਹੂ ਨੇ ਸਾਰੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਨਿਹੱਥੇ ਫ਼ਲਸਤੀਨੀਆਂ 'ਤੇ ਕਹਿਰ ਵਰ੍ਹਾ ਦਿੱਤਾ। ਹਮਾਸ ਤੋਂ ਇੱਕ ਵੀ ਇਜ਼ਰਾਈਲੀ ਨਾਗਰਿਕ ਹਮਲਾਵਰ ਫੌਜ ਛੁਡਵਾ ਨਾ ਸਕੀ, ਜੋ ਇਜ਼ਰਾਈਲੀ ਬੰਦੀ ਛੱਡੇ ਗਏ, ਉਹ ਹਮਾਸ ਨਾਲ ਗੱਲਬਾਤ ਤੋਂ ਬਾਅਦ ਹੀ ਛੱਡੇ ਗਏ, ਪਰ ਇਜ਼ਰਾਈਲੀ ਜ਼ੁਲਮਾਂ ਦੀ ਹਨੇਰੀ ਫ਼ਲਸਤੀਨ 'ਤੇ ਉਵੇਂ ਹੀ ਝੁੱਲਦੀ ਰਹੀ।

ਸੰਯੁਕਤ ਰਾਸ਼ਟਰ ਦੇ ਇੱਕ ਆਜ਼ਾਦ ਕੌਮਾਂਤਰੀ ਕਮਿਸ਼ਨ ਦੀ ਇੱਕ ਰਿਪੋਰਟ ਨੇ ਗਾਜ਼ਾ ਵਿੱਚ ਮਚਾਈ ਤਬਾਹੀ ਦੀ ਲੂ ਕੰਡੇ ਖੜ੍ਹੇ ਕਰਨ ਵਾਲੀ ਇੱਕ ਰਿਪੋਰਟ ਅਠਾਰਾਂ ਜੂਨ ਨੂੰ ਛਾਪੀ ਹੈ। ਇਸ ਬਾਰਾਂ ਮੈਂਬਰੀ ਕਮਿਸ਼ਨ ਦੇ ਮੁਖੀ ਉੜੀਸਾ ਹਾਈਕੋਰਟ ਦੇ ਸਾਬਕਾ ਚੀਫ਼ ਜਸਟਿਸ ਐੱਸ ਮੁਰਲੀਧਰਨ ਸਨ। ਹੋਰਨਾਂ ਮੈਂਬਰਾਂ ਵਿੱਚ ਫ਼ੌਜੀ, ਸਾਈਬਰ, ਕਾਨੂੰਨੀ ਅਤੇ ਮੈਡੀਕਲ ਮਾਹਿਰ ਸ਼ਾਮਲ ਸਨ ।(ਜਸਟਿਸ ਮੁਰਲੀਧਰਨ ਫਰਵਰੀ 2020 ਦੇ ਦਿੱਲੀ ਦੰਗਿਆਂ ਵਕਤ ਦਿੱਲੀ ਹਾਈ ਕੋਰਟ ਦੇ ਜੱਜ ਸਨ ਅਤੇ ਉਹਨਾਂ ਵੱਲੋਂ ਹੀ ਭਾਜਪਾ ਆਗੂਆਂ ਕਪਿਲ ਮਿਸ਼ਰਾ, ਅਨੁਰਾਗ ਠਾਕੁਰ, ਪ੍ਰਵੇਸ਼ ਵਰਮਾ ਆਦਿ ਦੇ ਖਿਲਾਫ਼ ਭੜਕਾਊ ਅਤੇ ਨਫ਼ਰਤੀ ਬਿਆਨਬਾਜ਼ੀ ਕਰਕੇ ਕਾਰਵਾਈ ਨਾ ਕਰਨ ਲਈ ਦਿੱਲੀ ਪੁਲਸ ਦੀ ਖਿਚਾਈ ਕੀਤੀ ਸੀ ਅਤੇ ਰਾਤੋ-ਰਾਤ ਉਹਨਾਂ ਦਾ ਤਬਾਦਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕਰ ਦਿੱਤਾ ਗਿਆ ਸੀ)।

ਇਸ ਰਿਪੋਰਟ ਦਾ ਖਾਸ ਪਹਿਲੂ ਫ਼ਲਸਤੀਨੀ ਬੱਚਿਆਂ ਦਾ ਇਜ਼ਰਾਈਲੀ ਧਾੜਵੀਆਂ ਵੱਲੋਂ ਕੀਤਾ ਯੋਜਨਾਬੱਧ ਅਤੇ ਖੌਫਨਾਕ ਸ਼ਿਕਾਰ ਹੈ। ਕਮਿਸ਼ਨ ਅਨੁਸਾਰ ਇਸ ਰਿਪੋਰਟ ਅਨੁਸਾਰ ਹੁਣ ਤੱਕ 73000 ਫ਼ਲਸਤੀਨੀਆਂ ਦਾ ਕਤਲੇਆਮ ਅੰਜਾਮ ਦਿੱਤਾ ਗਿਆ ਹੈ। ਇਸ ਵਿੱਚੋਂ 21289 ਬੱਚੇ ਹਨ, ਜੋ ਸਾਰੇ ਮ੍ਰਿਤਕਾਂ ਦਾ ਤੀਹ ਪ੍ਰਤੀਸ਼ਤ ਬਣਦਾ ਹੈ। ਇਸ ਤੋਂ ਇਲਾਵਾ ਕੁੱਲ ਇੱਕ ਲੱਖ ਅੱਸੀ ਹਜ਼ਾਰ ਫ਼ਲਸਤੀਨੀ ਇਜ਼ਰਾਈਲੀ ਹਮਲਿਆਂ ਵਿੱਚ ਫੱਟੜ ਹੋਏ ਹਨ, ਜਿਹਨਾਂ ਵਿੱਚੋਂ ਛੱਬੀ ਫੀਸਦੀ ਯਾਨੀ 44500 ਬੱਚੇ ਹਨ। ਇਹਨਾਂ ਬੱਚਿਆਂ ਵਿੱਚੋਂ 5031 ਬੱਚੇ ਪੰਜ ਸਾਲ ਤੋਂ ਘੱਟ, 1029 ਬੱਚੇ ਇੱਕ ਸਾਲ ਤੋਂ ਘੱਟ ਉਮਰ ਦੇ ਸਨ ਅਤੇ 420 ਤਾਂ ਬਿਲਕੁੱਲ ਨਵੇਂ ਜੰਮੇ ਬੱਚੇ ਹੀ ਸਨ। ਇਸ ਤੋਂ ਇਲਾਵਾ 5160 ਬੱਚੇ ਮਲਬੇ ਹੇਠ ਦੱਬੇ ਗਏ, ਜਿਹਨਾਂ ਦੀਆਂ ਲਾਸ਼ਾਂ ਤੱਕ ਨੂੰ ਕੱਢਿਆ ਹੀ ਨਹੀਂ ਜਾ ਸਕਿਆ। ਅਕਤੂਬਰ-ਦਸੰਬਰ 2023 ਦੇ ਦਰਮਿਆਨ ਹੀ ਇੱਕ ਹਜ਼ਾਰ ਤੋਂ ਵੱਧ ਬੱਚੇ ਦੀਆਂ ਇੱਕ ਜਾਂ ਦੋਵੇਂ ਬਾਹਾਂ ਜਾਂ ਲੱਤਾਂ ਕੱਟਣੀਆਂ ਪਈਆਂ ਸਨ। ਇਹ ਅੰਕੜੇ ਆਬਾਦੀ ਦੇ ਹਿਸਾਬ ਨਾਲ ਕੁੱਲ ਆਲਮ ਵਿੱਚ ਸਭ ਤੋਂ ਜ਼ਿਆਦਾ ਹਨ। ਸਤੰਬਰ 2025 ਤੱਕ ਇੱਕੀ ਹਜ਼ਾਰ ਤੋਂ ਵੱਧ ਬੱਚੇ ਅੰਗਹੀਣ ਬਣ ਚੁੱਕੇ ਸਨ ਅਤੇ



ਪੰਦਰਾਂ ਹਜ਼ਾਰ ਬੱਚੇ ਬੋਲੇ ਹੋ ਕੇ ਆਪਣੀ ਸੁਣਨ ਸ਼ਕਤੀ ਗੁਆ ਚੁੱਕੇ ਹਨ। ਸੱਤ ਅਕਤੂਬਰ 2023 ਤੋਂ ਸੱਤ ਅਕਤੂਬਰ 2025 ਦੇ ਦੋ ਸਾਲਾਂ ਦੇ ਜ਼ੁਲਮੀ ਦੌਰ ਵਿੱਚ 58554 ਬੱਚੇ ਆਪਣਾ ਇੱਕ ਮਾਂ ਜਾਂ ਬਾਪ ਗੁਆ ਚੁੱਕੇ ਹਨ। ਸਤਾਰਾਂ ਹਜ਼ਾਰ ਬੱਚੇ ਆਪਣੇ ਮਾਪਿਆਂ ਤੋਂ ਅਲਹਿਦਗੀ ਦੀ ਜ਼ਿੰਦਗੀ ਜਿਉਣ 'ਤੇ ਮਜਬੂਰ ਹਨ। ਜੂਨ 2024 ਤੱਕ ਤਕਰੀਬਨ ਚਾਰ ਪਰਵਾਰਾਂ ਵਿੱਚੋਂ ਇੱਕ ਪਰਵਾਰ ਅਜਿਹਾ ਸੀ, ਜਿਸ ਦਾ ਸਭ ਤੋਂ ਉਮਰਦਰਾਜ ਵਿਅਕਤੀ ਸੋਲਾਂ ਸਾਲ ਦਾ ਸੀ ! ਚਾਲੀ ਪ੍ਰਤੀਸ਼ਤ ਪਰਵਾਰ ਬੱਚੇ ਗੋਦ ਲੈਣ ਲਈ ਮਜਬੂਰ ਹਨ। ਪੰਜ ਸਾਲ ਤੱਕ ਦੇ ਬੱਤੀ ਸੌ ਤੋਂ ਵੱਧ ਬੱਚਿਆਂ ਨੂੰ ਕੁਪੋਸ਼ਣ ਕਰਕੇ ਬਚੇ-ਖੁਚੇ ਹਸਪਤਾਲਾਂ ਵਿੱਚ ਦਾਖ਼ਲ ਕਰਵਾਉਣਾ ਪਿਆ। ਪਿਛਲੇ ਸਾਲ ਤੱਕ ਪਚਾਨਵੇਂ ਹਜ਼ਾਰ ਬੱਚੇ ਅਚਾਨਕ ਫੈਲੀ ਭੁੱਖਮਰੀ ਦਾ ਸ਼ਿਕਾਰ ਪਾਏ ਗਏ। ਬੱਚਿਆਂ ਦੀਆਂ ਡੇਢ ਸੌ ਤੋਂ ਜ਼ਿਆਦਾ ਮੌਤਾਂ ਭੁੱਖਮਰੀ ਕਰਕੇ ਹੋਈਆਂ ਹਨ। ਬੱਚੇ ਪੈਦਾ ਕਰਨ ਦੀ ਦਰ (Fertility Rate) 41 ਫੀਸਦੀ ਔਰਤਾਂ ਵਿੱਚ ਇਜ਼ਰਾਈਲੀ ਹਮਲਾ ਸ਼ੁਰੂ ਹੋਣ ਤੋਂ ਬਾਅਦ ਘਟੀ ਹੈ। ਗਰਭਪਾਤ ਦੀ ਦਰ ਤਿੰਨ ਸੌ ਪ੍ਰਤੀਸ਼ਤ ਵਧ ਗਈ ਹੈ। ਇਸ ਤਰ੍ਹਾਂ ਕਰਕੇ ਫ਼ਲਸਤੀਨੀਆਂ ਦੀ ਭਵਿੱਖੀ ਮਨੁੱਖੀ ਪੈਦਾਇਸ਼ 'ਤੇ ਵੀ ਬਹੁਤ ਹੀ ਜ਼ਾਲਮਾਨਾ ਹਮਲਾ ਬੋਲਿਆ ਜਾ ਰਿਹਾ ਹੈ। ਟੀਕਾਕਰਨ ਦੀ ਅਣਹੋਂਦ ਬੱਚਿਆਂ ਅਤੇ ਗਰਭਵਤੀ ਔਰਤਾਂ ਵਿੱਚ ਲਾਗ ਦੀਆਂ ਬਿਮਾਰੀਆਂ ਦੀ ਦਰ ਵਿੱਚ ਇਜ਼ਾਫਾ ਕਰ ਰਹੀ ਹੈ।ਇਜ਼ਰਾਈਲੀ ਜ਼ੁਲਮਾਂ ਦਾ ਖੌਫ਼ ਐਨਾ ਜ਼ਿਆਦਾ ਭਿਆਨਕ ਹੈ ਕਿ 96 ਫੀਸਦੀ ਬੱਚਿਆਂ ਦਾ ਮੰਨਣਾ ਸੀ ਕਿ ਉਹਨਾਂ ਨੂੰ ਕਿਸੇ ਵੇਲੇ ਵੀ ਮੌਤ ਘੇਰ ਸਕਦੀ ਹੈ। ਕਮਿਸ਼ਨ ਨੇ ਇਹ ਵੀ ਨੋਟ ਕੀਤਾ ਕਿ ਤਕਰੀਬਨ ਹਰ ਬੱਚਾ ਮਾਨਸਿਕ ਪੀੜਾ ਵਿਚੋਂ ਗੁਜ਼ਰ ਰਿਹਾ ਹੈ ਅਤੇ ਉਸ ਨੂੰ ਮਾਹਿਰ ਮਾਨਸਿਕ ਸਿਹਤ ਸੇਵਾਵਾਂ ਦੀ ਲੋੜ ਹੈ।

637475 ਬੱਚੇ ਲੋੜੀਂਦੀ ਸਿੱਖਿਆ ਤੋਂ ਬਾਂਝੇ ਹਨ ਅਤੇ 335000 ਬੱਚਿਆਂ ਦਾ ਵਿਕਾਸ ਪੂਰਾ ਨਹੀਂ ਹੋ ਰਿਹਾ (Severe Development Delays) । ਵਿਦਿਅਕ ਅਦਾਰੇ 93 ਫੀਸਦੀ ਨੁਕਸਾਨੇ ਜਾ ਚੁੱਕੇ ਹਨ, ਜਿਹਨਾਂ ਨੂੰ ਫੌਰੀ ਮੁਰੰਮਤ ਦੀ ਲੋੜ ਹੈ। ਇੱਥੋਂ ਤੱਕ ਕਿ ਅਨਾਥ ਘਰਾਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ।

ਇਸ ਤੋਂ ਪਹਿਲਾਂ ਵੀ ਸਤੰਬਰ 2025 ਵਿੱਚ ਵੀ ਸੰਯੁਕਤ ਰਾਸ਼ਟਰ ਦੇ ਇਸੇ ਕਮਿਸ਼ਨ ਦੀ ਰਿਪੋਰਟ ਨੇ ਇਜ਼ਰਾਈਲੀ ਕਾਰਵਾਈ ਨੂੰ ਨਸਲਕੁਸ਼ੀ ਦੀ ਕਾਰਵਾਈ ਐਲਾਨਿਆ ਸੀ ਅਤੇ ਹੁਣ ਹੋਰ ਵੱਧ ਪੁਖ਼ਤਾ ਸਬੂਤਾਂ ਨਾਲ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਇਹ ਰਿਪੋਰਟ ਇਜ਼ਰਾਈਲ ਵੱਲੋਂ ਕਬਜ਼ੇ ਵਿੱਚ ਕੀਤੇ ਫ਼ਲਸਤੀਨੀ ਇਲਾਕਿਆਂ, ਪੂਰਬੀ ਯੈਰੂਸ਼ਲਮ ਅਤੇ ਗਾਜ਼ਾ ਵਿੱਚ ਕੀਤੀ ਕਤਲੋਗਾਰਦ 'ਤੇ ਆਧਾਰਤ ਹੈ। ਇਸ ਰਿਪੋਰਟ ਅਨੁਸਾਰ ਇਜ਼ਰਾਈਲੀ ਹਮਲਾ ਜੰਗੀ ਅਪਰਾਧਾਂ ਅਤੇ ਜਾਣਬੁੱਝ ਕੇ ਕੀਤੇ ਜਾ ਰਹੇ ਮਨੁੱਖੀ ਖ਼ਾਤਮੇ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਤਾਂ ਜੋ ਫ਼ਲਸਤੀਨੀ ਲੋਕਾਂ ਦਾ ਭਵਿੱਖ ਹੀ ਖਤਮ ਹੋ ਜਾਵੇ।

ਜਿਹੜੇ ਫ਼ਲਸਤੀਨੀ ਬੱਚੇ ਇਜ਼ਰਾਈਲ ਦੀਆਂ ਜੇਲ੍ਹਾਂ ਜਾਂ ਹਿਰਾਸਤੀ ਕੇਂਦਰਾਂ ਵਿੱਚ ਬੰਦ ਹਨ, ਉਹਨਾਂ ਨੂੰ ਵੀ ਅਣ-ਮਨੁੱਖੀ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਬੰਦੀ ਬੱਚਿਆਂ ਬਾਰੇ ਪਰਵਾਰਾਂ ਜਾਂ ਮਾਪਿਆਂ ਨੂੰ ਕੋਈ ਵੀ ਖ਼ਬਰ ਨਹੀਂ ਦਿੱਤੀ ਜਾਂਦੀ। ਬੱਚਿਆਂ ਦਾ ਕਾਮੁਕ ਸ਼ੋਸ਼ਣ ਵੀ ਆਮ ਹੈ ਤਾਂ ਜੋ ਉਹਨਾਂ ਨੂੰ ਇਜ਼ਰਾਈਲੀ ਸੁਪਰਮੇਸੀ ਦਾ ਅਹਿਸਾਸ ਕਰਵਾਇਆ ਜਾ ਸਕੇ।

ਇਸ ਵਿੱਚ ਨੋਟ ਕੀਤਾ ਗਿਆ ਹੈ ਕਿ ਕਿਵੇਂ ਹਮਲਾਵਰ ਇਜ਼ਰਾਈਲੀ ਫ਼ੌਜੀ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਫ਼ਲਸਤੀਨੀ ਬੱਚਿਆਂ ਦਾ ਮਖੌਲ ਉਡਾਉਂਦੇ ਅਤੇ ਉਹਨਾਂ ਬਾਰੇ ਸੰਕੇਤਾਂ ਵਿੱਚ ਜ਼ਹਿਰੀਲਾ ਅਤੇ ਨਫ਼ਰਤੀ ਪ੍ਰਾਪੇਗੰਡਾ ਕਰਦੇ ਹਨ। ਰਿਪੋਰਟ ਵਿੱਚ ਬਹੁਤ ਸਾਰੇ ਕੇਸਾਂ ਦਾ ਜ਼ਿਕਰ ਹੈ ਕਿ ਕਿਵੇਂ ਬੱਚਿਆਂ ਨੂੰ ਜਾਣਬੁੱਝ ਕੇ ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ। ਕੁੱਲ ਫ਼ਲਸਤੀਨੀ ਬੱਚਿਆਂ ਦਾ ਦੋ ਪ੍ਰਤੀਸ਼ਤ ਤੋਂ ਉੱਪਰ ਕਤਲ ਕਰ ਦਿੱਤਾ ਗਿਆ ਹੈ। ਸਖ਼ਤ ਇਜ਼ਰਾਈਲੀ ਪਾਬੰਦੀਆਂ ਨੇ ਫ਼ਲਸਤੀਨੀ ਬੱਚਿਆਂ ਕੋਲੋਂ ਰੋਟੀ ਅਤੇ ਵਿੱਦਿਆ ਦੇ ਸਾਧਨ ਖੋਹ ਲਏ ਹਨ। ਭੁੱਖਮਰੀ ਵੱਡੇ ਪੱਧਰ 'ਤੇ ਫੈਲ ਚੁੱਕੀ ਹੈ। ਫਲਸਤੀਨ ਦੇ 97 ਫੀਸਦੀ ਸਕੂਲ ਅਤੇ ਯੂਨੀਵਰਸਿਟੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ। ਰਿਪੋਰਟ ਸਿੱਟਾ ਕੱਢਦੀ ਹੈ ਕਿ ਇਜ਼ਰਾਈਲ ਨੇ ਜਾਣ-ਬੁੱਝ ਕੇ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਹੈ। ਇਹ ਕੋਈ ਅਣਜਾਣੇ ਵਿੱਚ ਵਰਤਿਆ ਭਾਣਾ ਨਹੀਂ ਬਲਕਿ ਫ਼ਲਸਤੀਨੀਆਂ ਦਾ ਭਵਿੱਖ ਵਿੱਚ ਗਾਜ਼ਾ ਵਿੱਚੋਂ ਖੁਰਾ-ਖੋਜ ਮਿਟਾਉਣ ਦੀ ਕਾਰਵਾਈ ਹੈ।

ਕਮਿਸ਼ਨ ਨੇ ਇਜ਼ਰਾਈਲੀ ਆਗੂਆਂ ਦੀਆਂ ਨਫ਼ਰਤੀ ਤਕਰੀਰਾਂ ਦਾ ਜ਼ਿਕਰ



ਖਾਸ ਤੌਰ 'ਤੇ ਕੀਤਾ ਹੈ। ਇਹ ਨਫ਼ਰਤੀ ਏਜੰਡਾ ਦਰਅਸਲ ਨੱਬੇਵਿਆਂ ਵਿੱਚ ਰਵਾਂਡਾ ਵਿੱਚ ਘੱਟ-ਗਿਣਤੀ ਟੁਟਸੀ ਭਾਈਚਾਰੇ ਦੇ ਖਿਲਾਫ਼ ਵਿੱਢੀ ਨਫ਼ਰਤੀ ਮੁਹਿੰਮ ਦਾ ਹੀ ਦੁਹਰਾਓ ਹੈ। ਇਹ ਨਫ਼ਰਤੀ ਬਿਰਤਾਂਤ ਨਿਹੱਥੇ ਫ਼ਲਸਤੀਨੀਆਂ ਦੇ ਖਿਲਾਫ਼ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਜਾਂਦਾ ਹੈ। ਕਮਿਸ਼ਨ ਨੇ ਕੁੱਝ ਨਫ਼ਰਤੀ ਤਕਰੀਰਾਂ ਨੂੰ ਆਪਣੀ ਰਿਪੋਰਟ ਦਾ ਹਿੱਸਾ ਬਣਾਇਆ ਹੈ। ਇਜ਼ਰਾਈਲ ਦੀ ਪਾਰਲੀਮੈਂਟ ਕਿਨਸੈੱਟ ਦੇ ਸਪੀਕਰ ਨਿਸਿਮ ਵਤੂਰੀ ਦਾ 09.10.2023 ਨੂੰ ਬਿਆਨ ਸੀ, 'ਗਾਜ਼ਾ ਨੂੰ ਮਿਟਾ ਦਿਓ। ਇਸ ਤੋਂ ਘੱਟ ਸਾਨੂੰ ਕੁੱਝ ਮਨਜ਼ੂਰ ਨਹੀਂ। ਇੱਕ ਵੀ ਬੱਚਾ ਬਚਣਾ ਨਹੀਂ ਚਾਹੀਦਾ ਅਤੇ ਬਾਕੀਆਂ ਬਚਿਆਂ ਨੂੰ ਇੱਥੋਂ ਭਜਾ ਦਿਓ ਤਾਂ ਕਿ ਉਹ ਮੁੜ ਨਾ ਉੱਠ ਸਕਣ।' ਤੀਹ ਜਨਵਰੀ 2025 ਨੂੰ ਵਤੂਰੀ ਫਿਰ ਜ਼ਹਿਰ ਉਗਲਦਾ ਹੈ, 'ਗਾਜ਼ਾ ਅੱਤਵਾਦੀਆਂ ਦਾ ਗੜ੍ਹ ਹੈ, ਉੱਥੇ ਪੈਦਾ ਹੋਣ ਵਾਲਾ ਹਰ ਨਿਆਣਾ ਜਨਮ ਤੋਂ ਅੱਤਵਾਦੀ ਹੀ ਹੁੰਦਾ ਹੈ।' ਇਸੇ ਤਰ੍ਹਾਂ ਹੀ ਇਜ਼ਰਾਈਲੀ ਪਾਰਲੀਮੈਂਟ ਦੇ ਇੱਕ ਹੋਰ ਮੈਂਬਰ ਹਨੋਚ ਮਿਲਵਿਸਕੀ ਦਾ ਬਿਆਨ ਸੀ, 'ਤੁਸੀਂ (ਫ਼ਲਸਤੀਨੀ) ਨੇਸਤੋਨਾਬੂਦ ਹੋਵੋਂਗੇ, ਤੁਹਾਡੇ ਬੱਚੇ ਅਤੇ ਬੱਚਿਆਂ ਦੇ ਬੱਚੇ ਵੀ ਖਤਮ ਕਰ ਦਿੱਤੇ ਜਾਣਗੇ, ਫ਼ਲਸਤੀਨ ਦਾ ਕੋਈ ਵਜੂਦ ਹੀ ਨਹੀਂ ਬਚੇਗਾ।' ਇੱਕ ਹੋਰ ਮੈਂਬਰ ਮੈਰਵ ਬੇਨ-ਅਰੀ ਕਹਿੰਦਾ ਹੈ, 'ਇਜ਼ਰਾਈਲੀ ਬੱਚਿਆਂ ਦੇ ਮੁਕਾਬਲੇ ਫ਼ਲਸਤੀਨੀ ਬੱਚੇ ਕੀ ਸ਼ੈਅ ਹਨ, ਗਾਜ਼ਾ ਦੇ ਜੁਆਕਾਂ ਨੇ



ਆਪਣੀ ਮੌਤ ਆਪ ਸਹੇੜੀ ਹੈ।'

ਇੱਕ ਇਜ਼ਰਾਈਲੀ ਫ਼ੌਜੀ ਵੀਡੀਓ ਵਿੱਚ ਬੜੇ ਮਾਣ ਨਾਲ ਕਹਿੰਦਾ ਹੈ, 'ਮੈਂ ਬਚਪਨ ਵਿੱਚ ਸਕੂਲ ਨੂੰ ਉਡਾਉਣ ਦਾ ਸੁਪਨਾ ਲੈਂਦਾ ਸੀ, ਗਾਜ਼ਾ ਵਿੱਚ ਮੇਰਾ ਇਹ ਸੁਪਨਾ ਪੂਰਾ ਹੋ ਗਿਆ ਹੈ।' ਦਸ ਸਾਲ ਦੇ ਇੱਕ ਬੱਚੇ ਨੂੰ ਮਾਰ ਕੇ ਇੱਕ ਇਜ਼ਰਾਈਲੀ ਫ਼ੌਜੀ ਉਸ ਦੇ ਬਾਪ ਨੂੰ ਇਹ ਕਹਿ ਕੇ ਸੰਬੋਧਨ ਹੁੰਦਾ ਹੈ, 'ਹਾਂ ਮੈਂ ਤੇਰੇ ਪੁੱਤ ਦੇ ਗੋਲੀ ਮਾਰੀ ਹੈ, ਰੱਬ ਨੇ ਚਾਹਿਆ ਤਾਂ ਉਹ ਮਰ ਜਾਵੇਗਾ' ਅਤੇ ਉਹ ਬੱਚਾ ਬਾਅਦ ਵਿੱਚ ਮਰ ਵੀ ਗਿਆ। ਬਰਤਾਨਵੀ ਨਿਊਜ਼ ਪੋਰਟਲ ਆਈ ਟੀ ਵੀ ਐਕਸ 'ਤੇ ਇੱਕ ਡਾਕੂਮੈਂਟਰੀ 'ਬ੍ਰੇਕਿੰਗ ਰੈਂਕਸ : ਇਨਸਾਈਡ ਇਜ਼ਰਾਈਲਜ਼ ਵਾਰ' ਵਿੱਚ ਇੱਕ ਇਜ਼ਰਾਈਲੀ ਫ਼ੌਜੀ ਕਹਿੰਦੇ ਸੁਣਿਆ ਗਿਆ ਕਿ ਜੰਗੀ ਕਾਨੂੰਨ ਨੂੰ ਕੌਣ ਪੁੱਛਦਾ ਹੈ, ਸਾਨੂੰ ਪਤਾ ਹੈ ਕਿ ਸਾਨੂੰ ਬਚਾ ਲਿਆ ਜਾਵੇਗਾ। ਇੱਕ ਹੋਰ ਫੌਜੀ ਇਸੇ ਡਾਕੂਮੈਂਟਰੀ ਵਿੱਚ ਦੱਸਦਾ ਹੈ ਕਿ ਪਹਿਲੀ ਗੋਲੀ ਸਿੱਧੀ ਸਿਰ ਵਿੱਚ ਹੀ ਮਾਰੀ ਜਾਂਦੀ ਹੈ। ਉਹ ਦੱਸਦਾ ਹੈ ਕਿ ਦੋ ਬੱਚੇ ਖੇਡ ਰਹੇ ਸਨ ਅਤੇ ਅਸੀਂ ਉਹਨਾਂ ਦੇ ਸਿਰ ਵਿੱਚ ਗੋਲੀ ਮਾਰੀ ਦਿੱਤੀ। ਗਾਜ਼ਾ ਹਿਊਮਨਟੇਰੀਅਨ ਫਾਊਂਡੇਸ਼ਨ ਦਾ ਇੱਕ ਡਰਾਈਵਰ ਸੁਣਾਉਂਦਾ ਹੈ, 'ਸਵੇਰੇ ਇੱਕ ਵਜੇ ਜਦੋਂ ਦੋ ਬੱਚਿਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਇਜ਼ਰਾਈਲੀ ਫ਼ੌਜੀਆਂ ਨੇ ਪਿੱਛਾ ਕਰਕੇ ਗੋਲੀ ਮਾਰੀ ਦਿੱਤੀ।'ਕਮਿਸ਼ਨ ਨੇ ਇਜ਼ਰਾਈਲੀ ਸਰਕਾਰ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਈ ਮੌਕੇ ਦਿੱਤੇ, ਇੱਥੋਂ ਤੱਕ ਕਿ ਆਪਣੀਆਂ ਲੱਭਤਾਂ ਵੀ ਇਜ਼ਰਾਈਲ ਸਰਕਾਰ ਨਾਲ ਸਾਂਝੀਆਂ ਕੀਤੀਆਂ ਗਈਆਂ, ਪਰ ਇਜ਼ਰਾਈਲੀ ਹਾਕਮਾਂ ਨੇ ਕਮਿਸ਼ਨ ਦੇ ਕਿਸੇ ਨੋਟਿਸ ਦਾ ਕੋਈ ਜਵਾਬ ਨਹੀਂ ਦਿੱਤਾ, ਉਲਟਾ ਆਪਣੀ ਇੱਕ ਰਿਪੋਰਟ ਛਾਪ ਦਿੱਤੀ। ਇਸ ਰਿਪੋਰਟ ਵਿੱਚ ਕਮਿਸ਼ਨ ਵੱਲੋਂ ਲਾਏ ਦੋਸ਼ਾਂ ਬਾਰੇ ਇੱਕ ਵੀ ਸ਼ਬਦ ਨਹੀਂ ਬੋਲਿਆ ਗਿਆ। ਨਾ ਹੀ ਇਜ਼ਰਾਈਲੀ ਫ਼ੌਜੀਆਂ ਦੀਆਂ ਵੀਡੀਓ ਨੂੰ ਫਰਜ਼ੀ ਕਿਹਾ ਗਿਆ। ਦਰਅਸਲ ਇਜ਼ਰਾਈਲ ਦਸ ਤੋਂ ਪੰਦਰਾਂ ਸਾਲ ਦੇ ਹਰ ਫ਼ਲਸਤੀਨੀ ਬੱਚੇ ਨੂੰ ਅੱਤਵਾਦੀ ਗਰਦਾਨਦਾ ਹੈ ਅਤੇ ਆਪਣੇ ਫੌਜੀਆਂ ਨੂੰ ਉਹਨਾਂ ਦਾ ਸ਼ਿਕਾਰ ਕਰਨ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ। ਇਜ਼ਰਾਇਲੀ ਮੀਡੀਆ ਹਾਊਸ ਹਾਰੀਟਜ਼ ਨਾਲ ਇਜ਼ਰਾਈਲ ਦੀ ਆਰਮੀ ਦੀ ਡਵੀਜ਼ਨ ਨੰਬਰ 252 ਦੇ ਇੱਕ ਫੌਜੀ ਨੇ ਸ਼ਰੇਆਮ ਮੰਨਿਆ ਸੀ ਕਿ ਉਸ ਨੇ ਇੱਕ ਸੋਲਾਂ ਸਾਲ ਦੇ ਨਿਹੱਥੇ ਫ਼ਲਸਤੀਨੀ ਮੁੰਡੇ ਨੂੰ ਗੋਲੀ ਮਾਰੀ ਸੀ।

ਜਸਟਿਸ ਮੁਰਲੀਧਰਨ ਨੇ ਕੁੱਝ ਅੰਗਰੇਜ਼ੀ ਅਖ਼ਬਾਰਾਂ ਨੂੰ ਇੰਟਰਵਿਊ ਵਿੱਚ ਦੱਸਿਆ ਕਿ ਭਾਰੀ ਬੰਬਾਰੀ ਤੋਂ ਇਲਾਵਾ ਥਰਮਲ ਇਮੇਜਿੰਗ ਵਾਲੇ ਡਰੋਨ ਅਤੇ ਸਨਾਈਪਰ ਫ਼ਲਸਤੀਨੀ ਬੱਚਿਆਂ ਨੂੰ ਮਾਰਨ ਵਾਸਤੇ ਵਰਤੇ ਜਾਂਦੇ ਹਨ, ਜਿਹਨਾਂ ਦਾ ਨਿਸ਼ਾਨਾ ਕਦੇ ਖੁੰਝਦਾ ਨਹੀਂ। ਸਾਡੇ ਕੋਲ ਕਈ ਉਦਾਹਰਣਾਂ ਹਨ ਜਦੋਂ ਵੱਡਿਆਂ ਨੂੰ ਤਾਂ ਬਖ਼ਸ਼ ਦਿੱਤਾ ਗਿਆ ਪਰ ਗੋਦੀ ਚੁੱਕੇ ਬਾਲ ਦਾ ਸਿਰ ਭੁੰਨ ਦਿੱਤਾ ਗਿਆ। ਅਸੀਂ ਜਨੇਵਾ ਵਿਖੇ ਫ਼ਲਸਤੀਨੀਆਂ ਦਾ ਇਲਾਜ ਕਰਨ ਵਾਲੇ ਕੁੱਝ ਡਾਕਟਰਾਂ ਨੂੰ ਮਿਲੇ, ਜਿਨ੍ਹਾ ਪੁਸ਼ਟੀ ਕੀਤੀ ਕਿ ਸਿਰ ਜਾਂ ਗਰਦਨ ਨੂੰ ਬਾਰੀਕੀ ਨਾਲ ਨਿਸ਼ਾਨਾ ਬਣਾਇਆ ਗਿਆ ਸੀ।

ਕੌਮਾਂਤਰੀ ਪੱਧਰ 'ਤੇ ਇਜ਼ਰਾਈਲੀ ਕਾਰਵਾਈਆਂ ਤਿੰਨ ਕਿਸਮ ਦੇ ਅਪਰਾਧਾਂ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਪਹਿਲਾ-ਮਨੁੱਖੀ ਅਧਿਕਾਰਾਂ ਦੇ ਯੂਨੀਵਰਸਲ ਐਲਾਨਨਾਮੇ ਅਤੇ ਕਨਵੈਨਸ਼ਨ ਆਫ਼ ਦ ਰਾਈਟਸ ਆਫ਼ ਚਿਲਡਰਨ ਦੀ ਉਲੰਘਣਾ।

ਦੂਜਾ-ਜੀਨੀਵਾ ਐਲਾਨਨਾਮੇ ਦੀ ਉਲੰਘਣਾ, ਜਿਹੜਾ ਜੰਗੀ ਹਾਲਤਾਂ ਵਿੱਚ ਸੰਬੰਧਤ ਧਿਰਾਂ ਲਈ ਮਾਪਦੰਡ ਤਹਿ ਕਰਦਾ ਹੈ।

ਤੀਜਾ-ਕੌਮਾਂਤਰੀ ਫੌਜਦਾਰੀ ਅਦਾਲਤ ਦੇ ਅਧਿਕਾਰ ਖੇਤਰ ਅਧੀਨ ਜੰਗੀ ਜੁਰਮ।

ਇਜ਼ਰਾਈਲ ਸਰਕਾਰ ਇਹਨਾਂ ਸਾਰੇ ਪੱਖਾਂ ਤੋਂ ਮੁਜਰਮ ਹੈ। ਜਿਸ ਦੇਸ਼ ਨੇ ਉਪਰੋਕਤ ਤਿੰਨਾਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਹੋਏ ਹਨ, ਉਹ ਕਿਸੇ ਵੀ ਜੰਗੀ ਅਪਰਾਧੀ ਨੂੰ ਆਪਣੇ ਦੇਸ਼ ਵਿੱਚ ਆਉਣ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆ ਸਕਦੀ ਹੈ। ਇੱਕ ਹੋਰ ਕੌਮਾਂਤਰੀ ਕਾਨੂੰਨ ਵੀ ਕਾਬਲੇ.ਗੌਰ ਹੈ ਕਿ ਜਦੋਂ ਕੋਈ ਧਿਰ ਦੂਸਰੀ ਧਿਰ ਦੇ ਇਲਾਕੇ 'ਤੇ ਕਬਜ਼ਾ ਕਰਦੀ ਹੈ ਤਾਂ ਉਸ ਦੀਆਂ ਜ਼ਿੰਮੇਵਾਰੀਆਂ ਵੀ ਵਧ ਜਾਂਦੀਆਂ ਹਨ। ਇਜ਼ਰਾਈਲ ਨੇ ਗੁਆਂਢੀਆਂ ਦੇ ਬਹੁਤ ਸਾਰੇ ਇਲਾਕੇ ਨੱਪੇ (Occopyin Force) ਹੋਏ ਹਨ, ਪਰ ਜਿਉਣਵਾਦੀ ਹਾਕਮ ਇੱਥੇ ਵੀ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਰਹੇ ਹਨ।

ਕਮਿਸ਼ਨ ਨੇ ਇਜ਼ਰਾਈਲੀ ਫ਼ੌਜੀ ਕਾਰਵਾਈ ਫੌਰੀ ਤੌਰ 'ਤੇ ਖ਼ਤਮ ਕਰਨ ਅਤੇ ਮਨੁੱਖੀ ਸਹਾਇਤਾ ਭੇਜਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਅਨੁਸਾਰ ਇਹਨਾਂ ਜੰਗੀ ਅਪਰਾਧਾਂ ਦੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਕਮਿਸ਼ਨ ਅਨੁਸਾਰ ਇਜ਼ਰਾਈਲੀ ਡਿਫੈਂਸ ਫੋਰਸ ਵਿੱਚ 10000 ਅਮਰੀਕੀ, 6000 ਫ਼ਰਾਂਸੀਸੀ, 200 ਬਰਤਾਨਵੀ ਅਤੇ 700 ਆਸਟ੍ਰੇਲੀਆਈ ਨਾਗਰਿਕ ਸ਼ਾਮਲ ਹਨ। ਇਹ ਸਾਰੇ ਦੇਸ਼ ਕੌਮਾਂਤਰੀ ਅਦਾਲਤ ਦੇ ਹੁਕਮਾਂ ਨੂੰ ਮੰਨਣ ਲਈ ਪਾਬੰਦ ਹਨ। ਜੇਕਰ ਇਜ਼ਰਾਈਲੀ ਫ਼ੌਜੀਆਂ ਦੇ ਨਾਲ ਇਹਨਾਂ ਦੇਸ਼ਾਂ ਦੇ ਫੌਜੀ ਵੀ ਸ਼ਾਮਲ ਪਾਏ ਜਾਂਦੇ ਹਨ ਤਾਂ ਇਹ ਸਰਕਾਰਾਂ ਨੂੰ ਆਪਣੇ ਦੋਸ਼ੀ ਫੌਜੀਆਂ 'ਤੇ ਕਾਰਵਾਈ ਕਰਨੀ ਪੈਣੀ ਹੈ, ਜਿਸ ਤਰ੍ਹਾਂ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਭਾਰਤ ਸਮੇਤ ਇਜ਼ਰਾਈਲ ਨੂੰ ਹਥਿਆਰ ਸਪਲਾਈ ਕਰ ਰਹੇ ਦੇਸ਼ਾਂ ਨੂੰ ਵੀ ਇਹ ਸਪਲਾਈ ਰੋਕਣ ਦੀ ਅਪੀਲ ਕੀਤੀ ਹੈ। ਜਸਟਿਸ ਮੁਰਲੀਧਰਨ ਨੂੰ ਦੁੱਖ ਹੈ ਕਿ ਜਦੋਂ ਕੁਲਭੂਸ਼ਨ ਯਾਦਵ ਨੂੰ ਪਾਕਿਸਤਾਨ ਵਿੱਚ ਸਹੀ ਕਾਨੂੰਨੀ ਸਹਾਇਤਾ ਨਹੀਂ ਮਿਲ ਰਹੀ ਸੀ ਤਾਂ ਭਾਰਤ ਸਰਕਾਰ ਕੌਮਾਂਤਰੀ ਅਦਾਲਤ ਪਹੁੰਚੀ ਸੀ, ਪਰ ਕੌਮਾਂਤਰੀ ਅਦਾਲਤ ਵੱਲੋਂ ਜੰਗੀ ਅਪਰਾਧੀ ਐਲਾਨੇ ਗਏ ਬੈਂਜਾਮਿਨ ਨੇਤਨਯਾਹੂ ਨਾਲ ਮੋਦੀ ਸਰਕਾਰ ਬਗਲਗੀਰ ਹੈ। ਉਹ ਕਹਿੰਦੇ ਹਨ, 'ਜੇਕਰ ਹਿੰਦੁਸਤਾਨ ਨੇ ਗਾਜ਼ਾ ਵਿੱਚ ਹੋ ਰਹੀ ਨੰਗੀ ਚਿੱਟੀ ਮਨੁੱਖੀ ਨਸਲਕੁਸ਼ੀ ਤੇ ਖਾਮੋਸ਼ੀ ਧਾਰਨੀ ਜਾਰੀ ਰੱਖੀ ਤਾਂ ਭਵਿੱਖ ਸਾਨੂੰ ਮੁਆਫ਼ ਨਹੀਂ ਕਰੇਗਾ।'

ਪਰ ਮੋਦੀ ਸਰਕਾਰ ਤੋਂ ਸਾਨੂੰ ਆਸ ਨਹੀਂ ਰੱਖਣੀ ਚਾਹੀਦੀ ਕਿ ਉਹ ਫ਼ਲਸਤੀਨੀ ਨਸਲਕੁਸ਼ੀ ਬਾਰੇ ਇੱਕ ਵੀ ਸ਼ਬਦ ਬੋਲ ਸਕੇਗੀ। ਈਰਾਨ 'ਤੇ ਅਮਰੀਕੀ-ਇਜ਼ਰਾਈਲੀ ਹਮਲੇ ਤੋਂ ਸਿਰਫ਼ ਇੱਕ ਦਿਨ ਪਹਿਲਾਂ ਨਰਿੰਦਰ ਮੋਦੀ ਨੇਤਨਯਾਹੂ ਦੀ ਪਿੱਠ ਥਾਪੜ ਕੇ ਆਇਆ ਸੀ। ਇਜ਼ਰਾਈਲ ਦੀ ਪਾਰਲੀਮੈਂਟ ਵਿੱਚ ਉਸ ਨੇ ਹਮਾਸ ਦੇ ਹਮਲੇ ਦਾ ਜ਼ਿਕਰ ਤਾਂ ਕੀਤਾ, ਪਰ ਗਾਜ਼ਾ ਦੀ ਹਾਲਤ ਜਾਂ ਉਸ ਤੋਂ ਬਾਅਦ ਈਰਾਨੀ ਬੱਚਿਆਂ ਅਤੇ ਉਸ ਦੇਸ਼ ਦੀ ਲੀਡਰਸ਼ਿਪ ਦੇ ਘਿਨਾਉਣੇ ਕਤਲੇਆਮ ਬਾਰੇ ਮੋਦੀ ਸਰਕਾਰ ਪੂਰੀ ਤਰ੍ਹਾਂ ਖਾਮੋਸ਼ ਹੈ। ਹੁਣ ਦੁਨੀਆ ਭਰ ਦੀ ਸਿਵਲ ਸੁਸਾਇਟੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਬਣੀਆਂ ਜਥੇਬੰਦੀਆਂ ਦੇ ਸਿਰ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਇਸ ਨਸਲਕੁਸ਼ੀ ਦੇ ਖਿਲਾਫ਼ ਖੜ੍ਹੇ ਹੋਣ। ਸਲਾਮਤੀ ਕੌਂਸਲ ਵਿੱਚ ਲਿਆਂਦਾ ਕੋਈ ਵੀ ਮਤਾ ਟਰੰਪ ਸ਼ਾਹੀ ਨੇ ਅਤੀਤ ਦੀ ਤਰ੍ਹਾਂ ਵੀਟੋ ਕਰ ਦੇਣਾ ਹੈ। ਦੱਖਣੀ ਅਫ਼ਰੀਕਾ ਜਿਸ ਨੇ ਕੌਮਾਂਤਰੀ ਅਦਾਲਤ ਵਿੱਚ ਬੈਂਜਾਮਿਨ ਨੇਤਨਯਾਹੂ ਅਤੇ ਉਸ ਦੀ ਜੁੰਡਲੀ ਦੇ ਖਿਲਾਫ਼ ਸਭ ਤੋਂ ਪਹਿਲਾਂ ਪਹੁੰਚ ਕੀਤੀ ਸੀ, ਉਸ ਨੇ ਜਸਟਿਸ ਮੁਰਲੀਧਰਨ ਰਿਪੋਰਟ ਦੀ ਮੰਗ ਜ਼ਰੂਰ ਕੀਤੀ ਹੈ ਤਾਂ ਜੋ ਯੂ ਐੱਨ ਦੀ ਜਨਰਲ ਅਸੈਂਬਲੀ ਵਿੱਚ ਇਸ 'ਤੇ ਚਰਚਾ ਹੋ ਸਕੇ।

**ਸੰਪਰਕ-98728-44163**

**(ਯੂ.ਐੱਨ.ਓ. ਦੀ ਜੂਨ 2026 ਦੀ ਰਿਪੋਰਟ)**